PANJAB TIMES

# ਪੰਜਾਬ ਟਾਈਮਜ਼

£2

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

23rd - 30th July 2026 • Issue No. 3140

Europe's Leading Panjabi Weekly Since 1965

Panjab Times, Bridle Gate Lane, Derby, DE24 0QW (UK) • Tel: 01332 372851 • www.panjabtimes.uk • Email: panjabtimes@aol.com

IAB
FOR FREE INITIAL ADVICE
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!



S.S.Rai
Immigration Advice Bureau
Tel: 020 8571 6680
www.iabl.co.uk

## ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦਾ ਲੰਡਨ ਹਵਾਈ ਅੱਡੇ ਤੇ ਪਹੁੰਚਣ ਤੇ ਸਿੱਖ ਸੰਗਤਾਂ ਵੱਲੋਂ ਨਿੱਘਾ ਸਵਾਗਤ





ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਮੁੱਖ ਸੇਵਾਦਾਰ ਸ: ਗੁਰਮੇਲ ਮੱਲ੍ਹੀ ਗੁਰੂ ਘਰ ਦੀਆਂ ਸੰਗਤਾਂ ਵੱਲੋਂ ਜਥੇਦਾਰ ਕੁਲਦੀਪ ਸਿੰਘ ਗੜਗੱਜ ਦਾ ਸਨਮਾਨ ਕਰਦੇ ਹੋਏ




ਲੰਡਨ 'ਚ ਬਾਲਾ ਪ੍ਰੀਤਮ ਸਮਾਗਮ ਮੌਕੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦਾ ਸਨਮਾਨ ਕਰਦੇ ਹੋਏ ਸਮਾਗਮ ਦੇ ਸੇਵਾਦਾਰ

## ਬਰਤਾਨੀਆ ਦੇ ਨਵੇਂ ਪ੍ਰਧਾਨ ਮੰਤਰੀ ਐਂਡੀ ਬਰਨਮ ਵੱਲੋਂ ਅਹਿਮ ਐਲਾਨ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਦੇ ਨਵੇਂ ਪ੍ਰਧਾਨ ਮੰਤਰੀ ਐਂਡੀ ਬਰਨਹਮ ਨੇ ਆਪਣੇ ਪਹਿਲੇ ਵੱਡੇ ਨੀਤੀਗਤ ਫੈਸਲੇ ਤਹਿਤ ਘਰੇਲੂ ਬਿਜਲੀ ਦੇ ਬਿੱਲਾਂ ਤੋਂ ਵੈਲਿਊ ਐਡਿਡ ਟੈਕਸ (ਵੈਟ) ਨੂੰ ਪੂਰੀ ਤਰ੍ਹਾਂ ਖਤਮ ਕਰਨ ਦਾ ਐਲਾਨ ਕੀਤਾ ਹੈ। 1 ਅਕਤੂਬਰ 2026 ਤੋਂ ਘਰੇਲੂ ਬਿਜਲੀ ਦੇ ਬਿੱਲਾਂ 'ਤੇ ਲੱਗਣ ਵਾਲਾ ਵੈਟ 5% ਤੋਂ ਘਟਾ ਕੇ 0% ਕਰ ਦਿੱਤਾ ਜਾਵੇਗਾ। ਇਸ ਫੈਸਲੇ ਨਾਲ ਪ੍ਰਾਈਸ ਕੈਪ ਅਧੀਨ ਆਉਂਦੇ ਔਸਤਨ ਯੂਕੇ ਦੇ ਹਰੇਕ ਪਰਿਵਾਰ ਨੂੰ ਸਾਲਾਨਾ ਲਗਭਗ 45 ਪੌਂਡ ਦੀ ਬਚਤ ਹੋਵੇਗੀ।

## ਸਿੰਘ ਸਭਾ ਸਾਊਥਾਲ ਵਿਖੇ ਕਿਰਨਦੀਪ ਕੌਰ ਨੂੰ ਸ਼ਰਧਾਂਜ਼ਲੀ



ਲੰਡਨ 'ਚ ਡੇਨੀਅਲ ਸੀਨ ਜੇਮਸ ਨਾਂ ਦੇ ਦੋਸ਼ੀ ਵੱਲੋਂ ਕਤਲ ਕੀਤੀ ਗਈ ਪੰਜਾਬ ਤੋਂ ਆਈ ਵਿਦਿਆਰਥਣ ਕਿਰਨਦੀਪ ਕੌਰ ਨੂੰ ਸਿੰਘ ਸਭਾ ਸਾਊਥਾਲ ਵਿਖੇ ਸ਼ਰਧਾਂਜਲੀ ਭੇਟ ਕਰਦੇ ਹੋਏ ਆਗੂ। ਇਸ ਮੌਕੇ ਕਿਰਨਦੀਪ ਨੂੰ ਇਨਸਾਫ ਦਿਵਾਉਣ ਲਈ ਰੋਸ ਮਾਰਚ ਕੀਤਾ ਗਿਆ

## ਜੰਤਰ ਮੰਤਰ ਦਿੱਲੀ ਵਿਖੇ ਸਰਕਾਰ ਵਿਰੁੱਧ ਰੋਸ ਕਰ ਰਹੇ ਵਿਦਿਆਰਥੀਆਂ ਉੱਤੇ ਦਿੱਲੀ ਪੁਲਿਸ ਕਹਿਰ ਵਰਤਿਆ







ਬੀਤੇ ਕੱਲ੍ਹ ਸੋਮਵਾਰ ਨੂੰ ਕੋਕਰੋਚ ਜਨਤਾ ਪਾਰਟੀ ਦੇ ਸਮਰਥਕ ਹਜ਼ਾਰਾਂ ਵਿਦਿਆਰਥੀਆਂ ਨੇ ਦਿੱਲੀ ਦੇ ਜੰਤਰ-ਮੰਤਰ ਸਟੇਡੀਅਮ ਵਿੱਚ ਸਰਕਾਰ ਦੀਆਂ ਨੀਤੀਆਂ ਖਿਲਾਫ ਅਤੇ ਭਾਰਤ ਦੇ ਸਿੱਖਿਆ ਮੰਤਰੀ ਧਰਮੇਂਦਰਾ ਪ੍ਰਧਾਨ ਦੇ ਅਸਤੀਫੇ ਦੀ ਮੰਗ ਨੂੰ ਲੈ ਕੇ ਰੋਸ ਮੁਜ਼ਾਹਰਾ ਕੀਤਾ। ਇਸ ਮੌਕੇ ਵਿਦਿਆਰਥੀਆਂ ਉੱਤੇ ਦਿੱਲੀ ਪੁਲਿਸ ਵੱਲੋਂ ਭਾਰੀ ਲਾਠੀ ਚਾਰਜ ਕੀਤਾ, ਜਿਸ ਦੌਰਾਨ ਕਈ ਦਰਜਨ ਵਿਦਿਆਰਥੀ ਗੰਭੀਰ ਜਖਮੀ ਹੋਏ ਅਤੇ ਸੈਂਕੜੇ ਲੜਕੇ ਲੜਕੀਆਂ ਨੂੰ ਗ੍ਰਿਫਤਾਰ ਕੀਤਾ ਗਿਆ।

# ਜਾਣੇ ਅਨਜਾਣੇ ਹਲਾਲ ਮੀਟ ਦੀ ਵਰਤੋਂ ਕਰਨ ਤੋਂ ਬਚੋ

## ਯੂ ਕੇ ਵਿੱਚ ਪੰਜਾਬੀ ਸਿੱਖ ਬੱਚੇ ਅਣਗਹਿਲੀ ਕਾਰਨ ਹਲਾਲ ਮੀਟ ਖਾ ਰਹੇ ਨੇ
## ਬੱਚਿਆਂ ਨੂੰ ਹਲਾਲ ਮੀਟ ਦੀ ਵਰਤੋਂ ਨਾ ਕਰਨ ਬਾਰੇ ਜਾਣਕਾਰੀ ਦੇਣ ਸਬੰਧੀ ਮਾਪਿਆਂ ਨੂੰ

ਹਲਾਲ

## ਪੁਰਜ਼ੋਰ ਅਪੀਲ

ਸਤਿਕਾਰਯੋਗ ਪੰਜਾਬੀ ਮਾਪਿਓ,

ਅਸੀਂ ਆਪ ਜੀ ਦੇ ਧਿਆਨ ਵਿੱਚ ਬਹੁਤ ਹੀ ਸੰਵੇਦਨਸ਼ੀਲ ਮੁੱਦਾ ਲਿਆਉਣਾ ਚਾਹੁੰਦੇ ਹਾਂ ਕਿ ਸਾਡੇ ਬੱਚੇ ਸਕੂਲਾਂ, ਕਾਲਜਾਂ ਅਤੇ ਕੰਮਾਂ ਦੀਆਂ ਥਾਂਵਾਂ 'ਤੇ ਖਾਣ ਪੀਣ ਸਮੇਂ ਜਾਣੇ ਅਣਜਾਣੇ ਥਾਂ ਤੇ ਖੁੱਲ੍ਹੀਆਂ ਫਰਾਈਡ ਚਿਕਨ ਦੀਆਂ ਦੁਕਾਨਾਂ ਤੋਂ ਜਿਹੜਾ ਮੀਟ ਲੈ ਕੇ ਖਾ ਰਹੇ ਹਨ, ਉਹ ਆਮ ਤੌਰ ਤੇ ਹਲਾਲ ਹੁੰਦਾ ਹੈ। ਬਹੁਤੀਆਂ ਦੁਕਾਨਾਂ ਵਾਲਿਆਂ ਨੇ ਤਾਂ 786 ਲਿਖਾ ਕੇ ਹਲਾਲ ਮੀਟ ਬਾਰੇ ਜਾਣਕਾਰੀ ਵੀ ਦਿੱਤੀ ਹੁੰਦੀ ਹੈ, ਪਰ ਸਾਡੇ ਬੱਚੇ ਤੇ ਨੌਜਵਾਨ ਇਸ ਵੱਲ ਗੌਰ ਨਹੀਂ ਕਰਦੇ। ਖਾਣਪੀਣ ਸਬੰਧੀ ਆਪਣੇ ਬੱਚਿਆਂ ਨੂੰ ਸਹੀ ਜਾਣਕਾਰੀ ਘਰ ਤੋਂ ਬਿਹਤਰ ਹੋਰ ਕਿਤਿਓਂ ਨਹੀਂ ਮਿਲ ਸਕਦੀ। ਪੰਜਾਬੀ ਮਾਪਿਆਂ ਨੂੰ ਸਾਡੇ ਵੱਲੋਂ ਅਪੀਲ ਹੈ ਕਿ ਉਹ ਆਪਣੇ ਬੱਚਿਆਂ ਨੂੰ ਹਲਾਲ ਮੀਟ ਨਾ ਖਾਣ ਬਾਰੇ ਜਾਣਕਾਰੀ ਦੇਣ ਤਾਂ ਜੋ ਜਿਹਨਾਂ ਦੀ ਵੱਟਤ ਕਰਵਾ ਕੇ ਹਲਾਲ ਮੀਟ ਖਾਧਾ ਜਾਂਦਾ ਹੈ, ਉਹਨਾਂ ਦੇ ਮਜ਼ਾਕ ਦੇ ਪਾਤਰ ਨਾ ਬਣੀਏ। ਕੁੱਠਾ (ਹਲਾਲ) ਮੀਟ ਸਾਡੇ ਗੁਰੂਆਂ ਪੀਰਾਂ ਵੱਲੋਂ ਮਨ੍ਹਾ ਕੀਤਾ ਹੈ।

### ਸਿੱਖਾਂ ਦੇ ਧਾਰਮਿਕ ਚਿੰਨ੍ਹ ਕੜੇ ਦੀ ਦੁਰਵਰਤੋਂ:–

ਕਈ ਹਲਾਲ ਮੀਟ ਦੀਆਂ ਰਿਟੇਲ ਅਤੇ ਹੋਲਸੇਲ ਦੁਕਾਨਾਂ ਉੱਤੇ ਪੰਜਾਬੀ ਬੰਦਿਆਂ ਦੇ ਹੱਥ ਕੜਾ ਪਵਾ ਕੇ ਮੀਟ ਵੇਚਣ ਲਈ ਮੂਹਰੇ ਖੜ੍ਹੇ ਕਰ ਦਿੱਤਾ ਜਾਂਦਾ ਹੈ ਤਾਂ ਕਿ ਗਾਹਕ ਨੂੰ ਮੀਟ ਦੇ ਹਲਾਲ ਕੀਤੇ ਜਾਣ ਦਾ ਪਤਾ ਨਾ ਲੱਗੇ। ਸਾਡੀ ਅਜਿਹੇ ਵੀਰਾਂ ਨੂੰ ਵੀ ਖਾਸ ਬੇਨਤੀ ਹੈ ਕਿ ਪੈਸੇ ਦੀ ਕਮਾਈ ਖਾਤਰ ਧਾਰਮਿਕ ਚਿੰਨ੍ਹ ਕੜੇ ਦੀ ਵਰਤੋਂ ਕਰਕੇ ਹਲਾਲ ਮੀਟ ਦੀਆਂ ਦੁਕਾਨਾਂ ਦੇ ਮਾਲਕਾਂ ਦੀ ਕਮਾਈ ਦਾ ਸਾਧਨ ਨਾ ਬਣੋ। ਕਈ ਟੇਕ ਅਵੇ ਅਤੇ ਮੀਟ ਵਾਲੇ ਰੈਸਟੋਰੈਂਟ (ਆਊਟਲਿਟਸ) ਤੇ ਕੜਾ ਪਾ ਕੇ ਮੀਟ ਵਰਤਾਇਆ ਜਾਂਦਾ ਹੈ, ਜਿਸ ਨਾਲ ਸਿੱਖ ਨੌਜਵਾਨ ਤੇ ਬੱਚੇ ਗੁੰਮਰਾਹ ਹੋ ਕੇ ਹਲਾਲ ਮੀਟ ਹੀ ਖਰੀਦ ਲੈਂਦੇ ਹਨ।

### ਭਾਰਤ ਵਿੱਚ ਵੀ ਹਲਾਲ ਮੀਟ ਦੀ ਵਰਤੋਂ ਆਮ ਹੈ:–

ਪੰਜਾਬੀਆਂ ਨੂੰ ਅਸੀਂ ਇਕ ਹੋਰ ਵਿਸ਼ੇਸ਼ ਜਾਣਕਾਰੀ ਦੇਣੀ ਚਾਹੁੰਦੇ ਹਾਂ ਕਿ ਪੰਜਾਬ ਤੋਂ ਬਾਹਰ ਭਾਰਤ ਦੇ ਵੱਡੇ ਹੋਟਲਾਂ ਵਿੱਚ ਵੀ ਹਲਾਲ ਮੀਟ ਹੀ ਵਰਤਾਇਆ ਜਾਂਦਾ ਹੈ ਜਿਸ ਦੀ ਪੁਸ਼ਟੀ ਉਹਨਾਂ ਦੇ ਮੁੱਖ ਖਾਨਸਾਮਿਆਂ ਵੱਲੋਂ ਗਾਹੇ ਬਗਾਹੇ ਕੀਤੀ ਗਈ ਹੈ। ਸੋ ਪੰਜਾਬੀਆਂ ਨੂੰ ਬੇਨਤੀ ਹੈ ਕਿ ਵੱਡੇ ਹੋਟਲਾਂ ਵਿੱਚ ਠਹਿਰਨ ਮੌਕੇ ਮੀਟ ਦੀ ਵਰਤੋਂ ਨਾ ਕੀਤੀ ਜਾਵੇ।

ਸਾਨੂੰ ਪੂਰੀ ਉਮੀਦ ਹੈ ਕਿ ਆਪ ਜੀ ਸਾਡੀ ਬੇਨਤੀ ਨੂੰ ਸਵੀਕਾਰ ਕਰਦੇ ਹੋਏ, ਆਪਣੇ ਬੱਚਿਆਂ ਨੂੰ ਇਸ ਗੱਲ ਤੋਂ ਸਾਵਧਾਨ ਕਰੋਗੇ ਕਿ ਅਜਿਹੀਆਂ ਅਨਜਾਣ ਥਾਵਾਂ ਤੋਂ ਮੀਟ ਲੈ ਕੇ ਖਾਣ ਤੋਂ ਸੰਕੋਚ ਕੀਤਾ ਜਾਵੇ।

## HALAL OR KUTTHA MEAT SERVED

### IN BRITISH SCHOOLS AND FRIED MEAT OUTLETS

### AWARE OUR YOUTH

Sikh community have a clear choice regarding halal meat and products as a Sikh religious right. Others like the animal rights groups object on grounds of cruelty to animals.

There are few taboos about food in Sikhism. However, eating "halal" (or "kuttha") meat of a ritually slaughtered animals in the Islamic way, is one of them. Many vulnerable Sikh children are eating halal meat of ritually killed animals in schools. We are also, unknowingly consuming meat and other food products and medicines which include "halal" ingredients.

Sikh fundamental belief is that the Creator dwells within His Creation. This belief is supported by the holy Sikh Scriptures, Sri Guru Granth Sahib, the eternal Guru of the Sikhs. Any form of ritual offering assumes an entity existing outside the creation.

**The ritual of making any offering or a sacrificial slaughter is against the Sikh belief.**

Sikhs and other consumers have the right to choice of food according to their religious or other dietary preference. Sikh parents must aware their children and young ones to aviod consuming meat prepared under "halal" or ("kuttha") terms.

## ਆਪ ਦੇ ਅਤੀ ਧੰਨਵਾਦੀ ਹੋਵਾਂਗੇ

**ਦਲਜੀਤ ਸਿੰਘ ਫੁੱਲ, ਜਸਵਿੰਦਰ ਸਿੰਘ ਨਾਂਦਰਾ, ਸੁਖਦੇਵ ਸਿੰਘ ਰਾਵਾਂ, ਕੁਲਦੀਪ ਸਿੰਘ ਸੰਧੂ, ਜਸਕਰਨ ਸਿੰਘ ਰਾਵਾਂ, ਗੁਰਪਾਲ ਸਿੰਘ, ਅਜਮੇਲ ਸਿੰਘ ਦੁਸਾਂਝ, ਡਾ: ਗੁਰਪ੍ਰੀਤ ਸਿੰਘ ਨਾਗਰਾ**

# 'ਨੀਟ ਪੇਪਰ ਲੀਕ ਵਿਰੁੱਧ ਦਿੱਲੀ ਵਿਚ ਭੜਕਿਆ 'ਕਾਕਰੋਚ ਅੰਦੋਲਨ'

## ✪ ਪੁਲੀਸ ਦੀਆਂ ਲਾਠੀਆਂ ਅਤੇ ਅੱਥਰੂ ਗੈਸ ਦੇ ਖੌਫ਼ 'ਤੇ ਭਾਰੀ ਪਿਆ ਜੈਨ-ਜੇ ਦਾ ਜਜ਼ਬਾ ✪ ਵਿਰੋਧੀ ਧਿਰਾਂ ਵੀ ਸਮਰਥਨ ਵਿਚ ਆਈਆਂ, ਮੋਦੀ ਸਰਕਾਰ ਲਈ ਖੜ੍ਹੀ ਹੋਈ ਵੱਡੀ ਚੁਣੌਤੀ ✪ 'ਕਾਕਰੋਚ ਅੰਦੋਲਨ' ਅੱਗੇ ਝੁਕਣ ਲਈ ਮਜ਼ਬੂਰ ਹੋਈ ਸਰਕਾਰ, ਦੇਸ਼ ਭਰ ਵਿਚ ਫੈਲੀ ਵਿਰੋਧ ਦੀ ਅੱਗ





## ਨਿਊਜ਼ ਸਟੋਰੀ

ਮਈ ਮਹੀਨੇ ਵਿੱਚ ਹੋਏ ਨੀਟ ਪ੍ਰੀਖਿਆ ਦੇ ਪ੍ਰਸ਼ਨ ਪੱਤਰ ਲੀਕ ਹੋਣ ਅਤੇ ਭ੍ਰਿਸ਼ਟ ਸਿੱਖਿਆ ਪ੍ਰਣਾਲੀ ਦੇ ਵਿਰੋਧ ਵਿੱਚ ਸ਼ੁਰੂ ਹੋਇਆ ਨੌਜਵਾਨਾਂ ਦਾ ਅੰਦੋਲਨ ਹੁਣ ਦੇਸ਼ ਦੀ ਰਾਜਧਾਨੀ ਦਿੱਲੀ ਵਿੱਚ ਇੱਕ ਵਿਸ਼ਾਲ ਰਾਜਨੀਤਿਕ ਅਤੇ ਸਮਾਜਿਕ ਲਹਿਰ ਦਾ ਰੂਪ ਧਾਰਨ ਕਰ ਚੁੱਕਾ ਹੈ। ਕਾਕਰੋਚ ਜਨਤਾ ਪਾਰਟੀ ਦੇ ਬੈਨਰ ਹੇਠ ਚੱਲ ਰਹੇ ਇਸ 'ਕਾਕਰੋਚ ਅੰਦੋਲਨ' ਨੇ ਲੁਟੀਅਨਜ਼ ਦਿੱਲੀ ਤੋਂ ਲੈ ਕੇ ਸੰਸਦ ਭਵਨ ਤੱਕ ਦੇ ਸੁਰੱਖਿਆ ਘੇਰੇ ਨੂੰ ਹਿਲਾ ਕੇ ਰੱਖ ਦਿੱਤਾ ਹੈ। ਬੀਤੇ ਸੋਮਵਾਰ ਨੂੰ ਸੰਸਦ ਵੱਲ ਮਾਰਚ ਕਰ ਰਹੇ 50,000 ਤੋਂ ਵੱਧ ਵਿਦਿਆਰਥੀਆਂ ਅਤੇ ਨੌਜਵਾਨਾਂ 'ਤੇ ਦਿੱਲੀ ਪੁਲੀਸ ਦੁਆਰਾ ਕੀਤੇ ਗਏ ਭਾਰੀ ਲਾਠੀਚਾਰਜ, ਅੱਥਰੂ ਗੈਸ ਦੇ ਗੋਲਿਆਂ ਅਤੇ ਇੰਟਰਨੈੱਟ ਦੀਆਂ ਪਾਬੰਦੀਆਂ ਦੇ ਬਾਵਜੂਦ, ਪ੍ਰਦਰਸ਼ਨਕਾਰੀਆਂ ਦੇ ਹੌਸਲੇ ਪਸਤ ਨਹੀਂ ਹੋਏ ਹਨ। ਬੀਤੇ ਦਿਨੀਂ ਹਜ਼ਾਰਾਂ ਦੀ ਗਿਣਤੀ ਵਿੱਚ ਜਨਰੇਸ਼ਨ-ਜ਼ੈੱਡ ਨਾਲ ਸਬੰਧਤ ਨੌਜਵਾਨ, ਵਿਦਿਆਰਥੀ, ਵਕੀਲ ਅਤੇ ਆਮ ਸ਼ਹਿਰੀ ਜੰਤਰ-ਮੰਤਰ ਵਿਖੇ ਇਕੱਠੇ ਹੋਏ ਅਤੇ ਸਰਕਾਰ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ।

ਪੁਲੀਸ ਦੀ ਇਸ ਹਿੰਸਕ ਕਾਰਵਾਈ ਵਿੱਚ 60 ਤੋਂ ਵੱਧ ਪ੍ਰਦਰਸ਼ਨਕਾਰੀ ਅਤੇ ਦੋ ਦਰਜਨ ਤੋਂ ਵੱਧ ਸੁਰੱਖਿਆ ਕਰਮੀ ਜ਼ਖ਼ਮੀ ਹੋਏ ਸਨ, ਜਦੋਂ ਕਿ ਇੱਕ ਅੰਦੋਲਨਕਾਰੀ ਦੀ ਹਾਲਤ ਗੰਭੀਰ ਹੋਣ ਕਰਕੇ ਉਹ ਹਸਪਤਾਲ ਵਿੱਚ ਵੈਂਟੀਲੇਟਰ 'ਤੇ ਹੈ। ਸੀਜੇਪੀ ਦੇ ਆਗੂਆਂ ਨੇ ਸਾਫ਼ ਕੀਤਾ ਹੈ ਕਿ ਉਹ ਪੁਲੀਸ ਦੀਆਂ ਹਿੰਸਕ ਕਾਰਵਾਈਆਂ ਤੋਂ ਡਰ ਕੇ ਪਿੱਛੇ ਨਹੀਂ ਹਟਣਗੇ। ਹਾਲਾਂਕਿ, ਉਨ੍ਹਾਂ ਨੇ ਪੁਲੀਸ ਦੀ ਕੁੱਟਮਾਰ ਦੇ ਡਰੋਂ ਫਿਲਹਾਲ 'ਸੰਸਦ ਮਾਰਚ' ਮੁਲਤਵੀ ਕਰਕੇ ਜੰਤਰ-ਮੰਤਰ 'ਤੇ ਹੀ ਸ਼ਾਂਤਮਈ ਧਰਨਾ ਜਾਰੀ ਰੱਖਣ ਦਾ ਫੈਸਲਾ ਕੀਤਾ ਹੈ। ਪੁਲੀਸ ਦਾ ਕਹਿਣਾ ਸੀ ਕਿ ਪ੍ਰਦਰਸ਼ਨਕਾਰੀ ਧਾਰਾ 144/ਰੋਕੂ ਹੁਕਮਾਂ ਦੀ ਉਲੰਘਣਾ ਕਰ ਰਹੇ ਸਨ ਅਤੇ ਹਿੰਸਕ ਤੇ ਬੇਕਾਬੂ ਹੋ ਰਹੇ ਸਨ, ਜਿਸ ਕਰਕੇ ਕਾਨੂੰਨ ਵਿਵਸਥਾ ਬਣਾਏ ਰੱਖਣ ਲਈ ਬਲ ਪ੍ਰਯੋਗ ਕਰਨਾ ਪਿਆ।

ਦੂਜੇ ਪਾਸੇ ਪ੍ਰਦਰਸ਼ਨਕਾਰੀਆਂ ਅਤੇ ਚਸ਼ਮਦੀਦਾਂ ਅਨੁਸਾਰ ਪ੍ਰਦਰਸ਼ਨ ਬਿਲਕੁਲ ਸ਼ਾਂਤਮਈ ਸੀ। ਪੁਲੀਸ ਨੇ ਬਿਨਾਂ ਕਿਸੇ ਉਕਸਾਵੇ ਦੇ ਲਾਠੀਚਾਰਜ ਕੀਤਾ, ਹੰਝੂ ਗੈਸ ਦੇ ਗੋਲੇ ਛੱਡੇ ਅਤੇ ਪ੍ਰਦਰਸ਼ਨਕਾਰੀਆਂ (ਜਿਨ੍ਹਾਂ ਵਿੱਚ 14-14 ਸਾਲ ਦੇ ਬੱਚੇ ਅਤੇ ਔਰਤਾਂ ਵੀ ਸ਼ਾਮਲ ਸਨ) ਦੇ ਸਿਰਾਂ 'ਤੇ ਵਾਰ ਕੀਤੇ। ਸਾਦੇ ਕੱਪੜਿਆਂ ਵਿੱਚ ਆਏ ਪੁਲੀਸ ਮੁਲਾਜ਼ਮਾਂ ਦੁਆਰਾ ਲਾਠੀਆਂ ਚਲਾਉਣ ਅਤੇ ਔਰਤਾਂ ਨਾਲ ਬਦਸਲੂਕੀ ਕਰਨ ਦੇ ਵੀਡੀਓ ਵਾਇਰਲ ਹੋਣ ਨਾਲ ਵੱਡਾ ਵਿਵਾਦ ਖੜ੍ਹਾ ਹੋਇਆ। ਇਹ ਅੰਦੋਲਨ ਹੁਣ ਦਿੱਲੀ ਤੋਂ ਇਲਾਵਾ ਬਿਹਾਰ (ਪਟਨਾ, ਭਾਗਲਪੁਰ, ਮੁਜ਼ੱਫ਼ਰਪੁਰ), ਰਾਜਸਥਾਨ, ਹਰਿਆਣਾ ਅਤੇ ਪੰਜਾਬ ਤੱਕ ਫੈਲ ਰਿਹਾ ਹੈ।

ਇਸ ਘਟਨਾਕ੍ਰਮ ਤੋਂ ਬਾਅਦ ਵਿਰੋਧੀ ਧਿਰਾਂ ਵੀ ਪੂਰੀ ਤਰ੍ਹਾਂ ਹਰਕਤ ਵਿੱਚ ਆ ਗਈਆਂ ਹਨ। ਕਾਂਗਰਸ ਦੇ ਸੀਨੀਅਰ ਨੇਤਾ ਰਾਹੁਲ ਗਾਂਧੀ ਅਤੇ ਪ੍ਰਿਯੰਕਾ ਗਾਂਧੀ ਵਾਡਰਾ ਨੇ ਪ੍ਰਧਾਨ ਮੰਤਰੀ ਆਵਾਸ ਦੇ ਬਾਹਰ ਧਰਨਾ ਦਿੱਤਾ, ਜਿੱਥੋਂ ਦਿੱਲੀ ਪੁਲੀਸ ਨੇ ਉਨ੍ਹਾਂ ਨੂੰ ਹਿਰਾਸਤ ਵਿੱਚ ਲੈ ਲਿਆ। ਰਾਹੁਲ ਗਾਂਧੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇਤਿਹਾਸ ਦਾ ਸਭ ਤੋਂ ਨੌਜਵਾਨ-ਵਿਰੋਧੀ ਪ੍ਰਧਾਨ ਮੰਤਰੀ ਕਰਾਰ ਦਿੱਤਾ। ਰਾਹੁਲ ਗਾਂਧੀ ਅਤੇ ਅਖ਼ਿਲੇਸ਼ ਯਾਦਵ ਨੂੰ ਛਤਰਸਾਲ ਸਟੇਡੀਅਮ ਅਤੇ ਪ੍ਰਿਯੰਕਾ ਗਾਂਧੀ ਨੂੰ ਮੰਦਿਰ ਮਾਰਗ ਪੁਲੀਸ ਸਟੇਸ਼ਨ ਵਿੱਚ ਰੱਖਿਆ ਗਿਆ, ਜਿੱਥੇ ਸੋਨੀਆ ਗਾਂਧੀ ਵੀ ਪਹੁੰਚੀ।

ਬਾਅਦ ਵਿਚ ਪੁਲੀਸ ਨੇ ਸਾਰੇ ਆਗੂਆਂ ਨੂੰ ਰਿਹਾਅ ਕਰ ਦਿੱਤਾ। ਇਸ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਅਰਵਿੰਦ ਕੇਜਰੀਵਾਲ, ਸ਼ਿਵ ਸੈਨਾ ਦੇ ਊਧਵ ਠਾਕਰੇ, ਐੱਨ.ਸੀ.ਪੀ. ਦੇ ਸ਼ਰਦ ਪਵਾਰ ਅਤੇ ਟੀ.ਐੱਮ.ਸੀ. ਦੀ ਐੱਮ.ਪੀ. ਮਹੂਆ ਮੋਈਤਰਾ ਨੇ ਵੀ ਜੰਤਰ-ਮੰਤਰ ਪਹੁੰਚ ਕੇ ਅਤੇ ਸੋਸ਼ਲ ਮੀਡੀਆ ਜ਼ਰੀਏ ਨੌਜਵਾਨਾਂ ਦੀਆਂ ਮੰਗਾਂ ਦਾ ਖੁੱਲ੍ਹ ਕੇ ਸਮਰਥਨ ਕੀਤਾ।

ਬਾਕੀ ਹਿਸਾ ਸਫਾ 4 ਤੇ ਪੜ੍ਹੋ →

## ਗੁਰਦੁਆਰਿਆਂ ਨੇ ਅੰਦੋਲਨਕਾਰੀਆਂ ਨੂੰ ਪਨਾਹ ਦਿੱਤੀ

ਦਿੱਲੀ ਵਿਖੇ ਚੱਲ ਰਹੇ ਕਿਸੇ ਵੀ ਵੱਡੇ ਅੰਦੋਲਨ ਵਾਂਗ, ਸਥਾਨਕ ਗੁਰਦੁਆਰਿਆਂ, ਸਿੱਖ ਸੰਗਤਾਂ ਅਤੇ ਵਲੰਟੀਅਰਾਂ ਨੇ ਆਪਣੀ ਮਾਨਵਤਾਵਾਦੀ ਪਰੰਪਰਾ ਨੂੰ ਕਾਇਮ ਰੱਖਦਿਆਂ ਪ੍ਰਦਰਸ਼ਨਕਾਰੀ ਵਿਦਿਆਰਥੀਆਂ ਲਈ ਲੰਗਰ, ਪੀਣ ਵਾਲੇ ਪਾਣੀ ਅਤੇ ਡਾਕਟਰੀ ਸਹਾਇਤਾ (ਮੈਡੀਕਲ ਕੈਂਪ) ਦੇ ਵਿਸ਼ੇਸ਼ ਇੰਤਜ਼ਾਮ। ਅੰਦੋਲਨਕਾਰੀਆਂ ਦਾ ਕਹਿਣਾ ਹੈ ਕਿ ਪੁਲੀਸ ਦੇ ਕਿਸੇ ਵੀ ਅਤਿਆਚਾਰ ਅੱਗੇ ਉਹ ਨਹੀਂ ਝੁਕਣਗੇ। ਜਾਤ, ਧਰਮ ਅਤੇ ਸਿਆਸੀ ਪਾਰਟੀਆਂ ਦੀਆਂ ਪਰੰਪਰਾਗਤ ਵੰਡਾਂ ਤੋਂ ਉੱਪਰ ਉੱਠ ਕੇ ਆਪਣੇ ਭਵਿੱਖ ਅਤੇ ਰੋਜ਼ਗਾਰ ਦੀ ਰੱਖਿਆ ਲਈ ਸੜਕਾਂ 'ਤੇ ਉੱਤਰੀ ਇਹ ਨਵੀਂ ਪੀੜ੍ਹੀ ਮੋਦੀ ਸਰਕਾਰ ਲਈ ਇਸ ਦੇ ਤੀਜੇ ਕਾਰਜਕਾਲ ਦੀ ਸਭ ਤੋਂ ਵੱਡੀ ਅਤੇ ਅਣਕਿਆਸੀ ਚੁਣੌਤੀ ਬਣ ਕੇ ਸਾਹਮਣੇ ਆਈ ਹੈ।

## ਦਿੱਲੀ 'ਚ 'ਕਾਕਰੋਚ ਅੰਦੋਲਨ' ਅਤੇ ਰਾਜਨੀਤਿਕ ਹਲਚਲ: ਪ੍ਰਧਾਨ ਮੰਤਰੀ ਆਵਾਸ ਅੱਗੇ ਧਰਨਾ ਦੇਣ ਵਾਲੇ ਰਾਹੁਲ ਗਾਂਧੀ, ਪ੍ਰਿਯੰਕਾ ਅਤੇ ਅਖ਼ਿਲੇਸ਼ ਯਾਦਵ ਰਿਹਾਅ

ਨਵੀਂ ਦਿੱਲੀ-ਨੈਸ਼ਨਲ ਐਲੀਜੀਬਿਲਟੀ ਕਮ ਐਂਟਰੈਂਸ ਟੈਸਟ (NEET) ਪ੍ਰੀਖਿਆ ਦੇ ਪ੍ਰਸ਼ਨ ਪੱਤਰ ਲੀਕ ਹੋਣ ਅਤੇ ਜੰਤਰ-ਮੰਤਰ ਵਿਖੇ 'ਕਾਕਰੋਚ ਅੰਦੋਲਨ' ਦੇ ਵਿਦਿਆਰਥੀਆਂ 'ਤੇ ਦਿੱਲੀ ਪੁਲੀਸ ਦੁਆਰਾ ਕੀਤੇ ਗਏ ਲਾਠੀਚਾਰਜ ਦੇ ਵਿਰੋਧ ਵਿੱਚ ਮੰਗਲਵਾਰ ਨੂੰ ਦੇਸ਼ ਦੀ ਰਾਜਨੀਤੀ ਵਿੱਚ ਵੱਡਾ ਉਬਾਲ ਦੇਖਣ ਨੂੰ ਮਿਲਿਆ।

ਕਾਂਗਰਸ ਨੇਤਾ ਰਾਹੁਲ ਗਾਂਧੀ, ਪਾਰਟੀ ਪ੍ਰਧਾਨ ਮੱਲਿਕਾਰਜੁਨ ਖੜਗੇ, ਪ੍ਰਿਯੰਕਾ ਗਾਂਧੀ ਵਾਡਰਾ ਅਤੇ ਸਮਾਜਵਾਦੀ ਪਾਰਟੀ ਦੇ ਆਗੂ ਅਖ਼ਿਲੇਸ਼ ਯਾਦਵ ਸਮੇਤ ਕਈ ਵਿਰੋਧੀ ਸੰਸਦ ਮੈਂਬਰਾਂ ਨੇ ਸੰਸਦ ਭਵਨ ਤੋਂ ਪ੍ਰਧਾਨ ਮੰਤਰੀ ਆਵਾਸ ਵੱਲ ਪੈਦਲ ਮਾਰਚ ਕੱਢ ਕੇ ਜ਼ੋਰਦਾਰ ਧਰਨਾ ਦਿੱਤਾ। ਧਰਨੇ ਦੌਰਾਨ ਦਿੱਲੀ ਪੁਲੀਸ ਨੇ ਰਾਹੁਲ ਗਾਂਧੀ, ਅਖ਼ਿਲੇਸ਼ ਯਾਦਵ ਅਤੇ ਪ੍ਰਿਯੰਕਾ ਗਾਂਧੀ ਸਮੇਤ ਕਈ ਆਗੂਆਂ ਨੂੰ ਹਿਰਾਸਤ ਵਿੱਚ ਲੈ ਲਿਆ। ਰਾਹੁਲ ਗਾਂਧੀ ਅਤੇ ਅਖ਼ਿਲੇਸ਼ ਯਾਦਵ ਨੂੰ ਛਤਰਸਾਲ ਸਟੇਡੀਅਮ ਅਤੇ ਪ੍ਰਿਯੰਕਾ ਗਾਂਧੀ ਨੂੰ ਮੰਦਿਰ ਮਾਰਗ ਪੁਲੀਸ ਸਟੇਸ਼ਨ ਵਿੱਚ ਰੱਖਿਆ ਗਿਆ, ਜਿੱਥੇ ਸੋਨੀਆ ਗਾਂਧੀ ਵੀ ਪਹੁੰਚੀ। ਦੇਰ ਰਾਤ ਪੁਲੀਸ ਨੇ ਸਾਰੇ ਆਗੂਆਂ ਨੂੰ ਰਿਹਾਅ ਕਰ ਦਿੱਤਾ। ਧਰਨੇ ਦੌਰਾਨ ਰਾਹੁਲ ਗਾਂਧੀ ਨੇ ਦੇਸ਼ ਦੇ ਨੌਜਵਾਨਾਂ ਅਤੇ ਨਾਗਰਿਕਾਂ ਨੂੰ ਇਸ ਲੜਾਈ ਵਿੱਚ ਸ਼ਾਮਲ ਹੋਣ ਦੀ ਅਪੀਲ ਕਰਦਿਆਂ ਕਿਹਾ ਕਿ "ਵਿਦਿਆਰਥੀਆਂ 'ਤੇ ਹਮਲਾ ਹਰ ਭਾਰਤੀ ਪਰਿਵਾਰ 'ਤੇ ਹਮਲਾ ਹੈ।" ਵਿਰੋਧੀ ਧਿਰ ਨੇ ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਅਸਤੀਫ਼ੇ ਦੀ ਮੰਗ ਕੀਤੀ ਅਤੇ ਇਸ ਮੁੱਦੇ 'ਤੇ ਸੰਸਦ ਵਿੱਚ ਵਿਸ਼ੇਸ਼ ਚਰਚਾ ਕਰਵਾਉਣ ਦੀ ਮੰਗ ਰੱਖੀ। ਦੂਜੇ ਪਾਸੇ, ਕੇਂਦਰੀ ਮੰਤਰੀ ਜਿਤੇਂਦਰ ਸਿੰਘ ਨੇ ਧਰਨੇ ਵਾਲੀ ਥਾਂ ਪਹੁੰਚ ਕੇ ਆਰੋਪ ਲਾਇਆ ਕਿ ਰਾਹੁਲ ਗਾਂਧੀ ਪਹਿਲਾਂ ਸੰਸਦ 'ਚ ਚਰਚਾ ਲਈ ਸਹਿਮਤ ਹੋਏ ਸਨ ਪਰ ਬਾਅਦ 'ਚ ਸਿੱਖਿਆ ਮੰਤਰੀ ਦੇ ਅਸਤੀਫ਼ੇ ਦੀ ਸ਼ਰਤ 'ਤੇ ਅੜ ਗਏ। ਪੁਲੀਸ ਕਾਰਵਾਈ ਵਿੱਚ ਜ਼ਖ਼ਮੀ ਹੋਏ ਵਿਦਿਆਰਥੀਆਂ ਨਾਲ ਮੁਲਾਕਾਤ ਕਰਨ ਤੋਂ ਬਾਅਦ ਵਿਰੋਧੀ ਨੇਤਾਵਾਂ ਨੇ ਸਾਫ਼ ਕਰ ਦਿੱਤਾ ਹੈ ਕਿ ਜਦੋਂ ਤੱਕ ਸਿੱਖਿਆ ਪ੍ਰਣਾਲੀ ਵਿੱਚ ਸੁਧਾਰ ਅਤੇ ਜਵਾਬਦੇਹੀ ਤੈਅ ਨਹੀਂ ਹੁੰਦੀ, ਉਹ ਦੇਸ਼ ਦੇ ਕਰੋੜਾਂ ਨੌਜਵਾਨਾਂ ਦੇ ਹੱਕਾਂ ਲਈ ਸੰਸਦ ਤੋਂ ਲੈ ਕੇ ਸੜਕਾਂ ਤੱਕ ਸੰਘਰਸ਼ ਜਾਰੀ ਰੱਖਣਗੇ।

# ਕਿਰਨਦੀਪ ਕੌਰ ਦੇ ਪ੍ਰੀਵਾਰ ਦੀ ਮਦਦ ਲਈ ਦੋ ਦਿਨਾਂ 'ਚ 59 ਹਜ਼ਾਰ ਪੌਂਡ ਤੋਂ ਵੱਧ ਦੀ ਰਾਸ਼ੀ ਇਕੱਤਰ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬੀਤੇ ਦਿਨੀ ਲੰਡਨ ਦੇ ਇਲਾਕੇ ਹੇਜ਼ ਵਿਚ ਕਤਲ ਕੀਤੀ ਗਈ 24 ਸਾਲਾ ਸਿੱਖ ਲੜਕੀ ਕਿਰਨਦੀਪ ਕੌਰ ਦੇ ਪ੍ਰੀਵਾਰ ਦੀ ਮਦਦ ਲਈ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵੱਲੋਂ ਕੀਤੀ ਗਈ ਅਪੀਲ ਤੋਂ ਬਾਅਦ ਹੁਣ ਤੱਕ 59 ਹਜ਼ਾਰ 672 ਪੌਂਡ ਇਕੱਤਰ ਹੋ ਚੁੱਕਾ ਹੈ। ਗੁਰੂ ਘਰ ਦੇ ਮੁੱਖ ਸੇਵਾਦਾਰ ਸ: ਗੁਰਮੇਲ ਸਿੰਘ ਮੱਲੀ ਨੇ ਸੰਗਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਗੁਰੂ ਸਾਹਿਬਾਨ ਵੱਲੋਂ ਦਿੱਤੀਆਂ ਸਿਖਿਆਵਾਂ ਸਦਕਾ ਹੀ ਸਿੱਖ ਹਮੇਸ਼ਾਂ ਲੋੜਵੰਦਾਂ ਦੀ ਮਦਦ ਲਈ ਮੂਹਰੇ ਹੋ ਕੇ ਸੇਵਾ ਕਰਦੇ ਰਹੇ ਹਨ। ਉਹਨਾਂ ਕਿਹਾ ਕਿ ਅਸੀਂ ਪ੍ਰੀਵਾਰ ਦੀ ਮਦਦ ਲਈ 25 ਹਜ਼ਾਰ ਪੌਂਡ ਲਈ ਅਪੀਲ ਕੀਤੀ ਸੀ, ਪਰ ਸੰਗਤਾਂ ਵੱਲੋਂ ਜਦੋਂ 34 ਹਜ਼ਾਰ ਤੋਂ ਵੱਧ ਰਾਸ਼ੀ ਦਿੱਤੀ ਗਈ ਤਾਂ ਇਸ ਨੂੰ ਬੰਦ ਕਰ ਦਿੱਤਾ ਗਿਆ, ਲੇਕਨ ਬਾਅਦ ਵਿੱਚ ਸੰਗਤਾਂ ਦੇ ਵਾਰ ਵਾਰ ਕਹਿਣ ਤੇ ਮੁੜ ਗੋ ਫੰਡ ਮੀ ਨੂੰ ਖੋਲ੍ਹਿਆ ਗਿਆ ਤਾਂ ਇਹ ਰਾਸ਼ੀ 59672 ਤੱਕ ਪਹੁੰਚ ਗਈ, ਜਿਸ ਨੂੰ ਹੁਣ ਬੰਦ ਕਰ ਦਿੱਤਾ ਗਿਆ ਹੈ। ਸ: ਗੁਰਮੇਲ ਸਿੰਘ ਮੱਲੀ ਅਤੇ ਜਨਰਲ ਸਕੱਤਰ ਸ਼ਰਨਬੀਰ ਸਿੰਘ ਸੰਘਾ ਨੇ ਕਿਹਾ ਕਿ ਸੰਗਤਾਂ ਵੱਲੋਂ ਦਿੱਤੀ ਗਈ ਇਸ ਰਾਸ਼ੀ ਨੂੰ ਪਾਰਦਰਸ਼ੀ ਢੰਗ ਨਾਲ ਵਾਅਦੇ ਅਨੁਸਾਰ ਪ੍ਰੀਵਾਰ ਨੂੰ ਭੇਂਟ ਕੀਤੀ ਜਾਵੇਗੀ। ਜਿੱਥੇ ਇਹ ਰਾਸ਼ੀ ਕਿਰਨਦੀਪ ਕੌਰ ਦੇ ਪੰਜਾਬ ਰਹਿੰਦੇ ਪੰਜਾਬ ਪ੍ਰਿਵਾਰ ਨੂੰ ਕਰਜ਼ਾ ਮੁਕਤ ਕਰਨ ਲਈ ਦਿੱਤੀ ਜਾਵੇਗੀ, ਉੱਥੇ ਹੀ ਕਿਰਨਦੀਪ ਦੀ ਬੇਟੀ ਦੇ ਭਵਿੱਖ ਨੂੰ ਮੁੱਖ ਰੱਖਦਿਆਂ ਦਿੱਤੀ ਜਾਵੇਗੀ।

### 3 ਸਫ਼ੇ ਦੀ ਬਾਕੀ

**ਇਸ ਅੰਦੋਲਨ ਦੀਆਂ ਮੁੱਖ ਮੰਗਾਂ ਵਿੱਚ ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਦਾ ਅਸਤੀਫ਼ਾ, ਪੇਪਰ ਲੀਕ ਕਾਰਨ ਖ਼ੁਦਕੁਸ਼ੀ ਕਰ ਚੁੱਕੇ ਵਿਦਿਆਰਥੀਆਂ ਦੇ ਪਰਿਵਾਰਾਂ ਨੂੰ 1-1 ਕਰੋੜ ਰੁਪਏ ਦਾ ਮੁਆਵਜ਼ਾ, ਅਤੇ ਮੈਗਸੇਸੇ ਪੁਰਸਕਾਰ ਜੇਤੂ ਸਮਾਜਿਕ ਕਰਮਚਾਰੀ ਸੋਨਮ ਵਾਂਗਚੁੱਕ ਦੀ ਰਿਹਾਈ ਸ਼ਾਮਲ ਹੈ, ਜੋ ਇਨ੍ਹਾਂ ਮੰਗਾਂ ਨੂੰ ਲੈ ਕੇ ਭੁਖ ਹੜਤਾਲ 'ਤੇ ਹਨ। ਅੰਦੋਲਨ ਦੇ ਵੱਧਦੇ ਦਬਾਅ ਨੂੰ ਦੇਖਦਿਆਂ ਕੇਂਦਰੀ ਮੰਤਰੀ ਜੇ.ਪੀ. ਨੱਡਾ ਨੇ ਕਾਕਰੋਚ ਜਨਤਾ ਪਾਰਟੀ ਦੇ ਨੁਮਾਇੰਦਿਆਂ ਨਾਲ ਗੱਲਬਾਤ ਕੀਤੀ ਅਤੇ ਦਿੱਲੀ ਹਾਈ ਕੋਰਟ ਨੇ ਸੋਨਮ ਵਾਂਗਚੁੱਕ ਨੂੰ ਨਿੱਜੀ ਹਸਪਤਾਲ ਸ਼ਿਫ਼ਟ ਕਰਨ ਦੀ ਇਜਾਜ਼ਤ ਦਿੱਤੀ। ਦੂਜੇ ਪਾਸੇ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਨਡੀਏ ਦੀ ਬੈਠਕ ਵਿੱਚ ਪੇਪਰ ਲੀਕ ਨੂੰ ਵੱਡਾ ਅਪਰਾਧ ਮੰਨਦਿਆਂ 13 ਦੋਸ਼ੀਆਂ ਦੀ ਗ੍ਰਿਫ਼ਤਾਰੀ ਦੀ ਗੱਲ ਕਹੀ ਅਤੇ ਸਖ਼ਤ ਕਾਨੂੰਨ ਬਣਾਉਣ ਦਾ ਭਰੋਸਾ ਦਿੱਤਾ। ਇਹ ਅੰਦੋਲਨ ਹੁਣ ਸਿਰਫ਼ ਦਿੱਲੀ ਤੱਕ ਸੀਮਤ ਨਹੀਂ ਰਿਹਾ, ਸਗੋਂ ਬਿਹਾਰ (ਪਟਨਾ, ਭਾਗਲਪੁਰ, ਮੁਜ਼ੱਫ਼ਰਪੁਰ), ਰਾਜਸਥਾਨ, ਹਰਿਆਣਾ ਅਤੇ ਪੰਜਾਬ ਤੱਕ ਫੈਲ ਚੁੱਕਾ ਹੈ।**

**ਪਟਨਾ ਵਿਖੇ ਵਿਦਿਆਰਥੀਆਂ ਨੇ ਸੜਕਾਂ 'ਤੇ ਉੱਤਰ ਕੇ ਪ੍ਰਦਰਸ਼ਨ ਕੀਤੇ ਅਤੇ ਬਿਹਾਰ ਵਿਧਾਨ ਸਭਾ ਵਿੱਚ ਵੀ ਵਿਰੋਧੀ ਧਿਰ ਵੱਲੋਂ ਇਸ ਦਾ ਭਾਰੀ ਵਿਰੋਧ ਦੇਖਣ ਨੂੰ ਮਿਲਿਆ, ਜਿਸ ਤੋਂ ਬਾਅਦ ਬਿਹਾਰ ਸਰਕਾਰ ਨੂੰ ਵੀ ਪੇਪਰ ਲੀਕ ਵਿਰੁੱਧ ਨਵਾਂ ਕਾਨੂੰਨ ਲਿਆਉਣ ਦੀ ਘੋਸ਼ਣਾ ਕਰਨੀ ਪਈ।**

# ਮੋਦੀ ਸਰਕਾਰ 'ਤੇ ਇਸ ਅੰਦੋਲਨ ਦਾ ਕੀ ਪਿਆ ਪ੍ਰਭਾਵ

**ਨਰਿੰਦਰ ਮੋਦੀ ਦੇ ਤੀਜੇ ਕਾਰਜਕਾਲ ਵਿੱਚ ਇਹ ਪਹਿਲਾ ਅਜਿਹਾ ਅੰਦੋਲਨ ਹੈ ਜੋ ਕਿਸੇ ਖਾਸ ਖੇਤਰ, ਧਰਮ ਜਾਂ ਜਾਤ ਤੱਕ ਸੀਮਤ ਨਹੀਂ ਹੈ, ਸਗੋਂ ਇਹ ਦੇਸ਼ ਦੀ 60-65% ਨੌਜਵਾਨ ਆਬਾਦੀ ਦਾ ਸਿੱਧਾ ਗੁੱਸਾ ਹੈ।ਪਹਿਲਾਂ ਸਰਕਾਰ ਅੰਦੋਲਨਾਂ ਨੂੰ ਕਿਸੇ ਖਾਸ ਵਿਚਾਰਧਾਰਾ, 'ਅਰਬਨ ਨਕਸਲ' ਜਾਂ 'ਟੂਲਕਿਟ' ਨਾਲ ਜੋੜ ਕੇ ਰੱਦ ਕਰ ਦਿੰਦੀ ਸੀ। ਪਰ ਇਹ ਅੰਦੋਲਨ ਕਿਸੇ ਸਿਆਸੀ ਪਾਰਟੀ ਵੱਲੋਂ ਨਹੀਂ, ਸਗੋਂ ਨੌਜਵਾਨਾਂ ਦੁਆਰਾ ਆਪਣੇ ਰੋਜ਼ਗਾਰ ਅਤੇ ਭਵਿੱਖ ਲਈ ਚਲਾਇਆ ਜਾ ਰਿਹਾ ਹੈ, ਜਿਸ ਕਰਕੇ ਇਸ ਨੂੰ ਖਾਰਜ ਕਰਨਾ ਸਰਕਾਰ ਲਈ ਔਖਾ ਹੋ ਰਿਹਾ ਹੈ। ਲਗਾਤਾਰ ਵਧਦੇ ਦਬਾਅ ਕਾਰਨ ਪ੍ਰਧਾਨ ਮੰਤਰੀ ਮੋਦੀ ਨੂੰ ਐਨਡੀਏ ਦੀ ਬੈਠਕ ਵਿੱਚ ਨੀਟ ਪੇਪਰ ਲੀਕ 'ਤੇ ਬੋਲਣਾ ਪਿਆ ਅਤੇ ਇਸ ਨੂੰ "ਬਹੁਤ ਵੱਡਾ ਅਪਰਾਧ" ਮੰਨਦਿਆਂ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਦਾ ਭਰੋਸਾ ਦੇਣਾ ਪਿਆ। ਬੈਕਫੁੱਟ 'ਤੇ ਸਰਕਾਰ ਅਤੇ ਗੱਲਬਾਤ ਦੀ ਪਹਿਲ: ਕੇਂਦਰੀ ਮੰਤਰੀ ਜੇ.ਪੀ. ਨੱਡਾ ਨੇ ਖ਼ੁਦ ਸੀਜੇਪੀ ਦੇ ਨੁਮਾਇੰਦਿਆਂ ਨਾਲ ਮੁਲਾਕਾਤ ਕੀਤੀ ਅਤੇ ਦਿੱਲੀ ਹਾਈ ਕੋਰਟ ਨੇ ਸੋਨਮ ਵਾਂਗਚੁੱਕ ਨੂੰ ਨਿੱਜੀ ਹਸਪਤਾਲ ਸ਼ਿਫ਼ਟ ਕਰਨ ਦੀ ਇਜਾਜ਼ਤ ਦਿੱਤੀ, ਜੋ ਸਰਕਾਰ ਦੇ ਝੁਕਣ ਦਾ ਸੰਕੇਤ ਹੈ। ਦਿੱਲੀ ਦੇ ਇਸ ਵਿਰੋਧ ਕਾਰਨ ਬਿਹਾਰ ਵਰਗੇ ਰਾਜਾਂ ਵਿੱਚ ਵੀ ਸਰਕਾਰਾਂ ਨੂੰ ਪੇਪਰ ਲੀਕ ਵਿਰੁੱਧ ਤੁਰੰਤ ਨਵੇਂ ਕਾਨੂੰਨ ਲਿਆਉਣ ਦਾ ਐਲਾਨ ਕਰਨਾ ਪਿਆ ਹੈ। ਰਾਹੁਲ ਗਾਂਧੀ, ਅਰਵਿੰਦ ਕੇਜਰੀਵਾਲ, ਊਧਵ ਠਾਕਰੇ ਅਤੇ ਹੋਰ ਵਿਰੋਧੀ ਨੇਤਾਵਾਂ ਨੇ ਇਸ ਮੁੱਦੇ 'ਤੇ ਸਰਕਾਰ ਨੂੰ ਘੇਰ ਕੇ ਨੌਜਵਾਨਾਂ ਦੀ ਆਵਾਜ਼ ਨੂੰ ਹੋਰ ਮਜ਼ਬੂਤ ਕੀਤਾ ਹੈ, ਜਿਸ ਨਾਲ ਸਰਕਾਰ ਦਾ 'ਯੂਥ ਵੋਟ ਬੈਂਕ' ਖਿਸਕਣ ਦਾ ਖ਼ਤਰਾ ਵਧ ਗਿਆ ਹੈ।**

# ਯੂ ਕੇ ਤੋਂ ਵਾਪਿਸ ਪੰਜਾਬ ਜਾਣ ਦੇ ਚਾਹਵਾਨ ਨੌਜਵਾਨਾਂ ਨੇ ਜੱਥੇਦਾਰ ਸਾਹਿਬ ਨੂੰ ਸੁਣਾਇਆ ਆਪਣਾ ਦਰਦ




ਪੰਜਾਬ ਵਾਪਿਸ ਜਾਣ ਦੇ ਚਾਹਵਾਨ ਨੌਜਵਾਨਾਂ ਨਾਲ ਜੱਥੇਦਾਰ ਕੁਲਦੀਪ ਸਿੰਘ ਗੜਗੱਜ ਅਤੇ ਬੀਬੀ ਨਰਪਿੰਦਰ ਕੌਰ ਮਾਨ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਵਿੱਚ ਵੀਜ਼ਾ ਮਿਆਦ ਲੰਘਾ ਚੁੱਕੇ ਅਤੇ ਵਾਪਿਸ ਪੰਜਾਬ, ਭਾਰਤ ਜਾਣ ਦੇ ਚਾਹਵਾਨ ਨੌਜਵਾਨਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਰੋ ਰੋ ਕੇ ਆਪਣਾ ਦਰਦ ਸੁਣਾਇਆ। ਜਿਸ ਵਿੱਚ ਨੌਜਵਾਨ ਬੀਬੀਆਂ ਅਤੇ ਲੜਕੇ ਸ਼ਾਮਿਲ ਸਨ। ਜੋ ਯੂ ਕੇ ਵਿੱਚ ਵਿਦਿਆਰਥੀ ਵੀਜ਼ਾ ਜਾਂ ਹੋਰ ਤਰੀਕਿਆਂ ਨਾਲ ਇਥੇ ਪਹੁੰਚੇ ਸਨ।

ਜੱਥੇਦਾਰ ਕੁਲਦੀਪ ਸਿੰਘ ਗੜਗੱਜ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ (ਪਾਰਕ ਐਵੇਨਿਊ) ਵਿਖੇ ਯੂਨਾਈਟਡ ਸਿੱਖਸ (ਇੰਟਰਨੈਸ਼ਨਲ) ਅਤੇ ਯੂਨਾਈਟਡ ਹਿਊਮਨਟੇਰੀਅਨ ਸਿੱਖ ਏਡ ਵੱਲੋਂ ਬੀਬੀ ਨਰਪਿੰਦਰ ਕੌਰ ਮਾਨ ਬੀ ਈ ਐਮ ਵੱਲੋਂ ਲਗਾਈ ਜਾਂਦੀ ਹਫਤਾਵਰੀ ਸਰਜ਼ਰੀ ਵੇਖਣ ਆਏ ਸਨ, ਜਿਸ ਵਿੱਚ ਉਹ ਯੂ ਕੇ ਅਤੇ ਭਾਰਤ ਸਰਕਾਰ ਨਾਲ ਤਾਲਮੇਲ ਕਰਕੇ ਨੌਜਵਾਨਾਂ ਨੂੰ ਵਾਪਿਸ ਭੇਜਣ ਵਿੱਚ ਮਦਦ ਕਰਦੀ ਹੈ। ਜੱਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਨੌਜਵਾਨਾਂ ਦੀਆਂ ਮੁਸ਼ਕਿਲਾਂ ਨੂੰ ਸੁਣਿਆ ਅਤੇ ਬੀਬੀ ਮਾਨ ਦੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ, ਉਹਨਾਂ ਭਵਿੱਖ ਵਿੱਚ ਹਰ ਸੰਭਵ ਮਦਦ ਦਾ ਭਰੋਸਾ ਵੀ ਦਿੱਤਾ। ਇਸ ਮੌਕੇ ਉਹਨਾਂ ਬੀਬੀ ਮਾਨ ਵੱਲੋਂ ਕੀਤੀਆਂ ਜਾਂਦੀਆਂ ਸੇਵਾਵਾਂ ਲਈ ਸਰੋਪਾਓ ਦੇ ਕੇ ਵਿਸ਼ੇਸ਼ ਸਨਮਾਨ ਕੀਤਾ। ਇਸ ਮੌਕੇ ਸ: ਗੁਰਮੇਲ ਸਿੰਘ ਮੱਲੀ ਮੁੱਖ ਸੇਵਾਦਾਰ, ਹਰਜੀਤ ਸਿੰਘ ਸਰਪੰਚ, ਸ਼ਰਨਬੀਰ ਸਿੰਘ ਸੰਘਾ, ਪ੍ਰਮਜੀਤ ਸਿੰਘ ਧਾਲੀਵਾਲ, ਬਲਜੀਤ ਸਿੰਘ ਮੱਲੀ, ਸੁਰਿੰਦਰ ਸਿੰਘ, ਬਲਦੇਵ ਸਿੰਘ ਆਦਿ ਹਾਜ਼ਰ ਸਨ।

# ਯੂ ਕੇ ਭਰ ਵਿੱਚ ਸਿੱਖ-ਵਿਰੋਧੀ ਨਫ਼ਰਤ ਵਿੱਚ ਬੀਤੀ 14 ਮਈ ਤੋਂ ਬਾਅਦ ਭਾਰੀ ਵਾਧਾ ਹੋਣ ਦਾ ਸਿੱਖ ਨੈਟਵਰਕ ਦੇ ਸਰਵੇਖਣ 'ਚ ਖੁਲਾਸਾ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) 'ਸਿੱਖ ਨੈੱਟਵਰਕ' ਨੇ ਅੱਜ ਇੱਕ ਦੇਸ਼-ਵਿਆਪੀ ਸਰਵੇਖਣ ਦੇ ਨਤੀਜੇ ਪ੍ਰਕਾਸ਼ਿਤ ਕੀਤੇ ਹਨ, ਜਿਸ ਵਿੱਚ 14 ਮਈ 2026 ਤੋਂ ਬਾਅਦ ਸਿੱਖ-ਵਿਰੋਧੀ ਨਫ਼ਰਤੀ ਅਪਰਾਧਾਂ ਵਿੱਚ ਚਿੰਤਾਜਨਕ ਵਾਧਾ ਹੋਣ ਦਾ ਖੁਲਾਸਾ ਹੋਇਆ ਹੈ। ਇਹ ਸਰਵੇਖਣ ਹੈਨਰੀ ਨੋਵਾਕ ਦੇ ਕਤਲ ਦੇ ਮਾਮਲੇ ਵਿੱਚ ਵਿਕਰਮ ਦਿਗਵਾ ਦੇ ਮੁਕੱਦਮੇ ਦੇ ਸ਼ੁਰੂ ਹੋਣ ਤੋਂ ਬਾਅਦ ਦੇ ਸਮੇਂ ਦੀ ਸਮੀਖਿਆ ਕਰਦਾ ਹੈ।**

ਬਰਤਾਨੀਆਂ ਭਰ ਦੇ 1,000 ਤੋਂ ਵੱਧ ਸਿੱਖਾਂ ਦੁਆਰਾ ਮੁਕੰਮਲ ਕੀਤਾ ਗਿਆ ਇਹ ਸਰਵੇਖਣ ਵਧ ਰਹੀ ਨਫਰਤ, ਡਰ ਅਤੇ ਪੁਲਿਸ ਵਿੱਚ ਘਟਦੇ ਭਰੋਸੇ ਦੀ ਇੱਕ ਪਰੇਸ਼ਾਨ ਕਰਨ ਵਾਲੀ ਤਸਵੀਰ ਪੇਸ਼ ਕਰਦਾ ਹੈ। ਸਰਵੇਖਣ ਅਨੁਸਾਰ 40% ਨੇ ਨਿੱਜੀ ਤੌਰ 'ਤੇ ਸਿੱਖ-ਵਿਰੋਧੀ ਨਫ਼ਰਤੀ ਅਪਰਾਧ ਦਾ ਸਾਹਮਣਾ ਕਰਨ ਜਾਂ ਇਸ ਦੇ ਗਵਾਹ ਬਣਨ ਦੀ ਗੱਲ ਮੰਨੀ ਹੈ, ਜਿਸ ਦੌਰਾਨ 500 ਤੋਂ ਵੱਧ ਵਿਅਕਤੀਗਤ ਘਟਨਾਵਾਂ ਦਰਜ ਕੀਤੀਆਂ ਗਈਆਂ।

90% ਦਾ ਮੰਨਣਾ ਹੈ ਕਿ ਮਈ ਦੇ ਅੱਧ ਤੋਂ ਬਾਅਦ ਸਿੱਖ-ਵਿਰੋਧੀ ਨਫ਼ਰਤ ਵਿੱਚ ਵਾਧਾ ਹੋਇਆ ਹੈ, ਜਿਨ੍ਹਾਂ ਵਿੱਚੋਂ 61% ਨੇ ਇਸ ਵਾਧੇ ਨੂੰ ਬਹੁਤ ਵੱਡਾ ਦੱਸਿਆ ਹੈ। ਦੋ-ਤਿਹਾਈ ਤੋਂ ਵੱਧ ਲੋਕਾਂ ਦਾ ਮੰਨਣਾ ਸੀ ਕਿ ਇਹ ਵਾਧਾ ਉਸ ਸਮੇਂ ਹੋਇਆ ਜਦੋਂ ਸਿਆਸਤਦਾਨਾਂ ਨੇ ਜਨਤਕ ਤੌਰ 'ਤੇ ਅਤੇ ਗਲਤ ਢੰਗ ਨਾਲ ਪਵਿੱਤਰ ਕਿਰਪਾਨ 'ਤੇ ਸਵਾਲ ਉਠਾਏ, ਜਿਸ ਨਾਲ ਅਜਿਹਾ ਮਾਹੌਲ ਸਿਰਜਿਆ ਗਿਆ।

53% ਉੱਤਰਦਾਤਾਵਾਂ ਖਾਸ ਕਰਕੇ ਬਜ਼ੁਰਗ ਸਿੱਖਾਂ ਨੇ ਕਿਹਾ ਕਿ ਉਹ ਹੁਣ ਸੁਰੱਖਿਅਤ ਮਹਿਸੂਸ ਨਹੀਂ ਕਰਦੇ ਅਤੇ ਦੋ-ਤਿਹਾਈ ਲੋਕਾਂ ਨੇ ਆਪਣੀ ਰੋਜ਼ਾਨਾ ਦੀ ਦਿਨਚਰਿਆ ਬਦਲ ਦਿੱਤੀ ਹੈ। ਸਰਵੇਖਣ ਮੁਤਾਬਿਕ ਲਗਭਗ 50% ਘਟਨਾਵਾਂ ਜ਼ੁਬਾਨੀ ਬਦਸਲੂਕੀ, 25% ਤੋਂ ਘੱਟ ਘਟਨਾਵਾਂ ਆਨਲਾਈਨ ਦੁਰਵਿਵਹਾਰ, 15% ਪਰੇਸ਼ਾਨ ਕਰਨ ਅਤੇ ਡਰਾਉਣ-ਧਮਕਾਉਣ ਅਤੇ ਲਗਭਗ 10% ਭੰਨਤੋੜ, ਸਰੀਰਕ ਹਮਲੇ ਨਾਲ ਸਬੰਧਤ ਸੀ।

ਸ਼ਾਇਦ ਸਭ ਤੋਂ ਚਿੰਤਾਜਨਕ ਗੱਲ ਅਪਰਾਧਿਕ ਨਿਆਂ ਪ੍ਰਣਾਲੀ ਵਿੱਚ ਭਰੋਸੇ ਦੀ ਕਮੀ ਵੇਖੀ ਗਈ ਹੈ। 60% ਉੱਤਰਦਾਤਾਵਾਂ ਨੇ ਕਿਹਾ ਕਿ ਉਹ ਜਾਣਦੇ ਹਨ ਕਿ ਨਫ਼ਰਤੀ ਅਪਰਾਧ ਦੀ ਰਿਪੋਰਟ ਕਿਵੇਂ ਕਰਨੀ ਹੈ, ਪਰ ਕੇਵਲ 6% ਘਟਨਾਵਾਂ ਦੀ ਰਿਪੋਰਟ ਹੀ ਪੁਲਿਸ ਕੋਲ ਕੀਤੀ ਗਈ ਸੀ। ਦਸ ਵਿੱਚੋਂ ਸੱਤ ਉੱਤਰਦਾਤਾਵਾਂ ਨੇ ਕਿਹਾ ਕਿ ਉਹਨਾਂ ਨੂੰ ਇਸ ਗੱਲ 'ਤੇ ਭਰੋਸਾ ਨਹੀਂ ਹੈ ਕਿ ਪੁਲਿਸ ਸਿੱਖ-ਵਿਰੋਧੀ ਨਫ਼ਰਤੀ ਅਪਰਾਧਾਂ ਨੂੰ ਗੰਭੀਰਤਾ ਨਾਲ ਲਵੇਗੀ।

ਸਿੱਖ ਨੈੱਟਵਰਕ ਦੇ ਬੁਲਾਰੇ ਨੇ ਕਿਹਾ ਕਿ ਇਹ ਨਤੀਜੇ ਹਰ ਕਿਸੇ ਲਈ ਚਿੰਤਾ ਦਾ ਵਿਸ਼ਾ ਹੋਣੇ ਚਾਹੀਦੇ ਹਨ। ਆਪਣੇ ਧਰਮ ਦੇ ਆਲੇ-ਦੁਆਲੇ ਚੱਲ ਰਹੀ ਜਨਤਕ ਬਹਿਸ ਕਾਰਨ ਕਿਸੇ ਵੀ ਭਾਈਚਾਰੇ ਨੂੰ ਅਸੁਰੱਖਿਅਤ ਮਹਿਸੂਸ ਨਹੀਂ ਕਰਨਾ ਚਾਹੀਦਾ। ਉੱਤਰਦਾਤਾਵਾਂ ਦਾ ਸਭ ਤੋਂ ਵੱਡਾ ਸੁਨੇਹਾ ਇਹ ਹੈ ਕਿ ਪਿਛਲੇ ਕੁਝ ਹਫ਼ਤਿਆਂ ਵਿੱਚ ਸਿੱਖ-ਵਿਰੋਧੀ ਨਫ਼ਰਤ ਵਿੱਚ ਬਹੁਤ ਵਾਧਾ ਹੋਇਆ ਹੈ, ਅਤੇ ਕਈਆਂ ਦਾ ਮੰਨਣਾ ਹੈ ਕਿ ਗੈਰ-ਜ਼ਿੰਮੇਵਾਰਾਨਾ ਜਨਤਕ ਟਿੱਪਣੀਆਂ ਨੇ ਇਸ ਮਾਹੌਲ ਨੂੰ ਸਿਰਜਣ ਵਿੱਚ ਯੋਗਦਾਨ ਪਾਇਆ ਹੈ।" ਜਿਸ ਲਈ ਸਾਰਥਕ ਕਦਮ ਚੁੱਕਣ ਦੀ ਲੋੜ ਹੈ।

# ਪੰਥਕ ਸਿਆਸਤ ਵਿਚ ਧਮਾਕਾ: ਅਕਾਲੀ ਦਲ (ਪੁਨਰ ਸੁਰਜੀਤ) ਦੋਫਾੜ

**✪ 2027 ਦੀਆਂ ਚੋਣਾਂ ਤੋਂ ਪਹਿਲਾਂ ਵੱਡਾ ਉਲਟਫ਼ੇਰ; ਝੂੰਦਾਂ ਧੜੇ ਵੱਲੋਂ ਅੰਮ੍ਰਿਤਪਾਲ ਸਿੰਘ ਦੀ ਅਗਵਾਈ ਵਿਚ ਚੋਣਾਂ ਲੜਨ ਦਾ ਐਲਾਨ**

**✪ ਸੁਰਜੀਤ ਹੋਣ ਦੀ ਥਾਂ ਬਿਖਰਿਆ ਪੁਨਰ ਸੁਰਜੀਤ ਅਕਾਲੀ ਦਲ, ਗਿਆਨੀ ਹਰਪ੍ਰੀਤ ਸਿੰਘ ਵੱਲੋਂ 6 ਸਾਲ ਲਈ ਬਰਖ਼ਾਸਤ ਝੂੰਦਾ**

**✪ ਪੰਥਕ ਏਕਤਾ 'ਤੇ ਬਾਬਾ ਬੇਦੀ ਦੀ ਚੇਤਾਵਨੀ: "ਸਿਰਫ਼ ਸਿਆਸੀ ਸਮਝੌਤਿਆਂ ਨਾਲ ਨਹੀਂ, ਸਾਂਝੇ ਰੋਡਮੈਪ ਨਾਲ ਹੋਵੇਗੀ ਏਕਤਾ"**



**ਖਾਸ ਖਬਰ**

2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸੂਬੇ ਦੀ ਪੰਥਕ ਰਾਜਨੀਤੀ ਵਿੱਚ ਇੱਕ ਬਹੁਤ ਵੱਡਾ ਅਣਕਿਆਸਿਆ ਉਲਟਫ਼ੇਰ ਦੇਖਣ ਨੂੰ ਮਿਲਿਆ ਹੈ। ਪੰਥਕ ਏਕਤਾ, ਸ਼੍ਰੋਮਣੀ ਅਕਾਲੀ ਦਲ ਦੇ ਵੱਖ-ਵੱਖ ਧੜਿਆਂ ਨੂੰ ਇੱਕ ਛੱਤ ਹੇਠ ਲਿਆਉਣ ਅਤੇ ਪੰਥਕ ਰਾਜਨੀਤੀ ਨੂੰ ਮੁੜ ਸੁਰਜੀਤ ਕਰਨ ਦੇ ਦਾਅਵਿਆਂ ਨਾਲ ਵਜੂਦ ਵਿੱਚ ਆਇਆ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਸੁਰਜੀਤ ਹੋਣ ਦੀ ਥਾਂ ਪੂਰੀ ਤਰ੍ਹਾਂ ਖਿਲਰ ਗਿਆ ਹੈ। ਚੰਡੀਗੜ੍ਹ ਵਿਖੇ ਹੋਈ ਪੰਥਕ ਇਕੱਤਰਤਾ ਦੌਰਾਨ ਪਾਰਟੀ ਦੇ ਸੀਨੀਅਰ ਆਗੂ ਜਥੇਦਾਰ ਇਕਬਾਲ ਸਿੰਘ ਝੂੰਦਾਂ ਅਤੇ ਜਥੇਦਾਰ ਸੰਤਾ ਸਿੰਘ ਉਮੈਦਪੁਰੀ ਦੀ ਅਗਵਾਈ ਹੇਠ ਵੱਡੀ ਸੰਖਿਆ ਵਿੱਚ ਅਕਾਲੀ ਨੇਤਾਵਾਂ ਨੇ ਪਾਰਟੀ ਤੋਂ ਬਗਾਵਤ ਕਰਦਿਆਂ ਸ਼੍ਰੋਮਣੀ ਅਕਾਲੀ ਦਲ 'ਵਾਰਿਸ ਪੰਜਾਬ ਦੇ' ਨੂੰ ਬਿਨਾਂ ਕਿਸੇ ਸ਼ਰਤ ਸਮਰਥਨ ਦੇਣ ਦਾ ਐਲਾਨ ਕਰ ਦਿੱਤਾ ਹੈ। ਇਸ ਨਵੇਂ ਗੱਠਜੋੜ ਨੇ ਸੰਸਦ ਮੈਂਬਰ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਦੀ ਅਗਵਾਈ ਹੇਠ ਆਉਂਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਲੜਨ ਦਾ ਅਧਿਕਾਰਤ ਐਲਾਨ ਕਰ ਦਿੱਤਾ ਹੈ, ਜਿਸ ਨਾਲ ਪੰਜਾਬ ਦੇ ਰਾਜਨੀਤਿਕ ਸਮੀਕਰਨ ਪੂਰੀ ਤਰ੍ਹਾਂ ਬਦਲ ਗਏ ਹਨ।

ਚੰਡੀਗੜ੍ਹ ਵਿਖੇ ਹੋਈ ਇਸ ਹੰਗਾਮੀ ਬੈਠਕ ਵਿੱਚ ਸ਼੍ਰੋਮਣੀ ਅਕਾਲੀ ਦਲ 'ਵਾਰਿਸ ਪੰਜਾਬ ਦੇ' ਦੀ ਸੀਨੀਅਰ ਲੀਡਰਸ਼ਿਪ-ਜਿਨ੍ਹਾਂ ਵਿੱਚ ਬਾਪੂ ਤਰਸੇਮ ਸਿੰਘ, ਵਿਧਾਇਕ ਮਨਪ੍ਰੀਤ ਸਿੰਘ ਇਆਲੀ, ਅਤੇ ਫ਼ਰੀਦਕੋਟ ਤੋਂ ਸੰਸਦ ਮੈਂਬਰ ਸਰਬਜੀਤ ਸਿੰਘ ਖ਼ਾਲਸਾ ਸ਼ਾਮਲ ਸੀ। ਇਸ ਮੌਕੇ ਪਾਰਟੀ ਬਦਲਣ ਦੇ ਕਾਰਨਾਂ ਦਾ ਖੁਲਾਸਾ ਕਰਦਿਆਂ ਜਥੇਦਾਰ ਇਕਬਾਲ ਸਿੰਘ ਝੂੰਦਾਂ ਨੇ ਕਿਹਾ ਕਿ ਪੰਜਾਬ ਅਤੇ ਖ਼ਾਲਸਾ ਪੰਥ ਇਸ ਸਮੇਂ ਗੰਭੀਰ ਸੰਕਟ ਅਤੇ ਚੁਣੌਤੀਆਂ ਵਿੱਚੋਂ ਲੰਘ ਰਹੇ ਹਨ। ਅਜਿਹੇ ਸਮੇਂ ਵਿੱਚ ਇੱਕ ਦ੍ਰਿੜ੍ਹ, ਨਿਡਰ ਅਤੇ ਪੰਥ ਪ੍ਰਤੀ ਪੂਰੀ ਤਰ੍ਹਾਂ ਸਮਰਪਿਤ ਲੀਡਰਸ਼ਿਪ ਦੀ ਲੋੜ ਸੀ। ਲੋਕ ਸਭਾ ਚੋਣਾਂ ਦੇ ਨਤੀਜਿਆਂ ਅਤੇ 2 ਦਸੰਬਰ 2024 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੋਏ ਆਦੇਸ਼ਾਂ ਤੋਂ ਬਾਅਦ ਸੰਗਤ ਨੇ ਰਾਜਸੀ ਖੇਤਰ ਵਿੱਚ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਅਤੇ ਧਾਰਮਿਕ ਖੇਤਰ ਵਿੱਚ ਬੀਬੀ ਸਤਵੰਤ ਕੌਰ ਨੂੰ ਵੱਡੇ ਪੱਧਰ 'ਤੇ ਪ੍ਰਵਾਨਗੀ ਦਿੱਤੀ ਹੈ। ਭਾਈ ਅੰਮ੍ਰਿਤਪਾਲ ਸਿੰਘ ਵਿੱਚ ਵੱਖ-ਵੱਖ ਧਿਰਾਂ ਨੂੰ ਇੱਕ ਮੰਚ 'ਤੇ ਲਿਆਉਣ ਦੀ ਸਮਰੱਥਾ ਹੈ।

ਗਿਆਨੀ ਹਰਪ੍ਰੀਤ ਸਿੰਘ ਵਲੋਂ ਝੂੰਦਾਂ ਬਰਖਾਸਤ-ਇਸ ਸਿਆਸੀ ਧਮਾਕੇ ਦੇ ਤੁਰੰਤ ਬਾਅਦ ਅਕਾਲੀ ਦਲ (ਪੁਨਰ ਸੁਰਜੀਤ) ਦੇ ਪ੍ਰਧਾਨ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਖ਼ਤ ਅਨੁਸ਼ਾਸਨੀ ਕਾਰਵਾਈ ਕਰਦਿਆਂ ਜਥੇਦਾਰ ਇਕਬਾਲ ਸਿੰਘ ਝੂੰਦਾਂ ਦੀ ਮੁੱਢਲੀ ਮੈਂਬਰਸ਼ਿਪ ਰੱਦ ਕਰ ਦਿੱਤੀ ਅਤੇ ਉਨ੍ਹਾਂ ਨੂੰ 6 ਸਾਲ ਲਈ ਪਾਰਟੀ 'ਚੋਂ ਬਾਹਰ ਦਾ ਰਸਤਾ ਦਿਖਾ ਦਿੱਤਾ।

ਗਿਆਨੀ ਹਰਪ੍ਰੀਤ ਸਿੰਘ ਦਾ ਐਕਸ (ਟਵਿੱਟਰ) 'ਤੇ ਤਿੱਖਾ ਹਮਲਾ-ਗਿਆਨੀ ਹਰਪ੍ਰੀਤ ਸਿੰਘ ਨੇ ਸੋਸ਼ਲ ਮੀਡੀਆ 'ਤੇ ਲਿਖਿਆ ਕਿ ਸੱਤਾ ਦੀਆਂ ਭੁੱਖੀਆਂ ਲੂੰਬੜੀਆਂ ਪੰਥਕ ਏਕਤਾ ਦੀ ਆੜ 'ਚ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫਸੀਲ 'ਤੇ ਕੀਤੀ ਅਰਦਾਸ 'ਚੋਂ ਨਿਕਲੀ ਪਾਰਟੀ ਨੂੰ ਦਗਾ ਦੇ ਕੇ ਕਿਸੇ ਹੋਰ ਨਾਲ ਵਫ਼ਾ ਕਰਨ ਤੁਰ ਪਈਆਂ ਹਨ।

ਝੂੰਦਾਂ ਅਤੇ ਉਮੈਦਪੁਰੀ ਦਾ ਪਲਟਵਾਰ-ਪਾਰਟੀ ਵਿਚੋਂ ਕੱਢੇ ਜਾਣ 'ਤੇ ਪ੍ਰਤੀਕਰਮ ਦਿੰਦਿਆਂ ਝੂੰਦਾਂ ਨੇ ਕਿਹਾ ਕਿ ਉਹ ਇਸ ਨੂੰ ਨਿੱਜੀ ਲੜਾਈ ਨਹੀਂ ਬਲਕਿ ਵਿਚਾਰਧਾਰਕ ਮਤਭੇਦ ਵਜੋਂ ਦੇਖਦੇ ਹਨ। ਅਸਹਿਮਤੀ ਨੂੰ ਬਦਲਾਖੋਰੀ ਦਾ ਰੂਪ ਦੇਣਾ ਅਕਾਲੀ ਪਰੰਪਰਾ ਨਹੀਂ ਹੈ। ਦੂਜੇ ਪਾਸੇ, ਜਥੇਦਾਰ ਸੰਤਾ ਸਿੰਘ ਉਮੈਦਪੁਰੀ ਦੀ ਅਗਵਾਈ ਹੇਠ ਦਰਜਨਾਂ ਪੰਥਕ ਆਗੂਆਂ (ਜਿਨ੍ਹਾਂ ਵਿੱਚ ਸੁਖਵਿੰਦਰ ਸਿੰਘ ਔਲਖ, ਮਾਸਟਰ ਜੌਹਰ ਸਿੰਘ, ਸਤਵਿੰਦਰ ਸਿੰਘ ਟੌਹੜਾ, ਅਮਰੀਕ ਸਿੰਘ ਸ਼ਾਹਪੁਰ ਆਦਿ ਸ਼ਾਮਲ ਸਨ) ਨੇ ਗਿਆਨੀ ਹਰਪ੍ਰੀਤ ਸਿੰਘ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਪ੍ਰਧਾਨ ਦੀ ਇੱਕ ਸਾਲ ਦੀ ਨਿਰਾਸ਼ਾਜਨਕ ਕਾਰਗੁਜ਼ਾਰੀ ਕਰਕੇ ਪਹਿਲਾਂ ਹੀ 15 ਤੋਂ 20 ਸੀਨੀਅਰ ਆਗੂ ਪਾਰਟੀ ਛੱਡ ਚੁੱਕੇ ਹਨ। ਜੋ ਕੰਮ ਪ੍ਰਧਾਨ ਇੱਕ ਸਾਲ 'ਚ ਨਹੀਂ ਕਰ ਸਕੇ, ਉਹ ਉਨ੍ਹਾਂ ਨੇ 10 ਦਿਨਾਂ ਵਿੱਚ ਕਰ ਵਿਖਾਇਆ। ਹੁਣ ਸੈਂਕੜੇ ਹੋਰ ਵਰਕਰ ਵੀ ਪਾਰਟੀ ਨੂੰ ਅਲਵਿਦਾ ਕਹਿਣ ਲਈ ਤਿਆਰ ਬੈਠੇ ਹਨ।

ਅਕਾਲੀ ਦਲ (ਪੁਨਰ ਸੁਰਜੀਤ) ਦੇ ਬਿਖੇੜੇ ਦਾ ਕਾਰਨ ਅਤੇ ਸੱਤਾ ਦੀ ਦੌੜ-ਸ਼੍ਰੋਮਣੀ ਅਕਾਲੀ ਦਲ ਦੇ ਡਿੱਗ ਰਹੇ ਗ੍ਰਾਫ਼ ਨੂੰ ਸੰਭਾਲਣ ਅਤੇ ਪੰਥਕ ਧਿਰਾਂ ਨੂੰ ਇਕੱਠਾ ਕਰਨ ਲਈ ਬਣੀ ਇਹ ਪਾਰਟੀ ਬਹੁਤ ਜਲਦੀ ਤਾਸ਼ ਦੇ ਪੱਤਿਆਂ ਵਾਂਗ ਖਿਲਰ ਗਈ। ਇਸ ਦੇ ਪਿੱਛੇ ਹੇਠ ਲਿਖੇ ਮੁੱਖ ਕਾਰਨ ਸਾਹਮਣੇ ਆਏ ਹਨ:

* ਗਿਆਨੀ ਹਰਪ੍ਰੀਤ ਸਿੰਘ ਨੇ ਸ਼ੁਰੂਆਤ ਵਿਚ ਐਲਾਨ ਕੀਤਾ ਸੀ ਕਿ ਉਹ ਕੋਈ ਚੋਣ ਨਹੀਂ ਲੜਨਗੇ ਅਤੇ ਨਾ ਹੀ ਮੁੱਖ ਮੰਤਰੀ ਬਣਨ ਦੇ ਚਾਹਵਾਨ ਹਨ। ਪਰ ਪਾਰਟੀ ਵਿੱਚ ਸ਼ਾਮਲ ਹੋਏ ਬਾਕੀ ਆਗੂ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਆਪਣੀ ਟਿਕਟ ਅਤੇ ਸਿਆਸੀ ਭਵਿੱਖ ਪੱਕਾ ਕਰਨਾ ਚਾਹੁੰਦੇ ਸਨ। ਸੰਗਠਨਾਤਮਕ ਢਾਂਚਾ ਬਣਨ ਦੇ ਕੁਝ ਮਹੀਨਿਆਂ ਬਾਅਦ ਹੀ ਆਗੂਆਂ ਵਿੱਚ ਇਕਸੁਰਤਾ ਖ਼ਤਮ ਹੋ ਗਈ। ਸੁਰਜੀਤ ਸਿੰਘ ਰੱਖੜਾ, ਮਨਪ੍ਰੀਤ ਸਿੰਘ ਇਆਲੀ, ਚਰਨਜੀਤ ਸਿੰਘ ਬਰਾੜ, ਤੇਜਿੰਦਰਪਾਲ ਸਿੰਘ ਸੰਧੂ, ਹਰੀ ਸਿੰਘ ਨਾਭਾ, ਕਰਨੈਲ ਸਿੰਘ ਪੰਜੋਲੀ, ਅਤੇ ਬੀਬੀ ਪਰਮਜੀਤ ਕੌਰ ਲਾਂਡਰਾਂ ਸਮੇਤ ਇੱਕ ਦਰਜਨ ਤੋਂ ਵੱਧ ਪ੍ਰਮੁੱਖ ਚਿਹਰੇ ਪਹਿਲਾਂ ਹੀ ਪਾਰਟੀ ਨਾਲੋਂ ਨਾਤਾ ਤੋੜ ਚੁੱਕੇ ਸਨ।

* ਪਾਰਟੀ ਕੋਲ ਪੰਥ ਅਤੇ ਪੰਜਾਬ ਦੇ ਮੁੱਦਿਆਂ 'ਤੇ ਕੋਈ ਠੋਸ ਨੀਤੀ ਜਾਂ ਕਾਰਜ-ਯੋਜਨਾ ਨਹੀਂ ਸੀ, ਜਿਸ ਕਰਕੇ ਆਗੂ ਕੇਵਲ ਚੋਣ ਗੱਠਜੋੜਾਂ ਤੱਕ ਸੀਮਤ ਹੋ ਕੇ ਰਹਿ ਗਏ।

ਪੰਜ ਮੈਂਬਰੀ ਕਮੇਟੀ ਅਕਾਲੀ ਦਲ ਕਿਉਂ ਨਾ ਉਸਾਰ ਸਕੀ ?-ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਹੇਠ ਗਠਿਤ ਕੀਤੀ ਗਈ ਪੰਜ ਮੈਂਬਰੀ ਕਮੇਟੀ ਦਾ ਮੂਲ ਮਨੋਰਥ ਸਿੱਖ ਰਾਜਨੀਤਿਕ ਧਿਰਾਂ ਨੂੰ ਇੱਕਜੁੱਟ ਕਰਕੇ ਅਕਾਲੀ ਦਲ ਦਾ ਪੁਨਰ-ਗਠਨ ਕਰਨਾ ਸੀ। ਪਰ ਇਹ ਉਪਰਾਲਾ ਸਫ਼ਲ ਨਾ ਹੋ ਸਕਿਆ। ਕਮੇਟੀ ਨੇ ਪੰਥਕ ਸੰਕਟ ਦੀਆਂ ਜੜ੍ਹਾਂ ਤੱਕ ਜਾਣ ਦੀ ਕੋਸ਼ਿਸ਼ ਨਹੀਂ ਕੀਤੀ, ਸਗੋਂ ਸਿਰਫ਼ ਸਿਆਸੀ ਚਿਹਰਿਆਂ ਨੂੰ ਜੋੜਨ 'ਤੇ ਜ਼ੋਰ ਦਿੱਤਾ। ਵੱਖ-ਵੱਖ ਧੜਿਆਂ ਕੋਲ ਆਪਣੀਆਂ ਸਿਆਸੀ ਰੰਜਿਸ਼ਾਂ ਸਨ। ਜਦੋਂ ਤੱਕ ਇੱਕ ਸਾਂਝਾ ਏਜੰਡਾ ਤਿਆਰ ਨਹੀਂ ਹੋਇਆ, ਉਦੋਂ ਤੱਕ ਇਹ ਏਕਤਾ ਕਾਗਜ਼ੀ ਸਾਬਤ ਹੋਈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਦੀ ਅਧੂਰੀ ਪਾਲਣਾ: ਸੰਗਤ ਦੀ ਭਾਵਨਾ ਅਨੁਸਾਰ ਤਿਆਗ ਕਰਨ ਦੀ ਬਜਾਏ ਆਗੂਆਂ ਨੇ ਆਪੋ-ਆਪਣੇ ਧੜਿਆਂ ਨੂੰ ਮਜ਼ਬੂਤ ਕਰਨ ਨੂੰ ਪਹਿਲ ਦਿੱਤੀ।

## ਬਾਬਾ ਸਰਬਜੋਤ ਸਿੰਘ ਬੇਦੀ ਦੀ ਅਪੀਲ: "ਸਿਰਫ਼ ਸਿਆਸੀ ਸਮਝੌਤਿਆਂ ਨਾਲ ਏਕਤਾ ਨਹੀਂ ਹੁੰਦੀ"

ਇਸ ਪੂਰੇ ਘਟਨਾਕ੍ਰਮ ਅਤੇ ਪੰਥਕ ਰਾਜਨੀਤੀ ਦੇ ਨਿਘਾਰ 'ਤੇ ਗੰਭੀਰ ਚਿੰਤਾ ਪ੍ਰਗਟ ਕਰਦਿਆਂ ਪ੍ਰਮੁੱਖ ਪੰਥਕ ਆਗੂ ਬਾਬਾ ਸਰਬਜੋਤ ਸਿੰਘ ਬੇਦੀ ਊਨਾ ਨੇ ਆਪਣਾ ਪੱਖ ਸਪੱਸ਼ਟ ਕਰਦਿਆਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪੰਜ ਮੈਂਬਰੀ ਕਮੇਟੀ ਬਣਾਉਣਾ ਇੱਕ ਇਤਿਹਾਸਕ ਅਤੇ ਦੂਰਅੰਦੇਸ਼ੀ ਕਦਮ ਸੀ, ਪਰ ਇਸ ਦੀ ਵਰਤੋਂ ਸਹੀ ਢੰਗ ਨਾਲ ਨਹੀਂ ਹੋਈ। ਉਨ੍ਹਾਂ ਕਿਹਾ ਕਿ ਜਦੋਂ ਤੱਕ ਅਸੀਂ ਆਪਣੇ ਸੰਕਟ ਦੀ ਜੜ੍ਹ ਤੱਕ ਨਹੀਂ ਪਹੁੰਚਦੇ, ਤਦ ਤੱਕ ਕੋਈ ਵੀ ਰਾਜਨੀਤਿਕ ਏਕਤਾ ਸਥਾਈ ਅਤੇ ਪ੍ਰਭਾਵਸ਼ਾਲੀ ਸਾਬਤ ਨਹੀਂ ਹੋ ਸਕਦੀ। ਅਸੀਂ ਹਾਲੇ ਤੱਕ ਅਕਾਲੀ ਦਲ ਨੂੰ ਪੰਥਕ ਭਾਵਨਾਵਾਂ ਅਨੁਸਾਰ ਪੂਰੀ ਤਰ੍ਹਾਂ ਉਸਾਰ ਨਹੀਂ ਸਕੇ। ਸਿਰਫ਼ ਸਿਆਸੀ ਧਿਰਾਂ ਦੇ ਆਪਸੀ ਸਮਝੌਤਿਆਂ ਤੱਕ ਸੀਮਿਤ ਰਹਿਣ ਦੀ ਬਜਾਏ ਪੰਥ ਅਤੇ ਪੰਜਾਬ ਲਈ ਇੱਕ ਵਿਆਪਕ ਰੋਡਮੈਪ ਤਿਆਰ ਕਰਨਾ ਪਵੇਗਾ। ਬਾਬਾ ਬੇਦੀ ਨੇ ਕਿਹਾ ਕਿ ਆਨੰਦਪੁਰ ਸਾਹਿਬ ਦੇ ਮਤੇ ਦੀ ਭਾਵਨਾ ਅਨੁਸਾਰ ਪੰਥ ਦੇ ਵਿਦਵਾਨਾਂ, ਚਿੰਤਕਾਂ, ਕਿਸਾਨ ਜਥੇਬੰਦੀਆਂ, ਉਦਯੋਗਪਤੀਆਂ, ਸਿੱਖਿਆ ਸ਼ਾਸਤਰੀਆਂ, ਨੌਜਵਾਨਾਂ ਅਤੇ ਪਰਵਾਸੀ ਸਿੱਖਾਂ ਨਾਲ ਮਿਲ ਕੇ ਨਵੀਂ ਨੀਤੀ ਬਣੇ। ਉਨ੍ਹਾਂ ਕਿਹਾ ਕਿ ਧਾਰਮਿਕ ਆਜ਼ਾਦੀ, ਪੰਥਕ ਸੰਸਥਾਵਾਂ ਦੀ ਮਜ਼ਬੂਤੀ, ਪੰਜਾਬ ਦੀ ਖੁਦਮੁਖਤਿਆਰੀ, ਖੇਤੀਬਾੜੀ, ਰੋਜ਼ਗਾਰ, ਨਸ਼ਿਆਂ ਦਾ ਖਾਤਮਾ, ਅਤੇ ਪੰਜਾਬੀ ਭਾਸ਼ਾ ਦੀ ਸੰਭਾਲ 'ਤੇ ਸਪੱਸ਼ਟ ਕਾਰਜ-ਯੋਜਨਾ ਹੋਣੀ ਚਾਹੀਦੀ ਹੈ। ਬਾਬਾ ਬੇਦੀ ਨੇ ਚੇਤਾਵਨੀ ਦਿੱਤੀ ਕਿ ਜੇਕਰ ਮਕਸਦ ਕੇਵਲ ਸਰਕਾਰ ਬਣਾਉਣਾ ਜਾਂ ਚੋਣਾਂ ਜਿੱਤਣਾ ਰਹਿ ਗਿਆ, ਤਾਂ ਇਹ ਉਪਰਾਲਾ ਆਪਣੇ ਮੂਲ ਮਿਸ਼ਨ ਤੋਂ ਭਟਕ ਜਾਵੇਗਾ। ਸੱਤਾ ਇੱਕ ਸਾਧਨ ਹੈ, ਮੰਜ਼ਿਲ ਕੇਵਲ ਪੰਥ ਦੀ ਚੜ੍ਹਦੀ ਕਲਾ ਅਤੇ ਪੰਜਾਬ ਦੀ ਖੁਸ਼ਹਾਲੀ ਹੈ।



# ਇੰਗਲੈਂਡ 'ਚ ਬੱਸ ਯਾਤਰੀਆਂ ਨੂੰ ਵੱਡੀ ਰਾਹਤ, ਜਨਵਰੀ 2027 ਤੋਂ ਇਕ ਪਾਸੇ ਦਾ ਕਿਰਾਇਆ ਸਿਰਫ਼ £2

## ਮਹਿੰਗਾਈ ਤੋਂ ਰਾਹਤ ਦੇਣ ਲਈ ਬਰਨਹਮ ਸਰਕਾਰ ਦਾ ਵੱਡਾ ਫ਼ੈਸਲਾ, ਯੋਜਨਾ 'ਤੇ £500 ਮਿਲੀਅਨ ਤੋਂ ਵੱਧ ਹੋਵੇਗਾ ਖ਼ਰਚ




*ਲੈਸਟਰ-(ਸੁਖਜਿੰਦਰ ਸਿੰਘ ਢੱਡੇ)-: ਇੰਗਲੈਂਡ ਵਿੱਚ ਵਧ ਰਹੀ ਮਹਿੰਗਾਈ ਅਤੇ ਜੀਵਨ-ਯਾਪਨ ਦੀ ਲਾਗਤ ਤੋਂ ਪ੍ਰੇਸ਼ਾਨ ਲੋਕਾਂ ਨੂੰ ਵੱਡੀ ਰਾਹਤ ਦਿੰਦਿਆਂ ਪ੍ਰਧਾਨ ਮੰਤਰੀ ਐਂਡੀ ਬਰਨਹਮ ਦੀ ਸਰਕਾਰ ਨੇ ਜਨਵਰੀ 2027 ਤੋਂ ਲੰਡਨ ਤੋਂ ਬਾਹਰ ਬੱਸ ਦੇ ਇਕ ਪਾਸੇ ਦੇ ਕਿਰਾਏ ਨੂੰ ਵੱਧ ਤੋਂ ਵੱਧ £2 ਤੱਕ ਸੀਮਤ ਕਰਨ ਦਾ ਐਲਾਨ ਕੀਤਾ ਹੈ। ਸਰਕਾਰ ਦਾ ਕਹਿਣਾ ਹੈ ਕਿ ਇਹ ਯੋਜਨਾ ਪੂਰੇ ਸਾਲ 2027 ਦੌਰਾਨ ਲਾਗੂ ਰਹੇਗੀ ਅਤੇ ਇਸ ਨਾਲ ਲੱਖਾਂ ਯਾਤਰੀਆਂ ਨੂੰ ਸਿੱਧਾ ਆਰਥਿਕ ਲਾਭ ਮਿਲੇਗਾ।*

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਧਾਨ ਮੰਤਰੀ ਐਂਡੀ ਬਰਨਹਮ ਨੇ ਕਿਹਾ ਕਿ ਕਿਸੇ ਵੀ ਵਿਅਕਤੀ ਨੂੰ ਮਹਿੰਗੇ ਕਿਰਾਏ ਕਾਰਨ ਜਨਤਕ ਆਵਾਜਾਈ ਤੋਂ ਵਾਂਝਾ ਨਹੀਂ ਰਹਿਣਾ ਚਾਹੀਦਾ। ਉਨ੍ਹਾਂ ਕਿਹਾ ਕਿ ਸਰਕਾਰ ਦਾ ਮੁੱਖ ਉਦੇਸ਼ ਲੋਕਾਂ ਦੀ ਜੀਵਨ-ਯਾਪਨ ਦੀ ਲਾਗਤ ਘਟਾਉਣਾ ਹੈ ਅਤੇ ਇਹ ਯੋਜਨਾ ਉਸੇ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ। ਉਨ੍ਹਾਂ ਦੱਸਿਆ ਕਿ ਇਸ ਯੋਜਨਾ ਲਈ ਲੋੜੀਂਦਾ ਫੰਡ ਸਰਕਾਰੀ ਖ਼ਰਚਿਆਂ ਨੂੰ ਮੁੜ ਤਰਜੀਹ ਦੇ ਕੇ ਇਕੱਠਾ ਕੀਤਾ ਜਾਵੇਗਾ ਅਤੇ ਲੋਕਾਂ 'ਤੇ ਕੋਈ ਨਵਾਂ ਟੈਕਸ ਨਹੀਂ ਲਗਾਇਆ ਜਾਵੇਗਾ। ਸਰਕਾਰੀ ਅਨੁਮਾਨ ਅਨੁਸਾਰ ਇਸ ਯੋਜਨਾ 'ਤੇ £500 ਮਿਲੀਅਨ ਤੋਂ ਵੱਧ ਦੀ ਲਾਗਤ ਆਵੇਗੀ, ਜਿਸ ਵਿੱਚੋਂ £454 ਮਿਲੀਅਨ ਊਰਜਾ ਸੁਰੱਖਿਆ ਅਤੇ ਨੈੱਟ ਜ਼ੀਰੋ ਵਿਭਾਗ ਦੇ ਫੰਡਾਂ ਦੀ ਮੁੜ ਵੰਡ ਰਾਹੀਂ ਮੁਹੱਈਆ ਕਰਵਾਏ ਜਾਣਗੇ। ਚਾਂਸਲਰ ਜੌਨ ਹੀਲੀ ਨੇ ਕਿਹਾ ਕਿ ਇਸ ਫੈਸਲੇ ਨਾਲ ਲੱਖਾਂ ਲੋਕਾਂ ਦੇ ਬੱਸ ਕਿਰਾਏ ਵਿੱਚ ਕਰੀਬ ਇੱਕ ਤਿਹਾਈ ਤੱਕ ਕਮੀ ਆਵੇਗੀ ਅਤੇ ਇਸ ਦਾ ਸਾਰਾ ਖ਼ਰਚ ਸਰਕਾਰ ਵੱਲੋਂ ਹੋਰ ਮੱਦਾਂ ਵਿੱਚ ਬਚਤ ਕਰਕੇ ਪੂਰਾ ਕੀਤਾ ਜਾਵੇਗਾ। ਟਰਾਂਸਪੋਰਟ ਸਕੱਤਰ ਹਾਈਡੀ ਅਲੈਗਜ਼ੈਂਡਰ ਨੇ ਕਿਹਾ ਕਿ ਸਰਕਾਰ ਯੋਜਨਾ ਲਈ ਲੋੜੀਂਦੇ ਫੰਡਾਂ ਨੂੰ ਲੈ ਕੇ ਪੂਰੀ ਤਰ੍ਹਾਂ ਆਸ਼ਵਸਤ ਹੈ। ਉਨ੍ਹਾਂ ਕਿਹਾ ਕਿ ਭਾਵੇਂ ਇਹ ਕਦਮ ਆਵਾਜਾਈ ਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਨਹੀਂ, ਪਰ ਲੋਕਾਂ ਨੂੰ ਤੁਰੰਤ ਰਾਹਤ ਦੇਣ ਲਈ ਇਹ ਇੱਕ ਪ੍ਰਭਾਵਸ਼ਾਲੀ ਸ਼ੁਰੂਆਤ ਹੈ। ਇਸ ਐਲਾਨ ਦਾ ਆਮ ਲੋਕਾਂ ਵੱਲੋਂ ਵੀ ਸਵਾਗਤ ਕੀਤਾ ਗਿਆ ਹੈ। ਕਈ ਰੋਜ਼ਾਨਾ ਬੱਸ ਯਾਤਰੀਆਂ ਨੇ ਕਿਹਾ ਕਿ £2 ਕਿਰਾਇਆ ਸੀਮਾ ਨਾਲ ਉਨ੍ਹਾਂ ਦੇ ਮਹੀਨਾਵਾਰ ਖ਼ਰਚ ਵਿੱਚ ਕਾਫ਼ੀ ਕਮੀ ਆਵੇਗੀ। ਹਾਲਾਂਕਿ ਕੁਝ ਪੇਂਡੂ ਖੇਤਰਾਂ ਦੇ ਲੋਕਾਂ ਨੇ ਕਿਹਾ ਕਿ ਜਿੱਥੇ ਬੱਸ ਸੇਵਾਵਾਂ ਸੀਮਤ ਹਨ, ਉੱਥੇ ਸਿਰਫ਼ ਕਿਰਾਇਆ ਘਟਾਉਣ ਨਾਲ ਵੱਡਾ ਫ਼ਰਕ ਨਹੀਂ ਪਵੇਗਾ ਅਤੇ ਸਰਕਾਰ ਨੂੰ ਬੱਸ ਸੇਵਾਵਾਂ ਦਾ ਵਿਸਥਾਰ ਵੀ ਕਰਨਾ ਚਾਹੀਦਾ ਹੈ। ਗੌਰਤਲਬ ਹੈ ਕਿ ਇਹ £2 ਕਿਰਾਇਆ ਸੀਮਾ ਲੰਡਨ ਤੋਂ ਇਲਾਵਾ ਪੂਰੇ ਇੰਗਲੈਂਡ ਵਿੱਚ ਲਾਗੂ ਹੋਵੇਗੀ, ਜਦਕਿ ਲੰਡਨ ਵਿੱਚ ਪਹਿਲਾਂ ਹੀ ਟਰਾਂਸਪੋਰਟ ਫਾਰ ਲੰਡਨ ਅਧੀਨ ਬੱਸ ਦਾ ਇਕ ਪਾਸੇ ਦਾ ਕਿਰਾਇਆ £1.75 ਨਿਰਧਾਰਤ ਹੈ।

ਸਰਕਾਰ ਦਾ ਮੰਨਣਾ ਹੈ ਕਿ ਨਵੀਂ ਯੋਜਨਾ ਨਾਲ ਲੋਕਾਂ ਨੂੰ ਜਨਤਕ ਆਵਾਜਾਈ ਵੱਲ ਉਤਸ਼ਾਹ ਮਿਲੇਗਾ ਅਤੇ ਮਹਿੰਗਾਈ ਦੇ ਦੌਰ ਵਿੱਚ ਉਨ੍ਹਾਂ ਦੀ ਆਰਥਿਕ ਬਚਤ ਵੀ ਹੋਵੇਗੀ।

# ਬਲਵੰਤ ਸਿੰਘ ਰਾਜੋਆਣਾ ਨੇ ਜੇਲ੍ਹ ਵਿਚੋਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਲਿਖੀ ਚਿੱਠੀ

### ✪ ਕਿਹਾ ਕਿ ਭਾਜਪਾ ਦੇ ਸਿੱਖ ਆਗੂਆਂ ਨੂੰ ਤਲਬ ਕਰੋ



ਪਟਿਆਲਾ-ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਹੱਤਿਆ ਕਾਂਡ ਵਿੱਚ ਸਜ਼ਾਯਾਫ਼ਤਾ ਬਲਵੰਤ ਸਿੰਘ ਰਾਜੋਆਣਾ ਨੇ ਜੇਲ੍ਹ ਵਿੱਚੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੂੰ ਇੱਕ ਪੱਤਰ ਲਿਖਿਆ ਹੈ। 31 ਸਾਲਾਂ ਤੋਂ ਜੇਲ੍ਹ ਵਿੱਚ ਬੰਦ ਰਾਜੋਆਣਾ ਨੇ ਦੁੱਖ ਜ਼ਾਹਰ ਕੀਤਾ ਕਿ ਐੱਸ.ਜੀ.ਪੀ.ਸੀ. ਵੱਲੋਂ ਉਨ੍ਹਾਂ ਦੀ ਫਾਂਸੀ ਦੀ ਸਜ਼ਾ ਨੂੰ ਰਹਿਮ ਵਿੱਚ ਬਦਲਣ ਲਈ ਪਾਈ ਗਈ ਅਪੀਲ ’ਤੇ 15 ਸਾਲ ਬੀਤ ਜਾਣ ਦੇ ਬਾਵਜੂਦ ਕੇਂਦਰ ਸਰਕਾਰ ਵੱਲੋਂ ਕੋਈ ਫੈਸਲਾ ਨਹੀਂ ਲਿਆ ਗਿਆ। ਉਨ੍ਹਾਂ ਜਥੇਦਾਰ ਸਾਹਿਬ ਨੂੰ ਬੇਨਤੀ ਕੀਤੀ ਕਿ ਭਾਜਪਾ ਦੇ ਪ੍ਰਮੁੱਖ ਸਿੱਖ ਲੀਡਰਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਤਲਬ ਕਰਕੇ ਇਸ ਦੇਰੀ ਦਾ ਜਵਾਬ ਮੰਗਿਆ ਜਾਵੇ। ਰਾਜੋਆਣਾ ਨੇ ਮੰਗ ਕੀਤੀ ਕਿ ਜਾਂ ਤਾਂ ਉਨ੍ਹਾਂ ਨੂੰ ਰਾਜਨੀਤਿਕ ਸਾਜ਼ਿਸ਼ਾਂ ਤੋਂ ਮੁਕਤ ਕਰਵਾਇਆ ਜਾਵੇ ਜਾਂ ਫਿਰ ਐੱਸ.ਜੀ.ਪੀ.ਸੀ. ਨੂੰ ਆਪਣੀ ਰਹਿਮ ਦੀ ਅਪੀਲ ਤੁਰੰਤ ਵਾਪਸ ਲੈਣ ਦੇ ਹੁਕਮ ਦਿੱਤੇ ਜਾਣ।

# ਖਾਲੜਾ ਕਤਲ ਮਾਮਲੇ ਵਿੱਚ ਮੁਲਜ਼ਮਾਂ ਦੀ ਰਿਹਾਈ ’ਤੇ ਸਿਖ ਜਥੇਬੰਦੀਆਂ ਵੱਲੋਂ ਸਰਕਾਰ ਦੀ ਨਿਖੇਧੀ

ਅੰਮ੍ਰਿਤਸਰ-ਖਾਲੜਾ ਮਿਸ਼ਨ ਆਰਗੇਨਾਈਜ਼ੇਸ਼ਨ ਅਤੇ ਮਨੁੱਖੀ ਅਧਿਕਾਰ ਇਨਸਾਫ਼ ਸੰਘਰਸ਼ ਕਮੇਟੀ ਨੇ ਭਾਈ ਜਸਵੰਤ ਸਿੰਘ ਖਾਲੜਾ ਕਤਲ ਮਾਮਲੇ ਵਿੱਚ ਡੀ.ਐੱਸ.ਪੀ. ਸਮੇਤ ਤਿੰਨ ਮੁਲਜ਼ਮਾਂ ਦੀ ਰਿਹਾਈ ’ਤੇ ਪੰਜਾਬ ਸਰਕਾਰ ਖ਼ਿਲਾਫ਼ ਸਖ਼ਤ ਰੋਸ ਪ੍ਰਗਟਾਇਆ ਹੈ। ਜਥੇਬੰਦੀਆਂ ਦੇ ਆਗੂਆਂ ਐਡਵੋਕੇਟ ਜਗਦੀਪ ਸਿੰਘ ਰੰਧਾਵਾ, ਬਾਬਾ ਦਰਸ਼ਨ ਸਿੰਘ, ਵਿਰਸਾ ਸਿੰਘ ਅਤੇ ਹਰਮਨਦੀਪ ਸਿੰਘ ਸਰਹਾਲੀ ਨੇ ਸਾਂਝਾ ਬਿਆਨ ਜਾਰੀ ਕਰਦਿਆਂ ਕਿਹਾ ਕਿ ਨੇ ਦੋਸ਼ ਲਾਇਆ ਕਿ ਮੌਜੂਦਾ ਸਰਕਾਰ ਵੀ ਦੂਜੀਆਂ ਪਾਰਟੀਆਂ ਵਾਂਗ ਸਿੱਖਾਂ ਦੇ ਕਾਤਲਾਂ ਦਾ ਪੱਖ ਪੂਰ ਰਹੀ ਹੈ ਅਤੇ ਲੰਮੇ ਕਾਨੂੰਨੀ ਸੰਘਰਸ਼ ਤੋਂ ਬਾਅਦ ਮਿਲੀ ਸਜ਼ਾ ਨੂੰ ਨਜ਼ਰਅੰਦਾਜ਼ ਕਰਕੇ ਮੁਲਜ਼ਮਾਂ ਨੂੰ ਗੈਰ-ਕਾਨੂੰਨੀ ਢੰਗ ਨਾਲ ਮੁਆਫ਼ ਕੀਤਾ ਗਿਆ ਹੈ ਆਗੂਆਂ ਨੇ ਨੈਤਿਕ ਆਧਾਰ ’ਤੇ ਮੁੱਖ ਮੰਤਰੀ ਤੋਂ ਤੁਰੰਤ ਅਸਤੀਫ਼ੇ ਦੀ ਮੰਗ ਕੀਤੀ ਹੈ ਅਤੇ ਕਿਹਾ ਹੈ ਕਿ ਲੋਕ ਸਰਕਾਰਾਂ ਵੱਲੋਂ ਕੀਤੇ ਗਏ ਅਜਿਹੇ ਫੈਸਲਿਆਂ ਨੂੰ ਕਦੇ ਮੁਆਫ਼ ਨਹੀਂ ਕਰਨਗੇ।

ਇਸ ਕਾਰਵਾਈ ਨਾਲ ਸਰਕਾਰ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਉਸ ਨੂੰ ਸਿੱਖ ਪੰਥ ਦੀ ਕੋਈ ਪ੍ਰਵਾਹ ਨਹੀਂ। ਉਨ੍ਹਾਂ ਕਿਹਾ ਕਿ ਕਈ ਦਹਾਕਿਆਂ ਤੱਕ ਸੜਕਾਂ ਅਤੇ ਅਦਾਲਤਾਂ ਵਿੱਚ ਸੰਘਰਸ਼ ਕਰਨ ਤੋਂ ਬਾਅਦ ਭਾਈ ਖਾਲੜਾ ਦੇ ਕਾਤਲਾਂ ਨੂੰ ਸਜ਼ਾਵਾਂ ਮਿਲੀਆਂ ਸਨ, ਪਰ ਸਰਕਾਰ ਨੇ ਗੈਰ-ਕਾਨੂੰਨੀ ਢੰਗ ਨਾਲ ਕਾਤਲਾਂ ਨੂੰ ਮੁਆਫ਼ ਕਰ ਦਿੱਤਾ ਹੈ। ਆਗੂਆਂ ਨੇ ਮੰਗ ਕੀਤੀ ਕਿ ਮੁੱਖ ਮੰਤਰੀ ਨੈਤਿਕ ਆਧਾਰ ’ਤੇ ਤੁਰੰਤ ਅਸਤੀਫ਼ਾ ਦੇਣ ਅਤੇ ਲੋਕਾਂ ਸਾਹਮਣੇ ਸੱਚਾਈ ਰੱਖਣ।

### -ਮਾਮਲਾ ਬੇਅਦਬੀ ਵਿਰੋਧੀ ਕਾਨੂੰਨ ਦਾ-

# ਅਕਾਲ ਤਖ਼ਤ ਦੇ ਸੁਝਾਵਾਂ ਬਾਰੇ ਪੰਜਾਬ ਸਰਕਾਰ ਨੇ ਮੰਗੀ ਕਾਨੂੰਨੀ ਰਾਇ

ਚੰਡੀਗੜ੍ਹ-ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਹੈ ਕਿ ਬੇਅਦਬੀ ਵਿਰੋਧੀ ਕਾਨੂੰਨ (ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸੋਧ ਐਕਟ, 2026) ਵਿੱਚ ਅਕਾਲ ਤਖ਼ਤ ਸਾਹਿਬ ਦੇ ਸੁਝਾਵਾਂ ਅਨੁਸਾਰ ਸੋਧਾਂ ਕਰਨ ਲਈ ਐਡਵੋਕੇਟ ਜਨਰਲ ਤੋਂ ਕਾਨੂੰਨੀ ਰਾਇ ਮੰਗੀ ਗਈ ਹੈ। ਸ਼੍ਰੋਮਣੀ ਕਮੇਟੀ ਨਾਲ ਵੀ ਚਰਚਾ ਜਾਰੀ ਹੈ। ਅਕਾਲ ਤਖ਼ਤ ਸਾਹਿਬ ਦੇ ਇਤਰਾਜ਼: ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਾਨੂੰਨ ਦੀਆਂ ਕੁਝ ਇਤਰਾਜ਼ਯੋਗ ਧਾਰਾਵਾਂ (ਜਿਵੇਂ ਸਿੱਖ ਸ਼ਬਦਾਵਲੀ, 'ਕਸਟੋਡੀਅਨ' ਸ਼ਬਦ ਦੀ ਵਰਤੋਂ, ਅਤੇ 'ਸਰੂਪਾਂ' ਲਈ ਕੇਂਦਰੀ ਰਜਿਸਟਰ/ਯੂਨੀਕ ਆਈਡੀ) ਨੂੰ ਇੱਕ ਮਹੀਨੇ ਵਿੱਚ ਹਟਾਉਣ ਦੇ ਨਿਰਦੇਸ਼ ਦਿੱਤੇ ਸਨ। ਪੰਜਾਬ ਕੈਬਨਿਟ ਨੇ 3 ਤੋਂ 10 ਅਗਸਤ ਤੱਕ ਵਿਧਾਨ ਸਭਾ ਦਾ ਮਾਨਸੂਨ ਸੈਸ਼ਨ ਸੱਦਣ ਦੀ ਮਨਜ਼ੂਰੀ ਦਿੱਤੀ ਹੈ, ਜਿਸ ਵਿੱਚ ਇਹ ਸੋਧਾਂ ਲਿਆਂਦੀਆਂ ਜਾ ਸਕਦੀਆਂ ਹਨ।


# ਲੁਧਿਆਣਾ ਵਿਚ ਨਾਬਾਲਗ ਦਾ ਅਗਵਾ

### ✪ ਕੁੱਟਮਾਰ ਤੋਂ ਬਾਅਦ ਪਿਸ਼ਾਬ ਪਿਲਾ ਕੇ ਵਾਇਰਲ ਕੀਤੀ ਵੀਡੀਓ

ਲੁਧਿਆਣਾ-ਲੁਧਿਆਣਾ ਦੇ ਸ਼ਿੰਗਾਰ ਸਿਨੇਮਾ ਰੋਡ ਇਲਾਕੇ ਵਿੱਚ ਬਦਮਾਸ਼ਾਂ (ਜਿਨ੍ਹਾਂ ਵਿੱਚ ਔਰਤਾਂ ਵੀ ਸ਼ਾਮਲ ਸਨ) ਨੇ ਇੱਕ 15 ਸਾਲਾ ਨਾਬਾਲਗ ਲੜਕੇ (ਸ਼ਿਵਮ) ਨੂੰ ਅਗਵਾ ਕਰਕੇ ਉਸ ’ਤੇ ਤਸ਼ੱਦਦ ਢਾਹਿਆ। ਮੁਲਜ਼ਮਾਂ ਨੇ ਨਾਬਾਲਗ ਨੂੰ ਸੁੰਨਸਾਨ ਜਗ੍ਹਾ ’ਤੇ ਲਿਜਾ ਕੇ ਬੇਰਹਿਮੀ ਨਾਲ ਕੁੱਟਿਆ, ਜ਼ਬਰਦਸਤੀ ਪਿਸ਼ਾਬ ਪਿਲਾਇਆ ਅਤੇ ਥੁੱਕ ਚਟਵਾਇਆ। ਇਸ ਪੂਰੀ ਘਟਨਾ ਦੀ ਵੀਡੀਓ ਬਣਾ ਕੇ ਸੋਸ਼ਲ ਮੀਡੀਆ ’ਤੇ ਵਾਇਰਲ ਵੀ ਕਰ ਦਿੱਤੀ। ਪੁਲਿਸ ਅਨੁਸਾਰ ਇਹ ਘਟਨਾ ਪੁਰਾਣੀ ਰੰਜਿਸ਼ ਕਾਰਨ ਵਾਪਰੀ। ਪੀੜਤ ਦੇ ਵੱਡੇ ਭਰਾ ਦਾ ਮੁਲਜ਼ਮ ਧਿਰ ਦੀ ਇੱਕ ਲੜਕੀ ਨਾਲ ਰਿਸ਼ਤਾ ਟੁੱਟਣ ਤੋਂ ਬਾਅਦ ਵਿਵਾਦ ਚੱਲ ਰਿਹਾ ਸੀ, ਜਿਸ ਦਾ ਬਦਲਾ ਛੋਟੇ ਭਰਾ ਤੋਂ ਲਿਆ ਗਿਆ। ਪੀੜਤ ਦੇ ਪਿਤਾ ਦੀ ਸ਼ਿਕਾਇਤ ’ਤੇ ਥਾਣਾ ਡਵੀਜ਼ਨ ਨੰ. 3 ਦੀ ਪੁਲਿਸ ਨੇ ਸ਼ੇਰੂ, ਨੀਤੂ, ਨੇਹਾ ਸਮੇਤ ਨਾਮਜ਼ਦ ਅਤੇ ਅਣਪਛਾਤੇ ਮੁਲਜ਼ਮਾਂ ਖ਼ਿਲਾਫ਼ ਪਰਚਾ ਦਰਜ ਕਰ ਲਿਆ ਹੈ ਅਤੇ ਉਨ੍ਹਾਂ ਦੀ ਭਾਲ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

# ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਭਰਤੀ ਵਿਚ ਰਾਜਸਥਾਨ ਦੇ ਇੱਕੋ ਜ਼ਿਲ੍ਹੇ ਦੇ 14 ਨੌਜਵਾਨਾਂ ਦੀ ਚੋਣ ਹੋਈ

### ✪ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਪੰਜਾਬੀਆਂ ਨਾਲ ਵਿਤਕਰੇ ਉਪਰ ਚੁਕੇ ਸਵਾਲ



ਤਲਵੰਡੀ ਸਾਬੋ-ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ ਦੀ ਭਰਤੀ ਪ੍ਰਕਿਰਿਆ ਦੌਰਾਨ ਪੰਜਾਬੀ ਨੌਜਵਾਨਾਂ ਨੂੰ ਨਜ਼ਰਅੰਦਾਜ਼ ਕਰਕੇ ਰਾਜਸਥਾਨ ਦੇ ਸ੍ਰੀ ਗੰਗਾਨਗਰ ਜ਼ਿਲ੍ਹੇ ਦੇ ਇੱਕੋ ਵਾਰ 14 ਵਿਅਕਤੀਆਂ ਨੂੰ ਨੌਕਰੀ ਲਈ ਚੁਣੇ ਜਾਣ ’ਤੇ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਗੰਭੀਰ ਚਿੰਤਾ ਤੇ ਹੈਰਾਨੀ ਪ੍ਰਗਟਾਈ ਹੈ। ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਨੇ ਪੰਜਾਬ ਸਰਕਾਰ ਨੂੰ ਕਟਹਿਰੇ ਵਿੱਚ ਖੜ੍ਹਦਿਆਂ ਸਵਾਲ ਕੀਤਾ ਕਿ ਇਹ ਸਿਰਫ਼ ਇੱਕ ਇਤਫ਼ਾਕ ਹੈ ਜਾਂ ਭਰਤੀ ਵਿੱਚ ਕੋਈ ਵੱਡਾ ਘਪਲਾ ਹੋਇਆ ਹੈ ? ਉਨ੍ਹਾਂ ਮੰਗ ਕੀਤੀ ਕਿ ਸਰਕਾਰ ਸਪੱਸ਼ਟ ਕਰੇ ਕਿ ਪੰਜਾਬ ਦੇ ਆਪਣੇ ਨੌਜਵਾਨਾਂ ਨੂੰ ਰੁਜ਼ਗਾਰ ਤੋਂ ਵਾਂਝੇ ਰੱਖ ਕੇ ਬਾਹਰਲੇ ਸੂਬਿਆਂ ਦੇ ਲੋਕਾਂ ਨੂੰ ਨੌਕਰੀਆਂ ਕਿਉਂ ਦਿੱਤੀਆਂ ਜਾ ਰਹੀਆਂ ਹਨ।

# ਹਾਈਕਮਾਨ ਦੀ ਦੋ-ਟੁੱਕ ਤੋਂ ਬਾਅਦ ਪੰਜਾਬ ਕਾਂਗਰਸ ਵਿਚ ਛਾਇਆ ਸੰਨਾਟਾ

**ਨਿਊਜ਼ ਸਟੋਰੀ** ✪ ਰਾਜਾ ਵੜਿੰਗ ਦੀ ਪ੍ਰਧਾਨਗੀ ਬਰਕਰਾਰ, ਦਿੱਲੀ ਤੋਂ ਪਰਤੇ ਚੰਨੀ ਧੜੇ ਦੇ ਸੁਰ ਬਦਲੇ; ਕਿਹਾ-'ਰਾਹੁਲ ਹੀ ਸਾਡੇ ਸਰਵਉੱਚ ਆਗੂ' ✪ ਪੰਜਾਬ ਕਾਂਗਰਸ ਦੇ ਦੋਵਾਂ ਧੜਿਆਂ ਨੇ ਅਜੇ ਤੱਕ ਨਹੀਂ ਕੀਤੀ ਸਾਂਝੀ ਮੀਟਿੰਗ, ਵਰਕਰ ਭੰਬਲਭੂਸੇ ਵਿੱਚ



ਪੰਜਾਬ ਕਾਂਗਰਸ ਵਿੱਚ ਪਿਛਲੇ ਲੰਮੇ ਸਮੇਂ ਤੋਂ ਚੱਲ ਰਹੀ ਧੜੇਬੰਦੀ, ਆਪਸੀ ਖਿੱਚਤਾਣ ਅਤੇ ਬਗਾਵਤੀ ਸੁਰਾਂ ਨੂੰ ਠੱਲ੍ਹ ਪਾਉਣ ਲਈ ਪਾਰਟੀ ਹਾਈਕਮਾਨ ਨੇ ਅਖ਼ੀਰ ਸਖ਼ਤ ਰੁਖ਼ ਅਖ਼ਿਆਰ ਕਰ ਲਿਆ ਹੈ। ਦਿੱਲੀ ਵਿੱਚ ਜਨਰਲ ਸਕੱਤਰ ਕੇ.ਸੀ. ਵੇਣੂਗੋਪਾਲ ਅਤੇ ਸੀਨੀਅਰ ਆਗੂ ਰਣਦੀਪ ਸਿੰਘ ਸੁਰਜੇਵਾਲਾ ਨਾਲ ਹੋਈਆਂ ਲੰਮੀਆਂ ਮੀਟਿੰਗਾਂ ਤੋਂ ਬਾਅਦ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਅਤੇ ਰਾਣਾ ਗੁਰਜੀਤ ਸਿੰਘ ਵਰਗੇ ਨਾਰਾਜ਼ ਆਗੂਆਂ ਦੇ ਸੁਰ ਭਾਵੇਂ ਬਦਲ ਗਏ ਹਨ ਅਤੇ ਉਹ ਮੀਡੀਆ ਸਾਹਮਣੇ 'ਆਲ ਇਜ਼ ਵੈੱਲ' (ਸਭ ਠੀਕ ਹੈ) ਦਾ ਦਾਅਵਾ ਕਰ ਰਹੇ ਹਨ, ਪਰ ਪਾਰਟੀ ਦੇ ਅੰਦਰੂਨੀ ਹਾਲਾਤ ਅਜੇ ਵੀ ਪੂਰੀ ਤਰ੍ਹਾਂ ਸ਼ਾਂਤ ਨਹੀਂ ਹਨ। ਹਾਈਕਮਾਨ ਦੀ ਦੋ-ਟੁੱਕ ਚੇਤਾਵਨੀ ਤੋਂ ਬਾਅਦ ਪੰਜਾਬ ਕਾਂਗਰਸ ਦੇ ਦੋਵਾਂ ਧੜਿਆਂ ਵਿੱਚ ਛਾਈ ਚੁੱਪੀ ਕਿਸੇ ਵੱਡੇ ਤੂਫ਼ਾਨ ਤੋਂ ਪਹਿਲਾਂ ਦੀ ਸ਼ਾਂਤੀ ਵਰਗੀ ਪ੍ਰਤੀਤ ਹੁੰਦੀ ਹੈ, ਜੋ ਸੂਬੇ ਦੀ ਸਿਆਸਤ ਵਿੱਚ ਕਈ ਗੰਭੀਰ ਸਵਾਲ ਖੜ੍ਹੇ ਕਰਦੀ ਹੈ।

1 ਜੁਲਾਈ ਨੂੰ ਪੰਜਾਬ ਕਾਂਗਰਸ ਵਿੱਚ ਹੋਏ ਜਥੇਬੰਦਕ ਬਦਲਾਅ ਤੋਂ ਬਾਅਦ ਚੰਨੀ ਧੜੇ ਵੱਲੋਂ ਖੁੱਲ੍ਹੇਆਮ ਬਗਾਵਤ ਸ਼ੁਰੂ ਕਰ ਦਿੱਤੀ ਗਈ ਸੀ। ਇਸ ਧੜੇ ਦੀ ਮੁੱਖ ਮੰਗ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਅਹੁਦੇ ਤੋਂ ਹਟਾਉਣ ਦੀ ਸੀ। ਵਿਰੋਧੀ ਧੜੇ ਨੇ ਪੋਸਟਰ ਜੰਗ, ਬਿਆਨਬਾਜ਼ੀ ਅਤੇ ਵੱਖ-ਵੱਖ ਗੁਪਤ ਮੀਟਿੰਗਾਂ ਰਾਹੀਂ ਆਪਣਾ ਸ਼ਕਤੀ ਪ੍ਰਦਰਸ਼ਨ ਕੀਤਾ ਸੀ ਅਤੇ ਇੱਥੋਂ ਤੱਕ ਕਿ ਪਾਰਟੀ ਇੰਚਾਰਜ ਭੂਪੇਸ਼ ਬਘੇਲ ਨਾਲ ਮੁਲਾਕਾਤ ਕਰਨ ਤੋਂ ਵੀ ਟਾਲਾ ਵੱਟਿਆ ਸੀ।

ਇਸ ਗੰਭੀਰ ਸਥਿਤੀ ਨੂੰ ਦੇਖਦਿਆਂ ਹਾਈਕਮਾਨ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਜਥੇਬੰਦਕ ਫ਼ੈਸਲਿਆਂ ਵਿੱਚ ਕੋਈ ਬਦਲਾਅ ਨਹੀਂ ਹੋਵੇਗਾ ਅਤੇ ਅਮਰਿੰਦਰ ਸਿੰਘ ਰਾਜਾ ਵੜਿੰਗ ਹੀ ਸੂਬਾ ਪ੍ਰਧਾਨ ਬਣੇ ਰਹਿਣਗੇ। ਹਾਲਾਂਕਿ ਦਿੱਲੀ ਫੇਰੀ ਤੋਂ ਬਾਅਦ ਚੰਨੀ ਨੇ ਰਾਹੁਲ ਗਾਂਧੀ ਨੂੰ ਆਪਣਾ ਸਰਵਉੱਚ ਨੇਤਾ ਮੰਨਦਿਆਂ ਪਾਰਟੀ ਹਿੱਤ ਵਿੱਚ ਕੰਮ ਕਰਨ ਦਾ ਐਲਾਨ ਕੀਤਾ ਹੈ, ਪਰ ਦੋਵਾਂ ਧੜਿਆਂ ਵੱਲੋਂ ਅਜੇ ਤੱਕ ਕੋਈ ਸਾਂਝੀ ਮੀਟਿੰਗ ਜਾਂ ਇੱਕ ਮੰਚ 'ਤੇ ਇਕੱਠੇ ਹੋਣ ਦਾ ਕੋਈ ਪ੍ਰੋਗਰਾਮ ਸਾਹਮਣੇ ਨਹੀਂ ਆਇਆ। ਰਾਹੁਲ ਗਾਂਧੀ ਨੇ ਚੰਨੀ ਧੜੇ ਦੇ ਆਗੂਆਂ ਨੂੰ ਦਿੱਲੀ ਵਿੱਚ ਮੁਲਾਕਾਤ ਲਈ ਸਿੱਧਾ ਸਮਾਂ ਨਾ ਦਿਤਾ, ਜਿਸ ਕਾਰਣ ਚੰਨੀ ਧੜੇ ਨੂੰ ਨਮੋਸ਼ੀ ਸਹਿਣੀ ਪਈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਪੰਜਾਬ ਕਾਂਗਰਸ ਲੀਡਰਸ਼ਿਪ ਦੀ ਜਨਤਕ ਤੌਰ 'ਤੇ ਬਿਆਨਬਾਜ਼ੀ ਬੰਦ ਹੋਣਾ ਅਸਲ ਏਕਤਾ ਹੈ ਜਾਂ ਹਾਈਕਮਾਨ ਦੇ ਡਰੋਂ ਅਪਣਾਈ ਗਈ ਇੱਕ ਅਸਥਾਈ ਰਣਨੀਤੀ ਹੈ, ਇਹ ਆਉਣ ਵਾਲਾ ਸਮਾਂ ਹੀ ਦੱਸੇਗਾ। ਇਸ ਸੰਨਾਟੇ ਕਾਰਨ ਹੇਠਲੇ ਪੱਧਰ ਦੇ ਵਰਕਰ ਅਤੇ ਜ਼ਿਲ੍ਹਾ ਲੀਡਰਸ਼ਿਪ ਅਜੇ ਵੀ ਭੰਬਲਭੂਸੇ ਵਿੱਚ ਹਨ।

ਪੰਜਾਬ ਵਿੱਚ ਕਾਂਗਰਸ ਦੀ ਪਕੜ ਕਮਜ਼ੋਰ ਕਿਉਂ ਪਈ-ਪੰਜਾਬ, ਜੋ ਕਦੇ ਕਾਂਗਰਸ ਦਾ ਸਭ ਤੋਂ ਮਜ਼ਬੂਤ ਗੜ੍ਹ ਮੰਨਿਆ ਜਾਂਦਾ ਸੀ, ਉੱਥੇ ਪਾਰਟੀ ਦੀ ਪਕੜ ਲਗਾਤਾਰ ਘਿਰੀ ਹੋਈ ਹੈ। ਇਸ ਦੇ ਪਿੱਛੇ ਕਈ ਅਹਿਮ ਜਥੇਬੰਦਕ ਅਤੇ ਸਿਆਸੀ ਕਾਰਨ ਹਨ। ਕੈਪਟਨ ਅਮਰਿੰਦਰ ਸਿੰਘ ਦੇ ਪਾਰਟੀ ਛੱਡਣ ਤੋਂ ਬਾਅਦ ਵੀ ਪੰਜਾਬ ਕਾਂਗਰਸ ਵਿੱਚ ਲੀਡਰਸ਼ਿਪ ਦੀ ਲੜਾਈ ਖ਼ਤਮ ਨਹੀਂ ਹੋਈ। ਚਾਹੇ ਪਾਰਟੀ ਸੱਤਾ ਵਿੱਚ ਰਹੀ ਹੋਵੇ ਜਾਂ ਵਿਰੋਧੀ ਧਿਰ ਵਜੋਂ, ਇਸ ਦੇ ਸੀਨੀਅਰ ਆਗੂ ਹਮੇਸ਼ਾ ਇੱਕ-ਦੂਜੇ ਨੂੰ ਨੀਵਾਂ ਦਿਖਾਉਣ ਵਿੱਚ ਉਲਝੇ ਰਹੇ ਹਨ, ਜਿਸ ਨਾਲ ਜਥੇਬੰਦਕ ਢਾਂਚਾ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਦਾ ਚਿਹਰਾ ਬਣਾਉਣ ਨਾਲ ਪਾਰਟੀ ਦਾ ਰਵਾਇਤੀ ਜਾਟ ਸਿੱਖ ਵੋਟ ਬੈਂਕ ਖਿੰਡ ਗਿਆ ਸੀ, ਜਿਸ ਕਾਰਨ ਕਾਂਗਰਸ ਸਿਰਫ਼ 18 ਸੀਟਾਂ 'ਤੇ ਸਿਮਟ ਗਈ ਅਤੇ ਚੰਨੀ ਖ਼ੁਦ ਆਪਣੀਆਂ ਦੋਵੇਂ ਸੀਟਾਂ ਹਾਰ ਗਏ ਸਨ। ਇਸ ਤੋਂ ਬਾਅਦ ਪਾਰਟੀ ਜਾਟ ਅਤੇ ਦਲਿਤ ਸਮੀਕਰਨ ਨੂੰ ਮੁੜ ਸਹੀ ਤਰੀਕੇ ਨਾਲ ਜੋੜਨ ਵਿੱਚ ਅਸਫ਼ਲ ਰਹੀ ਹੈ। ਕਾਂਗਰਸ ਦੀ ਸਭ ਤੋਂ ਵੱਡੀ ਕਮਜ਼ੋਰੀ ਇਹ ਰਹੀ ਹੈ ਕਿ ਉਹ ਰਾਸ਼ਟਰਵਾਦ ਅਤੇ ਦੇਸ਼ ਦੀ ਸੁਰੱਖਿਆ ਵਰਗੇ ਸੰਵੇਦਨਸ਼ੀਲ ਮੁੱਦਿਆਂ 'ਤੇ ਭਾਜਪਾ ਨੂੰ ਠੋਸ ਨੀਤੀਆਂ ਨਾਲ ਘੇਰਨ ਦੀ ਬਜਾਏ ਦੁਚਿਤੀ ਵਿਚ ਰਹੀ ਹੈ। ਠੋਸ ਸਟੈਂਡ ਨਹੀਂ ਲੈ ਸਕੀ?।

ਦੋਆਬਾ ਅਤੇ ਜਲੰਧਰ ਵਰਗੇ ਖੇਤਰਾਂ ਵਿੱਚ, ਜਿੱਥੇ ਦਲਿਤ ਵੋਟ ਬੈਂਕ ਬਹੁਤ ਮਜ਼ਬੂਤ ਹੈ, ਉੱਥੇ ਪ੍ਰਧਾਨ ਮੰਤਰੀ ਮੋਦੀ ਅਤੇ ਭਾਜਪਾ ਦੀ ਤਿੱਖੀ ਨਜ਼ਰ ਹੈ। ਜੇਕਰ ਕਾਂਗਰਸ ਚੰਨੀ ਵਰਗੇ ਦਲਿਤ ਆਗੂ ਨੂੰ ਨਾਰਾਜ਼ ਕਰਦੀ ਹੈ, ਤਾਂ ਹਰਿਆਣਾ ਵਿੱਚ ਕੁਮਾਰੀ ਸ਼ੈਲਜਾ ਦੀ ਨਾਰਾਜ਼ਗੀ ਵਾਂਗ ਪੰਜਾਬ ਵਿੱਚ ਵੀ ਜਾਟ-ਦਲਿਤ ਦਾ ਸਮੀਕਰਨ ਵਿਗੜ ਸਕਦਾ ਹੈ।

ਕੀ ਰਾਜਾ ਵੜਿੰਗ ਕਰ ਸਕਣਗੇ ਸਫ਼ਲ ਅਗਵਾਈ?-ਹਾਈਕਮਾਨ ਵੱਲੋਂ ਰਾਜਾ ਵੜਿੰਗ ਦੇ ਹੱਕ ਵਿੱਚ ਦਿੱਤੇ ਸਪੱਸ਼ਟ ਫ਼ੈਸਲੇ ਨੇ ਉਨ੍ਹਾਂ ਨੂੰ ਪੰਜਾਬ ਕਾਂਗਰਸ ਦਾ ਬਿਨਾਂ ਮੁਕਾਬਲਾ ਆਗੂ ਤਾਂ ਬਣਾ ਦਿੱਤਾ ਹੈ, ਪਰ ਉਨ੍ਹਾਂ ਦਾ ਅਗਲਾ ਸਫ਼ਰ ਕੰਡਿਆਂ ਭਰਿਆ ਹੈ: ਰਾਜਾ ਵੜਿੰਗ ਦੇ ਸਾਹਮਣੇ ਸਭ ਤੋਂ ਵੱਡੀ ਪ੍ਰੀਖਿਆ ਆਪਣੇ ਤੋਂ ਸੀਨੀਅਰ ਅਤੇ ਤਜਰਬੇਕਾਰ ਆਗੂਆਂ ਜਿਵੇਂ ਕਿ ਚੰਨੀ, ਰੰਧਾਵਾ ਅਤੇ ਰਾਣਾ ਗੁਰਜੀਤ ਨੂੰ ਇੱਕਜੁੱਟ ਰੱਖਣ ਦੀ ਹੈ। ਜੇਕਰ ਉਹ ਇਨ੍ਹਾਂ ਆਗੂਆਂ ਨੂੰ ਨਾਲ ਲੈ ਕੇ ਚੱਲਣ ਵਿੱਚ ਅਸਫ਼ਲ ਰਹਿੰਦੇ ਹਨ, ਤਾਂ ਪਾਰਟੀ 2027 ਵਿੱਚ ਮੁੜ ਧੜੇਬੰਦੀ ਦਾ ਸ਼ਿਕਾਰ ਹੋ ਜਾਵੇਗੀ। ਇਸ ਤੋਂ ਇਲਾਵਾ, ਚੰਨੀ ਦੇ ਪ੍ਰਭਾਵ ਵਾਲੇ ਦਲਿਤ ਵੋਟ ਬੈਂਕ ਨੂੰ ਸੰਭਾਲਣਾ ਉਨ੍ਹਾਂ ਲਈ ਇੱਕ ਵੱਡੀ ਚੁਣੌਤੀ ਹੋਵੇਗਾ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਜਦੋਂ ਤੱਕ ਇਹ ਆਗੂ ਸਾਂਝੀਆਂ ਮੀਟਿੰਗਾਂ ਰਾਹੀਂ ਵਰਕਰਾਂ ਨੂੰ ਏਕਤਾ ਦਾ ਅਮਲੀ ਸੰਦੇਸ਼ ਨਹੀਂ ਦਿੰਦੇ, ਉਦੋਂ ਤੱਕ ਪੰਜਾਬ ਦੀ ਜਨਤਾ ਦਾ ਭਰੋਸਾ ਮੁੜ ਜਿੱਤਣਾ ਕਾਂਗਰਸ ਲਈ ਦਿਲੀ ਦੂਰ ਵਾਲੀ ਗਲ ਸਾਬਤ ਹੋਵੇਗੀ।

## ਰਾਹੁਲ ਗਾਂਧੀ ਪੰਜਾਬ ਕਾਂਗਰਸ ਦੇ ਮਾਮਲੇ ਵਿੱਚ ਸਿੱਧੀ ਦਖਲਅੰਦਾਜ਼ੀ ਕਿਉਂ ਨਹੀਂ ਕਰ ਰਹੇ?

ਪੰਜਾਬ ਕਾਂਗਰਸ ਵਿੱਚ ਪਿਛਲੇ ਕਈ ਦਿਨਾਂ ਤੋਂ ਚੱਲ ਰਹੇ ਜਥੇਬੰਦਕ ਕਲੇਸ਼ ਨੂੰ ਖਤਮ ਕਰਨ ਲਈ ਹਾਲਾਂਕਿ ਹਾਈਕਮਾਨ ਨੇ ਸਖ਼ਤ ਰੁਖ਼ ਅਖ਼ਤਿਆਰ ਕੀਤਾ ਹੈ, ਪਰ ਪਾਰਟੀ ਦੇ ਅੰਦਰੂਨੀ ਹਲਕਿਆਂ ਵਿੱਚ ਅਜੇ ਵੀ ਕਈ ਤਿੱਖੇ ਸਵਾਲ ਉੱਠ ਰਹੇ ਹਨ। ਸਭ ਤੋਂ ਵੱਡਾ ਸਵਾਲ ਇਹ ਹੈ ਕਿ ਪਾਰਟੀ ਦੇ ਸਰਵਉੱਚ ਆਗੂ ਰਾਹੁਲ ਗਾਂਧੀ ਖ਼ੁਦ ਇਸ ਮਾਮਲੇ ਵਿੱਚ ਸਿੱਧੀ ਦਖਲਅੰਦਾਜ਼ੀ ਕਿਉਂ ਨਹੀਂ ਕਰ ਰਹੇ ਅਤੇ ਨਾਰਾਜ਼ ਧੜੇ ਨੂੰ ਮੁਲਾਕਾਤ ਲਈ ਸਿੱਧਾ ਸਮਾਂ ਕਿਉਂ ਨਹੀਂ ਦਿੱਤਾ ਗਿਆ? ਇਸ ਦੇ ਨਾਲ ਹੀ, ਸੂਬੇ ਦੇ ਸਿਆਸੀ ਮਾਹਿਰਾਂ ਅਤੇ ਵਰਕਰਾਂ ਵਿੱਚ ਇਹ ਚਰਚਾ ਵੀ ਜ਼ੋਰਾਂ 'ਤੇ ਹੈ ਕਿ ਜਦੋਂ ਪਾਰਟੀ ਕੋਲ ਪਰਗਟ ਸਿੰਘ ਵਰਗਾ ਇੱਕ ਸੂਝ-ਬੂਝ, ਸਾਫ਼-ਸੁਥਰੇ ਅਕਸ ਅਤੇ ਪ੍ਰਸ਼ਾਸਨਿਕ ਤਜਰਬੇ ਵਾਲਾ ਆਗੂ ਮੌਜੂਦ ਸੀ, ਤਾਂ ਉਨ੍ਹਾਂ ਨੂੰ ਪੰਜਾਬ ਕਾਂਗਰਸ ਦੀ ਕਮਾਨ ਕਿਉਂ ਨਹੀਂ ਸੌਂਪੀ ਗਈ, ਜਦਕਿ ਮੌਜੂਦਾ ਪ੍ਰਧਾਨ ਰਾਜਾ ਵੜਿੰਗ ਜਨਤਾ ਨੂੰ ਉਸ ਪੱਧਰ 'ਤੇ ਪ੍ਰਭਾਵਿਤ ਕਰਨ ਵਿੱਚ ਨਾਕਾਮ ਰਹੇ ਹਨ ਜਿਸ ਦੀ ਪਾਰਟੀ ਨੂੰ ਮੌਜੂਦਾ ਦੌਰ ਵਿੱਚ ਲੋੜ ਹੈ।

ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਪੰਜਾਬ ਦੇ ਨਾਰਾਜ਼ ਆਗੂਆਂ, ਖ਼ਾਸ ਕਰਕੇ ਚਰਨਜੀਤ ਸਿੰਘ ਚੰਨੀ ਧੜੇ ਨੂੰ ਦਿੱਲੀ ਸੱਦ ਕੇ ਕੇ.ਸੀ. ਵੇਣੂਗੋਪਾਲ ਅਤੇ ਰਣਦੀਪ ਸਿੰਘ ਸੁਰਜੇਵਾਲਾ ਰਾਹੀਂ ਘੁਰਕੀ ਤਾਂ ਮਾਰੀ ਗਈ, ਪਰ ਰਾਹੁਲ ਗਾਂਧੀ ਨੇ ਖ਼ੁਦ ਇਸ ਪੂਰੇ ਘਟਨਾਕ੍ਰਮ ਤੋਂ ਇੱਕ ਸਿਆਸੀ ਦੂਰੀ ਬਣਾਈ ਰੱਖੀ। ਇਸ ਨੀਤੀ ਦੇ ਪਿੱਛੇ ਕਾਂਗਰਸ ਹਾਈਕਮਾਨ ਦੀ ਇੱਕ ਸਪੱਸ਼ਟ ਰਣਨੀਤੀ ਨਜ਼ਰ ਆਉਂਦੀ ਹੈ।


ਹਾਈਕਮਾਨ ਇਹ ਸੰਦੇਸ਼ ਦੇਣਾ ਚਾਹੁੰਦੀ ਹੈ ਕਿ ਸੂਬਾਈ ਇਕਾਈਆਂ ਦੇ ਅੰਦਰੂਨੀ ਝਗੜਿਆਂ ਦਾ ਨਿਪਟਾਰਾ ਪਾਰਟੀ ਦੇ ਜਨਰਲ ਸਕੱਤਰ ਅਤੇ ਸੂਬਾ ਇੰਚਾਰਜ ਦੇ ਪੱਧਰ 'ਤੇ ਹੀ ਹੋਣਾ ਚਾਹੀਦਾ ਹੈ। ਜੇਕਰ ਹਰ ਛੋਟੇ-ਵੱਡੇ ਵਿਵਾਦ ਵਿੱਚ ਰਾਹੁਲ ਗਾਂਧੀ ਖ਼ੁਦ ਦਖ਼ਲ ਦੇਣਗੇ, ਤਾਂ ਇਸ ਨਾਲ ਪਾਰਟੀ ਦੇ ਜਥੇਬੰਦਕ ਢਾਂਚੇ ਦੀ ਅਹਿਮੀਅਤ ਘਟਦੀ ਹੈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਰਾਹੁਲ ਗਾਂਧੀ ਨਾਰਾਜ਼ ਧੜੇ ਨੂੰ ਤੁਰੰਤ ਮੁਲਾਕਾਤ ਦਾ ਸਮਾਂ ਦੇ ਦਿੰਦੇ, ਤਾਂ ਇਸ ਨਾਲ ਪਾਰਟੀ ਵਿੱਚ ਇਹ ਗਲਤ ਸੰਦੇਸ਼ ਜਾਣਾ ਸੀ ਕਿ ਦਬਾਅ ਬਣਾ ਕੇ ਜਾਂ ਬਗਾਵਤੀ ਸੁਰ ਅਲਾਪ ਕੇ ਹਾਈਕਮਾਨ ਨੂੰ ਝੁਕਾਇਆ ਜਾ ਸਕਦਾ ਹੈ।

ਹਾਈਕਮਾਨ ਚਾਹੁੰਦੀ ਹੈ ਕਿ ਸੂਬੇ ਦੇ ਆਗੂ ਆਪਣੇ ਮਤਭੇਦ ਖ਼ੁਦ ਹੱਲ ਕਰਨ। ਰਾਹੁਲ ਗਾਂਧੀ ਵੱਲੋਂ ਸਮਾਂ ਨਾ ਦੇਣਾ ਚੰਨੀ ਧੜੇ ਲਈ ਇੱਕ ਅਸਿੱਧਾ ਸੰਦੇਸ਼ ਸੀ ਕਿ ਪਾਰਟੀ ਦੇ ਜਥੇਬੰਦਕ ਫ਼ੈਸਲਿਆਂ ਨੂੰ ਚੁਣੌਤੀ ਦੇਣਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਵਿਧਾਇਕ ਪਰਗਟ ਸਿੰਘ ਨੂੰ ਪੰਜਾਬ ਦੀ ਸਿਆਸਤ ਵਿੱਚ ਇੱਕ ਗੰਭੀਰ, ਪੜ੍ਹੇ-ਲਿਖੇ ਅਤੇ ਰਣਨੀਤਕ ਸੂਝ-ਬੂਝ ਵਾਲੇ ਆਗੂ ਵਜੋਂ ਦੇਖਿਆ ਜਾਂਦਾ ਹੈ। ਉਹ ਅਕਸਰ ਵਿਵਾਦਾਂ ਤੋਂ ਦੂਰ ਰਹਿੰਦੇ ਹਨ ਅਤੇ ਨੌਕਰਸ਼ਾਹੀ ਤੇ ਖੇਡ ਜਗਤ ਦੇ ਤਜਰਬੇ ਕਾਰਨ ਉਨ੍ਹਾਂ ਦਾ ਜਨਤਕ ਅਕਸ ਬਹੁਤ ਸਾਫ਼-ਸੁਥਰਾ ਹੈ। ਪਰ ਪਰਗਟ ਸਿੰਘ ਹਾਲੀਆ ਘਟਨਾਕ੍ਰਮ ਵਿੱਚ ਚਰਨਜੀਤ ਸਿੰਘ ਚੰਨੀ, ਸੁਖਜਿੰਦਰ ਸਿੰਘ ਰੰਧਾਵਾ ਅਤੇ ਰਾਣਾ ਗੁਰਜੀਤ ਸਿੰਘ ਵਾਲੇ ਨਾਰਾਜ਼ ਧੜੇ ਦੇ ਨਾਲ ਖੜ੍ਹੇ ਨਜ਼ਰ ਆਏ। ਜਦੋਂ ਇਹ ਪੂਰਾ ਧੜਾ ਹਾਈਕਮਾਨ ਦੇ ਫ਼ੈਸਲਿਆਂ ਖ਼ਿਲਾਫ਼ ਬਗਾਵਤ 'ਤੇ ਉਤਰ ਆਇਆ, ਤਾਂ ਹਾਈਕਮਾਨ ਲਈ ਇਸੇ ਧੜੇ ਦੇ ਕਿਸੇ ਆਗੂ ਨੂੰ ਕਮਾਨ ਸੌਂਪਣਾ ਜਥੇਬੰਦਕ ਤੌਰ 'ਤੇ ਨਾਮੁਮਕਿਨ ਹੋ ਗਿਆ।

ਕਾਂਗਰਸ ਹਾਈਕਮਾਨ ਦਾ ਮੰਨਣਾ ਹੈ ਕਿ ਮੌਜੂਦਾ ਸਮੇਂ ਪੰਜਾਬ ਵਿੱਚ ਸੱਤਾਧਾਰੀ ਧਿਰ ਅਤੇ ਹੋਰਨਾਂ ਵਿਰੋਧੀਆਂ ਨਾਲ ਮੱਥਾ ਲਾਉਣ ਲਈ ਇੱਕ ਬੇਹੱਦ ਹਮਲਾਵਰ ਅਤੇ ਸੜਕਾਂ 'ਤੇ ਉਤਰਨ ਵਾਲੇ ਚਿਹਰੇ ਦੀ ਲੋੜ ਹੈ। ਪਰਗਟ ਸਿੰਘ ਦੀ ਸਿਆਸਤ ਵਧੇਰੇ ਸੰਜੀਦਾ ਅਤੇ ਬੌਧਿਕ ਹੈ, ਜਦਕਿ ਹਾਈਕਮਾਨ ਨੂੰ ਇਸ ਵੇਲੇ ਇੱਕ ਤਿੱਖੀ ਅੰਦੋਲਨਕਾਰੀ ਸ਼ੈਲੀ ਵਾਲੇ ਆਗੂ ਦੀ ਤਲਾਸ਼ ਸੀ।

ਰਾਜਾ ਵੜਿੰਗ ਦੀ ਪ੍ਰਧਾਨਗੀ ਅਤੇ ਜਨਤਕ ਪ੍ਰਭਾਵ ਦਾ ਸਵਾਲ-ਇਹ ਗੱਲ ਸਿਆਸੀ ਹਲਕਿਆਂ ਵਿੱਚ ਬਹੁਤ ਸ਼ਰੇਆਮ ਚਰਚਾ ਦਾ ਵਿਸ਼ਾ ਹੈ ਕਿ ਰਾਜਾ ਵੜਿੰਗ ਦੀ ਅਗਵਾਈ ਹੇਠ ਕਾਂਗਰਸ ਆਮ ਜਨਤਾ ਨੂੰ ਉਸ ਤਰ੍ਹਾਂ ਪ੍ਰਭਾਵਿਤ ਜਾਂ ਲਾਮਬੰਦ ਨਹੀਂ ਕਰ ਸਕੀ, ਜਿਸ ਦੀ ਉਮੀਦ 2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਦੇਖਦਿਆਂ ਕੀਤੀ ਜਾ ਰਹੀ ਹੈ। ਇਸ ਦੇ ਬਾਵਜੂਦ ਹਾਈਕਮਾਨ ਵੱਲੋਂ ਉਨ੍ਹਾਂ ਨੂੰ ਬਰਕਰਾਰ ਰੱਖਣ ਦਾ ਕਾਰਨ ਇਹ ਹੈ ਕਿ ਪਾਰਟੀ ਇਸ ਨਾਜ਼ੁਕ ਮੋੜ 'ਤੇ ਮੁੜ ਕੋਈ ਵੱਡਾ ਜਥੇਬੰਦਕ ਫੇਰਬਦਲ ਕਰਕੇ ਸੂਬੇ ਵਿੱਚ ਅਰਾਜਕਤਾ ਦਾ ਮਾਹੌਲ ਨਹੀਂ ਬਣਾਉਣਾ ਚਾਹੁੰਦੀ। ਹਾਈਕਮਾਨ ਨੇ ਵੜਿੰਗ ਉੱਪਰ ਭਰੋਸਾ ਤਾਂ ਜਤਾਇਆ ਹੈ, ਪਰ ਨਾਲ ਹੀ ਉਨ੍ਹਾਂ ਦੇ ਸਿਰ 'ਤੇ ਸੀਨੀਅਰ ਆਗੂਆਂ ਨੂੰ ਨਾਲ ਲੈ ਕੇ ਚੱਲਣ ਦੀ ਵੱਡੀ ਜ਼ਿੰਮੇਵਾਰੀ ਵੀ ਪਾ ਦਿੱਤੀ ਹੈ।


ਰਜਿੰਦਰ ਸਿੰਘ ਪੁਰੇਵਾਲ

**ਸੰਪਾਦਕੀ**

**ਵਿਚਾਰ :–** ਹਰ ਚਮਕਦੀ ਚੀਜ਼ ਸੋਨਾ ਨਹੀਂ ਹੁੰਦੀ, ਜੋ ਵਿਅਕਤੀ ਅਜਿਹਾ ਸਮਝਦਾ ਹੈ ਉਹ ਅਕਸਰ ਹੀ ਧੋਖੇ ਦਾ ਸ਼ਿਕਾਰ ਹੁੰਦਾ ਹੈ।

# ਜੰਤਰ-ਮੰਤਰ ਤੋਂ ਸ਼ੁਰੂ ਹੋਇਆ ਅੰਦੋਲਨ ਹੁਣ ਪੂਰੇ ਭਾਰਤ ਦੀ ਆਵਾਜ਼ ਬਣਿਆ

ਜੰਤਰ-ਮੰਤਰ 'ਤੇ ਸੋਨਮ ਵਾਂਗਚੁਕ ਦੀ ਭੁੱਖ ਹੜਤਾਲ ਅਤੇ 'ਕੌਕਰੋਚ ਜਨਤਾ ਪਾਰਟੀ' ਦਾ ਪ੍ਰਦਰਸ਼ਨ ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਦੇ ਅਸਤੀਫ਼ੇ ਦੀ ਮੰਗ ਨਾਲ ਸ਼ੁਰੂ ਹੋਇਆ ਸੀ, ਜੋ ਕਿ ਸ਼ੁਰੂ ਵਿੱਚ ਸਿਰਫ਼ ਸੋਸ਼ਲ ਮੀਡੀਆ ਤੱਕ ਸੀਮਤ ਸੀ ਪਰ ਹੌਲੀ-ਹੌਲੀ ਇਹ ਦੇਸ਼ ਭਰ ਦੇ ਵਿਦਿਆਰਥੀਆਂ, ਨੌਜਵਾਨਾਂ ਅਤੇ ਮਾਪਿਆਂ ਦਾ ਇੱਕ ਵੱਡਾ ਅੰਦੋਲਨ ਬਣ ਗਿਆ। ਇਸ ਅੰਦੋਲਨ ਨੂੰ ਸੋਨਮ ਵਾਂਗਚੁਕ ਦੇ ਜੁੜਨ ਨਾਲ ਵੱਡੀ ਨੈਤਿਕ ਤਾਕਤ ਮਿਲੀ ਕਿਉਂਕਿ ਉਨ੍ਹਾਂ ਨੇ ਪ੍ਰੀਖਿਆਵਾਂ ਦੀਆਂ ਗੜਬੜੀਆਂ ਨੂੰ ਮੁੱਖ ਮੁੱਦਾ ਬਣਾਇਆ ਸੀ। ਇਸ ਕਰਕੇ ਅੱਜ ਦੇਸ਼ ਦੇ ਕੋਨੇ-ਕੋਨੇ ਤੋਂ ਲੱਖਾਂ ਲੋਕ ਡਿਜੀਟਲ ਪਲੇਟਫਾਰਮਾਂ ਰਾਹੀਂ ਇਸ ਦਾ ਸਮਰਥਨ ਕਰ ਰਹੇ ਹਨ। ਹਰ ਰਾਜ ਵਿੱਚ ਪ੍ਰੀਖਿਆਵਾਂ ਸਮੇਂ ਸਿਰ ਨਾ ਹੋਣਾ, ਪੇਪਰ ਲੀਕ ਹੋਣਾ, ਨਤੀਜਿਆਂ ਵਿੱਚ ਦੇਰੀ ਅਤੇ ਨਿਯੁਕਤੀਆਂ ਨਾ ਮਿਲਣ ਕਾਰਨ ਲੱਖਾਂ ਨੌਜਵਾਨਾਂ ਦੀ ਉਮਰ ਲੰਘ ਰਹੀ ਹੈ ਅਤੇ ਇਹ ਅੰਦੋਲਨ ਉਨ੍ਹਾਂ ਦੇ ਸਾਲਾਂ ਤੋਂ ਇਕੱਠੇ ਹੋਏ ਗੁੱਸੇ ਦਾ ਪ੍ਰਗਟਾਵਾ ਹੈ।

ਕੇਂਦਰ ਸਰਕਾਰ ਇਸ ਦੀ ਗੰਭੀਰਤਾ ਨੂੰ ਸਮਝਣ ਵਿੱਚ ਨਾਕਾਮ ਰਹੀ ਹੈ ਅਤੇ ਉਸ ਨੇ ਸੋਨਮ ਵਾਂਗਚੁਕ ਨੂੰ ਧਰਨੇ ਤੋਂ ਚੁੱਕਵਾ ਕੇ, ਅੰਦੋਲਨਕਾਰੀਆਂ ਉਪਰ ਲਾਠੀਚਾਰਜ ਤੇ ਹੰਝੂ ਗੈਸ ਦੇ ਗੋਲੇ ਸੁੱਟੇ ਅਤੇ ਨੌਜਵਾਨਾਂ 'ਤੇ ਮੁਕੱਦਮੇ ਦਰਜ ਕਰਕੇ ਲਗਾਤਾਰ ਗਲਤੀਆਂ ਕੀਤੀਆਂ ਹਨ। ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਨੇ ਵਿਰੋਧ ਪ੍ਰਦਰਸ਼ਨਾਂ 'ਤੇ ਚੁੱਪ ਤੋੜਦਿਆਂ ਹੁਣੇ ਜਿਹੇ ਕਿਹਾ ਹੈ ਕਿ ਵਿਦਿਆਰਥੀਆਂ ਨੂੰ ਰੋਹ ਦੀ ਨਹੀਂ, ਸਗੋਂ ਸੁਧਾਰ ਦੀ ਲੋੜ ਹੈ ਅਤੇ ਸਰਕਾਰ ਉਨ੍ਹਾਂ ਦੀਆਂ ਚਿੰਤਾਵਾਂ ਨੂੰ ਹੱਲ ਕਰਨ ਲਈ ਵਚਨਬੱਧ ਹੈ ਉਨ੍ਹਾਂ ਰਾਹੁਲ ਗਾਂਧੀ ਅਤੇ ਕਾਂਗਰਸ ਦੀ ਆਲੋਚਨਾ ਕਰਦਿਆਂ ਦੋਸ਼ ਲਾਇਆ ਸੀ ਕਿ ਉਹ ਸੰਸਦ ਦੇ ਮਾਨਸੂਨ ਇਜਲਾਸ 'ਚ ਵਿਘਨ ਪਾਉਣ ਅਤੇ ਸਿਆਸੀ ਸੁਰਖੀਆਂ ਬਟੋਰਨ ਲਈ ਵਿਦਿਆਰਥੀਆਂ ਨੂੰ ਮੋਹਰਿਆਂ ਵਜੋਂ ਵਰਤ ਰਹੇ ਹਨ।

ਪ੍ਰਧਾਨ ਮੰਤਰੀ ਦੀ ਰਿਹਾਇਸ਼ ਦੇ ਬਾਹਰ ਦਿੱਤੇ ਗਏ ਧਰਨੇ ਨੂੰ ਉਨ੍ਹਾਂ ਇੱਕ ਸਿਆਸੀ ਤਮਾਸ਼ਾ ਦੱਸਿਆ, ਜਿਸ ਨਾਲ ਆਮ ਲੋਕਾਂ ਨੂੰ ਪਰੇਸ਼ਾਨੀ ਹੋਈ ਅਤੇ ਸੁਰੱਖਿਆ ਪ੍ਰੋਟੋਕੋਲ ਦੀ ਉਲੰਘਣਾ ਹੋਈ। ਸਿੱਖਿਆ ਮੰਤਰੀ ਨੇ ਸਪੱਸ਼ਟ ਕੀਤਾ ਕਿ ਸਰਕਾਰ NEET ਨਾਲ ਜੁੜੇ ਮੁੱਦਿਆਂ ਅਤੇ ਵਿਦਿਆਰਥੀਆਂ ਦੇ ਸਵਾਲਾਂ 'ਤੇ ਪੂਰੀ ਜਵਾਬਦੇਹੀ ਨਾਲ ਚਰਚਾ ਕਰਨ ਲਈ 100% ਤਿਆਰ ਹੈ। ਇਸ ਤੋਂ ਸਪਸ਼ਟ ਹੈ ਕਿ ਮੋਦੀ ਸਰਕਾਰ ਮਸਲਾ ਨਿਪਟਾਉਣ ਲਈ ਸੁਹਿਰਦ ਨਹੀਂ। ਪ੍ਰਦਰਸ਼ਨਕਾਰੀਆਂ ਨੂੰ ਹਿੰਸਕ ਜਾਂ ਅਪਰਾਧੀ ਦੱਸ ਕੇ ਅੰਦੋਲਨ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਸਰਕਾਰ 'ਤੇ ਹੀ ਉਲਟੀ ਪਵੇਗੀ ਕਿਉਂਕਿ ਪ੍ਰੀਖਿਆਵਾਂ ਦੀਆਂ ਖਾਮੀਆਂ ਦਾ ਅਸਰ ਹਰ ਪਰਿਵਾਰ ਦੇ ਬੱਚੇ 'ਤੇ ਪੈ ਰਿਹਾ ਹੈ।

ਅਤੀਤ ਦੇ ਵੱਡੇ ਅੰਦੋਲਨਾਂ ਵਾਂਗ ਇਸ ਨੂੰ ਵੀ ਅਪਰਾਧਿਕ ਨਹੀਂ ਗਰਦਾਨਿਆ ਜਾ ਸਕਦਾ, ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸਮੱਸਿਆ ਦੀ ਗੰਭੀਰਤਾ ਨੂੰ ਸਮਝ ਕੇ ਨੌਜਵਾਨਾਂ ਦੀਆਂ ਭਾਵਨਾਵਾਂ ਦਾ ਸਤਿਕਾਰ ਕਰੇ ਅਤੇ ਇਸ ਨੂੰ ਸੰਵੇਦਨਸ਼ੀਲਤਾ ਨਾਲ ਹੱਲ ਕਰੇ, ਨਹੀਂ ਤਾਂ ਇੱਕ ਪੂਰੀ ਪੀੜ੍ਹੀ ਦੇ ਮਨ ਵਿੱਚ ਸਰਕਾਰ ਪ੍ਰਤੀ ਸਦਾ ਲਈ ਨਕਾਰਾਤਮਕਤਾ ਘਰ ਕਰ ਜਾਵੇਗੀ।

## ਮਨੁੱਖੀ ਅਧਿਕਾਰਾਂ ਤੇ ਇਨਸਾਫ਼ ਦਾ ਘਾਣ ਅਤੇ ਜਾਂਚ ਦੀ ਲੋੜ

ਮਨੁੱਖੀ ਅਧਿਕਾਰਾਂ ਦੇ ਪ੍ਰਮੁੱਖ ਅਲੰਬਰਦਾਰ ਭਾਈ ਜਸਵੰਤ ਸਿੰਘ ਖਾਲੜਾ ਦੇ ਕਾਤਲਾਂ ਦੀ ਸਮੇਂ ਤੋਂ ਪਹਿਲਾਂ ਰਿਹਾਈ ਨੇ ਪੰਜਾਬ ਵਿੱਚ ਨਿਆਂ ਪ੍ਰਣਾਲੀ, ਮਨੁੱਖੀ ਅਧਿਕਾਰਾਂ ਦੀ ਹਾਲਤ ਅਤੇ ਕਾਨੂੰਨ ਦੇ ਰਾਜ 'ਤੇ ਇੱਕ ਵਾਰ ਫਿਰ ਗੰਭੀਰ ਅਤੇ ਤਲਖ਼ ਸਵਾਲ ਖੜ੍ਹੇ ਕਰ ਦਿੱਤੇ ਹਨ। ਪੰਜਾਬ ਮਨੁੱਖੀ ਅਧਿਕਾਰ ਸੰਗਠਨ ਦੇ ਚੇਅਰਮੈਨ ਜਸਟਿਸ (ਸੇਵਾਮੁਕਤ) ਰਣਜੀਤ ਸਿੰਘ ਵੱਲੋਂ ਪ੍ਰਗਟਾਇਆ ਗਿਆ ਤਿੱਖਾ ਰੋਸ ਹਜ਼ਾਰਾਂ ਪੀੜਤ ਪਰਿਵਾਰਾਂ ਅਤੇ ਇਨਸਾਫ਼ ਪਸੰਦ ਲੋਕਾਂ ਦੀਆਂ ਦੱਬੀਆਂ ਹੋਏ ਦਰਦ ਦਾ ਪ੍ਰਗਟਾਵਾ ਹੈ, ਜੋ ਦਹਾਕਿਆਂ ਤੋਂ ਅਦਾਲਤਾਂ ਅਤੇ ਸਰਕਾਰਾਂ ਦਰਮਿਆਨ ਇਨਸਾਫ਼ ਦੀ ਆਸ ਵਿੱਚ ਭਟਕ ਰਹੇ ਹਨ।

ਜਸਵੰਤ ਸਿੰਘ ਖਾਲੜਾ ਨੇ ਪੰਜਾਬ ਦੇ ਅਸ਼ਾਂਤ ਦੌਰ ਦੌਰਾਨ ਹੋਈਆਂ ਗ਼ੈਰ-ਕਾਨੂੰਨੀ ਮੌਤਾਂ, ਲਾਵਾਰਸ ਲਾਸ਼ਾਂ ਦੇ ਸਸਕਾਰ ਅਤੇ ਮਨੁੱਖੀ ਅਧਿਕਾਰਾਂ ਦੇ ਹੋਏ ਘਾਣ ਦੇ ਸੱਚ ਨੂੰ ਦੁਨੀਆ ਸਾਹਮਣੇ ਲਿਆਉਣ ਲਈ ਆਪਣੀ ਜਾਨ ਤੱਕ ਕੁਰਬਾਨ ਕਰ ਦਿੱਤੀ ਸੀ। ਅਜਿਹੇ ਅਜ਼ੀਮ ਸ਼ਖ਼ਸ ਦੇ ਕਾਤਲਾਂ ਨੂੰ ਸਜ਼ਾ ਦਿਵਾਉਣ ਲਈ ਕਈ ਸਾਲ ਅਦਾਲਤੀ ਲੜਾਈ ਲੜਨੀ ਪਈ ਸੀ। ਪ੍ਰੰਤੂ, ਜਦੋਂ ਪ੍ਰਸ਼ਾਸਨਿਕ ਜਾਂ ਸਿਆਸੀ ਫੈਸਲਿਆਂ ਰਾਹੀਂ ਅਜਿਹੇ ਗੰਭੀਰ ਜੁਰਮਾਂ ਦੇ ਦੋਸ਼ੀਆਂ ਨੂੰ ਰਿਹਾਅ ਕਰ ਦਿੱਤਾ ਜਾਂਦਾ ਹੈ, ਤਾਂ ਇਹ ਨਾ ਕੇਵਲ ਪੀੜਤ ਪਰਿਵਾਰਾਂ ਦੇ ਜ਼ਖ਼ਮਾਂ 'ਤੇ ਲੂਣ ਛਿੜਕਣ ਵਾਂਗ ਹੈ, ਸਗੋਂ ਸਾਡੀ ਸਮੁੱਚੀ ਕਾਨੂੰਨੀ ਵਿਵਸਥਾ ਦੀ ਸਾਖ ਨੂੰ ਵੀ ਡੂੰਘੀ ਠੇਸ ਪਹੁੰਚਾਉਂਦਾ ਹੈ। ਇਸ ਨਾਲ ਇਹ ਸੁਨੇਹਾ ਜਾਂਦਾ ਹੈ ਕਿ ਸ਼ਕਤੀਸ਼ਾਲੀ ਦੋਸ਼ੀਆਂ ਲਈ ਕਾਨੂੰਨ ਦੇ ਹੱਥ ਉੱਨੇ ਲੰਮੇ ਨਹੀਂ ਹੁੰਦੇ ਜਿੰਨੇ ਦਾਅਵੇ ਕੀਤੇ ਜਾਂਦੇ ਹਨ। ਪੰਜਾਬ ਨੇ 1980 ਦੇ ਦਹਾਕੇ ਤੋਂ ਲੈ ਕੇ ਲੰਮਾ ਸਮਾਂ ਸਰਕਾਰੀ ਅਤੇ ਗੈਰ-ਸਰਕਾਰੀ ਹਿੰਸਾ ਦਾ ਸੰਤਾਪ ਭੋਗਿਆ ਹੈ। ਇਸ ਹਿੰਸਾ ਵਿੱਚ ਹਜ਼ਾਰਾਂ ਨਿਰਦੋਸ਼ ਲੋਕਾਂ ਨੇ ਆਪਣੀਆਂ ਜਾਨਾਂ ਗੁਆਈਆਂ, ਪਰ ਦੁੱਖ ਦੀ ਗੱਲ ਇਹ ਹੈ ਕਿ ਦਹਾਕੇ ਬੀਤ ਜਾਣ ਦੇ ਬਾਅਦ ਵੀ ਸਰਕਾਰੀ ਜਬਰ ਦੇ ਸ਼ਿਕਾਰ ਲੋਕਾਂ ਨੂੰ ਪੂਰਾ ਨਿਆਂ ਨਹੀਂ ਮਿਲਿਆ। ਸੱਚਾਈ ਨੂੰ ਦਬਾਉਣ ਦੀਆਂ ਲਗਾਤਾਰ ਹੋਈਆਂ ਕੋਸ਼ਿਸ਼ਾਂ ਨੇ ਪੰਜਾਬ ਦੇ ਸਮਾਜਿਕ ਤਾਣੇ-ਬਾਣੇ ਵਿੱਚ ਅਵਿਸ਼ਵਾਸ ਦੀ ਇੱਕ ਡੂੰਘੀ ਖਾਈ ਪੈਦਾ ਕਰ ਦਿੱਤੀ ਹੈ, ਜਿਸ ਨੂੰ ਪੂਰਨ ਲਈ ਸੱਚ ਦਾ ਸਾਹਮਣੇ ਆਉਣਾ ਬੇਹੱਦ ਜ਼ਰੂਰੀ ਹੈ। *ਬਾਕੀ ਹਿਸਾ ਸਫਾ 9 ਤੇ ਪੜ੍ਹੋ* →

**NEWS & VIEWS**

# DIASPORA SIKH EXPERIENCE OF DES PANJAB


Gurmukh Singh OBE

-Your work will be done (**ਤੁਹਾਡਾ ਕੰਮ ਹੋ ਜਾਇਗਾ ਜੀ!**) is a common phrase heard in Panjab and says much about the whole system of work ethic in public and private sectors.

-Over the decades, it has become clear that Sikh diaspora next generations will not return to Panjab. They have grown up and lived in the Western environment where there is rule of law and things get done if one follows the system, not as a favour but as a public ***service.***

Regrettably, Panjab, once the most advanced state in India, is falling behind on most fronts: economic, educational, environmental and social. Panjab and India have not progressed in the way we expected after Indian independence. Unlike a few decades ago, there is hardly any migratory Sikh traffic from abroad to Panjab.

Earlier generations migrated abroad but retained strong links with their roots in Panjab. Next generations have worked and lived in a very different world than their kith and kin in Panjab. Earlier diaspora generations referred to Punjab as *Des*. So it was *Des Punjab* for them expressing Panjabi origin and orientation. That link is much weaker now.

Many kept family connections and invested in Panjab until recent times. They have family properties and had dreams of settling down in Panjab after retirement. They were encouraged to invest in Panjab and many did.

It is not just the economic and environmental reasons which have discouraged diaspora Sikhs. It is the whole system, the behaviour of people, the way of life and the work attitude and general social environment. There is less talk these days of taking children to Panjab to learn about their culture and roots. It is easy to see why next generations are discouraged.

As an example from daily life, if you stand in a queue in a Western country, your turn to be served will come. There is no such certainty in Panjab that your turn will come because standing in an orderly queue is unknown. It is a system of queue jumping through sifarash or bribery. Local people accept that as a system because it works for them! It does not work for a visiting diaspora Sikh.

Some years ago, while visiting Darbar Sahib, I also thought of meeting Jathedar Akal Takht Sahib. I was told that he was available and, as directed by the reception office, I went to the outer office at Akal Takht Sahib. The place was a bit disorganised and I approached the Manager sitting behind a table surrounded by others. They seemed to be local prominent people from Panjab villages.

Feeling a bit out of place in my western dress, I stood in confusion for a few minutes when the manager looked up at me. It is possible that the outer office had informed him that I was from abroad and wanted to see Jathedar Sahib. After a short exchange, he told me to sit at a vacant table saying: **ਤੁਹਾਡਾ ਕੰਮ ਹੋ ਜਾਇਗਾ ਜੀ** ! (Your work will be done). That phrase is now hardwired into my memory.

Why is that assurance from village Patwari to the highest level public servant in every field, department and business institution, necessary? So that the phrase is heard even in the highest Sikh religious institutions.

It is not just state level rapid decline but also daily life wheeling and dealing, which discourages our next generations to retain links with what was our *Des Panjab.*

**Gurmukh Singh OBE**, Ret'd Principal Civil Servant (UK) sewauk2005@yahoo.co.uk

# ਬਹਿਬਲ ਗੋਲੀ ਕਾਂਡ ਦਾ ਮਾਮਲਾ : ਸੁਖਬੀਰ ਸਿੰਘ ਬਾਦਲ ਤੋਂ ਦੋ ਘੰਟੇ ਪੁੱਛ-ਪੜਤਾਲ

## ✪ ਸੁਖਬੀਰ ਨੇ 'ਆਪ' 'ਤੇ ਅਕਾਲ ਤਖ਼ਤ ਦੇ ਫਰਮਾਨ ਤੋਂ ਲੋਕਾਂ ਦਾ ਧਿਆਨ ਹਟਾਉਣ ਦੀ ਕੋਸ਼ਿਸ਼ ਦਾ ਲਾਇਆ ਦੋਸ਼

ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਬੀਤੇ ਦਿਨੀਂ ਬਹਿਬਲ ਕਲਾਂ ਗੋਲੀਕਾਂਡ ਮਾਮਲੇ ਵਿਚ ਚੰਡੀਗੜ੍ਹ ਦੇ ਸੈਕਟਰ 32 ਸਥਿਤ ਪੰਜਾਬ ਪੁਲੀਸ ਅਫਸਰ ਇੰਸਟੀਚਿਊਟ ਵਿਖੇ ਵਿਸ਼ੇਸ਼ ਜਾਂਚ ਟੀਮ (ਸਿਟ) ਅੱਗੇ ਪੇਸ਼ ਹੋਏ। ਵਿਸ਼ੇਸ਼ ਜਾਂਚ ਟੀਮ ਨੇ 11 ਸਾਲ ਪਹਿਲਾਂ 2015 ਵਿੱਚ ਵਾਪਰੇ ਬਹਿਬਲ ਕਲਾਂ ਗੋਲੀਕਾਂਡ ਬਾਰੇ ਸੁਖਬੀਰ ਸਿੰਘ ਬਾਦਲ ਤੋਂ ਦੋ ਘੰਟੇ ਦੇ ਕਰੀਬ ਪੁੱਛ-ਪੜਤਾਲ ਕੀਤੀ।



ਸਿਟ ਅੱਗੇ ਪੇਸ਼ ਹੋਣ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਉਹ ਚੌਥੀ ਵਾਰ ਵਿਸ਼ੇਸ਼ ਜਾਂਚ ਟੀਮ ਅੱਗੇ ਪੇਸ਼ ਹੋਏ ਹਨ ਅਤੇ ਸਾਰੇ ਸਵਾਲਾਂ ਦੇ ਜਵਾਬ ਦਿੱਤੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਜਦੋਂ-ਜਦੋਂ ਵਿਸ਼ੇਸ਼ ਜਾਂਚ ਟੀਮ ਸੱਦੇਗੀ, ਉਹ ਪੇਸ਼ ਹੋਣਗੇ। ਉਨ੍ਹਾਂ ਕਿਹਾ, "ਮੈਨੂੰ ਪੁੱਛੇ ਗਏ ਸਾਰੇ ਸਵਾਲ ਅਤੇ ਜਵਾਬ ਪਹਿਲਾਂ ਹੀ ਪਿਛਲੀਆਂ ਵਿਸ਼ੇਸ਼ ਜਾਂਚ ਟੀਮਾਂ ਵੱਲੋਂ ਕੈਮਰੇ 'ਚ ਰਿਕਾਰਡ ਹਨ ਅਤੇ ਦਸਤਾਵੇਜ਼ੀ ਤੌਰ 'ਤੇ ਉਪਲਬਧ ਹਨ। ਅੱਜ ਜੋ ਸਵਾਲ ਪੁੱਛੇ ਗਏ, ਉਹ ਸਾਰੇ ਸਿਆਸਤ ਤੋਂ ਪ੍ਰੇਰਿਤ ਸਨ ਤੇ ਦਿੱਲੀ ਦੀ 'ਆਪ' ਟੀਮ ਨੇ ਤਿਆਰ ਕੀਤੇ ਸਨ ਤਾਂ ਜੋ ਇਸ ਮੰਦਭਾਗੀ ਘਟਨਾ ਤੋਂ ਸਿਆਸੀ ਲਾਹਾ ਲਿਆ ਜਾ ਸਕੇ।"


ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਅਕਾਲ ਤਖ਼ਤ ਸਾਹਿਬ ਦੇ ਫਰਮਾਨ ਤੋਂ ਲੋਕਾਂ ਦਾ ਧਿਆਨ ਭਟਕਾਉਣ ਲਈ ਸਿਆਸੀ ਡਰਾਮਾ ਰਚਿਆ ਜਾ ਰਿਹਾ ਹੈ ਪਰ ਅਕਾਲੀ ਦਲ ਨਾ ਕਦੇ ਦੱਬੇਗਾ ਅਤੇ ਨਾ ਹੀ ਝੁਕੇਗਾ। ਬੇਅਦਬੀ ਦੀਆਂ ਘਟਨਾਵਾਂ 'ਚ ਸ਼ਾਮਲ ਵਿਅਕਤੀਆਂ ਨੂੰ ਸਜ਼ਾਵਾਂ ਮਿਲਣੀਆਂ ਚਾਹੀਦੀਆਂ ਹਨ। 'ਆਪ' ਨੇ ਸੂਬੇ 'ਚ ਬੇਅਦਬੀ ਦੀਆਂ ਘਟਨਾਵਾਂ ਰੋਕਣ ਵਾਸਤੇ ਕੁਝ ਨਹੀਂ ਕੀਤਾ। ਪਿਛਲੇ 10 ਸਾਲਾਂ 'ਚ ਬੇਅਦਬੀ ਦੀਆਂ 597 ਘਟਨਾਵਾਂ ਵਾਪਰ ਚੁੱਕੀਆਂ ਹਨ ਪਰ ਮੁੱਖ ਮੰਤਰੀ ਨੇ ਉਨ੍ਹਾਂ ਦੀ ਜਾਂਚ ਨਹੀਂ ਕਰਵਾਈ ਜਿਸ ਕਾਰਨ ਦੋਸ਼ੀ ਬਰੀ ਹੋ ਗਏ। ਉਨ੍ਹਾਂ ਦੋਸ਼ ਲਾਇਆ ਕਿ ਭਗਵੰਤ ਮਾਨ ਨੇ ਖੁਦ ਸੁਲਤਾਨਪੁਰ ਲੋਧੀ ਦੇ ਗੁਰਦੁਆਰੇ ਅੰਦਰ ਪੁਲੀਸ ਭੇਜ ਕੇ ਵੱਡੀ ਬੇਅਦਬੀ ਕੀਤੀ ਸੀ। ਇਸ ਮੌਕੇ ਸੀਨੀਅਰ ਅਕਾਲੀ ਆਗੂ ਬਲਵਿੰਦਰ ਸਿੰਘ ਭੂੰਦੜ, ਬਿਕਰਮ ਸਿੰਘ ਮਜੀਠੀਆ, ਜਨਮੇਜਾ ਸਿੰਘ ਸੇਖੋਂ, ਮਹੇਸ਼ਇੰਦਰ ਸਿੰਘ ਗਰੇਵਾਲ, ਸਿਕੰਦਰ ਸਿੰਘ ਮਲੂਕਾ, ਡਾ. ਦਲਜੀਤ ਸਿੰਘ ਚੀਮਾ, ਹੀਰਾ ਸਿੰਘ ਗਾਬੜੀਆ, ਪਰਮਜੀਤ ਸਿੰਘ ਸਰਨਾ, ਤੇ ਹੋਰ ਆਗੂ ਮੌਜੂਦ ਸਨ। ਇਸ ਮੌਕੇ ਵੱਡੀ ਗਿਣਤੀ 'ਚ ਪਾਰਟੀ ਵਰਕਰ ਵੀ ਮੌਜੂਦ ਸਨ ਜੋ ਭਾਰੀ ਮੀਂਹ ਦੇ ਬਾਵਜੂਦ ਦੋ ਤੋਂ ਤਿੰਨ ਘੰਟੇ ਉੱਥੇ ਹੀ ਡਟੇ ਰਹੇ।

# ਇਕਬਾਲ ਸਿੰਘ ਸੰਧੂ ਅਕਾਲੀ ਦਲ ਵਾਰਿਸ ਪੰਜਾਬ ਵਿਚ ਹੋਏ ਸ਼ਾਮਲ

ਅੰਮ੍ਰਿਤਸਰ-ਬੀਤੇ ਦਿਨ ਮਾਝੇ ਦੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਜਨਰਲ ਸਕੱਤਰ ਇਕਬਾਲ ਸਿੰਘ ਸੰਧੂ ਨੇ ਸ਼੍ਰੋਮਣੀ ਅਕਾਲੀ ਦਲ ਦੀ ਮੁੱਢਲੀ ਮੈਂਬਰਸ਼ਿਪ ਅਤੇ ਆਪਣੇ ਅਹੁਦਿਆਂ ਤੋਂ ਅਸਤੀਫਾ ਦੇ ਦਿੱਤਾ ਸੀ ਜੋ ਹੁਣ ਆਪਣੇ ਸੈਂਕੜੇ ਸਾਥੀਆਂ ਸਮੇਤ ਅਕਾਲੀ ਦਲ ਵਾਰਿਸ ਪੰਜਾਬ ਦੇ ਜਥੇਬੰਦੀ ਵਿੱਚ ਸ਼ਾਮਲ ਹੋਏ ਹਨ। ਇਕਬਾਲ ਸਿੰਘ ਸੰਧੂ ਨੂੰ ਪਾਰਟੀ ਵਿੱਚ ਸ਼ਾਮਿਲ ਕਰਨ ਸਮੇਂ ਭਾਈ ਤਰਸੇਮ ਸਿੰਘ ਮਨਪ੍ਰੀਤ ਸਿੰਘ ਇਆਲੀ ਆਦਿ ਆਗੂ ਮੌਜੂਦ ਸਨ।



# ਸ੍ਰੀ ਮੁਕਤਸਰ ਸਾਹਿਬ ਨੇੜਲੇ ਪਿੰਡ ਸੱਕਾਂਵਾਲੀ ਵਿਚ ਗੁਰਦੁਆਰੇ ਨੇੜੇ ਗੁਟਕੇ ਦੀ ਬੇਅਦਬੀ



ਸ੍ਰੀ ਮੁਕਤਸਰ ਸਾਹਿਬ-ਸ੍ਰੀ ਮੁਕਤਸਰ ਸਾਹਿਬ ਦੇ ਨੇੜਲੇ ਪਿੰਡ ਸੱਕਾਂਵਾਲੀ ਵਿਖੇ ਗੁਟਕਾ ਸਾਹਿਬ ਦੀ ਬੇਅਦਬੀ ਦਾ ਮਾਮਲਾ ਸਾਹਮਣੇ ਆਇਆ ਹੈ। ਪਿੰਡ ਦੇ ਮੁੱਖ ਗੁਰਦੁਆਰਾ ਸਾਹਿਬ ਦੇ ਨੇੜੇ ਗਲੀ ਵਿੱਚ ਗੁਟਕਾ ਸਾਹਿਬ ਦੇ ਅੰਗ (ਪੰਨੇ) ਪਾੜ ਕੇ ਸੁੱਟੇ ਹੋਏ ਮਿਲੇ, ਜਿਸ ਨਾਲ ਇਲਾਕੇ ਦੇ ਲੋਕਾਂ ਅਤੇ ਸਿੱਖ ਸੰਗਤ ਵਿੱਚ ਭਾਰੀ ਰੋਸ ਅਤੇ ਚਿੰਤਾ ਦੀ ਲਹਿਰ ਫੈਲ ਗਈ ਹੈ। ਸੰਗਤ ਵੱਲੋਂ ਪੂਰੀ ਮਰਿਆਦਾ ਅਤੇ ਸਤਿਕਾਰ ਨਾਲ ਗੁਟਕਾ ਸਾਹਿਬ ਦੇ ਖਿੱਲਰੇ ਅੰਗਾਂ ਨੂੰ ਇਕੱਤਰ ਕਰਕੇ ਸੰਭਾਲਿਆ ਗਿਆ। ਸ੍ਰੀ ਦਰਬਾਰ ਸਾਹਿਬ ਸ੍ਰੀ ਮੁਕਤਸਰ ਸਾਹਿਬ ਦੇ ਮੈਨੇਜਰ ਨਿਰਮਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਬਾਅਦ ਦੁਪਹਿਰ ਇਸ ਘਟਨਾ ਬਾਰੇ ਪਤਾ ਲੱਗਿਆ। ਉਹ ਤੁਰੰਤ ਟੀਮ ਸਮੇਤ ਪਿੰਡ ਸੱਕਾਂਵਾਲੀ ਪਹੁੰਚੇ। ਪੜਤਾਲ ਕਰਨ 'ਤੇ ਪਤਾ ਲੱਗਿਆ ਕਿ ਪਿੰਡ ਦੇ ਗੁਰਦੁਆਰਾ ਸਾਹਿਬ ਦੇ ਪਿਛਲੇ ਪਾਸੇ ਗੁਟਕਾ ਸਾਹਿਬ ਦੇ ਅੰਗ ਖਿੱਲਰੇ ਹੋਏ ਸਨ। ਉਨ੍ਹਾਂ ਨੇ ਸਾਰੇ ਪਾਵਨ ਅੰਗਾਂ ਨੂੰ ਪੂਰੀ ਮਰਿਆਦਾ ਅਤੇ ਸਤਿਕਾਰ ਨਾਲ ਸੰਭਾਲ ਕੇ ਆਪਣੇ ਨਾਲ ਸ੍ਰੀ ਦਰਬਾਰ ਸਾਹਿਬ ਵਿਖੇ ਲਿਆਂਦਾ ਗਿਆ ਹੈ। ਐਸਐਸਪੀ ਅਭੀਮੰਨਿਊ ਰਾਣਾ ਨੇ ਇਸ ਮਾਮਲੇ 'ਚ ਐਫਆਈਆਰ ਦਰਜ ਕਰਨ ਅਤੇ ਸਖਤ ਪੁਲੀਸ ਕਾਰਵਾਈ ਦੇ ਨਿਰਦੇਸ਼ ਦੇ ਦਿੱਤੇ ਹਨ।


# ਅੰਮ੍ਰਿਤਪਾਲ ਸਿੰਘ ਪੰਜਾਬ ਵਿਧਾਨ ਸਭਾ ਚੋਣਾਂ ਲੜਨਗੇ

## ✪ ਪਾਰਟੀ ਨੇ ਐਲਾਨਿਆ ਮੁਖ ਮੰਤਰੀ ਦਾ ਚਿਹਰਾ



ਚੰਡੀਗੜ੍ਹ-ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਆਉਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਲੜਨਗੇ। ਪਾਰਟੀ ਵੱਲੋਂ ਉਨ੍ਹਾਂ ਨੂੰ ਮੁੱਖ ਮੰਤਰੀ ਚਿਹਰਾ ਵੀ ਐਲਾਨ ਦਿੱਤਾ ਗਿਆ ਹੈ। ਉਹ ਵਿਧਾਨ ਸਭਾ ਚੋਣ ਕਿਸ ਹਲਕੇ ਤੋਂ ਲੜਨਗੇ, ਇਸ ਬਾਰੇ ਫ਼ੈਸਲਾ ਪਾਰਟੀ ਵੱਲੋਂ ਲਿਆ ਜਾਵੇਗਾ। ਇਸ ਗੱਲ ਦੀ ਪੁਸ਼ਟੀ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਨੇ ਇਕ ਪ੍ਰੈੱਸ ਕਾਨਫ਼ਰੰਸ ਦੌਰਾਨ ਕੀਤੀ ਹੈ। ਇਸ ਮੌਕੇ ਉਨ੍ਹਾਂ ਦੇ ਨਾਲ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਵੀ ਮੌਜੂਦ ਸਨ। ਇੱਥੇ ਦੱਸ ਦਈਏ ਕਿ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਇਸ ਵੇਲੇ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਹਨ।

# ਟੋਰਾਂਟੋ ਵਿਚ ਕਤਲ ਦੀ ਸਾਜ਼ਿਸ਼ ਤੇ ਜਬਰਨ ਵਸੂਲੀ ਦੇ ਦੋਸ਼ਾਂ ਹੇਠ 'ਸਫਲਦੀਪ ਸਿੰਘ' ਫੜਿਆ



ਟੋਰਾਂਟੋ-ਪੰਜਾਬੀ ਮੂਲ ਦੇ 22 ਸਾਲਾ ਨੌਜਵਾਨ ਸਫਲਦੀਪ ਸਿੰਘ ਨੂੰ ਕੈਨੇਡਾ ਪੁਲਸ ਨੇ 'ਫਾਰ ਬ੍ਰਦਰਜ਼' ਨਾਮਕ ਸਰਹੱਦ ਪਾਰ ਅਪਰਾਧਿਕ ਨੈੱਟਵਰਕ ਨਾਲ ਕਥਿਤ ਸਬੰਧਾਂ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤਾ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਨੈੱਟਵਰਕ ਭਾਰਤ-ਕੈਨੇਡਾ ਦੇ ਕਾਰੋਬਾਰਾਂ ਨੂੰ ਨਿਸ਼ਾਨਾ ਬਣਾ ਕੇ ਗੋਲੀਬਾਰੀ ਅਤੇ ਜਬਰਨ ਵਸੂਲੀ ਦੀਆਂ ਘਟਨਾਵਾਂ 'ਚ ਸ਼ਾਮਲ ਹੈ। ਐਡਮੰਟਨ ਪੁਲਸ ਸਰਵਿਸ ਨੇ ਐਲਾਨ ਕੀਤਾ ਕਿ ਕਤਲ ਦੀ ਸਾਜ਼ਿਸ਼ ਅਤੇ ਜਬਰਨ ਵਸੂਲੀ ਦੇ ਦੋਸ਼ਾਂ ਹੇਠ ਉਸ ਦੇ ਖ਼ਿਲਾਫ਼ ਪੂਰੇ ਕੈਨੇਡਾ ਵਿਚ ਵਾਰੰਟ ਜਾਰੀ ਕੀਤੇ ਗਏ ਸਨ। ਪੁਲਸ ਦਾ ਦੋਸ਼ ਹੈ ਕਿ ਸਿੰਘ ਦੇ ਸਬੰਧ 'ਫਾਰ ਬ੍ਰਦਰਜ਼' ਗਿਰੋਹ ਨਾਲ ਹਨ, ਜਿਸ ਨੂੰ ਉਹ 'ਇਕ ਸੰਗਠਿਤ ਅਪਰਾਧਿਕ ਨੈੱਟਵਰਕ' ਦੇ ਰੂਪ ਵਿਚ ਵਰਣਨ ਕਰਦੇ ਹਨ, ਜੋ ਗ੍ਰੇਟਰ ਟੋਰਾਂਟੋ ਖੇਤਰ ਅਤੇ ਸੰਯੁਕਤ ਰਾਜ ਅਮਰੀਕਾ ਵਿਚ ਇੰਡੋ-ਕੈਨੇਡੀਅਨ ਕਾਰੋਬਾਰੀ ਮਾਲਕਾਂ ਅਤੇ ਭਾਈਚਾਰੇ ਦੇ ਮੈਂਬਰਾਂ ਨੂੰ ਨਿਸ਼ਾਨਾ ਬਣਾ ਕੇ ਗੋਲੀਬਾਰੀ ਤੇ ਜਬਰਨ ਵਸੂਲੀ ਨਾਲ ਜੁੜਿਆ ਹੋਇਆ ਹੈ।

# ਸੰਪਾਦਕੀ–8 ਸਫ਼ੇ ਦੀ ਬਾਕੀ

ਇਸ ਮੌਜੂਦਾ ਸਥਿਤੀ ਵਿੱਚ ਜਸਟਿਸ ਰਣਜੀਤ ਸਿੰਘ ਦੀ ਇਹ ਮੰਗ ਬੇਹੱਦ ਵਾਜਬ ਅਤੇ ਸਮੇਂ ਦੀ ਮੁੱਖ ਲੋੜ ਪ੍ਰਤੀਤ ਹੁੰਦੀ ਹੈ ਕਿ 1980 ਤੋਂ ਲੈ ਕੇ ਹੁਣ ਤੱਕ ਹੋਈ ਸਮੁੱਚੀ ਹਿੰਸਾ ਦੀ ਜਾਂਚ ਲਈ ਸੁਪਰੀਮ ਕੋਰਟ ਦੇ ਇੱਕ ਸੇਵਾਮੁਕਤ ਜੱਜ ਦੀ ਅਗਵਾਈ ਹੇਠ ਇੱਕ ਸੁਤੰਤਰ ਅਤੇ ਨਿਰਪੱਖ ਜਾਂਚ ਕਮਿਸ਼ਨ ਦਾ ਗਠਨ ਕੀਤਾ ਜਾਵੇ। ਇਸ ਕਮਿਸ਼ਨ ਦੀ ਜ਼ਿੰਮੇਵਾਰੀ ਹੋਣੀ ਚਾਹੀਦੀ ਹੈ ਕਿ ਉਹ ਹਿੰਸਾ ਵਿੱਚ ਮਾਰੇ ਗਏ ਸਾਰੇ ਨਿਰਦੋਸ਼ ਲੋਕਾਂ ਦੇ ਪ੍ਰਮਾਣਿਕ ਅਤੇ ਸਹੀ ਅੰਕੜੇ ਤਿਆਰ ਕਰਕੇ ਜਨਤਕ ਕਰੇ। ਪੀੜਤ ਪਰਿਵਾਰਾਂ ਨੂੰ ਇਹ ਜਾਣਨ ਦਾ ਪੂਰਾ ਅਧਿਕਾਰ ਹੈ ਕਿ ਉਨ੍ਹਾਂ ਦੇ ਸਾਕ-ਸੰਬੰਧੀਆਂ ਨਾਲ ਕੀ ਵਾਪਰਿਆ ਸੀ। ਜਦੋਂ ਤੱਕ ਇਤਿਹਾਸ ਦੇ ਇਸ ਕਾਲੇ ਅਧਿਆਏ ਦਾ ਪੂਰਾ ਸੱਚ ਸਾਹਮਣੇ ਨਹੀਂ ਆਉਂਦਾ ਅਤੇ ਹਰ ਪੀੜਤ ਨੂੰ ਬਿਨਾਂ ਕਿਸੇ ਵਿਤਕਰੇ ਦੇ ਇਨਸਾਫ਼ ਨਹੀਂ ਮਿਲਦਾ, ਉਦੋਂ ਤੱਕ ਪੰਜਾਬ ਦੇ ਜ਼ਖ਼ਮਾਂ ਦਾ ਅੱਲ੍ਹਾ ਰਹਿਣਾ ਸੁਭਾਵਿਕ ਹੈ।

-ਰਜਿੰਦਰ ਸਿੰਘ ਪੁਰੇਵਾਲ

# ਕੋਰੋਨਾ ਕਾਲ ਦੌਰਾਨ ਕਾਰੋਬਾਰੀ ਲੋਨ 'ਚ ਧੋਖਾਧੜੀ ਕਰਨ ਦੇ ਮਾਮਲੇ 'ਚ ਭਾਰਤੀ ਮੂਲ ਦੀ ਮਹਿਲਾ ਨੂੰ ਯੂ.ਕੇ. ਵਿੱਚ 2 ਸਾਲ ਦੀ ਸਜ਼ਾ

*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ.ਕੇ. (ਯੂਨਾਈਟਿਡ ਕਿੰਗਡਮ) ਦੀ ਇੱਕ ਅਦਾਲਤ ਨੇ ਕੋਰੋਨਾ ਮਹਾਂਮਾਰੀ ਦੌਰਾਨ ਸਰਕਾਰ ਵੱਲੋਂ ਦਿੱਤੇ ਜਾ ਰਹੇ 'ਬਾਊਂਸ ਬੈਕ ਲੋਨ' ਵਿੱਚ ਲੱਖਾਂ ਪੌਂਡ ਦਾ ਘੁਟਾਲਾ ਕਰਨ ਦੇ ਦੋਸ਼ ਹੇਠ ਭਾਰਤੀ ਮੂਲ ਦੀ ਇੱਕ ਮਹਿਲਾ ਨੂੰ ਮਰਥਿਰ ਟਿਡਫਿਲ ਕਰਾਊਨ ਕੋਰਟ ਨੇ ਦੋ ਸਾਲ ਅਤੇ ਤਿੰਨ ਮਹੀਨੇ ਦੀ ਕੈਦ ਦੀ ਸਜ਼ਾ ਸੁਣਾਈ ਹੈ।*

ਦੋਸ਼ੀ ਮਹਿਲਾ ਦੀ ਪਛਾਣ 50 ਸਾਲਾ ਰੂਪਾਲੀ ਵਾਘ ਵਜੋਂ ਹੋਈ ਹੈ, ਜੋ ਕਾਰਡਿਫ਼ ਦੀ ਰਹਿਣ ਵਾਲੀ ਹੈ। ਉਸਨੇ ਇਨਸੋਲਵੈਂਸੀ ਸਰਵਿਸ ਦੀ ਜਾਂਚ ਤੋਂ ਬਾਅਦ ਧੋਖਾਧੜੀ ਦੇ ਪੰਜ ਮਾਮਲਿਆਂ ਵਿੱਚ ਆਪਣਾ ਗੁਨਾਹ ਕਬੂਲ ਕਰ ਲਿਆ ਸੀ। ਜਾਂਚ ਮੁਤਾਬਕ, ਰੂਪਾਲੀ ਵਾਘ ਨੇ ਮਈ ਅਤੇ ਸਤੰਬਰ 2020 ਦੇ ਵਿਚਕਾਰ ਸਰਕਾਰ ਦੀ ਉਸ ਵਿੱਤੀ ਸਕੀਮ ਦਾ ਨਜਾਇਜ਼ ਫਾਇਦਾ ਉਠਾਇਆ ਜੋ ਲੌਕਡਾਊਨ ਦੌਰਾਨ ਡੁੱਬ ਰਹੇ ਛੋਟੇ ਕਾਰੋਬਾਰਾਂ ਨੂੰ ਬਚਾਉਣ ਲਈ ਸ਼ੁਰੂ ਕੀਤੀ ਗਈ ਸੀ। ਉਸਨੇ ਆਪਣੀਆਂ ਚਾਰ ਵੱਖ-ਵੱਖ ਕੰਪਨੀਆਂ ਦੇ ਨਾਂ 'ਤੇ ਕੁੱਲ 216,250 ਪੌਂਡ ਦਾ ਫਰਜ਼ੀ ਕਰਜ਼ਾ ਲਿਆ।

ਕਰਜ਼ਾ ਲੈਣ ਲਈ ਕੰਪਨੀਆਂ ਦੀ ਕਮਾਈ ਨੂੰ ਕਾਗਜ਼ਾਂ ਵਿੱਚ ਵਧਾ-ਚੜ੍ਹਾ ਕੇ ਦਿਖਾਇਆ ਤਾਂ ਜੋ ਵੱਧ ਤੋਂ ਵੱਧ ਲੋਨ ਮਿਲ ਸਕੇ। ਨਿਯਮਾਂ ਮੁਤਾਬਕ ਇੱਕ ਕੰਪਨੀ ਨੂੰ ਸਿਰਫ਼ ਇੱਕ ਹੀ ਲੋਨ ਮਿਲ ਸਕਦਾ ਸੀ, ਪਰ ਉਸਨੇ ਨਿਯਮਾਂ ਦੀ ਉਲੰਘਣਾ ਕਰਦੇ ਹੋਏ ਇੱਕੋ ਕੰਪਨੀ 'ਤੇ ਦੋ ਵੱਖ-ਵੱਖ ਲੋਨ ਲਏ। ਉਨ੍ਹਾਂ ਕੰਪਨੀਆਂ ਦੇ ਨਾਂ 'ਤੇ ਵੀ ਮੋਟੀਆਂ ਰਕਮਾਂ ਲਈਆਂ ਜੋ ਜਾਂ ਤਾਂ ਬਿਲਕੁਲ ਬੰਦ ਸਨ ਜਾਂ ਮਹਾਂਮਾਰੀ ਤੋਂ ਕੁਝ ਸਮਾਂ ਪਹਿਲਾਂ ਹੀ ਸ਼ੁਰੂ ਕੀਤੀਆਂ ਗਈਆਂ ਸਨ।

ਘੁਟਾਲੇ ਵਿੱਚ ਵਰਤੀਆਂ ਗਈਆਂ ਚਾਰ ਕੰਪਨੀਆਂ ਵਿੱਚ ਵਨ ਟੂ ਫੋਰ ਅਕਾਊਂਟਿੰਗ ਲਿਮਟਿਡ, ਟੈਲੇਂਸੇਤੂ ਯੂ.ਕੇ. ਲਿਮਟਿਡ, ਵ੍ਹਾਈਟ ਕੋਕੋਨਟ ਲਿਮਟਿਡ, ਇੰਡੀਅਨ ਕੈਂਟੀਨ ਲਿਮਟਿਡ ਸ਼ਾਮਿਲ ਸਨ।

ਰੂਪਾਲੀ ਨੇ ਇਸ ਸਰਕਾਰੀ ਪੈਸੇ ਦੀ ਵਰਤੋਂ ਆਪਣੇ ਨਿੱਜੀ ਫਾਇਦਿਆਂ ਲਈ ਕੀਤੀ। ਜਾਂਚ ਵਿੱਚ ਸਾਹਮਣੇ ਆਇਆ ਕਿ ਉਸਨੇ ਆਪਣੇ ਨਿੱਜੀ ਕ੍ਰੈਡਿਟ ਕਾਰਡ ਅਤੇ ਪੁਰਾਣੇ ਕਰਜ਼ੇ ਉਤਾਰੇ, ਸ਼ੇਅਰ ਮਾਰਕੀਟ (ਸਟਾਕ ਮਾਰਕੀਟ) ਵਿੱਚ ਨਿੱਜੀ ਨਿਵੇਸ਼ ਕੀਤਾ ਅਤੇ 25,000 ਪੌਂਡ ਤੋਂ ਵੱਧ ਦੀ ਰਕਮ ਸਿੱਧੀ ਭਾਰਤ ਵਿੱਚ ਇੱਕ ਬੈਂਕ ਖਾਤੇ ਵਿੱਚ ਟ੍ਰਾਂਸਫਰ ਕੀਤੀ।

ਜਦੋਂ ਜਾਂਚ ਏਜੰਸੀ ਨੇ ਰੂਪਾਲੀ ਤੋਂ ਪੁੱਛਗਿੱਛ ਕੀਤੀ, ਤਾਂ ਪਹਿਲਾਂ ਉਸਨੇ ਝੂਠ ਬੋਲਿਆ ਕਿ ਕਿਸੇ ਹੋਰ ਵਿਅਕਤੀ ਨੇ ਉਸਦੇ ਕੰਪਿਊਟਰ ਦੀ ਗਲਤ ਵਰਤੋਂ ਕਰਕੇ ਇਹ ਲੋਨ ਲਏ ਹਨ। ਪਰ ਬਾਅਦ ਵਿੱਚ ਉਸਨੇ ਆਪਣੀ ਗਲਤੀ ਮੰਨ ਲਈ ਅਤੇ ਕਿਹਾ ਕਿ ਉਸਨੂੰ ਲੱਗਦਾ ਸੀ ਕਿ ਨਿੱਜੀ ਕਰਜ਼ੇ ਉਤਾਰਨ ਨਾਲ ਉਸਦੇ ਕਾਰੋਬਾਰ ਨੂੰ ਹੀ ਫਾਇਦਾ ਹੋਵੇਗਾ। ਹੁਣ ਯੂ.ਕੇ. ਦੇ ਅਧਿਕਾਰੀ ਪ੍ਰੋਸੀਡਜ਼ ਆਫ ਕ੍ਰਾਈਮ ਐਕਟ 2002 ਦੇ ਤਹਿਤ ਕਾਰਵਾਈ ਕਰ ਰਹੇ ਹਨ ਤਾਂ ਜੋ ਰੂਪਾਲੀ ਵੱਲੋਂ ਲੁੱਟੀ ਗਈ ਜਨਤਾ ਦੇ ਟੈਕਸ ਦੀ ਪੂਰੀ ਰਕਮ ਵਾਪਸ ਵਸੂਲ ਕੀਤੀ ਜਾ ਸਕੇ।

## ਹੈਨਰੀ ਨੋਵਾਕ ਦੇ ਕਾਤਲ ਦੀ ਮਾਂ ਨੂੰ ਅਪਰਾਧ ਵਾਲੀ ਥਾਂ ਤੋਂ ਚਾਕੂ ਹਟਾਉਣ ਦੇ ਦੋਸ਼ ਵਿੱਚ ਤਿੰਨ ਸਾਲ ਜੇਲ੍ਹ


ਕਿਰਨ ਕੌਰ

*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸਾਊਥਹੈਂਪਟਨ ਕਰਾਊਨ ਕੋਰਟ ਨੇ 18 ਸਾਲਾ ਵਿਦਿਆਰਥੀ ਹੈਨਰੀ ਨੋਵਾਕ ਦੇ ਕਾਤਲ ਵਿਕਰਮ ਦਿਗਵਾ ਦੀ ਮਾਂ ਕਿਰਨ ਕੌਰ (53 ਸਾਲ) ਨੂੰ 3 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਹੈ। ਕਿਰਨ ਕੌਰ ਨੂੰ ਆਪਣੇ ਪੁੱਤਰ ਦੁਆਰਾ ਕੀਤੇ ਗਏ ਕਤਲ ਤੋਂ ਬਾਅਦ ਅਪਰਾਧ ਵਾਲੀ ਥਾਂ ਤੋਂ ਕਤਲ ਵਿੱਚ ਵਰਤਿਆ ਗਿਆ ਚਾਕੂ ਹਟਾ ਕੇ ਅਪਰਾਧੀ ਦੀ ਮਦਦ ਕਰਨ ਦਾ ਦੋਸ਼ੀ ਪਾਇਆ ਗਿਆ ਸੀ।*

ਜ਼ਿਕਰਯੋਗ ਹੈ ਕਿ ਦਸੰਬਰ 2025 ਵਿੱਚ ਵਿਕਰਮ ਦਿਗਵਾ ਨੇ ਸਾਊਥਹੈਂਪਟਨ ਯੂਨੀਵਰਸਿਟੀ ਦੇ ਵਿਦਿਆਰਥੀ ਹੈਨਰੀ ਨੋਵਾਕ ਦਾ ਚਾਕੂ ਮਾਰ ਕੇ ਕਤਲ ਕਰ ਦਿੱਤਾ ਸੀ। ਕਤਲ ਤੋਂ ਤੁਰੰਤ ਬਾਅਦ ਉਸ ਦੀ ਮਾਂ ਕਿਰਨ ਕੌਰ ਨੇ ਜਾਂਚ ਵਿੱਚ ਰੁਕਾਵਟ ਪਾਉਣ ਅਤੇ ਸਬੂਤ ਛੁਪਾਉਣ ਦੇ ਇਰਾਦੇ ਨਾਲ ਉਹ ਚਾਕੂ ਮੌਕੇ ਤੋਂ ਚੁੱਕ ਕੇ ਛੁਪਾ ਦਿੱਤਾ ਸੀ। ਸਜ਼ਾ ਸੁਣਾਉਂਦੇ ਹੋਏ ਜੱਜ ਵਿਲੀਅਮ ਮੌਸਲੇ ਕੇਸੀ ਨੇ ਕਿਹਾ ਕਿ ਇੱਕ ਜ਼ਿੰਮੇਵਾਰ ਮਾਤਾ-ਪਿਤਾ ਹੋਣ ਦੇ ਨਾਤੇ ਤੁਹਾਨੂੰ ਆਪਣੇ ਪੁੱਤਰ ਨੂੰ ਸਹੀ ਰਸਤਾ ਦਿਖਾਉਣਾਚਾਹੀਦਾ ਸੀ। ਇਸ ਦੀ ਬਜਾਏ ਤੁਸੀਂ ਉਹ ਚਾਕੂ ਲਿਆ ਕੇ ਉਸ ਦੇ ਕਮਰੇ ਵਿੱਚ ਮੌਜੂਦ ਹੋਰ ਹਥਿਆਰਾਂ ਨਾਲ ਲੁਕਾ ਦਿੱਤਾ ਤਾਂ ਜੋ ਅਪਰਾਧ ਨੂੰ ਛੁਪਾਇਆ ਜਾ ਸਕੇ। ਇਸ ਸਾਲ ਜੂਨ ਵਿੱਚ ਅਦਾਲਤ ਨੇ ਮੁੱਖ ਦੋਸ਼ੀ ਵਿਕਰਮ ਦਿਗਵਾ (23 ਸਾਲ) ਨੂੰ ਕਤਲ ਦੇ ਜੁਰਮ ਵਿੱਚ ਉਮਰਕੈਦ ਦੀ ਸਜ਼ਾ ਸੁਣਾਈ ਸੀ, ਜਿਸ ਤਹਿਤ ਉਸ ਨੂੰ ਘੱਟੋ-ਘੱਟ 21 ਸਾਲ ਜੇਲ੍ਹ ਵਿੱਚ ਕੱਟਣੇ ਪੈਣਗੇ।

## ਕਿਰਨਦੀਪ ਕੌਰ ਨੂੰ ਸਥਾਨਿਕ ਭਾਈਚਾਰੇ ਵੱਲੋਂ ਸ਼ਰਧਾਂਜਲੀ ਅਤੇ ਰੋਸ ਮਾਰਚ ਕੀਤਾ



ਕਿਰਨਦੀਪ ਕੌਰ ਨੂੰ ਸ਼ਰਧਾਂਜਲੀ ਭੇਂਟ ਕਰਨ ਮੌਕੇ ਇਕੱਤਰ ਭਾਈਚਾਰੇ ਦੇ ਲੋਕ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪੰਜਾਬ ਤੋਂ ਆਈ ਵਿਦਿਆਰਥਣ ਕਿਰਨਦੀਪ ਕੌਰ ਦਾ ਬੀਤੇ ਦਿਨੀ ਬੇਰਹਿਮੀ ਨਾਲ ਕਤਲ ਕਰ ਦਿੱਤਾ ਸੀ, ਜਿਸ ਦੀ ਯਾਦ ਵਿੱਚ ਅੱਜ ਹੇਜ਼ ਵਿੱਚ ਭਾਈਚਾਰੇ ਨੇ ਇਕੱਠੇ ਹੋ ਕੇ ਸਰਧਾਂਜਲੀ ਭੇਟ ਕੀਤੀ ਅਤੇ ਰੋਸ ਮਾਰਚ ਕੀਤਾ ਗਿਆ। ਇਸ ਮੌਕੇ ਬੋਲਦਿਆਂ ਬੁਲਾਰਿਆਂ ਨੇ ਕਿਹਾ ਕਿ ਇਹ ਸੱਚਮੁੱਚ ਬਹੁਤ ਹੀ ਦੁਖਦਾਈ ਅਤੇ ਦਿਲ ਕੰਬਾਊ ਖ਼ਬਰ ਹੈ। ਪੰਜਾਬ ਤੋਂ ਆਈ ਇੱਕ ਨੌਜਵਾਨ ਵਿਦਿਆਰਥਣ, ਕਿਰਨਦੀਪ ਕੌਰ, ਜਿਸਦੇ ਸਾਹਮਣੇ ਅਜੇ ਪੂਰੀ ਜ਼ਿੰਦਗੀ ਪਈ ਸੀ, ਦਾ ਇਸ ਤਰ੍ਹਾਂ ਬੇਰਹਿਮੀ ਨਾਲ ਖ਼ਤਮ ਹੋ ਜਾਣਾ ਪੂਰੇ ਭਾਈਚਾਰੇ ਲਈ ਇੱਕ ਬਹੁਤ ਵੱਡਾ ਸਦਮਾ ਹੈ। ਸਥਾਨਕ ਭਾਈਚਾਰੇ ਵੱਲੋਂ ਇਕੱਠੇ ਹੋ ਕੇ ਉਸ ਨੂੰ ਦਿੱਤੀ ਗਈ ਸ਼ਰਧਾਂਜਲੀ ਇਹ ਦਰਸਾਉਂਦੀ ਹੈ ਕਿ ਇਸ ਦੁੱਖ ਦੀ ਘੜੀ ਵਿੱਚ ਪੂਰਾ ਸਮਾਜ ਪੀੜਤ ਪਰਿਵਾਰ ਦੇ ਨਾਲ ਖੜ੍ਹਾ ਹੈ ਅਤੇ ਇਸ ਅਣਮਨੁੱਖੀ ਘਟਨਾ ਵਿਰੁੱਧ ਇੱਕਜੁੱਟ ਹੈ। ਬੁਲਾਰਿਆਂ ਨੇ ਇਨਸਾਫ਼ ਦੀ ਮੰਗ ਕਰਦਿਆਂ ਦੋਸ਼ੀ ਨੂੰ ਸਜ਼ਾ ਦੇਣ ਦੀ ਮੰਗ ਕੀਤੀ ਅਤੇ ਅਜਿਹੀਆਂ ਘਟਨਾਵਾਂ ਰੋਕਣ ਲਈ ਲੋੜੀਂਦੇ ਕਦਮ ਚੁੱਕੇ ਜਾਣ ਦੀ ਅਪੀਲ ਕੀਤੀ। ਇਸ ਮੌਕੇ ਐਮ ਪੀ ਜੌਹਨ ਮੈਕਡਾਨਲ, ਕੌਂਸਲਰ ਰਾਜੂ ਸੰਸਾਰਪੁਰੀ, ਕੌਂਸਲਰ ਕਮਲਪ੍ਰੀਤ ਕੌਰ, ਇੰਡੀਅਨ ਵਰਕਰਜ਼ ਐਸੋਸੀਏਸ਼ਨ ਦੇ ਹਰਸੇਵ ਬੈਂਸ, ਦੀਦਾਰ ਸਿੰਘ ਰੰਧਾਵਾ, ਲਖਵਿੰਦਰ ਸਿੰਘ ਗਿੱਲ, ਗੁਰਮਿੰਦਰ ਕੌਰ ਰੰਧਾਵਾ, ਗੁਰਜੋਤ ਕੌਰ, ਸੁਖਵਿੰਦਰ ਸਿੰਘ ਸੁੱਖੀ ਆਦਿ ਹਾਜ਼ਰ ਸਨ।

## ਸੁੱਤੀ ਪਈ ਕਿਰਨਦੀਪ ਕੌਰ ਦੀ ਹੱਤਿਆ ਕੀਤੀ ਗਈ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਦੀ ਓਲਡ ਬੈਲੀ ਅਦਾਲਤ ਵਿੱਚ ਕਿਰਨਦੀਪ ਕੌਰ ਦੀ ਹੱਤਿਆ ਦੇ ਮਾਮਲੇ ਵਿੱਚ ਦੋਸ਼ੀ ਡੇਨੀਅਲ ਸੀਨ ਜੇਮਸ ਨੂੰ ਪੇਸ਼ ਕੀਤਾ ਗਿਆ। ਅਦਾਲਤ ਨੂੰ ਦੱਸਿਆ ਗਿਆ ਹੈ ਕਿ ਪੱਛਮੀ ਲੰਡਨ ਦੇ ਹੇਜ਼ ਇਲਾਕੇ ਵਿੱਚ ਦੋਸ਼ੀ ਨੇ ਘਰ ਵਿੱਚ ਵੜ ਕੇ 24 ਸਾਲਾ ਨੌਜਵਾਨ ਮਾਂ, ਕਿਰਨਦੀਪ ਕੌਰ, ਦਾ ਉਸ ਵੇਲੇ ਬੇਰਹਿਮੀ ਨਾਲ ਚਾਕੂ ਮਾਰ ਕੇ ਕਤਲ ਕਰ ਦਿੱਤਾ ਜਦੋਂ ਉਹ ਬੈੱਡ 'ਤੇ ਆਪਣੇ ਪਤੀ ਅਤੇ ਤਿੰਨ ਮਹੀਨੇ ਦੇ ਬੱਚੇ ਨਾਲ ਸੁੱਤੀ ਹੋਈ ਸੀ। ਇਹ ਘਟਨਾ 12 ਜੁਲਾਈ ਦੀ ਸਵੇਰ ਨੂੰ ਵਾਪਰੀ, ਦੋਸ਼ੀ ਡੇਨੀਅਲ ਸੀਨ ਜੇਮਸ ਕਾਲੇ ਕੱਪੜੇ ਪਾ ਕੇ ਅਤੇ ਹੱਥ ਵਿੱਚ ਵੱਡਾ ਚਾਕੂ ਲੈ ਕੇ ਘੁੰਮ ਰਿਹਾ ਸੀ। ਉਸ ਨੇ ਪਹਿਲਾਂ ਰਸਤੇ ਵਿੱਚ ਇੱਕ ਨੌਜਵਾਨ ਦੇ ਪਿੱਠ ਵਿੱਚ ਚਾਕੂ ਮਾਰਿਆ ਅਤੇ ਫਿਰ ਸਵੇਰੇ ਕਰੀਬ 7:51 ਵਜੇ ਕਿਰਨਦੀਪ ਕੌਰ ਦੇ ਘਰ ਦਾ ਦਰਵਾਜ਼ਾ ਤੋੜ ਕੇ ਅੰਦਰ ਦਾਖਲ ਹੋ ਗਿਆ। ਸਰਕਾਰੀ ਵਕੀਲ ਸ਼ਾਰਲੀਨ ਸਮਨਾਲ ਨੇ ਅਦਾਲਤ ਨੂੰ ਦੱਸਿਆ ਕਿ ਕਿਰਨਦੀਪ ਦੀ ਚੀਖ ਸੁਣ ਕੇ ਉਸ ਦੇ ਪਤੀ ਦੀ ਅੱਖ ਖੁੱਲ੍ਹੀ, ਜਿਸ ਨੇ ਕਿਸੇ ਅਣਪਛਾਤੇ ਵਿਅਕਤੀ ਨੂੰ ਕਮਰੇ 'ਚੋਂ ਬਾਹਰ ਭੱਜਦੇ ਦੇਖਿਆ। ਕਿਰਨਦੀਪ ਦੀ ਮੌਤ ਛਾਤੀ 'ਤੇ ਚਾਕੂ ਲੱਗਣ ਕਾਰਨ ਹੋਈ। ਹਮਲਾ ਕਰਨ ਤੋਂ ਬਾਅਦ ਦੋਸ਼ੀ ਨੇ ਬਚਣ ਲਈ ਖਿੜਕੀ ਤੋਂ ਛਾਲ ਮਾਰ ਦਿੱਤੀ, ਜਿਸ ਕਾਰਨ ਉਸ ਦੇ ਦੋਵੇਂ ਗਿੱਟੇ ਟੁੱਟ ਗਏ ਅਤੇ ਪੁਲਿਸ ਨੇ ਉਸ ਨੂੰ ਨੇੜਿਓਂ ਹੀ ਕਾਬੂ ਕਰ ਲਿਆ। ਅਦਾਲਤ ਨੂੰ ਦੱਸਿਆ ਗਿਆ ਕਿ ਦੋਵੇਂ ਪੀੜਤ ਹਮਲਾਵਰ ਲਈ ਬਿਲਕੁਲ ਅਣਜਾਣ ਸਨ। ਕਿਰਨਦੀਪ ਕੌਰ ਦਾ ਪਰਿਵਾਰ ਹੁਣ ਉਸ ਦੀ ਮ੍ਰਿਤਕ ਦੇਹ ਨੂੰ ਅੰਤਿਮ ਸੰਸਕਾਰ ਲਈ ਭਾਰਤ ਲਿਆਉਣਾ ਚਾਹੁੰਦਾ ਹੈ। ਅਦਾਲਤ ਨੇ ਦੋਸ਼ੀ ਨੂੰ ਹਿਰਾਸਤ ਵਿੱਚ ਭੇਜ ਦਿੱਤਾ ਹੈ ਅਤੇ ਅਗਲੀ ਸੁਣਵਾਈ ਅਕਤੂਬਰ ਵਿੱਚ ਹੋਵੇਗੀ।

# ਸਿੱਖ ਵਿਰੋਧੀ ਨਫ਼ਰਤੀ ਅਪਰਾਧਾਂ 'ਤੇ ਸਰਕਾਰ ਦੀ ਚੁੱਪੀ ਨੂੰ ਪਾਰਲੀਮੈਂਟ ਵਿੱਚ ਸਿੱਖਾਂ ਦੀ ਚੁਣੌਤੀ





ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂਕੇ ਭਰ ਤੋਂ ਸਿੱਖਾਂ ਨੇ ਅੱਜ ਬਰਤਾਨੀਆ ਦੀ ਪਾਰਲੀਮੈਂਟ ਵਿੱਚ ਸੰਸਦ ਮੈਂਬਰਾਂ ਤੱਕ ਪਹੁੰਚ ਕਰਕੇ ਪਿਛਲੇ ਦੋ ਮਹੀਨਿਆਂ ਦੌਰਾਨ ਸਿੱਖ ਵਿਰੋਧੀ ਨਫ਼ਰਤੀ ਅਪਰਾਧਾਂ 'ਤੇ ਸੰਸਦ ਮੈਂਬਰਾਂ ਅਤੇ ਸਰਕਾਰ ਦੀ ਚੁੱਪੀ ਨੂੰ ਲੈ ਕੇ ਸਵਾਲ ਉਠਾਏ।

ਸਿੱਖ ਭਾਈਚਾਰੇ ਦੇ ਆਗੂਆਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਵਿਰੋਧੀ ਧਿਰ ਵਿੱਚ ਹੁੰਦਿਆਂ ਇੱਕ ਵੀਡੀਓ ਸੰਦੇਸ਼ ਰਾਹੀਂ ਸਿੱਖ ਭਾਈਚਾਰੇ ਨੂੰ ਕਿਹਾ ਸੀ ਕਿ ਲਗਾਤਾਰ ਆਈਆਂ ਸਰਕਾਰਾਂ ਸਿੱਖਾਂ ਦੀ ਪਛਾਣ ਕਾਰਨ ਉਨ੍ਹਾਂ ਵਿਰੁੱਧ ਹੁੰਦੀ ਨਫ਼ਰਤ (9/11 ਤੋਂ ਬਾਅਦ ਪਿਛਲੇ 25 ਸਾਲਾਂ ਦੌਰਾਨ) ਨੂੰ ਰੋਕਣ ਵਿੱਚ ਅਸਫਲ ਰਹੀਆਂ ਹਨ ਅਤੇ ਲੇਬਰ ਸਰਕਾਰ ਇਸ ਨੂੰ ਦਰੁਸਤ ਕਰੇਗੀ।ਬਦਕਿਸਮਤੀ ਨਾਲ, ਐਤਵਾਰ ਨੂੰ ਪੱਛਮੀ ਲੰਡਨ ਦੇ ਹੇਜ਼ ਇਲਾਕੇ ਵਿੱਚ ਇੱਕ 24 ਸਾਲਾ ਨੌਜਵਾਨ ਸਿੱਖ ਮਹਿਲਾ, ਕਿਰਨਦੀਪ ਕੌਰ ਦਾ ਦੋਹਰੇ ਚਾਕੂਮਾਰੀ ਹਮਲੇ ਵਿੱਚ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ। ਜਿਸ ਮਾਮਲੇ ਵਿੱਚ ਪਿੰਨਰ ਦੇ ਰਹਿਣ ਵਾਲੇ 44 ਸਾਲਾ ਡੈਨੀਅਲ ਸੀਨ ਜੇਮਸ 'ਤੇ ਕਤਲ, ਕਤਲ ਦੀ ਕੋਸ਼ਿਸ਼ ਅਤੇ ਹਥਿਆਰ ਰੱਖਣ ਦੇ ਦੋਸ਼ ਆਇਦ ਕੀਤੇ ਗਏ ਹਨ।

ਸਿੱਖ ਫੈਡਰੇਸ਼ਨ ਦੇ ਭਾਈ ਦਬਿੰਦਰਜੀਤ ਸਿੰਘ ਓ.ਬੀ.ਈ. ਨੇ ਕਿਹਾ:

"ਸੱਤਾ ਵਿੱਚ ਆਉਣ ਦੇ ਦੋ ਸਾਲ ਤੋਂ ਵੱਧ ਸਮਾਂ ਬੀਤ ਜਾਣ ਦੇ ਬਾਵਜੂਦ, ਲੇਬਰ ਸਰਕਾਰ ਨੇ ਸਿੱਖ ਵਿਰੋਧੀ ਨਫ਼ਰਤੀ ਅਪਰਾਧਾਂ ਨੂੰ ਯਹੂਦੀ ਵਿਰੋਧ ਅਤੇ ਮੁਸਲਿਮ ਵਿਰੋਧੀ ਨਫ਼ਰਤ ਦੇ ਬਰਾਬਰ ਮਾਨਤਾ ਦੇਣ ਅਤੇ ਉਨ੍ਹਾਂ ਨਾਲ ਨਜਿੱਠਣ ਲਈ ਕੁਝ ਨਹੀਂ ਕੀਤਾ, ਜਦਕਿ ਕੀਰ ਸਟਾਰਮਰ ਨੇ ਪਿਛਲੇ ਸਤੰਬਰ ਅਤੇ ਅਕਤੂਬਰ ਵਿੱਚ ਦੋ ਨੌਜਵਾਨ ਸਿੱਖ ਔਰਤਾਂ ਨਾਲ ਹੋਏ ਨਸਲੀ ਤੌਰ 'ਤੇ ਵਧਾਏ ਗਏ ਭਿਆਨਕ ਬਲਾਤਕਾਰਾਂ ਦੇ ਬਾਵਜੂਦ ਇਸ ਦਾ ਸਪੱਸ਼ਟ ਵਾਅਦਾ ਕੀਤਾ ਸੀ।"

"ਅਸੀਂ ਮਈ ਦੇ ਅਖੀਰ ਤੋਂ ਸਿੱਖ ਵਿਰੋਧੀ ਨਫ਼ਰਤੀ ਅਪਰਾਧਾਂ ਅਤੇ ਪਵਿੱਤਰ ਕਿਰਪਾਨ ਦੀ ਗਲਤ ਪੇਸ਼ਕਾਰੀ ਬਾਰੇ ਸਿੱਧੇ ਤੌਰ 'ਤੇ ਗ੍ਰਹਿ ਮੰਤਰੀ ਅਤੇ ਪੁਲਿਸਿੰਗ ਮੰਤਰੀ ਕੋਲ ਚਿੰਤਾਵਾਂ ਉਠਾ ਰਹੇ ਹਾਂ। ਹਾਲਾਂਕਿ, ਸੰਸਦ ਮੈਂਬਰਾਂ ਵੱਲੋਂ ਵੀ ਇਸ ਮੁੱਦੇ ਨੂੰ ਚੁੱਕਣ ਦੇ ਬਾਵਜੂਦ ਸਾਨੂੰ ਸਰਕਾਰ ਵੱਲੋਂ ਪੂਰੀ ਚੁੱਪੀ ਦਾ ਸਾਹਮਣਾ ਕਰਨਾ ਪਿਆ ਹੈ।"

"ਅਸੀਂ ਪਹਿਲਾਂ ਹੀ ਰਿਕਾਰਡ 'ਤੇ ਲਿਆ ਚੁੱਕੇ ਸੀ ਕਿ ਐਂਟੀ-ਸਿੱਖ ਨਫ਼ਰਤੀ ਅਪਰਾਧਾਂ ਦੇ ਇਸ ਵੱਡੇ ਉਛਾਲ ਨੂੰ ਰੋਕਣ ਲਈ ਸ਼ਾਇਦ ਉਦੋਂ ਤੱਕ ਕੋਈ ਕਾਰਵਾਈ ਨਹੀਂ ਹੋਵੇਗੀ ਜਦੋਂ ਤੱਕ ਕਿਸੇ ਸਿੱਖ ਦਾ ਕਤਲ ਨਹੀਂ ਹੋ ਜਾਂਦਾ। ਹੁਣ ਪੱਛਮੀ ਲੰਡਨ ਵਿੱਚ ਇੱਕ 24 ਸਾਲਾ ਨੌਜਵਾਨ ਸਿੱਖ ਬੀਬੀ ਨੂੰ ਚਾਕੂ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਹੈ, ਜਿਸ ਨੂੰ ਉਸਦੇ ਪਰਿਵਾਰ ਨੇ ਇੱਕ ਨਸਲੀ ਹਮਲਾ ਦੱਸਿਆ ਹੈ।"

ਸਿੱਖ ਨੈੱਟਵਰਕ ਨੇ ਮਈ ਦੇ ਅੱਧ ਤੋਂ ਬਾਅਦ ਸਿੱਖ ਵਿਰੋਧੀ ਨਫ਼ਰਤੀ ਅਪਰਾਧਾਂ ਵਿੱਚ ਹੋਏ ਵਾਧੇ ਦਾ ਮੁਲਾਂਕਣ ਕਰਨ ਲਈ ਇੱਕ ਸਰਵੇਖਣ ਕੀਤਾ ਹੈ, ਜਦੋਂ ਹੈਨਰੀ ਨੋਵਾਕ ਦੇ ਕਤਲ ਦੇ ਦੋਸ਼ ਹੇਠ ਵਿਕਰਮ ਡਿਗਵਾ ਦਾ ਮੁਕੱਦਮਾ ਸ਼ੁਰੂ ਹੋਇਆ ਸੀ। ਇਸ ਦੇ ਨਤੀਜੇ ਭਲਕੇ ਸੰਸਦ ਮੈਂਬਰਾਂ ਨਾਲ ਸਾਂਝੇ ਕੀਤੇ ਗਏ।

ਇਸ ਸਰਵੇਖਣ ਵਿੱਚ ਯੂ ਕੇ ਭਰ ਦੇ 1,000 ਤੋਂ ਵੱਧ ਸਿੱਖਾਂ ਨੇ ਹਿੱਸਾ ਲਿਆ, 40% ਉੱਤਰਦਾਤਾਵਾਂ ਨੇ ਸੰਕੇਤ ਦਿੱਤਾ ਕਿ ਉਨ੍ਹਾਂ ਨੇ ਮਈ ਦੇ ਅੱਧ ਤੋਂ ਬਾਅਦ ਸਿੱਖ ਵਿਰੋਧੀ ਨਫ਼ਰਤੀ ਅਪਰਾਧਾਂ ਦਾ ਸਾਹਮਣਾ ਕੀਤਾ ਹੈ ਜਾਂ ਉਹ ਇਸ ਦੇ ਗਵਾਹ ਬਣੇ ਹਨ। ਉੱਤਰਦਾਤਾਵਾਂ ਵੱਲੋਂ ਨਫ਼ਰਤੀ ਅਪਰਾਧਾਂ ਦੇ 500 ਤੋਂ ਵੱਧ ਅਜਿਹੇ ਮਾਮਲੇ ਨਿੱਜੀ ਤੌਰ 'ਤੇ ਹੰਢਾਏ ਜਾਂ ਦੇਖੇ ਗਏ ਹਨ।

ਲਗਭਗ 90% ਉੱਤਰਦਾਤਾਵਾਂ ਨੇ ਕਿਹਾ ਕਿ ਮਈ ਦੇ ਅੱਧ ਤੋਂ ਬਾਅਦ ਨਫ਼ਰਤੀ ਅਪਰਾਧਾਂ ਵਿੱਚ ਵਾਧਾ ਹੋਇਆ ਹੈ, ਜਿਸ ਵਿੱਚ 61% ਨੇ ਇਸ ਨੂੰ ਬਹੁਤ ਵੱਡਾ ਵਾਧਾ ਦੱਸਿਆ।ਦੋ-ਤਿਹਾਈ ਤੋਂ ਵੱਧ ਲੋਕਾਂ ਨੇ ਸੰਕੇਤ ਦਿੱਤਾ ਕਿ ਇਹ ਵੱਡਾ ਵਾਧਾ ਉਸ ਸਮੇਂ ਸ਼ੁਰੂ ਹੋਇਆ ਜਦੋਂ ਸਿਆਸਤਦਾਨਾਂ ਨੇ ਗਲਤ ਤਰੀਕੇ ਨਾਲ ਪਵਿੱਤਰ ਕਿਰਪਾਨ 'ਤੇ ਸਵਾਲ ਉਠਾਏ ਸਨ।53% ਉੱਤਰਦਾਤਾ, ਖਾਸ ਕਰਕੇ ਬਜ਼ੁਰਗ, ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਨਹੀਂ ਕਰ ਰਹੇ ਹਨ। 84% ਲੋਕਾਂ ਨੂੰ ਸਾਵਧਾਨੀਆਂ ਵਰਤਣੀਆਂ ਪੈ ਰਹੀਆਂ ਹਨ ਅਤੇ ਦੋ-ਤਿਹਾਈ ਲੋਕਾਂ ਨੂੰ ਆਪਣੀ ਰੋਜ਼ਾਨਾ ਦੀ ਰੁਟੀਨ ਬਦਲਣੀ ਪਈ ਹੈ। ਕਵੈਂਟਰੀ ਵਿੱਚ ਰਹਿਣ ਵਾਲੇ ਇੱਕ ਸੇਵਾਮੁਕਤ ਸਿੱਖ ਵਿਅਕਤੀ ਨੇ ਦੱਸਿਆ ਕਿ "ਪਬਲਿਕ ਟ੍ਰਾਂਸਪੋਰਟ 'ਤੇ ਹਮਲੇ ਦੇ ਡਰ ਕਾਰਨ ਮੈਨੂੰ ਆਪਣੀ ਪਤਨੀ ਨੂੰ ਕਾਰ ਰਾਹੀਂ 100 ਮੀਲ ਦੂਰ ਰਹਿ ਰਹੀ ਬੇਟੀ ਕੋਲ ਛੱਡਣ ਜਾਣਾ ਪਿਆ। ਮੈਂ ਰਿਸ਼ਤੇਦਾਰਾਂ ਤੋਂ ਸੁਣਿਆ ਸੀ ਕਿ ਰੇਲਗੱਡੀਆਂ ਵਿੱਚ ਜ਼ੁਬਾਨੀ ਬਦਸਲੂਕੀ ਅਤੇ ਸਰੀਰਕ ਹਮਲੇ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ।"

ਲਗਭਗ 50% ਨਫ਼ਰਤੀ ਅਪਰਾਧ ਰੋਜ਼ਾਨਾ ਦੇ ਕੰਮਾਂ ਦੌਰਾਨ ਹੋਈ ਜ਼ੁਬਾਨੀ ਬਦਸਲੂਕੀ ਨਾਲ ਸਬੰਧਤ ਸਨ। ਇਸ ਵਿੱਚ ਸਕੂਲਾਂ ਵਿੱਚ ਬੱਚਿਆਂ ਨਾਲ ਗਾਲੀ-ਗਲੋਚ, ਜਨਤਕ ਟ੍ਰਾਂਸਪੋਰਟ 'ਤੇ ਸਫ਼ਰ ਕਰਨ, ਗੱਡੀ ਚਲਾਉਣ ਜਾਂ ਪਾਰਕ ਵਿੱਚ ਘੁੰਮਣ ਦੌਰਾਨ ਸਿੱਖਾਂ ਨੂੰ ਗਾਲ੍ਹਾਂ ਕੱਢਣਾ, ਚੀਕਣਾ ਅਤੇ ਧਮਕੀਆਂ ਦੇਣਾ, ਕੰਮ ਵਾਲੀ ਥਾਂ ਜਾਂ ਹਸਪਤਾਲ ਜਾਣ ਵੇਲੇ ਵੀ ਬਦਸਲੂਕੀ ਦਾ ਸਾਹਮਣਾ ਕਰਨਾ ਸ਼ਾਮਲ ਹੈ।25% ਲੋਕਾਂ ਨੇ ਆਨਲਾਈਨ ਦੁਰਵਿਵਹਾਰ ਦਾ ਸਾਹਮਣਾ ਕੀਤਾ ਜਾਂ ਦੇਖਿਆ, ਜਿੱਥੇ ਗਾਲ੍ਹਾਂ ਕੱਢੀਆਂ ਗਈਆਂ ਅਤੇ ਚਮੜੀ ਦੇ ਰੰਗ ਜਾਂ ਸਿੱਖ ਕਕਾਰਾਂ ਨੂੰ ਨਿਸ਼ਾਨਾ ਬਣਾਇਆ ਗਿਆ। "ਗੋ ਬੈਕ ਹੋਮ" (ਆਪਣੇ ਦੇਸ਼ ਵਾਪਸ ਜਾਓ) ਵਰਗੇ ਵਾਕਾਂਸ਼ ਆਮ ਵਰਤੇ ਜਾ ਰਹੇ ਹਨ। ਲਗਭਗ 15% ਨੇ ਇਸ ਨਫ਼ਰਤ ਨੂੰ ਪਰੇਸ਼ਾਨੀ ਅਤੇ ਡਰਾਉਣ-ਧਮਕਾਉਣ ਵਜੋਂ ਸ਼੍ਰੇਣੀਬੱਧ ਕੀਤਾ, ਜਦੋਂ ਕਿ ਚਿੰਤਾਜਨਕ ਤੌਰ 'ਤੇ ਲਗਭਗ 10% ਨੇ ਭੰਨਤੋੜ, ਹਮਲੇ ਜਾਂ ਗੰਭੀਰ ਸਰੀਰਕ ਨੁਕਸਾਨ ਦਾ ਸਾਹਮਣਾ ਕੀਤਾ।ਹਾਲਾਂਕਿ 60% ਲੋਕ ਜਾਣਦੇ ਹਨ ਕਿ ਪੁਲਿਸ ਕੋਲ ਨਫ਼ਰਤੀ ਅਪਰਾਧ ਦੀ ਰਿਪੋਰਟ ਕਿਵੇਂ ਕਰਨੀ ਹੈ, ਪਰ ਸਰਵੇਖਣ ਵਿੱਚ ਜ਼ਿਕਰ ਕੀਤੀਆਂ ਘਟਨਾਵਾਂ ਵਿੱਚੋਂ ਸਿਰਫ਼ 6% ਹੀ ਪੁਲਿਸ ਕੋਲ ਰਿਪੋਰਟ ਕੀਤੀਆਂ ਗਈਆਂ। 70% ਨੇ ਕਿਹਾ ਕਿ ਉਨ੍ਹਾਂ ਨੂੰ ਭਰੋਸਾ ਨਹੀਂ ਸੀ ਕਿ ਪੁਲਿਸ ਇਸ ਨੂੰ ਗੰਭੀਰਤਾ ਨਾਲ ਲਵੇਗੀ।ਸਾਊਥੈਂਪਟਨ ਦੇ ਇੱਕ ਕੇਅਰ ਵਰਕਰ ਨੇ ਦੱਸਿਆ ਕਿ "ਮੈਂ ਢਾਈ ਸਾਲਾਂ ਤੱਕ ਇੱਕ ਬਜ਼ੁਰਗ ਮਹਿਲਾ ਦੀ ਦੇਖਭਾਲ ਕੀਤੀ, ਪਰ ਮੁਕੱਦਮੇ ਤੋਂ ਬਾਅਦ ਉਸਨੇ ਮੇਰੀ ਸੇਵਾ ਲੈਣ ਤੋਂ ਇਨਕਾਰ ਕਰ ਦਿੱਤਾ ਅਤੇ ਮੈਨੂੰ ਬਾਹਰ ਜਾਣ ਲਈ ਕਹਿ ਦਿੱਤਾ।"

ਵਿਕਰਮ ਡਿਗਵਾ ਨੂੰ ਸਜ਼ਾ ਸੁਣਾਏ ਜਾਣ ਅਤੇ ਨਾਈਜਲ ਫ਼ਰਾਜ ਦੁਆਰਾ "ਪਿਓਰ, ਕੋਲਡ ਰੇਜ" (ਨਿਰੋਲ, ਠੰਡਾ ਗੁੱਸਾ) ਵਰਗੇ ਸ਼ਬਦਾਂ ਦੀ ਵਰਤੋਂ ਕੀਤੇ ਜਾਣ ਤੋਂ ਬਾਅਦ, ਪੂਰਬੀ ਲੰਡਨ ਦੇ ਇੱਕ ਸੇਵਾ-ਮੁਕਤ ਵਿਅਕਤੀ ਦਾ ਸਾਹ-ਮਣਾ ਇੱਕ ਅਜਨਬੀ ਨਾਲ ਹੋਇਆ ਜਿਸਨੇ ਪੁੱਛਿਆ ਕਿ ਜੇਕਰ ਉਹ ਉਸਦੀ ਪੱਗ ਲਾਹ ਦੇਵੇਗਾ, ਤਾਂ ਕੀ ਉਹ ਉਸਨੂੰ ਚਾਕੂ ਮਾਰ ਦੇਵੇਗਾ? "ਲਗਭਗ 20 ਸਾਲਾਂ ਦੇ ਇੱਕ ਨੌਜਵਾਨ ਨੇ ਪਿੱਛੋਂ ਮੇਰੀ ਬਾਂਹ ਫੜੀ, ਮੈਨੂੰ ਘੁਮਾਇਆ ਅਤੇ ਮੇਰੀ ਪੱਗ ਉਤਾਰਨ ਦੀ ਕੋਸ਼ਿਸ਼ ਕੀਤੀ। ਮੈਂ ਉਸਦਾ ਵਿਰੋਧ ਕੀਤਾ ਅਤੇ ਇੱਕ ਰਾਹਗੀਰ ਨੇ ਉਸਦਾ ਧਿਆਨ ਭਟਕਾਇਆ ਅਤੇ ਮੇਰੀ ਪਤਨੀ ਮੈਨੂੰ ਉੱਥੋਂ ਦੂਰ ਲੈ ਗਈ। ਇਹ ਘਟਨਾ ਮੇਰੇ ਅਤੇ ਦਖਲ ਦੇਣ ਵਾਲੇ ਵਿਅਕਤੀ ਵੱਲੋਂ ਪੁਲਿਸ ਕੋਲ ਦਰਜ ਕਰਵਾਈ ਗਈ ਹੈ।"

ਦਬਿੰਦਰਜੀਤ ਸਿੰਘ ਨੇ ਕਿਹਾ ਕਿ "ਮੰਤਰੀ ਅਤੇ ਅਧਿਕਾਰੀ ਸਿੱਖ ਨੈੱਟਵਰਕ ਦੇ ਸਰਵੇਖਣ ਦੇ ਨਤੀਜਿਆਂ 'ਤੇ ਗੱਲਬਾਤ ਨਾ ਕਰਨ ਵਿੱਚ ਲਾਪਰਵਾਹ ਰਹੇ ਹਨ ਅਤੇ ਉਨ੍ਹਾਂ ਨੇ ਸਾਨੂੰ ਪਾਰਲੀਮੈਂਟ ਮੈਂਬਰਾਂ ਤੱਕ ਪਹੁੰਚ ਕਰਨ ਲਈ ਮਜਬੂਰ ਕੀਤਾ ਹੈ।""ਸਿੱਖ ਸੰਸਦ ਮੈਂਬਰਾਂ ਨੇ ਹਾਲ ਹੀ ਵਿੱਚ ਗ੍ਰੇਟਰ ਮੈਨਚੈਸਟਰ ਦੇ ਮੇਅਰ ਐਂਡੀ ਬਰਨਹਮ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਮੁੱਦਿਆਂ 'ਤੇ ਚਰਚਾ ਕੀਤੀ ਜਿਨ੍ਹਾਂ ਬਾਰੇ ਅਸੀਂ ਪਾਰਲੀਮੈਂਟ ਵਿੱਚ ਆਵਾਜ਼ ਉਠਾਵਾਂਗੇ, ਕਿਉਂਕਿ ਕੀਰ ਸਟਾਰਮਰ ਦੇ ਰਾਜ ਵਿੱਚ ਸਿੱਖ ਭਾਈਚਾਰੇ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ।"

"ਅਸੀਂ ਉਮੀਦ ਕਰਦੇ ਹਾਂ ਕਿ ਐਂਡੀ ਬਰਨਹਮ ਸਰਕਾਰੀ ਵਿਭਾਗਾਂ ਦੇ ਸਿੱਖ ਭਾਈਚਾਰੇ ਨਾਲ ਤਾਲਮੇਲ ਦੇ ਤਰੀਕੇ ਵਿੱਚ ਸੁਧਾਰ ਕਰਨਗੇ ਅਤੇ ਸਿੱਧੇ ਤੌਰ 'ਤੇ ਉਨ੍ਹਾਂ ਪ੍ਰਮੁੱਖ ਸਿੱਖ ਸੰਸਥਾਵਾਂ ਨਾਲ ਸੰਪਰਕ ਕਰਨਗੇ ਜੋ ਭਾਈਚਾਰੇ ਪ੍ਰਤੀ ਜਵਾਬਦੇਹ ਹਨ।"

## 'ਸਮਾਂ ਬਰਬਾਦ ਨਾ ਕਰੋ': ਸੁਪਰੀਮ ਕੋਰਟ ਬੋਲੀ

### ✪ ਸੀਜੇਪੀ ਪ੍ਰਦਰਸ਼ਨ ਮੌਕੇ ਪੁਲੀਸ ਕਾਰਵਾਈ ਖ਼ਿਲਾਫ਼ ਪਟੀਸ਼ਨ ਦੀ ਤੁਰੰਤ ਸੁਣਵਾਈ ਤੋਂ ਇਨਕਾਰ

**ਨਵੀਂ ਦਿੱਲੀ-ਸੁਪਰੀਮ ਕੋਰਟ ਨੇ ਦਿੱਲੀ ਵਿਖੇ ਕਾਕਰੋਚ ਜਨਤਾ ਪਾਰਟੀ ਦੀ ਅਗਵਾਈ ਹੇਠ ਹੋਏ ਪ੍ਰਦਰਸ਼ਨ ਮਾਰਚ ਦੌਰਾਨ ਵਿਦਿਆਰਥੀਆਂ 'ਤੇ ਹੋਈ ਪੁਲੀਸ ਕਾਰਵਾਈ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ 'ਤੇ ਤੁਰੰਤ ਸੁਣਵਾਈ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਇਹ ਮਾਮਲਾ ਭਾਰਤ ਦੇ ਚੀਫ਼ ਜਸਟਿਸ ਸੂਰਿਆ ਕਾਂਤ, ਜਸਟਿਸ ਜੋਇਮਾਲਿਆ ਬਾਗਚੀ ਅਤੇ ਜਸਟਿਸ ਵੀ. ਮੋਹਨਾ ਦੀ ਬੈਂਚ ਦੇ ਸਾਹਮਣੇ ਰੱਖਿਆ ਗਿਆ ਸੀ।**

**ਸੁਣਵਾਈ ਦੌਰਾਨ ਵਕੀਲ ਨੇ ਪੁਲੀਸ ਬੇਰਹਿਮੀ ਦੇ ਵੀਡੀਓ ਸਬੂਤਾਂ ਦਾ ਹਵਾਲਾ ਦਿੰਦਿਆਂ ਮਾਮਲੇ ਨੂੰ ਅਗਲੇ ਹੀ ਦਿਨ (ਵੀਰਵਾਰ) ਸੂਚੀਬੱਧ ਕਰਨ ਦੀ ਬੇਨਤੀ ਕੀਤੀ। ਹਾਲਾਂਕਿ, ਚੀਫ਼ ਜਸਟਿਸ ਨੇ ਇਸ ਬੇਨਤੀ ਨੂੰ ਠੁਕਰਾਉਂਦਿਆਂ ਕਿਹਾ ਕਿ ਅਦਾਲਤ ਕੋਲ ਵੀਡੀਓ ਫੁਟੇਜ ਦੇਖਣ ਦਾ ਸਮਾਂ ਨਹੀਂ ਹੈ। ਵਕੀਲ ਵੱਲੋਂ ਦੁਬਾਰਾ ਜ਼ੋਰ ਦੇਣ 'ਤੇ ਜਜ ਨੇ ਸਖ਼ਤ ਰੁੱਖ ਅਪਣਾਉਂਦਿਆਂ ਕਿਹਾ, "ਸਾਡਾ ਸਮਾਂ ਬਰਬਾਦ ਨਾ ਕਰੋ, ਅਸੀਂ ਕੋਈ ਵੀ ਵੀਡੀਓ ਨਹੀਂ ਦੇਖਣਾ ਚਾਹੁੰਦੇ।"**

# ਭਾਰਤੀ ਜੇਲ੍ਹਾਂ ਵਿਚੋਂ ਚੱਲ ਰਿਹਾ ਇੰਟਰਨੈਸ਼ਨਲ ਕ੍ਰਾਈਮ

ਨਿਊਜ਼ ਵਿਸ਼ਲੇਸ਼ਣ

**✪ ਐਫਬੀਆਈ ਨੇ ਕੀਤਾ ਬਿਸ਼ਨੋਈ ਤੇ ਭਗਵਾਨਪੁਰੀਆ ਗੈਂਗ ਦਾ ਪਰਦਾਫਾਸ਼, ਅਮਰੀਕਾ ਮੰਗ ਸਕਦਾ ਹੈ ਹਵਾਲਗੀ ✪ ਗਰੀਬ ਨੌਜਵਾਨਾਂ ਤੇ ਨਾਬਾਲਗਾਂ ਨੂੰ ਵੀਜ਼ੇ ਤੇ ਪੈਸੇ ਦਾ ਲਾਲਚ ਦੇ ਕੇ ਅਪਰਾਧ ਦੀ ਦੁਨੀਆ ਵਿਚ ਧੱਕ ਰਿਹਾ ਹੈ ਬਿਸ਼ਨੋਈ ਗੈਂਗ ✪ ਅਮਰੀਕੀ ਸਿੱਖ ਸੰਸਥਾਵਾਂ ਨੇ ਐਫਬੀਆਈ ਕਾਰਵਾਈ ਦਾ ਕੀਤਾ ਸਵਾਗਤ**




ਅਮਰੀਕਾ ਦੀ ਪ੍ਰਮੁੱਖ ਜਾਂਚ ਏਜੰਸੀ ਵਬੀ (ਫੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ) ਨੇ ਸਰਹੱਦੋਂ ਪਾਰ ਚੱਲ ਰਹੇ ਭਾਰਤੀ ਸੰਗਠਿਤ ਅਪਰਾਧ ਨੈੱਟਵਰਕ ਦੀਆਂ ਜੜ੍ਹਾਂ ਹਿਲਾਉਂਦਿਆਂ ਪੰਜਾਬ ਦੇ ਖਤਰਨਾਕ ਜੱਗੂ ਭਗਵਾਨਪੁਰੀਆ ਗੈਂਗ ਦੇ ਸਰਗਰਮ ਮੈਂਬਰ ਨਿਤੀਸ਼ ਕੌਸ਼ਲ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਅਮਰੀਕੀ ਸਟੇਟ ਵਰਮੋਂਟ ਵਿੱਚ ਹੋਈ ਇਹ ਗ੍ਰਿਫ਼ਤਾਰੀ ਐਫਬੀਆਈ ਵੱਲੋਂ ਚਲਾਏ ਜਾ ਰਹੇ 'ਆਪ੍ਰੇਸ਼ਨ ਹਾਰਡ ਬਾਲ' ਤਹਿਤ ਇੱਕ ਵੱਡੀ ਸਫਲਤਾ ਮੰਨੀ ਜਾ ਰਹੀ ਹੈ, ਜਿਸ ਨੇ ਭਾਰਤੀ ਜੇਲ੍ਹਾਂ ਵਿੱਚੋਂ ਅਮਰੀਕਾ, ਕੈਨੇਡਾ ਅਤੇ ਯੂਰਪ ਤੱਕ ਫੈਲੇ ਗੈਂਗਸਟਰਾਂ ਦੇ ਕੌਮਾਂਤਰੀ ਨੈੱਟਵਰਕ ਦਾ ਪਰਦਾਫਾਸ਼ ਕਰ ਦਿੱਤਾ ਹੈ।

ਨਿਤੀਸ਼ ਕੌਸ਼ਲ ਖ਼ਿਲਾਫ਼ ਸੈਂਟਰਲ ਡਿਸਟ੍ਰਿਕਟ ਆਫ਼ ਕੈਲੀਫੋਰਨੀਆ ਦੀ ਸੰਘੀ ਅਦਾਲਤ ਨੇ 25 ਜੂਨ ਨੂੰ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤਾ ਸੀ। ਉਸ 'ਤੇ ਅਮਰੀਕਾ ਦੇ ਸਭ ਤੋਂ ਸਖ਼ਤ ਕਾਨੂੰਨਾਂ ਵਿੱਚੋਂ ਇੱਕ RICO (Racketeer Influenced and Corrupt Organizations Act) ਤਹਿਤ ਅਪਰਾਧਿਕ ਸਾਜ਼ਿਸ਼ ਰਚਣ, ਹੱਤਿਆ, ਅਗਵਾ, ਡਰੱਗ ਤਸਕਰੀ, ਰੰਗਦਾਰੀ ਅਤੇ ਮਨੀ ਲਾਂਡਰਿੰਗ ਵਰਗੇ ਸੰਗੀਨ ਦੋਸ਼ ਲਾਏ ਗਏ ਸਨ। ਜੇਕਰ ਅਦਾਲਤ ਵਿੱਚ ਦੋਸ਼ ਸਾਬਤ ਹੁੰਦੇ ਹਨ, ਤਾਂ ਕੌਸ਼ਲ ਨੂੰ 10 ਸਾਲ ਤੋਂ ਲੈ ਕੇ ਉਮਰ ਕੈਦ ਤੱਕ ਦੀ ਸਜ਼ਾ ਹੋ ਸਕਦੀ ਹੈ।

### ਭਾਰਤੀ ਜੇਲ੍ਹਾਂ 'ਚੋਂ ਕੌਮਾਂਤਰੀ ਅਪਰਾਧ: ਕਿਵੇਂ ਚੱਲ ਰਿਹਾ ਹੈ?

ਐਫਬੀਆਈ ਵੱਲੋਂ ਜਾਰੀ ਕੀਤੇ ਗਏ ਤਿੰਨ ਵੱਡੇ ਦੋਸ਼-ਪੱਤਰਾਂ (ਚਾਰਜਸ਼ੀਟਾਂ) ਨੇ ਸਾਬਤ ਕੀਤਾ ਹੈ ਕਿ ਭਾਰਤ ਦੀਆਂ ਹਾਈ-ਸਿਕਿਊਰਿਟੀ ਜੇਲ੍ਹਾਂ ਵਿੱਚ ਬੰਦ ਗੈਂਗਸਟਰ ਜਿਵੇਂ ਲਾਰੈਂਸ ਬਿਸ਼ਨੋਈ, ਜੱਗੂ ਭਗਵਾਨਪੁਰੀਆ ਤੇ ਰਵਿੰਦਰ ਸਿੰਘ ਢਾਂਡਾ ਜੇਲ੍ਹ ਦੇ ਅੰਦਰੋਂ ਹੀ ਐਨਕ੍ਰਿਪਟਡ ਮੈਸੇਜਿੰਗ ਐਪਸ ਅਤੇ ਸੋਸ਼ਲ ਮੀਡੀਆ ਰਾਹੀਂ ਅਮਰੀਕਾ, ਕੈਨੇਡਾ, ਬ੍ਰਿਟੇਨ ਅਤੇ ਯੂਰਪ ਵਿੱਚ ਆਪਣਾ ਅਪਰਾਧੀ ਸਾਮਰਾਜ ਚਲਾ ਰਹੇ ਹਨ।

ਜੱਗੂ ਭਗਵਾਨਪੁਰੀਆ, ਜੋ ਕਦੇ ਲਾਰੈਂਸ ਬਿਸ਼ਨੋਈ ਦਾ ਸਭ ਤੋਂ ਨਜ਼ਦੀਕੀ ਸਹਿਯੋਗੀ ਸੀ, ਭਾਵੇਂ ਇਸ ਵੇਲੇ ਭਾਰਤ ਦੀ ਜੇਲ੍ਹ ਵਿੱਚ ਹੈ, ਪਰ ਜਾਂਚ ਏਜੰਸੀਆਂ ਮੁਤਾਬਕ ਦੁਨੀਆ ਭਰ ਵਿੱਚ ਉਸ ਦੇ 1,000 ਤੋਂ ਵੱਧ ਗੁਰਗੇ ਸਰਗਰਮ ਹਨ, ਜਿਨ੍ਹਾਂ ਵਿੱਚੋਂ 100 ਤੋਂ ਵੱਧ ਇਕੱਲੇ ਅਮਰੀਕਾ ਵਿੱਚ ਮੌਜੂਦ ਹਨ।

ਇਸ ਗੈਂਗ ਦੀ ਪਹੁੰਚ ਕਿੰਨੀ ਖ਼ਤਰਨਾਕ ਹੈ, ਇਸ ਦੀ ਤਾਜ਼ਾ ਮਿਸਾਲ ਪੰਜਾਬ ਪੁਲਿਸ ਦੇ ਇੰਸਪੈਕਟਰ (ਸਾਬਕਾ ਐੱਸਐੱਚਓ) ਗੁਰਿੰਦਰਜੀਤ ਸਿੰਘ ਨਾਗਰਾ ਦੀ ਗ੍ਰਿਫ਼ਤਾਰੀ ਹੈ। ਐਫਬੀਆਈ ਦੀ ਚਾਰਜਸ਼ੀਟ ਵਿੱਚ ਨਾਮ ਆਉਣ ਤੋਂ ਬਾਅਦ ਪੰਜਾਬ ਪੁਲਿਸ ਨੇ ਨਾਗਰਾ ਨੂੰ ਗ੍ਰਿਫ਼ਤਾਰ ਕੀਤਾ। ਜਾਂਚ ਵਿੱਚ ਸਾਹਮਣੇ ਆਇਆ ਕਿ ਨਾਗਰਾ ਨੇ ਜੇਲ੍ਹ ਵਿੱਚ ਬੰਦ ਜੱਗੂ ਭਗਵਾਨਪੁਰੀਆ ਨਾਲ ਮਿਲ ਕੇ ਅਮਰੀਕਾ ਵਿੱਚ ਰਹਿੰਦੇ ਇੱਕ ਭਾਰਤੀ ਪਰਿਵਾਰ ਨੂੰ ਝੂਠੇ ਕੇਸ ਵਿੱਚ ਫਸਾਉਣ ਦੀ ਧਮਕੀ ਦੇ ਕੇ 4 ਲੱਖ ਅਮਰੀਕੀ ਡਾਲਰ (ਲਗਭਗ 3.3 ਕਰੋੜ ਰੁਪਏ) ਦੀ ਫਿਰੌਤੀ ਮੰਗੀ ਸੀ ਅਤੇ ਗੈਰ-ਕਾਨੂੰਨੀ ਤਰੀਕੇ ਨਾਲ 16 ਲੱਖ ਰੁਪਏ ਵਸੂਲ ਚੁੱਕਾ ਸੀ।

### ਬਿਸ਼ਨੋਈ ਗੈਂਗ ਦਾ ਫੈਲਦਾ ਜਾਲ: ਨਾਬਾਲਗਾਂ ਦੀ ਭਰਤੀ ਅਤੇ ਵੀਜ਼ਾ ਫਰਾਡ

ਐਫਬੀਆਈ ਦੀ ਚਾਰਜਸ਼ੀਟ ਮੁਤਾਬਕ ਲਾਰੈਂਸ ਬਿਸ਼ਨੋਈ ਗੈਂਗ ਨੇ ਭਾਰਤ (ਖਾਸ ਕਰਕੇ ਪੰਜਾਬ ਅਤੇ ਹਰਿਆਣਾ) ਦੇ ਪਿੰਡਾਂ ਦੇ ਗਰੀਬ, ਬੇਰੁਜ਼ਗਾਰ ਅਤੇ ਕਮਜ਼ੋਰ ਵਰਗ ਦੇ ਨੌਜਵਾਨਾਂ ਨੂੰ ਨਿਸ਼ਾਨਾ ਬਣਾਇਆ ਹੈ।

ਦਾ ਪ੍ਰਿੰਟ ਅਨੁਸਾਰ ਇੰਸਟਾਗ੍ਰਾਮ ਵਿਚ ਰੀਲਜ਼ 'ਤੇ ਹਥਿਆਰਾਂ ਦੇ ਪ੍ਰਦਰਸ਼ਨ ਅਤੇ ਨਕਲੀ ਸ਼ੋਹਰਤ ਵਾਲੀਆਂ ਵੀਡੀਓਜ਼ ਪਾ ਕੇ ਨੌਜਵਾਨਾਂ ਨੂੰ ਆਕਰਸ਼ਿਤ ਕੀਤਾ ਜਾਂਦਾ ਹੈ। ਇਨ੍ਹਾਂ ਨੌਜਵਾਨਾਂ ਨੂੰ ਮਹਿਜ਼ 10 ਤੋਂ 15 ਹਜ਼ਾਰ ਰੁਪਏ ਦੇ ਕੇ ਰੇਕੀ ਕਰਨ, ਪੈਟਰੋਲ ਬੰਬ ਸੁੱਟਣ ਜਾਂ ਫਾਇਰਿੰਗ ਕਰਨ ਵਰਗੇ ਖ਼ਤਰਨਾਕ ਕੰਮਾਂ ਲਈ 'ਮੋਹਰੇ' ਵਜੋਂ ਵਰਤਿਆ ਜਾਂਦਾ ਹੈ, ਜਿਵੇਂ ਹਾਲ ਹੀ ਵਿੱਚ ਹਰਿਆਣਾ ਦੇ ਰੇਵਾੜਾ ਪਿੰਡ ਦੇ ਚਾਰ ਨੌਜਵਾਨਾਂ ਨੂੰ ਦਿੱਲੀ ਵਿੱਚ ਇੱਕ ਜਿਮ 'ਤੇ ਫਾਇਰਿੰਗ ਕਰਨ ਲਈ ਵਰਤਿਆ ਗਿਆ। ਇਹ ਸਿੰਡੀਕੇਟ ਆਪਣੇ ਭਰੋਸੇਮੰਦ ਸ਼ੂਟਰਾਂ ਅਤੇ ਗੁਰਗਿਆਂ ਨੂੰ ਜਾਅਲੀ ਦਸਤਾਵੇਜ਼ਾਂ ਦੇ ਸਹਾਰੇ ਸਟੂਡੈਂਟ ਜਾਂ ਵਰਕ ਵੀਜ਼ੇ 'ਤੇ ਅਮਰੀਕਾ ਅਤੇ ਕੈਨੇਡਾ ਭੇਜਦਾ ਹੈ, ਤਾਂ ਜੋ ਉੱਥੇ ਜਾ ਕੇ ਡਰੱਗ ਤਸਕਰੀ ਅਤੇ ਕੌਮਾਂਤਰੀ ਰੰਗਦਾਰੀ ਦੇ ਧੰਦੇ ਨੂੰ ਚਲਾਇਆ ਜਾ ਸਕੇ।

### ਕੀ ਇਹ ਗੈਂਗਸਟਰ ਭਾਜਪਾ ਸ਼ਾਸਤ ਰਾਜਾਂ ਦੀਆਂ ਜੇਲ੍ਹਾਂ ਵਿੱਚ ਬੰਦ ਹਨ?

ਜਾਂਚ ਰਿਪੋਰਟਾਂ ਅਨੁਸਾਰ ਇਸ ਅੰਤਰਰਾਸ਼ਟਰੀ ਸਿੰਡੀਕੇਟ ਦਾ ਮੁੱਖ ਸਰਗਣਾ ਲਾਰੈਂਸ ਬਿਸ਼ਨੋਈ ਗੁਜਰਾਤ ਦੀ ਸਾਬਰਮਤੀ ਸੈਂਟਰਲ ਜੇਲ੍ਹ ਵਿੱਚ ਬੰਦ ਹੈ, ਜਿੱਥੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਹੈ। ਇਸ ਤੋਂ ਇਲਾਵਾ, ਇਸ ਗੈਂਗ ਦੇ ਕਈ ਹੋਰ ਮੁੱਖ ਆਗੂ ਦਿੱਲੀ ਦੀ ਤਿਹਾੜ ਜੇਲ੍ਹ ਅਤੇ ਹਰਿਆਣਾ (ਜਿੱਥੇ ਭਾਜਪਾ ਗਠਜੋੜ ਦੀ ਸਰਕਾਰ ਹੈ) ਦੀਆਂ ਜੇਲ੍ਹਾਂ ਵਿੱਚ ਵੀ ਹਿਰਾਸਤ ਵਿੱਚ ਰਹਿ ਚੁੱਕੇ ਹਨ। ਵਿਰੋਧੀ ਧਿਰਾਂ ਅਤੇ ਸੁਰੱਖਿਆ ਮਾਹਿਰਾਂ ਵੱਲੋਂ ਅਕਸਰ ਸਵਾਲ ਚੁੱਕੇ ਜਾਂਦੇ ਹਨ ਕਿ ਇਨ੍ਹਾਂ ਰਾਜਾਂ ਦੀਆਂ ਅਤਿ-ਸੁਰੱਖਿਅਤ ਜੇਲ੍ਹਾਂ ਵਿੱਚੋਂ ਇਹ ਗੈਂਗਸਟਰ ਮੋਬਾਈਲ ਅਤੇ ਇੰਟਰਨੈੱਟ ਨੈੱਟਵਰਕ ਦੀ ਵਰਤੋਂ ਕਿਵੇਂ ਕਰ ਲੈਂਦੇ ਹਨ।

### ਕੀ ਅਮਰੀਕਾ ਇਨ੍ਹਾਂ ਗੈਂਗਸਟਰਾਂ ਨੂੰ ਭਾਰਤੀ ਜੇਲ੍ਹਾਂ 'ਚੋਂ ਆਪਣੇ ਦੇਸ਼ ਲੈ ਕੇ ਜਾਵੇਗਾ?

'ਆਪ੍ਰੇਸ਼ਨ ਹਾਰਡ ਬਾਲ' ਤਹਿਤ ਐਫਬੀਆਈ ਅਤੇ ਅਮਰੀਕੀ ਨਿਆਂ ਵਿਭਾਗ ਨੇ ਸਿਰਫ਼ ਅਮਰੀਕਾ ਵਿੱਚ ਮੌਜੂਦ ਅਪਰਾਧੀਆਂ ਨੂੰ ਹੀ ਨਹੀਂ, ਸਗੋਂ ਭਾਰਤੀ ਜੇਲ੍ਹਾਂ ਵਿੱਚ ਬੰਦ ਮੁੱਖ ਸਾਜ਼ਿਸ਼ਘੜੀਆਂ ਨੂੰ ਵੀ ਨਾਮਜ਼ਦ ਕੀਤਾ ਹੈ।

ਅਮਰੀਕੀ ਕਾਨੂੰਨ ਮੁਤਾਬਕ, ਕਿਉਂਕਿ ਇਨ੍ਹਾਂ ਗੈਂਗਸਟਰਾਂ ਨੇ ਅਮਰੀਕੀ ਨਾਗਰਿਕਾਂ ਤੋਂ ਫਿਰੌਤੀ ਮੰਗੀ ਹੈ ਅਤੇ ਉੱਥੇ ਡਰੱਗ ਸਿੰਡੀਕੇਟ ਚਲਾਇਆ ਹੈ, ਇਸ ਲਈ ਅਮਰੀਕਾ ਹੁਣ ਭਾਰਤ ਸਰਕਾਰ ਤੋਂ ਇਨ੍ਹਾਂ ਗੈਂਗਸਟਰਾਂ (ਲਾਰੈਂਸ ਬਿਸ਼ਨੋਈ ਅਤੇ ਜੱਗੂ ਭਗਵਾਨਪੁਰੀਆ) ਦੀ ਹਵਾਲਗੀ ਦੀ ਮੰਗ ਕਰ ਰਿਹਾ ਹੈ। ਅਮਰੀਕੀ ਜਾਂਚ ਏਜੰਸੀਆਂ ਚਾਹੁੰਦੀਆਂ ਹਨ ਕਿ ਇਨ੍ਹਾਂ ਨੂੰ ਅਮਰੀਕਾ ਲਿਆਂਦਾ ਜਾਵੇ ਤਾਂ ਜੋ ਉੱਥੋਂ ਦੀਆਂ ਸੰਘੀ ਅਦਾਲਤਾਂ ਵਿੱਚ ਇਨ੍ਹਾਂ 'ਤੇ ਰੀਕੋ ਐਕਟ ਤਹਿਤ ਮੁਕੱਦਮਾ ਚਲਾ ਕੇ ਸਖ਼ਤ ਸਜ਼ਾ ਦਿੱਤੀ ਜਾ ਸਕੇ। ਭਾਰਤੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਵੀ ਪੁਸ਼ਟੀ ਕੀਤੀ ਹੈ ਕਿ ਭਾਰਤ ਅਤੇ ਅਮਰੀਕਾ ਵਿਚਕਾਰ ਇਸ ਕੌਮਾਂਤਰੀ ਸੰਗਠਿਤ ਅਪਰਾਧ ਨੂੰ ਖ਼ਤਮ ਕਰਨ ਲਈ ਬਹੁਤ ਮਜ਼ਬੂਤ ਸਹਿਯੋਗ ਚੱਲ ਰਿਹਾ ਹੈ।

## ਸਿੱਖ ਜਥੇਬੰਦੀਆਂ ਵਲੋਂ ਐਫਬੀਆਈ ਦਾ ਸਮਰਥਨ

ਅਮਰੀਕਾ ਵਿੱਚ ਐਫਬੀਆਈ ਦੀ ਇਸ ਵੱਡੀ ਕਾਰਵਾਈ ਦਾ ਉੱਥੋਂ ਦੀਆਂ ਪ੍ਰਮੁੱਖ ਸਿੱਖ ਜਥੇਬੰਦੀਆਂ (ਜਿਨ੍ਹਾਂ ਵਿੱਚ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ, ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ, ਅਤੇ ਵਰਲਡ ਸਿੱਖ ਪਾਰਲੀਮੈਂਟ ਸ਼ਾਮਲ ਹਨ) ਨੇ ਜ਼ੋਰਦਾਰ ਸਵਾਗਤ ਕੀਤਾ ਹੈ। ਇੱਕ ਅਹਿਮ ਸਾਂਝੀ ਮੀਟਿੰਗ ਦੌਰਾਨ ਸਿੱਖ ਜਥੇਬੰਦੀਆਂ ਨੇ ਮਤਾ ਪਾਸ ਕਰਕੇ ਮੰਗ ਕੀਤੀ ਕਿ ਭਾਰਤ ਦੀਆਂ ਜੇਲ੍ਹਾਂ ਵਿੱਚ ਬੰਦ ਲਾਰੈਂਸ ਬਿਸ਼ਨੋਈ ਸਣੇ ਚਾਰਜਸ਼ੀਟ ਵਿੱਚ ਨਾਮਜ਼ਦ ਸਾਰੇ ਮੁਲਜ਼ਮਾਂ ਨੂੰ ਤੁਰੰਤ ਅਮਰੀਕਾ ਦੇ ਹਵਾਲੇ ਕੀਤਾ ਜਾਵੇ। ਇਸ ਦੇ ਨਾਲ ਹੀ, ਉਨ੍ਹਾਂ ਨੇ ਅਮਰੀਕਾ ਅਤੇ ਕੈਨੇਡਾ ਦੇ ਸਮੂਹ ਗੁਰਦੁਆਰਿਆਂ ਵਿੱਚ ਇੱਕ ਵਿਸ਼ੇਸ਼ ਜਾਗਰੂਕਤਾ ਮੁਹਿੰਮ ਚਲਾਉਣ ਦਾ ਐਲਾਨ ਕੀਤਾ ਹੈ, ਤਾਂ ਜੋ ਆਮ ਸੰਗਤ ਅਤੇ ਨੌਜਵਾਨਾਂ ਨੂੰ ਇਨ੍ਹਾਂ ਗੈਂਗਸਟਰਾਂ ਦੇ ਡਿਜੀਟਲ ਜਾਲ ਅਤੇ ਅਪਰਾਧਿਕ ਨੈੱਟਵਰਕ ਤੋਂ ਬਚਾਇਆ ਜਾ ਸਕੇ। ਜਥੇਬੰਦੀਆਂ ਨੇ ਇਹ ਵੀ ਅਪੀਲ ਕੀਤੀ ਹੈ ਕਿ ਜੇਕਰ ਕਿਸੇ ਕੋਲ ਵੀ ਇਨ੍ਹਾਂ ਭਗੌੜੇ ਅਪਰਾਧੀਆਂ ਬਾਰੇ ਕੋਈ ਜਾਣਕਾਰੀ ਹੈ, ਤਾਂ ਉਹ ਤੁਰੰਤ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨਾਲ ਸਹਿਯੋਗ ਕਰਨ।

# ਸਾਊਥਾਲ ਵਿਖੇ ਸਿੱਖ ਸੰਗਤ ਨੂੰ ਸੰਬੋਧਨ ਕਰਦਿਆਂ ਜਥੇਦਾਰ ਗੜਗੱਜ ਨੇ ਇਕਜੁੱਟਤਾ ਅਤੇ ਮੀਰੀ-ਪੀਰੀ ਦੇ ਸਿਧਾਂਤ 'ਤੇ ਦਿੱਤਾ ਜ਼ੋਰ



ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਦਾ ਸਨਮਾਨ ਕਰਦੇ ਹੋਏ ਪ੍ਰਬੰਧਕ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਆਪਣੇ ਯੂ ਕੇ ਦੌਰੇ ਦੇ ਚੱਲਦਿਆਂ ਸ਼ਨਿਚਰਵਾਰ ਨੂੰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵਿਖੇ ਪ੍ਰਬੰਧਕ ਕਮੇਟੀ ਵੱਲੋਂ ਸੰਗਤ ਤੇ ਨੌਜਵਾਨਾਂ ਦੇ ਸਹਿਯੋਗ ਨਾਲ ਕਰਵਾਏ ਗਏ ਗੁਰਮਤਿ ਸਮਾਗਮ ਵਿੱਚ ਸ਼ਮੂਲੀਅਤ ਕੀਤੀ। ਜਿੱਥੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮੁੱਖ ਸੇਵਾਦਾਰ ਸ: ਗੁਰਮੇਲ ਸਿੰਘ ਮੱਲੀ, ਹਰਜੀਤ ਸਿੰਘ ਸਰਪੰਚ, ਸ਼ਰਨਬੀਰ ਸਿੰਘ ਸੰਘਾ, ਸੁਰਿੰਦਰ ਸਿੰਘ ਢੱਟ, ਮਨਜੀਤ ਸਿੰਘ, ਸਤਨਾਮ ਸਿੰਘ ਚੌਹਾਨ, ਬਲਜਿੰਦਰ ਸਿੰਘ, ਸੁਖਦੀਪ ਸਿੰਘ ਰੰਧਾਵਾ ਆਦਿ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ।

ਇਸ ਦੌਰਾਨ ਜਥੇਦਾਰ ਗੜਗੱਜ ਨੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਨਾਲ ਇੱਕ ਵਿਸ਼ੇਸ਼ ਮੁਲਾਕਾਤ ਵੀ ਕੀਤੀ ਜਿਸ ਵਿੱਚ ਖ਼ਾਲਸਾ ਪੰਥ, ਪੰਜਾਬ ਅਤੇ ਨੌਜਵਾਨਾਂ ਦੀ ਚੜ੍ਹਦੀ ਕਲਾ ਤੇ ਇਕਜੁੱਟਤਾ ਸਬੰਧੀ ਵਿਚਾਰਾਂ ਹੋਈਆਂ। ਉਨ੍ਹਾਂ ਵੱਲੋਂ ਜਥੇਦਾਰ ਗੜਗੱਜ ਨੂੰ ਕੁਝ ਅਹਿਮ ਸੁਝਾਅ ਦਿੱਤੇ ਗਏ ਅਤੇ ਸਿੰਘ ਸਾਹਿਬ ਨੇ ਗੁਰੂ ਘਰ ਦੇ ਪ੍ਰਬੰਧਕਾਂ ਤੇ ਹਾਜ਼ਰ ਸਿੱਖ ਚਿੰਤਕਾਂ ਨੂੰ ਇਹ ਸੁਝਾਅ ਵਿਸਥਾਰ ਵਿੱਚ ਲਿਖਤੀ ਤੌਰ ਉੱਤੇ ਵੀ ਭੇਜਣ ਲਈ ਆਖਿਆ।

ਸਮਾਗਮ ਦੌਰਾਨ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਗੁਰਮੇਲ ਸਿੰਘ ਮੱਲ੍ਹੀ ਅਤੇ ਸਟੇਜ ਸਕੱਤਰ ਸ. ਮਨਜੀਤ ਸਿੰਘ ਨੇ ਜਥੇਦਾਰ ਗੜਗੱਜ ਦਾ ਯੂਕੇ ਪੁੱਜਣ ਉੱਤੇ ਸੁਆਗਤ ਕੀਤਾ। ਉਨ੍ਹਾਂ ਜਥੇਦਾਰ ਗੜਗੱਜ ਵੱਲੋਂ ਨਿਭਾਈਆਂ ਜਾ ਰਹੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ। ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਗੁਰਦੁਆਰਾ ਸਾਹਿਬਾਨ ਸਾਨੂੰ ਜੋੜਣ ਦੀ ਥਾਂ ਹਨ, ਜਿੱਥੇ ਸਿੱਖ ਇੱਕ ਦੂਜੇ ਵਾਲ ਮੇਲ-ਮਿਲਾਪ ਕਰਦੇ ਹਨ ਅਤੇ ਗੁਰੂ ਨਾਲ ਜੁੜਦੇ ਹਨ। ਉਨ੍ਹਾਂ ਕਿਹਾ ਕਿ ਆਪਣੀ ਨਵੀਂ ਪੀੜ੍ਹੀ ਨੂੰ ਅਸੀਂ ਵੱਧ ਤੋਂ ਵੱਧ ਗੁਰੂ ਘਰਾਂ ਨਾਲ ਜੋੜੀਏ ਅਤੇ ਉਨ੍ਹਾਂ ਨੂੰ ਸੇਵਾਵਾਂ ਵਿੱਚ ਮੌਕੇ ਦਈਏ। ਸਿੱਖਾਂ ਅਤੇ ਪੰਜਾਬੀਆਂ ਨੇ ਯੂਕੇ ਦੀ ਧਰਤੀ ਉੱਤੇ ਪਹੁੰਚ ਕੇ ਵੀ ਇੱਥੋਂ ਦੀ ਤਰੱਕੀ ਅਤੇ ਪੰਜਾਬ ਦੀ ਚੜ੍ਹਦੀ ਕਲਾ ਲਈ ਵੱਡਾ ਯੋਗਦਾਨ ਪਾਇਆ ਹੈ। ਉਨ੍ਹਾਂ ਕਿਹਾ ਕਿ ਹਰ ਪੰਜਾਬੀ ਤੇ ਸਿੱਖ ਦਾ ਇਹ ਫਰਜ਼ ਹੈ ਕਿ ਉਹ ਆਪਣੇ ਮੂਲ ਪੰਜਾਬ ਨਾਲ ਜੁੜੇ ਰਹਿਣ ਅਤੇ ਸਾਲ ਜਾਂ ਦੋ ਸਾਲ ਬਾਅਦ ਪੰਜਾਬ ਜਾ ਕੇ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਜ਼ਰੂਰ ਕਰਨ।

ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਨੌਜਵਾਨਾਂ ਨੂੰ ਕਿਹਾ ਕਿ ਉਹ ਆਪਣਾ ਇਤਿਹਾਸ ਜ਼ਰੂਰ ਪੜ੍ਹਨ ਅਤੇ ਉਸ ਦੀ ਰੋਸ਼ਨੀ ਤੇ ਸਿੱਖਿਆ ਵਿੱਚ ਕਾਰਜ ਕਰਨ। ਉਨ੍ਹਾਂ ਕਿਹਾ ਕਿ ਸਮਾਗਮ ਵਿੱਚ ਨੌਜਵਾਨਾਂ ਦੀ ਭਰਵੀਂ ਸ਼ਮੂਲੀਅਤ ਦੱਸਦੀ ਹੈ ਕਿ ਉਨ੍ਹਾਂ ਦਾ ਗੁਰੂ ਪ੍ਰਤੀ ਪ੍ਰੇਮ ਹੈ। ਉਨ੍ਹਾਂ ਕਿਹਾ ਕਿ ਅੱਜ ਸਿੱਖਾਂ ਨੂੰ ਆਪਸੀ ਧੜੇਬੰਦੀ ਤੋਂ ਉੱਪਰ ਉੱਠ ਕੇ ਕੌਮ ਦੀ ਭਲਾਈ ਲਈ ਇਕਜੁੱਟ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅੱਜ ਲੋੜ ਹੈ ਕਿ ਸਿੱਖ ਮੀਰੀ ਅਤੇ ਪੀਰੀ ਦੇ ਸਿਧਾਂਤ ਨੂੰ ਸਮਝਣ ਪੰਥ ਅਤੇ ਪੰਜਾਬ ਨੂੰ ਇਸ ਅਨੁਸਾਰ ਤਕੜਾ ਕਰਨ। ਉਨ੍ਹਾਂ ਯੂਕੇ ਦੇ ਸਿੱਖਾਂ ਨੂੰ ਅਕਲ ਨਾਲ ਦਾਨ ਕਰਨ ਦੀ ਤਾਕੀਦ ਕੀਤੀ ਅਤੇ ਯਕੀਨੀ ਬਣਾਉਣ ਲਈ ਕਿਹਾ ਕਿ ਵਿਦੇਸ਼ੀ ਸਿੱਖਾਂ ਵੱਲੋਂ ਕੀਤੀ ਗਈ ਮਦਦ ਪੰਜਾਬ ਵਿੱਚ ਸਿੱਧੀ ਲੋੜਵੰਦਾਂ ਤੱਕ ਪਹੁੰਚੇ।

ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸਿੱਖਾਂ ਨੂੰ ਕੇਂਦਰੀ ਸਿੱਖ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਰੁੱਧ ਕੀਤੀ ਜਾ ਰਹੀਆਂ ਸਾਜ਼ਸ਼ਾਂ ਤੋਂ ਸੁਚੇਤ ਰਹਿਣ ਦੀ ਤਾਕੀਦ ਕੀਤੀ। ਉਨ੍ਹਾਂ ਕਿਹਾ ਕਿ ਸਿੱਖਾਂ ਕੋਲ ਵਿਸ਼ਵ ਵਿੱਚ ਇਹ ਸਿੱਖਾਂ ਦੀ ਇਹ ਵਾਹਦ ਸੰਸਥਾ ਹੈ ਜੋ ਸਾਡੇ ਬਜ਼ੁਰਗਾਂ ਨੇ ਸ਼ਹੀਦੀਆਂ ਦੇ ਕੇ ਸਥਾਪਤ ਕੀਤੀ ਹੈ, ਜਿਸ ਨੂੰ ਕਮਜ਼ੋਰ ਕਰਨ ਅਤੇ ਤੋੜਣ ਦੀਆਂ ਸਾਜ਼ਸ਼ਾਂ ਹੋ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਨਾਲ ਵਿਸ਼ਵ ਭਰ ਤੋਂ ਸਿੱਖਾਂ ਨੂੰ ਜੋੜਨ ਅਤੇ ਨੁਮਾਇੰਦਗੀ ਦੇਣ ਲਈ ਯਤਨ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਜੇਕਰ ਪੰਜਾਬ ਤੇ ਪੰਥ ਨੂੰ ਕੋਈ ਮੁਸ਼ਕਲ ਜਾਂ ਪ੍ਰੇਸ਼ਾਨੀ ਆਉਂਦੀ ਹੈ ਤਾਂ ਵਿਦੇਸ਼ਾਂ ਵਿੱਚ ਵੱਸਦੇ ਸਿੱਖਾਂ ਤੇ ਪੰਜਾਬੀਆਂ ਨੇ ਹਮੇਸ਼ਾ ਚੜ੍ਹਦੀ ਕਲਾ ਨਾਲ ਸਰਬੱਤ ਦੇ ਭਲੇ ਦੇ ਸਿਧਾਂਤ ਉੱਤੇ ਚੱਲਦਿਆਂ ਭਰਵਾਂ ਯੋਗਦਾਨ ਪਾਇਆ ਹੈ। ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੀ ਪ੍ਰਬੰਧਕ ਕਮੇਟੀ ਵੱਲੋਂ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦਾ ਸਿਰੋਪਾਓ ਅਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨ ਕੀਤਾ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੀਤ ਪ੍ਰਧਾਨ ਸ. ਹਰਜੀਤ ਸਿੰਘ ਸਰਪੰਚ, ਜਨਰਲ ਸਕੱਤਰ ਸ. ਸ਼ਰਨਬੀਰ ਸਿੰਘ ਸੰਘਾ, ਜਨਰਲ ਸਕੱਤਰ ਸ. ਸੁਰਿੰਦਰ ਸਿੰਘ ਢੱਟ, ਸਟੇਜ ਸਕੱਤਰ ਸ. ਮਨਜੀਤ ਸਿੰਘ, ਸਟੇਜ ਸਕੱਤਰ ਸ. ਸਤਨਾਮ ਸਿੰਘ ਚੌਹਾਨ, ਸ. ਜਸਕਰਨ ਸਿੰਘ ਮੀਡੀਆ ਸਲਾਹਕਾਰ, ਪਤਵੰਤੇ ਸੱਜਣ ਸ. ਸੁਖਦੀਪ ਸਿੰਘ ਰੰਧਾਵਾ, ਬੀਬੀ ਕਮਲਪ੍ਰੀਤ ਕੌਰ, ਜਸਵੰਤ ਸਿੰਘ ਮੰਡ, ਪ੍ਰਮਜੀਤ ਸਿੰਘ ਧਾਲੀਵਾਲ, ਗੁਰਦੀਪ ਸਿੰਘ, ਗੁਰਬਚਨ ਸਿੰਘ ਅਠਵਾਲ, ਅਜਮੇਰ ਸਿੰਘ ਵਿਰਦੀ, ਇਸ਼ਟਮੀਤ ਸਿੰਘ ਫੁੱਲ, ਜੋਗਿੰਦਰ ਸਿੰਘ ਬੱਲ, ਅਮਰੀਕ ਸਿੰਘ, ਸੁਖਵਿੰਦਰ ਸਿੰਘ ਸੁੱਖੀ, ਬਲਦੇਵ ਸਿੰਘ ਫੁੱਲ, ਬਲਵਿੰਦਰ ਸਿੰਘ ਪੱਟੀ, ਗੁਰਮੀਤ ਸਿੰਘ ਸਿੱਧੂ, ਗੁਰਸ਼ਰਨ ਸਿੰਘ ਮੰਡ, ਸਤਿੰਦਰ ਸਿੰਘ ਮੰਗੂਵਾਲ, ਬੀਬੀ ਸਰਬਜੀਤ ਕੌਰ, ਸ. ਸਰਬਜੀਤ ਸਿੰਘ ਆਦਿ ਹਾਜ਼ਰ ਸਨ।

# ਸ਼ਬਾਨਾ ਮਹਿਮੂਦ ਬਰਤਾਨੀਆਂ ਦੀ ਗ੍ਰਹਿ ਮੰਤਰੀ ਬਣੀ, ਜੌਹਨ ਹੀਲੀ ਨਵੇਂ ਖਜ਼ਾਨਾ ਮੰਤਰੀ ਅਤੇ ਏਡ ਮਿਲੀਬੈਂਡ ਵਿਦੇਸ਼ ਮੰਤਰੀ ਬਣੇ



ਸ਼ਬਾਨਾ ਮਹਿਮੂਦ, ਜੌਹਨ ਹੀਲੀ, ਏਡ ਮਿਲੀਬੈਂਡ ਅਤੇ ਲੂਈਸ ਹੈਗ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਅੱਜ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲਦੇ ਐਂਡੀ ਬਰਨਹਮ ਨੇ ਕੀਰ ਸਟਾਰਮਰ ਦੇ 11 ਮੰਤਰੀਆਂ ਨੂੰ ਅਹੁਦੇ ਤੋਂ ਹਟਾ ਕੇ ਨਵੇਂ ਮੰਤਰੀ ਮੰਡਲ ਦੇ ਗਠਨ ਦੀ ਪ੍ਰਕਿਆ ਦੀ ਆਰੰਭਤਾ ਕਰਦਿਆਂ ਬਰਤਾਨੀਆਂ ਦੇ ਸਾਬਕਾ ਰੱਖਿਆ ਮੰਤਰੀ ਜੌਹਨ ਹੀਲੀ ਨੂੰ ਨਵੇਂ ਖਜ਼ਾਨਾ ਮੰਤਰੀ ਬਣਾਉਣ ਦਾ ਐਲਾਨ ਕੀਤਾ ਹੈ। ਜੌਹਨ ਹੀਲੀ ਨੇ ਰੇਚਲ ਰੀਵਜ਼ ਦੀ ਜਗ੍ਹਾ ਯੂ ਕੇ ਦੀ ਆਰਥਿਕ ਨੀਤੀ ਅਤੇ ਵਿੱਤ ਵਿਭਾਗ ਦੀ ਅਗਵਾਈ ਕਰਨਗੇ। ਇਸ ਤੋਂ ਪਹਿਲਾਂ, ਹੀਲੀ ਨੇ 2024 ਤੋਂ 2026 ਤੱਕ ਯੂ ਕੇ ਦੇ ਰੱਖਿਆ ਮੰਤਰੀ ਵਜੋਂ ਸੇਵਾ ਨਿਭਾਈ ਸੀ। ਉਹ 1997 ਤੋਂ ਲਗਾਤਾਰ ਰੌਮਾਰਸ਼ ਅਤੇ ਕੋਨਿਸਬਰੋ ਹਲਕੇ ਤੋਂ ਲਗਾਤਾਰ ਸੰਸਦ ਮੈਂਬਰ ਚੁਣੇ ਜਾ ਰਹੇ ਹਨ। ਪਾਕਿਸਤਾਨੀ ਮੂਲ ਦੀ ਸ਼ਬਾਨਾ ਮਹਿਮੂਦ ਨੂੰ ਦੁਬਾਰਾ ਗ੍ਰਹਿ ਮੰਤਰੀ ਬਣਾਇਆ ਗਿਆ ਹੈ। ਸਤੰਬਰ 2025 ਤੋਂ ਸ਼ਬਾਨਾ ਬਤੌਰ ਗ੍ਰਹਿ ਮੰਤਰੀ ਸੇਵਾਵਾਂ ਨਿਭਾਅ ਰਹੀ ਹੈ।

ਇਸੇ ਤਰ੍ਹਾਂ ਏਡ ਮਿਲੀਬੈਂਡ ਨੂੰ ਯੂਵਟ ਕੂਪਰ ਦੀ ਥਾਂ ਨਵਾਂ ਵਿਦੇਸ਼ ਮੰਤਰੀ ਬਣਾਇਆ ਗਿਆ ਹੈ, ਮਿਲੀਬੈਂਡ 2010 ਤੋਂ 2015 ਤੱਕ ਲੇਬਰ ਪਾਰਟੀ ਦੇ ਮੁੱਖੀ ਰਹੇ ਹਨ ਅਤੇ ਸਟਾਰਮਰ ਸਰਕਾਰ ਵਿੱਚ ਊਰਜਾ ਮੰਤਰੀ ਸਨ। ਇਸ ਤੋਂ ਇਲਾਵਾ ਲੂਈਸ ਹੈਗ ਨੂੰ ਹੁਣ ਫਸਟ ਸੈਕਟਰੀ ਆਫ ਸਟੇਟ ਅਤੇ ਚਾਂਸਲਰ ਆਫ ਦ ਡਚੀ ਆਫ ਲੈਂਕਾਸਟਰ ਬਣਾਇਆ ਗਿਆ ਹੈ।

# ਇੰਗਲੈਂਡ ਦੇ ਮਹਾਨ ਫੁੱਟਬਾਲਰ ਕੇਵਿਨ ਕੀਗਨ ਨਹੀਂ ਰਹੇ, 75 ਸਾਲ ਦੀ ਉਮਰ ਵਿੱਚ ਲਿਆ ਆਖਰੀ ਸਾਹ



**ਲੰਡਨ:** ਇੰਗਲੈਂਡ ਦੇ ਸਾਬਕਾ ਕਪਤਾਨ, ਕੋਚ ਅਤੇ ਵਿਸ਼ਵ ਪ੍ਰਸਿੱਧ ਫੁੱਟਬਾਲਰ ਕੇਵਿਨ ਕੀਗਨ ਦਾ 75 ਸਾਲ ਦੀ ਉਮਰ ਵਿੱਚ ਦਿਹਾਂਤ ਹੋ ਗਿਆ। ਉਹ ਕੁਝ ਸਮੇਂ ਤੋਂ ਕੈਂਸਰ ਨਾਲ ਜੂਝ ਰਹੇ ਸਨ ਅਤੇ ਪਿਛਲੇ ਮਹੀਨੇ ਹੀ ਆਪਣੀ ਬਿਮਾਰੀ ਬਾਰੇ ਜਨਤਕ ਤੌਰ 'ਤੇ ਜਾਣਕਾਰੀ ਦਿੱਤੀ ਸੀ। ਉਨ੍ਹਾਂ ਦੇ ਦੇਹਾਂਤ ਦੀ ਪੁਸ਼ਟੀ ਉਨ੍ਹਾਂ ਦੇ ਸਾਬਕਾ ਕਲੱਬ ਨਿਊਕੈਸਲ ਯੂਨਾਈਟਿਡ ਵੱਲੋਂ ਕੀਤੀ ਗਈ। ਕਲੱਬ ਨੇ ਕੀਗਨ ਨੂੰ ਆਪਣੇ ਇਤਿਹਾਸ ਦੀਆਂ ਸਭ ਤੋਂ ਸਨਮਾਨਿਤ ਅਤੇ ਪ੍ਰਭਾਵਸ਼ਾਲੀ ਹਸਤੀਆਂ ਵਿੱਚੋਂ ਇੱਕ ਕਰਾਰ ਦਿੰਦਿਆਂ ਉਨ੍ਹਾਂ ਨੂੰ ਭਾਵੁਕ ਸ਼ਰਧਾਂਜਲੀ ਭੇਟ ਕੀਤੀ। 1970 ਦੇ ਦਹਾਕੇ ਵਿੱਚ ਕੇਵਿਨ ਕੀਗਨ ਯੂਰਪੀਅਨ ਫੁੱਟਬਾਲ ਦੇ ਸਭ ਤੋਂ ਚਮਕਦੇ ਸਿਤਾਰਿਆਂ ਵਿੱਚ ਗਿਣੇ ਜਾਂਦੇ ਸਨ। ਉਨ੍ਹਾਂ ਨੇ ਆਪਣੀ ਤੇਜ਼ ਰਫ਼ਤਾਰ, ਸ਼ਾਨਦਾਰ ਗੋਲ ਕਰਨ ਦੀ ਕਾਬਲੀਅਤ ਅਤੇ ਜਜ਼ਬੇ ਨਾਲ ਵਿਸ਼ਵ ਫੁੱਟਬਾਲ ਵਿੱਚ ਵਿਲੱਖਣ ਪਛਾਣ ਬਣਾਈ।

# ਯੂਕੇ ਪੁੱਜਣ ’ਤੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦਾ ਸੰਗਤ ਵੱਲੋਂ ਭਰਵਾਂ ਸੁਆਗਤ



ਲੰਡਨ ਹਵਾਈ ਅੱਡੇ ਤੇ ਜੱਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦਾ ਸਵਾਗਤ ਕਰਦੀਆਂ ਸੰਗਤਾਂ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨਿਹਕਾਮੀ ਸੇਵਾ ਟ੍ਰਸਟ ਯੂ ਕੇ ਦੇ ਸੱਦੇ ਉੱਤੇ ਤਿੰਨ ਦਿਨਾਂ ਦੇ ਦੌਰੇ ਉੱਤੇ ਬਰਤਾਨੀਆ ਪੁੱਜੇ ਹਨ।

ਲੰਡਨ ਦੇ ਗੈਟਵਿੱਕ ਹਵਾਈ ਅੱਡੇ ਉੱਤੇ ਪੁੱਜਣ ’ਤੇ ਲੰਡਨ ਦੀਆਂ ਸਿੱਖ ਸੰਗਤਾਂ ਅਤੇ ਨੌਜਵਾਨਾਂ ਨੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦਾ ਸਿਰੋਪਾਓ ਤੇ ਫੁੱਲਾਂ ਦੇ ਗੁਲਦ-ਸਤੇ ਦੇ ਕੇ ਭਰਵਾਂ ਸੁਆਗਤ ਕੀਤਾ। ਇਸ ਮੌਕੇ ਉਤਸ਼ਾਹ ਨਾਲ ਸੰਗਤਾਂ ਨੇ ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਦੀ ਗੂੰਜ ਨਾਲ ਹਵਾਈ ਅੱਡੇ ਤੇ ਖ਼ਾਲਸਾਈ ਮਾਹੌਲ ਸਿਰਜ ਦਿੱਤਾ।

ਆਪਣੇ ਤਿੰਨ ਦਿਨਾਂ ਦੇ ਦੌਰੇ ਸਮੇਂ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਗੁਰਦੁਆਰਾ ਗੁਰੂ ਗ਼ਰੀਬ ਨਿਵਾਜ, ਹੇਜ਼, ਲੰਡਨ ਵਿਖੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ ਕਰਵਾਏ ਜਾ ਰਹੇ ਗੁਰਮਤਿ ਸਮਾਗਮ ਵਿੱਚ ਸ਼ਮੂਲੀਅਤ ਕੀਤੀ ਹੈ।

ਜਥੇਦਾਰ ਗੜਗੱਜ ਦੇ ਨਾਲ ਉਨ੍ਹਾਂ ਦੇ ਮੀਡੀਆ ਸਲਾਹਕਾਰ ਸ. ਜਸਕਰਨ ਸਿੰਘ ਵੀ ਯੂਕੇ ਪੁੱਜੇ ਹਨ।

## ਯੂਕੇ ਦੇ ਪ੍ਰਧਾਨ ਮੰਤਰੀ ਐਂਡੀ ਬਰਨਹਮ ਵੱਲੋਂ ਘਰੇਲੂ ਬਿਜਲੀ ਦੇ ਬਿੱਲਾਂ ਤੋਂ ਵੈਟ ਹਟਾਉਣ ਦਾ ਐਲਾਨ



**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂਕੇ ਦੇ ਨਵੇਂ ਪ੍ਰਧਾਨ ਮੰਤਰੀ ਐਂਡੀ ਬਰਨਹਮ ਨੇ ਆਪਣੇ ਪਹਿਲੇ ਵੱਡੇ ਨੀਤੀਗਤ ਫੈਸਲੇ ਤਹਿਤ ਘਰੇਲੂ ਬਿਜਲੀ ਦੇ ਬਿੱਲਾਂ ਤੋਂ ਵੈਲਿਊ ਐਡਿਡ ਟੈਕਸ (ਵੈਟ) ਨੂੰ ਪੂਰੀ ਤਰ੍ਹਾਂ ਖਤਮ ਕਰਨ ਦਾ ਐਲਾਨ ਕੀਤਾ ਹੈ। 1 ਅਕਤੂਬਰ 2026 ਤੋਂ ਘਰੇਲੂ ਬਿਜਲੀ ਦੇ ਬਿੱਲਾਂ 'ਤੇ ਲੱਗਣ ਵਾਲਾ ਵੈਟ 5% ਤੋਂ ਘਟਾ ਕੇ 0% ਕਰ ਦਿੱਤਾ ਜਾਵੇਗਾ। ਇਸ ਫੈਸਲੇ ਨਾਲ ਪ੍ਰਾਈਸ ਕੈਪ ਅਧੀਨ ਆਉਂਦੇ ਔਸਤਨ ਯੂਕੇ ਦੇ ਹਰੇਕ ਪਰਿਵਾਰ ਨੂੰ ਸਾਲਾਨਾ ਲਗਭਗ 45 ਪੌਂਡ ਦੀ ਬਚਤ ਹੋਵੇਗੀ। ਸਾਲ 2026-27 ਲਈ ਇਸ ਯੋਜਨਾ 'ਤੇ ਲਗਭਗ 850 ਮਿਲੀਅਨ ਪੌਂਡ ਦਾ ਖਰਚਾ ਆਵੇਗਾ। ਸਰਕਾਰ ਵੱਲੋਂ ਪਹਿਲਾਂ ਤੋਂ ਚੱਲ ਰਹੇ ਡਿਜੀਟਲ ਆਈਡੀ ਪ੍ਰੋਗਰਾਮ ਨੂੰ ਰੱਦ ਕਰਕੇ ਇਸ ਰਾਹਤ ਫੰਡ ਦਾ ਪ੍ਰਬੰਧ ਕੀਤਾ ਗਿਆ ਹੈ। ਸਰਕਾਰ ਦਾ ਮੁੱਖ ਮਕਸਦ ਸਰਦੀਆਂ ਦੇ ਮੌਸਮ ਤੋਂ ਪਹਿਲਾਂ ਆਮ ਲੋਕਾਂ ਨੂੰ ਰਹਿਣ-ਸਹਿਣ ਦੇ ਖਰਚਿਆਂ ਵਿੱਚ ਤੁਰੰਤ ਰਾਹਤ ਦੇਣਾ ਹੈ। ਇਸ ਫੈਸਲੇ ਨਾਲ ਖਪਤਕਾਰ ਮੁੱਲ ਸੂਚਆਂਕ ਮਹਿੰਗਾਈ ਵਿੱਚ ਲਗਭਗ 0.10 ਪ੍ਰਤੀਸ਼ਤ ਅੰਕਾਂ ਦੀ ਕਮੀ ਆਉਣ ਦੀ ਉਮੀਦ ਹੈ। ਗੈਸ ਅਤੇ ਬਿਜਲੀ ਦੀਆਂ ਕੀਮਤਾਂ ਵਿਚਕਾਰ ਫਰਕ ਘਟਣ ਨਾਲ ਲੋਕਾਂ ਨੂੰ ਹੀਟ ਪੰਪਾਂ ਅਤੇ ਇਲੈਕਟ੍ਰਿਕ ਵਾਹਨਾਂ ਵੱਲ ਪ੍ਰੇਰਿਤ ਕਰਨ ਵਿੱਚ ਮਦਦ ਮਿਲੇਗੀ। ਗ੍ਰੇਟ ਬ੍ਰਿਟੇਨ ਦੇ ਸਾਰੇ ਬਿਜਲੀ ਸਪਲਾਇਰਾਂ ਨੂੰ ਇਹ ਰਾਹਤ ਸਿੱਧੀ ਗਾਹਕਾਂ ਤੱਕ ਪਹੁੰਚਾਉਣ ਦੇ ਨਿਰਦੇਸ਼ ਦਿੱਤੇ ਗਏ ਹਨ, ਜਿਸ ਵਿੱਚ ਫਿਕਸਡ ਟੈਰਿਫ ਵਾਲੇ ਗਾਹਕ ਵੀ ਸ਼ਾਮਲ ਹਨ। ਉੱਤਰੀ ਆਇਰਲੈਂਡ ਦੀ ਐਗਜ਼ੈਕਟਿਵ ਨੂੰ ਵੀ ਇਸ ਦੇ ਬਰਾਬਰ ਫੰਡ ਮੁਹੱਈਆ ਕਰਵਾਏ ਜਾਣਗੇ।**

## ਹੈਨਰੀ ਨੋਵਾਕ ਕਤਲ ਮਾਮਲੇ ਦੇ ਦੋਸ਼ੀ ਦਿਗਵਾ ਅਤੇ ਉਸ ਦੇ ਭਰਾ ਦੀ ਗੱਲਬਾਤ ਨੇ ਨਵੀਂ ਚਰਚਾ ਛੇੜੀ



**ਵਿਕਰਮ ਦਿਗਵਾ**

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਹੈਨਰੀ ਨੋਵਾਕ ਕਤਲ ਮਾਮਲੇ ‘ਚ ਉਮਰ ਕੈਦ ਦੀ ਸਜ਼ਾ ਭੁਗਤ ਰਹੇ ਵਿਕਰਮ ਦਿਗਵਾ ਅਤੇ ਉਸ ਦੇ ਭਰਾ ਗੁਰਪ੍ਰੀਤ ਸਿੰਘ ਦਿਗਵਾ ਦੀ ਪੁਲਿਸ ਵੈਨ ਵਿੱਚ ਹੋਈ ਆਪਸੀ ਗੱਲਬਾਤ ਨੂੰ ਬੀ ਬੀ ਸੀ ਨੇ ਜਨਤਕ ਕੀਤਾ ਹੈ। ਰਿਪੋਰਟ ਮੁਤਾਬਿਕ ਦੋਵਾਂ ਭਰਾਵਾਂ ਨੇ ਪੁਲਿਸ ਵੈਨ ਵਿੱਚ ਪੰਜਾਬੀ ਵਿੱਚ ਗੱਲਬਾਤ ਕੀਤੀ ਜਿਸ ਨੂੰ ਬਾਅਦ ਵਿੱਚ ਅਦਾਲਤੀ ਕਾਰਵਾਈ ਦੌਰਾਨ ਵਰਤਿਆ ਗਿਆ ਸੀ। ਉਸ ਦੀ ਦੋਭਾਸ਼ੀਏ ਦੀ ਮਦਦ ਨਾਲ ਅੰਗਰੇਜ਼ੀ ਵਿੱਚ ਅਨੁਵਾਦ ਕੀਤਾ ਗਿਆ। ਇਹ ਗੱਲਬਾਤ ਦੋਵਾਂ ਭਰਾਵਾਂ ਨੇ 5 ਦਸੰਬਰ 2025 ਨੂੰ ਪੁਲਿਸ ਸ਼ਟੇਸ਼ਨ ਤੋਂ ਅਦਾਲਤ ਵੱਲ ਜਾਂਦਿਆਂ ਕੀਤੀ ਦੱਸੀ ਜਾਂਦੀ ਹੈ। ਗੱਲਬਾਤ ਵਿੱਚ ਗੁਰਪ੍ਰੀਤ ਨੇ ਪੁਛਿਆ ਕਿ ਤੂੰ ਕੀ ਕੀਤਾ? ਕੀ ਤੂੰ ਸੱਚਮੁੱਚ ਕੀਤਾ ਵੀ ਸੀ? ਤਾਂ ਵਿਕਰਮ ਨੇ ਜਵਾਬ ਵਿੱਚ ਇਸ਼ਾਰਾ ਕਰਦਿਆਂ ਮੋਢੇ ਵਿੱਚ, ਚਿਹਰੇ ਵੱਲ ਅਤੇ ਛਾਤੀ ਵਿੱਚ ਕਿਹਾ। ਗੁਰਪ੍ਰੀਤ ਨੇ ਕਿਹਾ ਕਿ ਤੈਨੂੰ ਨਹੀਂ ਕਰਨ ਚਾਹੀਦਾ ਸੀ ਤਾਂ ਵਿਕਰਮ ਨੇ ਕਿਹਾ ਕਿ ਉਸ ਦੀ ਗਲਤੀ ਸੀ।

ਗੁਰਪ੍ਰੀਤ ਨੇ ਇਹ ਵੀ ਪੁਛਿਆ ਕਿ ਤੂੰ ਕਿਹੜਾ ਸ਼ਸਤਰ ਵਰਤਿਆ ਸੀ? ਵਿਕਰਮ ਛੁਰਾ, ਤਾਂ ਗੁਰਪ੍ਰੀਤ ਕ੍ਰਿਪਾਨ ਕਹਿਣ ਲਈ ਵੀ ਆਖਦਾ ਹੈ, ਗੱਲਬਾਤ ਵਿੱਚ ਵਿਕਰਮ ਕਹਿੰਦਾ ਹੈ ਕਿ ਮੈਂ ਪੁਲਿਸ ਨੂੰ ਕ੍ਰਿਪਾਨ ਹੀ ਕਿਹਾ ਹੈ। ਦੋਵੇਂ ਜਣੇ ਆਪਣੇ ਪ੍ਰੀਵਾਰ ਦੇ ਬਚਾਅ ਦੀ ਗੱਲ ਵੀ ਕਰਦੇ ਹਨ। ਸਮੁੱਚਾ ਸਿੱਖ ਭਾਈਚਾਰਾ ਉਕਤ ਘਟਨਾਂਕ੍ਰਮ ਤੋਂ ਨਿਰਾਸ਼ ਹੈ ਅਤੇ ਇਸ ਮਾਮਲੇ ‘ਚ ਕ੍ਰਿਪਾਨ ਦੇ ਨਾਮ ਦੀ ਵਰਤੋਂ ਕਰਨ ਤੇ ਵੀ ਨਿਰਾਜ਼ਗੀ ਪ੍ਰਗਟ ਕਰ ਚੁੱਕਾ ਹੈ।

## ਭਾਈ ਅਵਤਾਰ ਸਿੰਘ ਖੰਡਾ ਦੀ ਮਾਤਾ ਬੀਬੀ ਚਰਨਜੀਤ ਕੌਰ ਦਾ ਗੁਰੂ ਨਾਨਕ ਗੁਰਦੁਆਰਾ ਸਮੈਦਿਕ ਵਿਖੇ ਸਨਮਾਨ



ਮਾਤਾ ਚਰਨਜੀਤ ਕੌਰ ਦਾ ਸਨਮਾਨ ਕਰਦੇ ਹੋਏ ਪ੍ਰਬੰਧਕ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਭਾਈ ਅਵਤਾਰ ਸਿੰਘ ਖੰਡਾ ਦੀ ਮਾਤਾ ਬੀਬੀ ਚਰਨਜੀਤ ਕੌਰ ਦਾ ਗੁਰੂ ਨਾਨਕ ਗੁਰਦੁਆਰਾ ਸਮੈਦਿਕ ਵਿਖੇ ਪ੍ਰਬੰਧਕ ਕਮੇਟੀ ਮੁੱਖ ਸੇਵਾਦਾਰ ਭਾਈ ਜਤਿੰਦਰ ਸਿੰਘ, ਕੁਲਦੀਪ ਸਿੰਘ ਦਿਓਲ, ਪ੍ਰਮਜੀਤ ਸਿੰਘ ਢਿਲੋਂ, ਇਕਬਾਲ ਸਿੰਘ, ਜਸਵਿੰਦਰ ਸਿੰਘ ਬਾਂਕਾ ਅਤੇ ਸਿੱਖ ਸੰਗਤਾਂ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ।**

ਇਸ ਸਬੰਧੀ ਜਾਣਕਾਰੀ ਦਿੰਦਿਆਂ ਸਾਬਕਾ ਪ੍ਰਧਾਨ ਸ: ਕੁਲਦੀਪ ਸਿੰਘ ਦਿਓਲ ਨੇ ਦੱਸਿਆ ਕਿ ਬੀਬੀ ਚਰਨਜੀਤ ਕੌਰ ਅਤੇ ਪ੍ਰੀਵਾਰ ਦੇ ਹੋਰ ਮੈਂਬਰਾਂ ਨੂੰ ਭਾਈ ਖੰਡਾ ਦੇ ਅੰਤਮ ਸੰਸਕਾਰ ਮੌਕੇ ਵੀ ਬੁਲਾਉਣ ਦੀ ਕੋਸ਼ਿਸ਼ ਕੀਤੀ ਸੀ, ਪਰ ਸੰਭਵ ਨਹੀਂ ਹੋ ਸਕਿਆ ਸੀ। ਬੀਬੀ ਚਰਨਜੀਤ ਕੌਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਮੈਨੂੰ ਮਾਣ ਵੀ ਹੈ ਅਤੇ ਦੁੱਖ ਵੀ ਹੈ। ਮਾਣ ਹੈ ਕਿ ਮੇਰੇ ਬੇਟੇ ਨੇ ਸਰਕਾਰ ਅੱਗੇ ਗੋਡੇ ਨਹੀਂ ਟੇਕੇ। ਉਹਨਾਂ ਕਿਹਾ ਕਿ 23 ਸਾਲ ਦੀ ਉਮਰ ਵਿੱਚ ਉਹ ਯੂ ਕੇ ਆ ਗਿਆ ਸੀ, ਮੇਰੀ ਪਹਿਚਾਣ ਮੇਰੀ ਬੇਟੇ ਨੇ ਮੇਰੀ ਬਣਾਈ। ਬੀਬੀ ਚਰਨਜੀਤ ਕੌਰ ਨੇ ਕਿਹਾ ਕਿ ਉਹ ਆਪਣੇ ਬੇਟੇ ਦੀਆਂ ਪੈੜਾਂ ਲੱਭਣ ਲਈ ਆਈ ਹੈ ਕਿ ਉਹ ਕਿਧਰੋਂ ਕਿਧਰ ਗਈਆਂ ਹਨ।


**ਸਵਾਨਜ਼ੀ, ਵੇਲਜ਼ ਵਿਖੇ ਇਕ ਸਿੱਖ ਜੋੜੇ ਨੂੰ ਘਰੇਲੂ ਕੰਮ ਲਈ ਸੁਆਣੀ ਦੀ ਲੋੜ**

**ਵੇਲਜ਼ ਦੇ ਸਵਾਨਜ਼ੀ ਟਾਊਨ ਵਿੱਚ ਇਕ ਸਤਿਕਾਰਯੋਗ ਸਿੱਖ ਜੋੜੇ ਵਾਸਤੇ ਘਰੇਲੂ ਕੰਮ ਕਰਨ ਵਾਲੀ ਔਰਤ (ਸੁਆਣੀ) ਦੀ ਜ਼ਰੂਰਤ ਹੈ। ਔਰਤ ਦੇ ਕੰਮ ਵਿੱਚ ਖਾਣਾ ਬਣਾਉਣਾ ਅਤੇ ਘਰ ਦੀ ਸਾਫ਼ ਸਫ਼ਾਈ ਕਰਨਾ ਸ਼ਾਮਿਲ ਹੈ। ਉਸ ਨੂੰ ਰਿਹਾਇਸ਼ ਅਤੇ ਖਾਣਾ ਮੁਫ਼ਤ ਦਿੱਤਾ ਜਾਵੇਗਾ।**
**ਹੋਰ ਜਾਣਕਾਰੀ ਲਈ ਸੰਪਰਕ ਕਰੋ: 07768 834 199**

**LIVE IN HOUSE KEEPER REQUIRED FOR A VERY RESPECTFUL SIKH FAMILY IN SWANSEA, Wales**

**Punjabi Sikh family required a House keeper to Clean and Cook. The position is in Swansea, Wales Free accommodation and food will be provided.**

FOR MORE INFORMATION PLEASE CONTACT ON: **Mob: 07768 834 199**

# ਬੀਬੀ ਕਿਰਨਦੀਪ ਕੌਰ ਦੀ ਹੱਤਿਆ ਦੇ ਸਬੰਧੀ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਪਾਰਕ ਐਵੇਨਿਊ ਵਿਖੇ ਸੰਸਦ ਮੈਂਬਰਾਂ, ਕੌਂਸਲਰਾਂ ਅਤੇ ਪੁਲਿਸ ਨਾਲ ਸਿੱਖ ਭਈਚਾਰੇ ਦੀ ਮੀਟਿੰਗ ਹੋਈ

***ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਪਾਰਕ ਐਵੇਨਿਊ ਵਿਖੇ ਬੀਤੇ ਦਿਨੀ ਕਤਲ ਕੀਤੀ ਗਈ ਸਿੱਖ ਨੌਜਵਾਨ ਲੜਕੀ ਕਿਰਨਦੀਪ ਕੌਰ ਸਬੰਧੀ ਇੱਕ ਜਨਤਕ ਮੀਟਿੰਗ ਕੀਤੀ ਗਈ। ਜਿਸ ਵਿੱਚ ਹੇਜ਼ ਹਲਿੰਗਡਨ ਅਤੇ ਈਲਿੰਗ ਸਾਊਥਾਲ ਦੇ ਸੰਸਦ ਮੈਂਬਰਾਂ, ਕੌਂਸਲਰਾਂ ਅਤੇ ਪੁਲਿਸ ਅਧਿਕਾਰੀਆਂ ਨਾਲ ਸਿੱਖ ਭਾਈਚਾਰੇ ਨੇ ਸਿੱਧੀ ਗੱਲਬਾਤ ਕਰਕੇ ਘਟਨਾਂ ਸਬੰਧੀ ਜਾਣਕਾਰੀ ਹਾਸਿਲ ਕੀਤੀ।***



ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਸੰਸਦ ਮੈਂਬਰ, ਕੌਂਸਲਰ, ਪੁਲਿਸ ਅਧਿਕਾਰੀ ਅਤੇ ਸਿੱਖ ਆਗੂ



ਕਿਰਨਦੀਪ ਕੌਰ

ਇਸ ਮੌਕੇ ਬੋਲਿਦਿਆਂ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸ: ਗੁਰਮੇਲ ਸਿੰਘ ਮੱਲੀ, ਜਨਰਲ ਸਕੱਤਰ ਸ਼ਰਨਬੀਰ ਸਿੰਘ ਸੰਘਾ, ਸਟੇਜ ਸਕੱਤਰ ਮਨਜੀਤ ਸਿੰਘ, ਐਮ ਪੀ ਜੌਹਨ ਮੈਕਡੌਨਲ, ਐਮ ਪੀ ਡ੍ਰੀਡਰੇਅ ਕੌਸਟਿਗਨ, ਕੌਂਸਲਰ ਜਸਬੀਰ ਕੌਰ ਅਨੰਦ, ਕੌਂਸਲਰ ਗੁਰਸ਼ਰਨ ਸਿੰਘ ਮੰਡ, ਕੌਂਸਲਰ ਰਣਜੀਤ ਧੀਰ, ਕੌਂਸਲਰ ਕਮਲਪ੍ਰੀਤ ਕੌਰ ਨੇ ਸੰਬੋਧਨ ਕਰਦਿਆਂ ਭਾਈਚਾਰੇ ਨੂੰ ਸ਼ੋਸ਼ਲ ਮੀਡੀਆ ਰਾਹੀਂ ਕਿਸੇ ਤਰ੍ਹਾਂ ਦੀ ਟਿੱਪਣੀ ਕਰਨ ਤੋਂ ਪ੍ਰਹੇਜ਼ ਕਰਨ ਦੀ ਸਲਾਹ ਦਿੱਤੀ। ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮੰਗ ਕੀਤੀ ਕਿ ਇਸ ਮਾਮਲੇ ਨੂੰ ਪ੍ਰਧਾਨ ਮੰਤਰੀ ਸਵਾਲ ਜਵਾਬ ਮੌਕੇ ਸੰਸਦ ਵਿੱਚ ਉਠਾਇਆ ਜਾਵੇ ਅਤੇ ਸਿੱਖਾਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ, ਇਸ ਦੇ ਨਾਲ ਹੀ ਜਹੂਦੀ ਭਾਈਚਾਰੇ ਵਾਂਗ ਸਿੱਖਾਂ ਦੀ ਸੁਰੱਖਿਆ ਲਈ ਵੀ ਵਿਸ਼ੇਸ਼ ਫੰਡ ਅਤੇ ਪੁਲਿਸ ਦੇ ਪ੍ਰਬੰਧ ਕੀਤੇ ਜਾਣ। ਬੁਲਾਰਿਆਂ ਨੇ ਕਿਹਾ ਕਿ ਕਿਰਨਦੀਪ ਦੀ ਹੱਤਿਆ ਬਹੁਤ ਹੀ ਨਿੰਦਣਯੋਗ ਹੈ, ਸਿੱਖ ਬੱਚੀ ਦਾ ਇਸ ਤਰ੍ਹਾਂ ਚਲੇ ਜਾਣਾ ਬਹੁਤ ਦੁੱਖਦਾਈ ਹੈ। ਮੁੱਖ ਸੇਵਾਦਾਰ ਸ: ਗੁਰਮੇਲ ਸਿੰਘ ਮੱਲੀ ਨੇ ਕਿਹਾ ਕਿ ਸਭਾ ਵੱਲੋਂ ਅਪੀਲ ਕਰਨ ਤੋਂ ਬਾਅਦ ਭਾਈਚਾਰੇ ਵੱਲੋਂ 34000 ਪੌਂਡ ਤੋਂ ਵੱਧ ਦੀ ਰਾਸ਼ੀ ਇਕੱਤਰ ਹੋਈ ਹੈ, ਜੋ ਕਿਰਨਦੀਪ ਦੀ ਮ੍ਰਿਤਕ ਦੇਹ ਨੂੰ ਪੰਜਾਬ ਭੇਜਣ, ਅਤੇ ਉਸ ਦੇ ਪ੍ਰੀਵਾਰ ਦੀ ਮਦਦ ਲਈ ਵਰਤੀ ਜਾਵੇਗੀ।

ਸਿੱਖ ਆਗੂਆਂ ਨੇ ਇਹ ਵੀ ਕਿਹਾ ਕਿ ਕਿਰਨਦੀਪ ਦੇ ਕਤਲ ਮਾਮਲੇ ਨੂੰ ਸਥਾਨਿਕ ਮੀਡੀਆ ਵੱਲੋਂ ਬਹੁਤੀ ਤਰਜੀਹ ਨਹੀਂ ਦਿੱਤੀ ਗਈ, ਜਦ ਕਿ ਹੈਨਰੀ ਨੋਵਾਕ ਦੇ ਕਤਲ ਮਾਮਲੇ ‘ਚ ਕ੍ਰਿਪਾਨ ਨੂੰ ਲੈ ਕੇ ਬਹੁਤ ਵੱਡਾ ਬਵਾਲ ਖੜ੍ਹਾ ਕੀਤਾ ਗਿਆ ਸੀ। ਇਸ ਮੌਕੇ ਸਥਾਨਿਕ ਸੰਸਥਾਵਾਂ ਦੇ ਨੁਮਾਇੰਦੇ ਅਤੇ ਭਾਈਚਾਰੇ ਦੇ ਆਗੂ ਹਾਜ਼ਰ ਸਨ।

## ਪੰਜਾਬੀ ਗਾਇਕ ਮਲਕੀਤ ਸਿੰਘ ਨੇ ਸਕਾਟਲੈਂਡ ਦੀਆਂ ਖ਼ੂਬਸੂਰਤ ਵਾਦੀਆਂ ਵਿੱਚ ਗੁਣਗੁਣਾਇਆ ਨਵਾਂ ਗੀਤ ‘ਵਧਾਈਆਂ ਜੀ ਵਧਾਈਆਂ’



**ਗਲਾਸਗੋ,(ਹਰਜੀਤ ਦੁਸਾਂਝ ਪੁਆਦੜਾ) – ਪੰਜਾਬੀ ਲੋਕ ਗਾਇਕੀ ਦੇ ਮਸ਼ਹੂਰ ਸਿਤਾਰੇ ਮਲਕੀਤ ਸਿੰਘ ਨੇ ਸਕਾਟਲੈਂਡ ਦੀਆਂ ਖ਼ੂਬਸੂਰਤ ਵਾਦੀਆਂ ਵਿੱਚ ਘੁੰਮਦੇ ਹੋਏ ਗੁਣਗੁਣਾਇਆ ਆਪਣਾ ਨਵਾਂ ਗੀਤ ‘ਵਧਾਈਆਂ ਜੀ ਵਧਾਈਆਂ’। ਉਹ ਆਪਣੇ ਪ੍ਰਸ਼ੰਸਕਾਂ ਲਈ ਨਵਾਂ ਗੀਤ ‘ਵਧਾਈਆਂ ਜੀ ਵਧਾਈਆਂ** (Congratulaitons) **ਲੈ ਕੇ ਹਾਜ਼ਰ ਹੋਏ ਹਨ। ਉਨ੍ਹਾਂ ਦਾ ਇਹ ਗੀਤ ਰਿਲੀਜ਼ ਹੁੰਦੇ ਹੀ ਸਰੋਤਿਆਂ ਵੱਲੋਂ ਭਰਪੂਰ ਪਿਆਰ ਹਾਸਲ ਕਰ ਰਿਹਾ ਹੈ। ਮਲਕੀਤ ਸਿੰਘ ਨੇ ਆਪਣੇ ਪ੍ਰਸ਼ੰਸਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਇਸ ਗੀਤ ਨੂੰ ਸੁਣਨ, ਪਸੰਦ ਕਰਨ ਅਤੇ ਆਪਣੇ ਦੋਸਤਾਂ ਨਾਲ ਸਾਂਝਾ ਕਰਨ। ਉਨ੍ਹਾਂ ਨੇ ਭਰੋਸਾ ਜਤਾਇਆ ਕਿ ਇਹ ਗੀਤ ਹਰ ਕਿਸੇ ਨੂੰ ਝੂਮਣ ਲਈ ਮਜਬੂਰ ਕਰੇਗਾ।**

## ਲੰਡਨ ਵਿੱਚ ਭਾਰਤੀ ਹਾਈ ਕਮਿਸ਼ਨ ਵੱਲੋਂ ਇੰਡੀਆ ਹਾਊਸ ਵਿਖੇ ਭਾਰਤੀ ਕ੍ਰਿਕਟ ਟੀਮ ਦੇ ਸਨਮਾਨ ਵਿੱਚ ਸ਼ਾਨਦਾਰ ਸਮਾਰੋਹ ਦਾ ਆਯੋਜਨ



ਭਾਰਤੀ ਕ੍ਰਿਕਟ ਟੀਮ ਨਾਲ ਹਾਈਕਮਿਸ਼ਨਰ ਪੀ. ਕੁਮਾਰਨ ਅਤੇ ਰਾਜੀਵ ਸ਼ੁਕਲਾ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਸਥਿਤ ਭਾਰਤੀ ਹਾਈ ਕਮਿਸ਼ਨ ਵੱਲੋਂ ਬੀਤੇ ਦਿਨੀ ਇੰਡੀਆ ਹਾਊਸ ਵਿਖੇ ਇੱਕ ਯਾਦਗਾਰ ਸਮਾਰੋਹ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਯੂ ਕੇ ਦੇ ਦੌਰੇ 'ਤੇ ਆਈ ਭਾਰਤੀ ਪੁਰਸ਼ ਕ੍ਰਿਕਟ ਟੀਮ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ। ਇਸ ਸਵਾਗਤੀ ਸਮਾਰੋਹ ਦੌਰਾਨ ਨਾ ਸਿਰਫ਼ ਮੈਦਾਨ 'ਤੇ ਟੀਮ ਦੀਆਂ ਸ਼ਾਨਦਾਰ ਪ੍ਰਾਪਤੀਆਂ ਦਾ ਜਸ਼ਨ ਮਨਾਇਆ ਗਿਆ, ਸਗੋਂ ਸਰਹੱਦਾਂ ਅਤੇ ਪੀੜ੍ਹੀਆਂ ਤੋਂ ਪਾਰ ਜਾ ਕੇ ਕਰੋੜਾਂ ਲੋਕਾਂ ਨੂੰ ਇੱਕਜੁੱਟ ਕਰਨ ਵਾਲੀ ਕ੍ਰਿਕਟ ਦੀ ਵਿਲੱਖਣ ਸ਼ਕਤੀ ਨੂੰ ਵੀ ਸਲਾਹਿਆ ਗਿਆ। ਇਸ ਖ਼ਾਸ ਸ਼ਾਮ ਦੌਰਾਨ ਬੀ ਸੀ ਸੀ ਆਈ ਦੇ ਅਧਿਕਾਰੀ, ਭਾਰਤੀ ਟੀਮ ਦੇ ਮੈਂਬਰ ਅਤੇ ਕਈ ਪ੍ਰਮੁੱਖ ਸ਼ਖਸੀਅਤਾਂ ਪਹੁੰਚੀਆਂ। ਟੀਮ ਦੇ ਮੁੱਖ ਕੋਚ ਗੌਤਮ ਗੰਭੀਰ ਅਤੇ ਬੀ ਸੀ ਸੀ ਆਈ ਦੇ ਉਪ-ਪ੍ਰਧਾਨ ਰਾਜੀਵ ਸ਼ੁਕਲਾ ਨੇ ਭਾਰਤ ਅਤੇ ਯੂ ਕੇ ਵਿਚਾਲੇ ਕ੍ਰਿਕਟ ਦੇ ਲੰਮੇ ਸਮੇਂ ਤੋਂ ਚੱਲੇ ਆ ਰਹੇ ਸਾਂਝੇ ਸਫ਼ਰ 'ਤੇ ਆਪਣੇ ਵਿਚਾਰ ਸਾਂਝੇ ਕੀਤੇ। ਇਸ ਦੇ ਨਾਲ ਹੀ ਕਪਤਾਨ ਸ਼ੁਭਮਨ ਗਿੱਲ, ਉਪ-ਕਪਤਾਨ ਸ਼੍ਰੇਅਸ ਅਈਅਰ ਅਤੇ ਟੀਮ ਦੇ ਹੋਰ ਖਿਡਾਰੀਆਂ ਨੇ ਆਪਣੀ ਇਸ ਖੇਡ ਯਾਤਰਾ ਦੇ ਅਨੁਭਵ ਸਾਂਝੇ ਕੀਤੇ। ਭਾਰਤੀ ਹਾਈ ਕਮਿਸ਼ਨਰ ਪੀ. ਕੁਮਾਰਨ ਨੇ ਆਪਣੇ ਸੰਬੋਧਨ ਵਿੱਚ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਕ੍ਰਿਕਟ ਕਿਸ ਤਰ੍ਹਾਂ ਭਾਰਤ ਅਤੇ ਯੂ ਕੇ ਵਿਚਾਲੇ ਇੱਕ ਮਜ਼ਬੂਤ ਪੁਲ ਦਾ ਕੰਮ ਕਰਦੀ ਹੈ, ਜੋ ਆਪਸੀ ਜਜ਼ਬੇ, ਸਤਿਕਾਰ ਅਤੇ ਖੇਡ ਜਗਤ ਦੀ ਬਿਹਤਰੀ ਰਾਹੀਂ ਲੋਕਾਂ ਨੂੰ ਆਪਸ ਵਿੱਚ ਜੋੜਦੀ ਹੈ। ਇਸ ਮੌਕੇ ਖਿਡਾਰੀਆਂ ਨਾਲ ਦਿਲਚਸਪ ਗੱਲਬਾਤ ਦਾ ਪ੍ਰਬੰਧ ਵੀ ਕੀਤਾ ਗਿਆ।


VACANCIES
JSR CONTRACTS LTD.

ਮਾਨਚੈਸਟਰ ਦੀਆਂ ਸਾਈਟਾਂ ‘ਤੇ ਕਾਰਪੈਂਟਰ ਦਾ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ

Carpenters required at various sites in Manchester

**Job Descriptions:** In this role as an experienced Carpenter, a diverse set of responsibilities during the job, consist of 37.5 hours of dedicated work per week. You will be responsible for cutting, shaping, and assembling wooden elements for the construction of hoardings and other structures using saws, planes, chisels, and other power or hand tools to cut, shape, and drill according to specifications. Your main duties will include setting up shutters as required, ensuring levels are correctly set, and laying and fixing steel. You will assist with pouring and finishing concrete. You will also be responsible for stripping and cleaning shutters for reuse, as well as cutting and cleaning slabs, maintaining and repairing wood-work and fittings, aligning and fixing prepared wood pieces using screws, nails, glue, and dowels to form frames, and carrying out on-site soft strip demolition.

**Annual pay is - £ 30,960.**
**The required training will be provided.**

Person must have CSCS, Asbestos Awareness and Manual Handling
* Overseas candidates must do UK construction industry standard qualifications on arrival and before joining the job.

Contact Mr. Randhawa via email below:
Email: jsrcontractslimited@gmail.com

# ਯੂਕੇ ’ਚ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦਾ ਸੱਦਾ: ਸਿੱਖ ਪਛਾਣ, ਗੁਰਮਤਿ ਕਦਰਾਂ-ਕੀਮਤਾਂ ਅਤੇ ਏਕਤਾ ਨੂੰ ਮਜ਼ਬੂਤ ਬਣਾਈਏ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਐਤਵਾਰ ਨੂੰ ਗੁਰਦੁਆਰਾ ਗੁਰੂ ਨਾਨਕ ਗ਼ਰੀਬ ਨਿਵਾਜ ਹਯੇਜ਼ ਲੰਡਨ ਵਿਖੇ ਅਫ਼ਗਾਨਿਸਤਾਨ ਦੀ ਸਿੱਖ ਸੰਗਤ ਵੱਲੋਂ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ 27ਵੇਂ ਬਾਲਾ ਪ੍ਰੀਤਮ ਗੁਰਮਤਿ ਸਮਾਗਮ ਵਿੱਚ ਸ਼ਮੂਲੀਅਤ ਕੀਤੀ। ਇਹ ਸਮਾਗਮ ਅਫ਼ਗਾਨੀ ਅਤੇ ਯੂਕੇ ਦੀ ਸਿੱਖ ਸੰਗਤ - ਨਿਹਕਾਮੀ ਸੇਵਾ ਟ੍ਰਸਟ ਯੂਕੇ, ਗੁਰੂ ਹਰਿਗੋਬਿੰਦ ਸਾਹਿਬ ਟ੍ਰਸਟ ਯੂਕੇ, ਗੁਰਦੁਆਰਾ ਗੁਰੂ ਨਾਨਕ ਗ਼ਰੀਬ ਨਿਵਾਜ ਵੱਲੋਂ ਸਾਂਝੇ ਤੌਰ ਉੱਤੇ ਕਰਵਾਏ ਗਏ। ਇਸ ਦੌਰਾਨ ਵੱਡੀ ਗਿਣਤੀ ਵਿੱਚ ਸੰਗਤ ਨੇ ਸਮਾਗਮ ਵਿੱਚ ਸ਼ਮੂਲੀਅਤ ਕੀਤੀ।



*ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਦਾ ਸਨਮਾਨ ਕਰਦੇ ਹੋਏ ਪ੍ਰਬੰਧਕ*

ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਜਿੱਥੇ ਵੀ ਗਏ, ਉੱਥੇ ਸੰਗਤ ਕਾਇਮ ਹੋਈ। ਗੁਰੂ ਸਾਹਿਬ ਸਰੀਰ ਕਰਕੇ ਭਾਵੇਂ ਅੱਗੇ ਚਲੇ ਗਏ ਪਰ ਸਿੱਖਾਂ ਨੂੰ ਗੁਰਬਾਣੀ ਨਾਲ ਜੋੜ ਕਿ ਗਏ। ਅੱਜ ਵੀ ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਗੁਰਦੁਆਰਾ ਸਾਹਿਬਾਨ ਰਾਹੀਂ ਗੁਰਬਾਣੀ ਨਾਲ ਜੁੜੇ ਹਨ। ਉਨ੍ਹਾਂ ਕਿਹਾ ਕਿ ਜਿਵੇਂ ਵਿਦੇਸ਼ਾਂ ਦੀ ਧਰਤੀ ਉੱਤੇ ਸਿੱਖ ਗੁਰੂ ਘਰਾਂ ਅੰਦਰ ਹਫ਼ਤਾਵਾਰੀ ਸਮਾਗਮ, ਇਕੱਤਰਤਾ ਕਰਕੇ ਸੰਗਤ ਕਰਦੇ ਹਨ ਇਹ ਹਮੇਸ਼ਾ ਕਾਇਮ ਰਹਿਣਾ ਚਾਹੀਦਾ ਹੈ ਤਾਂ ਜੋ ਸਾਡੀ ਨਵੀਂ ਪੀੜ੍ਹੀ ਸਿੱਖੀ ਨਾਲ ਜੁੜੀ ਰਹੀ। ਉਨ੍ਹਾਂ ਕਿਹਾ ਕਿ ਬੱਚਿਆਂ ਨੂੰ ਗੁਰਮਤਿ ਦੇ ਨਾਲ ਜੋੜ ਕੇ ਰੱਖਣਾ ਬਹੁਤ ਜ਼ਰੂਰੀ ਹੈ।

ਜਥੇਦਾਰ ਗੜਗੱਜ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਿੱਖੀ ਬਹੁਤ ਸਿੱਧੀ, ਖੁੱਲ੍ਹੀ ਅਤੇ ਸੌਖੀ ਹੈ, ਜਿਸ ਵਿੱਚ ਕੱਟੜਤਾ, ਛੂਤ ਛਾਤ ਨਹੀਂ ਹੈ, ਇਹ ਸਮੁੱਚੀ ਮਨੁੱਖਤਾ ਨੂੰ ਕਲਾਵੇ ਵਿੱਚ ਲੈਂਦੀ ਹੈ।

ਉਨ੍ਹਾਂ ਕਿਹਾ ਕਿ ਇਹ ਉਨ੍ਹਾਂ ਦੀ ਇੱਛਾ ਹੈ ਕਿ ਜੋ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ ਮੌਕੇ ਸਿੱਖ ਬੱਚੇ ਬੱਚੀਆਂ ਦੇ ਜਥੇ ਗੁਰਬਾਣੀ ਕੀਰਤਨ ਕਰਦੇ ਹਨ, ਲਹਿੰਦੇ ਪੰਜਾਬ ਤੋਂ ਅਜਿਹੇ ਸਮਾਗਮਾਂ ਵਿੱਚ ਵਿਦੇਸ਼ਾਂ ਅੰਦਰ ਉਨ੍ਹਾਂ ਬੱਚਿਆਂ ਦੇ ਜਥਿਆਂ ਨੂੰ ਵਿਸ਼ੇਸ਼ ਰੂਪ ਵਿੱਚ ਸੱਦਿਆ ਜਾਵੇ। ਉਨ੍ਹਾਂ ਕਿਹਾ ਕਿ ਗੁਰਬਾਣੀ ਕੀਰਤਨ ਰਾਗ ਅਧਾਰਤ ਸਹਿਜ ਵਿੱਚ ਹੋਣਾ ਚਾਹੀਦਾ ਹੈ, ਕੰਨ ਰਸ ਨਹੀਂ ਬਣਨਾ ਚਾਹੀਦਾ। ਉਨ੍ਹਾਂ ਕਿਹਾ ਕਿ ਕੀਰਤਨੀ ਜਥਿਆਂ ਨੂੰ ਗੁਰਮਤਿ ਸੰਗੀਤ ਪ੍ਰਣਾਲੀ ਤੋਂ ਬਾਹਰ ਨਹੀਂ ਜਾਣਾ ਚਾਹੀਦਾ। ਜਥੇਦਾਰ ਗੜਗੱਜ ਨੇ ਨਿਹਕਾਮੀ ਸੇਵਾ ਟ੍ਰਸਟ ਯੂਕੇ ਦੇ ਆਗੂ ਭਾਈ ਗਜਿੰਦਰ ਸਿੰਘ ਦੇ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਸੰਗਤ ਨੂੰ ਇਨ੍ਹਾਂ ਦਾ ਸਹਿਯੋਗ ਕਰਨ ਲਈ ਆਖਿਆ।

ਬੀਤੇ ਸਮੇਂ ਯੂਕੇ ਅੰਦਰ ਵਾਪਰੀ ਇੱਕ ਘਟਨਾ ਦੇ ਸੰਦਰਭ ਵਿੱਚ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸਿੱਖ ਨੂੰ ਗੁਰੂ ਨੇ ਸ਼ਸਤਰ ਦਿੱਤੇ ਹਨ, ਇਹ ਸਾਡੇ ਉੱਤੇ ਗੁਰੂ ਦੀ ਬਖਸ਼ਿਸ਼ ਹੈ। ਉਨ੍ਹਾਂ ਕਿਹਾ ਕਿ ਸਿੱਖ ਸ਼ਸਤਰ ਦੀ ਗਲਤ ਵਰਤੋਂ ਨਹੀਂ ਕਰਦੇ ਅਤੇ ਗੁਰੂ ਦੇ ਜ਼ਾਬਤੇ ਤੇ ਅਨੁਸ਼ਾਸਨ ਵਿੱਚ ਰਹਿੰਦੇ ਹਨ। ਸਿੱਖ ਦਾ ਸ਼ਸਤਰ ਮਜ਼ਲੂਮ ਦੀ ਰਾਖੀ ਤੇ ਆਤਮ ਰੱਖਿਆ ਲਈ ਹੈ, ਇਹ ਕਿਸੇ ਉੱਤੇ ਜ਼ੁਲਮ ਨਹੀਂ ਕਰਦਾ। ਉਨ੍ਹਾਂ ਕਿਹਾ ਕਿ ਸਿੱਖਾਂ ਦਾ ਇਹ ਫਰਜ਼ ਹੈ ਕਿ ਉਹ ਜਿਸ ਮੁਲਕ ਵਿੱਚ ਰਹਿ ਰਹੇ ਹਨ ਉਸ ਦੇ ਵਫ਼ਾਦਾਰ ਰਹਿਣ ਅਤੇ ਉੱਥੋਂ ਦੀ ਤਰੱਕੀ ਲਈ ਯੋਗਦਾਨ ਪਾਉਣ। ਉਨ੍ਹਾਂ ਕਿਹਾ ਕਿ ਸਿੱਖ ਜਿਸ ਮੁਲਕ ਵਿੱਚ ਵੀ ਹਨ ਉੱਥੋਂ ਦੇ ਕਾਨੂੰਨ ਦੇ ਜ਼ਾਬਤੇ ਵਿੱਚ ਰਹਿ ਕੇ ਕਾਰਜ ਕਰਨ। ਸਿੱਖ ਜਬਰ ਅਤੇ ਜ਼ੁਲਮ ਖਿਲਾਫ਼ ਹਮੇਸ਼ਾ ਲੜਦਾ ਹੈ ਲੇਕਿਨ ਕਿਸੇ ਨਾਲ ਧੱਕਾ ਨਹੀਂ ਕਰਦਾ। ਉਨ੍ਹਾਂ ਸੰਗਤ ਨੂੰ ਸਮਾਜ ਸੇਵਾ ਤੇ ਮਨੁੱਖਤਾ ਦੀ ਭਲਾਈ ਦੇ ਕਾਰਜ ਕਰਨ ਲਈ ਆਖਿਆ।

ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਹਰ ਸਿੱਖ ਪਰਿਵਾਰ ਨੇ ਆਪਣੇ ਬੱਚਿਆਂ ਦੇ ਨਾਵਾਂ ਦੇ ਨਾਲ ਸਿੰਘ ਅਤੇ ਕੌਰ ਜ਼ਰੂਰ ਲਗਾਉਣਾ ਹੈ, ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਬਖਸ਼ਿਸ਼ ਕੀਤੀ ਸਾਡੇ ਇੱਕ ਪਰਿਵਾਰ ਅਤੇ ਵਿਲੱਖਣ ਪਛਾਣ ਦੀ ਨਿਸ਼ਾਨੀ ਹੈ। ਅਸੀਂ ਇੱਕ ਸਾਂਝਾ ਪਰਿਵਾਰ ਹਾਂ, ਦੁੱਖ ਸੁੱਖ ਦੇ ਭਾਈਵਾਲ ਹਾਂ ਇਸ ਲਈ ਇੱਕ ਦੂਜੇ ਦੀ ਮਦਦ ਕਰਨੀ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਨੇ ਬੱਚਿਆਂ ਦੇ ਨਾਮ ਚੜ੍ਹਦੀ ਕਲਾ ਵਾਲੇ ਰੱਖਣੇ ਹਨ, ਅੱਜ ਕੱਲ੍ਹ ਨਾਵਾਂ ਪਿੱਛੇ ਗੋਤ ਲਗਾਉਣ ਦਾ ਰੁਝਾਨ ਹੈ, ਨਾਵਾਂ ਵਿੱਚੋਂ ਸਿੰਘ ਤੇ ਕੌਰ ਮਨਫੀ ਹੋ ਰਹੇ ਹਨ, ਇਹ ਠੀਕ ਗੱਲ ਨਹੀਂ ਹੈ।

ਉਨ੍ਹਾਂ ਕਿਹਾ ਕਿ ਸਿੱਖਾਂ ਜੋੜਿਆਂ ਨੇ ਤਿੰਨ ਤੋਂ ਚਾਰ ਬੱਚੇ ਵੀ ਕਰਨੇ ਹਨ, ਇਹ ਸਾਡੇ ਲਈ ਸਮਾਜਿਕ ਤੇ ਕੌਮੀ ਤੌਰ ਉੱਤੇ ਬਹੁਤ ਜ਼ਰੂਰੀ ਹੈ। ਗੁਰੂ ਨੇ ਸਾਨੂੰ ਕਿਰਤੀ ਬਣਾਇਆ ਹੈ ਇਸ ਲਈ ਇਹ ਚਿੰਤਾ ਨਾ ਕਰੀਏ ਕਿ ਜੇਕਰ ਵੱਧ ਬੱਚੇ ਹੋਣਗੇ ਤਾਂ ਉਨ੍ਹਾਂ ਪਾਲਣ ਪੋਸ਼ਣ, ਪੜ੍ਹਾਈ ਕਿਵੇਂ ਹੋਵੇਗੀ, ਗੁਰੂ ਉੱਤੇ ਭਰੋਸਾ ਰੱਖੀਏ।

ਜਥੇਦਾਰ ਗੜਗੱਜ ਨੇ ਕਿਹਾ ਕਿ ਯੂਕੇ ਵਿੱਚ ਸਿੱਖ ਬੱਚੀਆਂ ਨੂੰ ਵਰਗਲਾਉਣ ਦੇ ਮਾਮਲੇ ਵੀ ਸਾਹਮਣੇ ਆ ਰਹੇ ਹਨ, ਜਿਸ ਤੋਂ ਪੂਰੀ ਤਰ੍ਹਾਂ ਸੁਚੇਤ ਰਹਿਣਾ ਹੈ ਅਤੇ ਆਪਣੇ ਬੱਚਿਆਂ ਨੂੰ ਸਿੱਖੀ ਤੇ ਗੁਰੂ ਘਰ ਨਾਲ ਜੋੜ ਕੇ ਰੱਖਣਾ ਹੈ। ਸਿੱਖ ਰਹਿਤ ਮਰਯਾਦਾ ਵਿੱਚ ਇਹ ਦਰਜ ਹੈ ਕਿ ਸਿੱਖ ਬੱਚੀ ਦਾ ਵਿਆਹ ਸਿੱਖ ਬੱਚੇ ਨਾਲ ਹੀ ਹੋ ਸਕਦਾ ਹੈ, ਆਪਣੇ ਬੱਚਿਆਂ ਨਾਲ ਵੱਧ ਤੋਂ ਵੱਧ ਸਮਾਂ ਬਤੀਤ ਕਰੀਏ ਤੇ ਉਨ੍ਹਾਂ ਦੀਆਂ ਮੁਸ਼ਕਲਾਂ ਬਾਰੇ ਜਾਣੀਏ ਤੇ ਉਨ੍ਹਾਂ ਨਾਲ ਲਗਾਤਾਰ ਗੱਲਬਾਤ ਕਰੀਏ। ਉਨ੍ਹਾਂ ਕਿਹਾ ਕਿ ਇਹ ਸਿੱਖ ਮਾਪਿਆਂ ਦੀ ਜ਼ਿੰਮੇਵਾਰੀ ਹੈ ਕਿ ਬੱਚਿਆਂ ਨੂੰ ਘਰਾਂ ਵਿੱਚ ਸਿੱਖੀ ਵਾਲਾ ਮਾਹੌਲ ਦੇਣ ਤਾਂ ਜੋ ਇਹ ਵਾੜ ਬੱਚਿਆਂ ਨੂੰ ਬਚਾ ਕੇ ਰੱਖੇ।

ਉਨ੍ਹਾਂ ਸੰਗਤ ਨੂੰ ਸਮੂਹ ਭਾਈਚਾਰਿਆਂ ਤੇ ਕੌਮਾਂ ਨੂੰ ਗਲਵੱਕੜੀ ਵਿੱਚ ਲੈਣ, ਕਿਸੇ ਨਾਲ ਨਫ਼ਰਤ ਜਾਂ ਇਰਖਾ ਨਾ ਕਰਨਾ ਦਾ ਸੰਦੇਸ਼ ਵੀ ਦਿੱਤਾ। ਉਨ੍ਹਾਂ ਵਿਦੇਸ਼ਾਂ ਵਿੱਚ ਵੱਸਦੀ ਸੰਗਤ ਨੂੰ ਸੱਦਾ ਦਿੱਤਾ ਕਿ ਉਹ ਸ੍ਰੀ ਨਨਕਾਣਾ ਸਾਹਿਬ, ਸ੍ਰੀ ਦਰਬਾਰ ਸਾਹਿਬ, ਪੰਜੇ ਤਖ਼ਤ ਸਾਹਿਬਾਨ ਅਤੇ ਸ੍ਰੀ ਫ਼ਤਿਹਗੜ੍ਹ ਸਾਹਿਬ ਵਿਖੇ ਦਰਸ਼ਨਾਂ ਲਈ ਜ਼ਰੂਰ ਆਉਣ।

ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖਾਂ ਦਾ ਸਰਵਉੱਚ ਤਖ਼ਤ ਹੈ, ਜਿਸ ਅੱਗੇ ਕੋਈ ਵੀ ਹਾਕਮ ਨਹੀਂ ਅੜ ਸਕਦਾ। ਉਨ੍ਹਾਂ ਸੰਗਤ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਜੁੜੇ ਰਹਿਣ ਦਾ ਵੀ ਸੰਦੇਸ਼ ਦਿੱਤਾ।

ਇਸ ਮੌਕੇ ਭਾਈ ਗਜਿੰਦਰ ਸਿੰਘ ਖ਼ਾਲਸਾ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਐਡੀਸ਼ਨਲ ਗ੍ਰੰਥੀ ਗਿਆਨੀ ਮਲਕੀਤ ਸਿੰਘ, ਸਿੱਖ ਵਿਦਵਾਨ ਭਾਈ ਗੁਰਬਖਸ਼ ਸਿੰਘ ਗੁਲਸ਼ਨ, ਨਾਨਕਸਰ ਬੜੂੰਦੀ ਤੋਂ ਬਾਬਾ ਅਮਰ ਸਿੰਘ ਜੀ, ਸ. ਵਰਿੰਦਰ ਸਿੰਘ, ਸ. ਹਰਪ੍ਰੀਤ ਸਿੰਘ, ਸ. ਅਸ਼ਪਾਲ ਸਿੰਘ, ਸ. ਹਰਿੰਦਰ ਸਿੰਘ, ਸ. ਗੁਰਿੰਦਰ ਸਿੰਘ, ਸ. ਮਨਜੀਤ ਸਿੰਘ, ਸ. ਲੋਚ ਸਿੰਘ, ਸ. ਅਮਰਜੀਤ ਸਿੰਘ, ਸ. ਚਰਨ ਸਿੰਘ, ਸ. ਸੁਖਦੀਪ ਸਿੰਘ ਰੰਧਾਵਾ, ਸ. ਅਜੀਤ ਸਿੰਘ, ਨਿੱਜੀ ਸਹਾਇਕ ਸ. ਬਲਦੇਵ ਸਿੰਘ, ਮੀਡੀਆ ਸਲਾਹਕਾਰ ਸ. ਜਸਕਰਨ ਸਿੰਘ ਆਦਿ ਹਾਜ਼ਰ ਸਨ।


ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ

**ਕਿੰਗਜ਼ਵੇਅ ਬੈਂਕਿਊਟਿੰਗ ਸੂਈਟ**

ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ

ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।

ਸਾਡੀ ਵਧੀਆ ਅਤੇ ਸ਼ਾਨਦਾਰ ਸਰਵਿਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !



ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ

ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ

ਯੂ.ਕੇ. ’ਚ ਲੱਡੂਆਂ ਦੇ ਸਭ ਤੋਂ ਮਾਹਿਰ

ਸਵ: ਸ੍ਰ. ਉਮਰਾਓ ਅਟਵਾਲ

**KINGSWAY BANQUETING SUITE**

270-272 BATH ROAD, HOUNSLOW, MIDDLESEX, TW4 7DF.

(OPP. HOUNSLOW WEST TUBE STATION)

TEL: 020 8570 8351

Email: Kingswaylondon@icloud.com, www.kingswaybanqueting.com

# ਸਤਲੁਜ ਦੇ ਵਹਿਣ, ਲਵਾਰਸ ਲਾਸ਼ਾਂ ਦਾ ਸੱਚ ਅਤੇ ‘ਜ਼ਾਹਲੀ’ ਖੱਬੇ-ਪੱਖੀਆਂ ਦਾ ਬੌਧਿਕ ਅੱਤਵਾਦ

ਪੰਜਾਬ ਦੇ ਇਤਿਹਾਸ ਵਿੱਚ ਕੁਝ ਸਵਾਲ ਅਜਿਹੇ ਹਨ ਜੋ ਸਮੇਂ ਦੀ ਧੂੜ ਹੇਠ ਦੱਬੇ ਜਾਣ ਦੀ ਬਜਾਏ ਹੋਰ ਵੀ ਗੂੜ੍ਹੇ, ਲਹੂ-ਲੁਹਾਨ ਅਤੇ ਗੰਭੀਰ ਹੁੰਦੇ ਜਾ ਰਹੇ ਹਨ। ਜਦੋਂ ਵੀ ਪੰਜਾਬ ਸੰਤਾਪ ਦੇ ਦੌਰ (1980-90ਵਿਆਂ) ਦੌਰਾਨ ਹੋਏ ਮਨੁੱਖੀ ਅਧਿਕਾਰਾਂ ਦੇ ਘਾਣ ਦੀ ਗੱਲ ਤੁਰਦੀ ਹੈ, ਤਾਂ ‘ਲਵਾਰਸ ਲਾਸ਼ਾਂ’ ਅਤੇ ਨਹਿਰਾਂ-ਦਰਿਆਵਾਂ ਵਿੱਚ ਵਹਾਈਆਂ ਗਈਆਂ ਦੇਹਾਂ ਦਾ ਮੁੱਦਾ ਸਭ ਤੋਂ ਦਰਦਨਾਕ ਅਤੇ ਸ਼ਰਮਨਾਕ ਅਧਿਆਇ ਬਣ ਕੇ ਸਾਹਮਣੇ ਆਉਂਦਾ ਹੈ। ਹਾਲ ਹੀ ਵਿੱਚ ਆਈ ਫਿਲਮ ‘ਸਤਲੁਜ’ (ਜੋ ਕਿ ਮਨੁੱਖੀ ਅਧਿਕਾਰਾਂ ਦੇ ਮਹਾਨ ਰਾਖੇ ਭਾਈ ਜਸਵੰਤ ਸਿੰਘ ਖਾਲੜਾ ਦੁਆਰਾ ਉਜਾਗਰ ਕੀਤੇ ਗਏ ਲਵਾਰਸ ਲਾਸ਼ਾਂ ਦੇ ਸੱਚ ’ਤੇ ਅਧਾਰਿਤ ਹੈ) ਨੇ ਇਸ ਪੁਰਾਣੇ ਜ਼ਖ਼ਮ ਨੂੰ ਦੁਬਾਰਾ ਹਰਾ ਕਰ ਦਿੱਤਾ ਹੈ। ਪਰ ਸਭ ਤੋਂ ਵੱਡਾ ਦੁਖਾਂਤ ਇਹ ਹੈ ਕਿ ਇਸ ਇਤਿਹਾਸਕ ਸੱਚ ਨੂੰ ਸਵੀਕਾਰ ਕਰਨ ਅਤੇ ਪੀੜਤਾਂ ਨੂੰ ਇਨਸਾਫ਼ ਦਿਵਾਉਣ ਦੀ ਬਜਾਏ, ਸਾਡੇ ਸਮਾਜ ਦਾ ਇੱਕ ਕਥਿਤ ‘ਖੱਬੇ-ਪੱਖੀ’ ਅਤੇ ਬੁੱਧੀਜੀਵੀ ਵਰਗ ਇਸ ਫਿਲਮ ਨੂੰ “ਇੱਕ ਪਾਸੜ” ਦੱਸ ਕੇ ਨਕਾਰਨ ਅਤੇ ਸੱਚ ਨੂੰ ਬਦਲਣ ਲਈ ਕੁਫ਼ਰ ਤੋਲ ਰਿਹਾ ਹੈ। ਭਾਈ ਜਸਵੰਤ ਸਿੰਘ ਖਾਲੜਾ ਨੇ ਅੰਮ੍ਰਿਤਸਰ, ਤਰਨਤਾਰਨ ਅਤੇ ਮਜੀਠਾ ਦੇ ਸ਼ਮਸ਼ਾਨਘਾਟਾਂ ਵਿੱਚੋਂ ਜੋ ਸਰਕਾਰੀ ਰਿਕਾਰਡ (ਜਿਵੇਂ ਕਿ ਨਗਰ ਨਿਗਮ ਦੇ ਰਜਿਸਟਰ ਅਤੇ ਲੱਕੜਾਂ ਦੇ ਬਿੱਲ) ਇਕੱਠਾ ਕੀਤਾ ਸੀ, ਉਹ ਮਨੁੱਖੀ ਅਧਿਕਾਰਾਂ ਦੇ ਸੰਘਰਸ਼ ਦੀ ਸਾਖੀ ਸੀ। ਉਹ ਇਸ ਗੱਲ ਦਾ ਪੁਖਤਾ ਅਤੇ ਅਟੱਲ ਸਬੂਤ ਸੀ ਕਿ ਪੁਲਿਸ ਵਲੋਂ ਹਜ਼ਾਰਾਂ ਨੌਜਵਾਨਾਂ ਨੂੰ ਘਰਾਂ ਤੋਂ ਚੁੱਕ ਕੇ, ਝੂਠੇ ਪੁਲਿਸ ਮੁਕਾਬਲਿਆਂ ਵਿੱਚ ਮਾਰ ਕੇ, ’ਲਵਾਰਸ’ ਘੋਸ਼ਿਤ ਕਰਕੇ ਰਾਤੋ-ਰਾਤ ਸਸਕਾਰ ਕਰ ਦਿੱਤਾ ਗਿਆ ਸੀ।

ਭਾਰਤੀ ਸੰਵਿਧਾਨ ਦਾ ਆਰਟੀਕਲ 21 (ਜੀਵਨ ਅਤੇ ਨਿੱਜੀ ਆਜ਼ਾਦੀ ਦਾ ਅਧਿਕਾਰ) ਦੇਸ਼ ਦੇ ਹਰ ਨਾਗਰਿਕ ਨੂੰ ਜਿਉਣ ਦਾ ਅਧਿਕਾਰ ਦਿੰਦਾ ਹੈ ਅਤੇ ਦੇਸ਼ ਦੀ ਸਰਵਉੱਚ ਅਦਾਲਤ ਨੇ ’ਪੰਡਿਤ ਪਰਮਾਨੰਦ ਕਟਾਰਾ ਬਨਾਮ ਭਾਰਤ ਸਰਕਾਰ’ ਮਾਮਲੇ ਵਿੱਚ ਸਪੱਸ਼ਟ ਕੀਤਾ ਸੀ ਕਿ ਮਨੁੱਖੀ ਮਰਿਆਦਾ ਅਤੇ ਸਨਮਾਨਜਨਕ ਅੰਤਿਮ ਸਸਕਾਰ ਦਾ ਅਧਿਕਾਰ ਮੌਤ ਤੋਂ ਬਾਅਦ ਵੀ ਖ਼ਤਮ ਨਹੀਂ ਹੁੰਦਾ। ਪਰ ਉਸ ਦੌਰ ਵਿੱਚ ਪੰਜਾਬ ਅੰਦਰ ਪੁਲਿਸ ਐਕਟ ਅਤੇ ਜੇਲ੍ਹ ਮੈਨੂਅਲ ਦੇ ਨਿਯਮਾਂ ਦੀ ਸ਼ਰੇਆਮ ਉਲੰਘਣਾ ਕਰਕੇ, ਬਿਨਾਂ ਪੋਸਟਮਾਰਟਮ ਜਾਂ ਬਿਨਾਂ ਪਛਾਣ ਕੀਤੇ ਹਜ਼ਾਰਾਂ ਦੇਹਾਂ ਨੂੰ ਨਹਿਰਾਂ ਵਿੱਚ ਰੋੜ੍ਹ ਦਿੱਤਾ ਗਿਆ ਜਾਂ ਸਮੂਹਿਕ ਤੌਰ ’ਤੇ ਜਲਾ ਦਿੱਤਾ ਗਿਆ।



ਕੌਮਾਂਤਰੀ ਪੱਧਰ ’ਤੇ ਜੇਨੇਵਾ ਕਨਵੈਨਸ਼ਨ ਅਤੇ ਸੰਯੁਕਤ ਰਾਸ਼ਟਰ ਦੇ ਨਿਯਮ ਵੀ ਮ੍ਰਿਤਕ ਦੇਹਾਂ ਦੀ ਅਜਿਹੀ ਬੇਅਦਬੀ ਨੂੰ ‘ਮਨੁੱਖਤਾ ਵਿਰੁੱਧ ਅਪਰਾਧ’ ਮੰਨਦੇ ਹਨ। ਸਵਾਲ ਇਹ ਉੱਠਦਾ ਹੈ ਕਿ ਜਦੋਂ ਇਹ ਸੱਚ ਇੰਨਾ ਸਪੱਸ਼ਟ ਹੈ, ਸੀ.ਬੀ.ਆਈ. ਦੀਆਂ ਰਿਪੋਰਟਾਂ ਇਸ ਦੀ ਤਸਦੀਕ ਕਰਦੀਆਂ ਹਨ ਅਤੇ ਅਦਾਲਤਾਂ ਨੇ ਵੀ ਕਈ ਦੋਸ਼ੀ ਪੁਲਿਸ ਅਫ਼ਸਰਾਂ ਨੂੰ ਸਜ਼ਾਵਾਂ ਦਿੱਤੀਆਂ ਹਨ, ਤਾਂ ਫਿਰ ਸਰਕਾਰਾਂ ਅੱਜ ਤੱਕ ਇਸ ਮਾਮਲੇ ਦੀ ਪੂਰੀ ਪਰਤ ਖੋਲ੍ਹਣ ਲਈ ਇੱਕ ਸੁਤੰਤਰ ’ਸੱਚ ਤੇ ਸੁਲ੍ਹਾ ਕਮਿਸ਼ਨ’ (Truth and Reconciliation Commission) ਬਣਾਉਣ ਤੋਂ ਕਿਉਂ ਭੱਜ ਰਹੀਆਂ ਹਨ? ਕੀ ਉਹ ਨਹੀਂ ਚਾਹੁੰਦੀਆਂ ਕਿ ਪੰਜਾਬ ਦੇ ਹਜ਼ਾਰਾਂ ਪਰਿਵਾਰਾਂ ਨੂੰ ਇਹ ਪਤਾ ਲੱਗ ਸਕੇ ਕਿ ਉਨ੍ਹਾਂ ਦੇ ਪੁੱਤਾਂ ਦੀਆਂ ਅਸਥੀਆਂ ਕਿਸ ਸ਼ਮਸ਼ਾਨਘਾਟ ਜਾਂ ਕਿਸ ਨਹਿਰ ਦੇ ਵਹਿਣ ਵਿੱਚ ਰੁੜ੍ਹ ਗਈਆਂ।

## ‘ਜ਼ਾਹਲੀ’ ਖੱਬੇ-ਪੱਖੀਆਂ ਦੇ ਦੋਹਰੇ ਮਾਪਦੰਡ ਅਤੇ ਕੁਫ਼ਰ

ਇਸ ਪੂਰੇ ਦੁਖਾਂਤ ਵਿੱਚ ਸਭ ਤੋਂ ਸ਼ਰਮਨਾਕ ਭੂਮਿਕਾ ਪੰਜਾਬ ਦੇ ਕਥਿਤ ‘ਖੱਬੇ-ਪੱਖੀ’ ਅਤੇ ਬੁੱਧੀਜੀਵੀ ਵਰਗ ਦੀ ਰਹੀ ਹੈ। ਖੱਬੇ-ਪੱਖੀ ਵਿਚਾਰਧਾਰਾ ਦਾ ਮੂਲ ਸਿਧਾਂਤ ਹਮੇਸ਼ਾ ‘ਰਾਜ ਦੇ ਜਬਰ’ ਖਿਲਾਫ ਖੜ੍ਹਨਾ, ਦਬੇ-ਕੁਚਲੇ ਲੋਕਾਂ ਦੀ ਆਵਾਜ਼ ਬਣਨਾ ਅਤੇ ਮਨੁੱਖੀ ਅਧਿਕਾਰਾਂ ਦੀ ਵਕਾਲਤ ਕਰਨਾ ਹੁੰਦਾ ਹੈ। ਜੇਕਰ ਦੁਨੀਆ ਦੇ ਕਿਸੇ ਹੋਰ ਕੋਨੇ ਵਿੱਚ, ਜਾਂ ਭਾਰਤ ਦੇ ਕਿਸੇ ਹੋਰ ਸੂਬੇ ਵਿੱਚ ਰਾਜਸੀ ਤਾਕਤ ਵੱਲੋਂ ਅਜਿਹਾ ਜਬਰ ਹੁੰਦਾ ਹੈ, ਤਾਂ ਇਹ ਖੱਬੇ-ਪੱਖੀ ਸਭ ਤੋਂ ਪਹਿਲਾਂ ਝੰਡੇ ਚੁੱਕ ਕੇ ਸੜਕਾਂ ’ਤੇ ਉਤਰਦੇ ਹਨ। ਪਰ ਅਫ਼ਸੋਸ, ਜਦੋਂ ਗੱਲ ਪੰਜਾਬ ਦੇ ਸਿੱਖ ਨੌਜਵਾਨਾਂ ਦੇ ਨਸਲਕੁਸ਼ੀ ਵਰਗੇ ਕਤਲੇਆਮ ਅਤੇ ਸਰਕਾਰੀ ਦਹਿਸ਼ਤ ਦੀ ਆਉਂਦੀ ਹੈ, ਤਾਂ ਇਹ ‘ਜ਼ਾਹਲੀ’ ਖੱਬੇ-ਪੱਖੀ ਆਪਣੀ ਸਾਰੀ ਵਿਚਾਰਧਾਰਾ ਨੂੰ ਛਿੱਕੇ ਟੰਗ ਕੇ ਅੰਨ੍ਹੇ ਰਾਸ਼ਟਰਵਾਦ ਦੀ ਚਾਦਰ ਤਾਣ ਕੇ ਬੈਠ ਜਾਂਦੇ ਹਨ। ਇਹ ਉਹ ਜ਼ਾਹਲੀ ਖੱਬੇ-ਪੱਖੀ ਹਨ ਜਿਨ੍ਹਾਂ ਨੇ ਉਸ ਦੌਰ ਵਿੱਚ ਵੀ ਸਰਕਾਰੀ ਜਬਰ ਨੂੰ ਸਹੀ ਠਹਿਰਾਉਣ ਲਈ ਪੁਲਿਸ ਕੈਟਾਂ ਅਤੇ ਸਰਕਾਰੀ ਤੰਤਰ ਦਾ ਸਾਥ ਦਿੱਤਾ ਸੀ ਅਤੇ ਅੱਜ ਵੀ ਜਦੋਂ ਕੋਈ ਸਿਨੇਮਾ ਇਸ ਸੱਚ ਨੂੰ ਸਾਹਮਣੇ ਲਿਆਉਂਦਾ ਹੈ, ਤਾਂ ਇਨ੍ਹਾਂ ਦੇ ਪੇਟ ਵਿੱਚ ਪੀੜ ਹੋਣ ਲੱਗ ਪੈਂਦੀ ਹੈ। ਇਸ ਸਰਕਾਰੀ ਜਬਰ ਨੂੰ ਛੁਪਾਉਣ ਅਤੇ ਆਪਣੇ ਗੁਨਾਹਾਂ ’ਤੇ ਪਰਦਾ ਪਾਉਣ ਲਈ ਇਨ੍ਹਾਂ ਵੱਲੋਂ ਇਹ ਖੋਖਲਾ ਅਤੇ ਕੁਫ਼ਰ ਭਰਿਆ ਤਰਕ ਦਿੱਤਾ ਜਾਂਦਾ ਹੈ ਕਿ “ਦੂਜੇ ਪਾਸੇ ਵੀ ਹਿੰਸਾ ਸੀ, ਇਸ ਲਈ ਫਿਲਮ ਇੱਕ ਪਾਸੜ ਹੈ।” ਇਹ ਕਥਿਤ ਬੁੱਧੀਜੀਵੀ ਇੱਕ ਬੁਨਿਆਦੀ ਅਤੇ ਇਤਿਹਾਸਕ ਫਰਕ ਨੂੰ ਜਾਣਬੁੱਝ ਕੇ ਗੁੰਮਰਾਹ ਕਰਦੇ ਹਨ:

ਆਮ ਹਿੰਸਾ ਬਨਾਮ ਸਰਕਾਰੀ ਹਿੰਸਾ: ਇੱਕ ਆਮ ਨਾਗਰਿਕ, ਬਾਗੀ ਜਾਂ ਖਾੜਕੂ ਸੰਗਠਨ ਦੁਆਰਾ ਕੀਤੀ ਗਈ ਹਿੰਸਾ ਇੱਕ ਅਪਰਾਧ ਹੈ, ਜਿਸ ਨੂੰ ਰੋਕਣ ਅਤੇ ਸਜ਼ਾ ਦੇਣ ਲਈ ਦੇਸ਼ ਵਿੱਚ ਕਾਨੂੰਨ, ਅਦਾਲਤਾਂ ਅਤੇ ਜੇਲ੍ਹਾਂ ਮੌਜੂਦ ਹਨ। ਪਰ ਜਦੋਂ ਸੰਵਿਧਾਨ ਦੀ ਸਹੁੰ ਚੁੱਕੀ ਹੋਈ ਫੋਰਸ (ਪੁਲਿਸ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ) ਖੁਦ ਹੀ ਅਦਾਲਤ, ਖੁਦ ਹੀ ਜੱਜ ਅਤੇ ਖੁਦ ਹੀ ਜੱਲਾਦ ਬਣ ਕੇ ਗੈਰ-ਕਾਨੂੰਨੀ ਕਤਲੋਗਾਰਤ ਕਰਨ ਲੱਗ ਪਵੇ ਅਤੇ ਲਾਸ਼ਾਂ ਨੂੰ ਲਵਾਰਸ ਕਹਿ ਕੇ ਖਪਾਉਣ ਲੱਗ ਪਵੇ, ਤਾਂ ਉਹ ‘ਸਰਕਾਰੀ ਅੱਤਵਾਦ’ ਬਣ ਜਾਂਦਾ ਹੈ।

ਇੱਕ ਸੰਵਿਧਾਨਕ ਰਾਜ ਦੁਆਰਾ ਕੀਤੇ ਗਏ ਸੰਸਥਾਗਤ ਕਤਲੇਆਮ ਅਤੇ ਕਿਸੇ ਬਾਗੀ ਦੀ ਹਿੰਸਾ ਨੂੰ ਇੱਕੋ ਪੱਧਰ ’ਤੇ ਰੱਖ ਕੇ ਦੇਖਣਾ ਬੌਧਿਕ ਦਿਵਾਲੀਆਪਨ ਦੀ ਸਿਖਰ ਹੈ। ਜਦੋਂ ਜਸਵੰਤ ਸਿੰਘ ਖਾਲੜਾ ਨੇ ਖੁਦ ਆਪਣੀ ਸ਼ਹਾਦਤ ਦੇ ਕੇ ਇਸ ਸੱਚ ’ਤੇ ਮੋਹਰ ਲਗਾਈ ਹੋਵੇ, ਜਦੋਂ ਸੀ.ਬੀ.ਆਈ. ਨੇ ਅਦਾਲਤ ਵਿੱਚ ਮੰਨਿਆ ਹੋਵੇ ਕਿ ਹਜ਼ਾਰਾਂ ਲਾਸ਼ਾਂ ਗੈਰ-ਕਾਨੂੰਨੀ ਤਰੀਕੇ ਨਾਲ ਸਸਕਾਰ ਕੀਤੀਆਂ ਗਈਆਂ, ਤਾਂ ਉਸ ਸੱਚ ਨੂੰ “ਸੰਤੁਲਿਤ” ਬਣਾਉਣ ਦੀ ਮੰਗ ਕਰਨਾ ਅਸਲ ਵਿੱਚ ਅਪਰਾਧੀਆਂ ਨੂੰ ਕਲੀਨ ਚਿੱਟ ਦੇਣ ਦੀ ਇੱਕ ਕੋਝੀ ਸਾਜ਼ਿਸ਼ ਹੈ। ਕੀ ਨਾਜ਼ੀਆਂ ਦੁਆਰਾ ਕੀਤੇ ਗਏ ਯਹੂਦੀਆਂ ਦੇ ਕਤਲੇਆਮ ’ਤੇ ਬਣਨ ਵਾਲੀਆਂ ਫਿਲਮਾਂ ਵਿੱਚ ਕੋਈ ਬੁੱਧੀਜੀਵੀ ਇਹ ਕਹਿੰਦਾ ਹੈ ਕਿ “ਨਾਜ਼ੀਆਂ ਦਾ ਪੱਖ ਵੀ ਦਿਖਾਓ”? ਨਹੀਂ। ਪਰ ਪੰਜਾਬ ਦੇ ਮਾਮਲੇ ਵਿੱਚ ਇਹ ਜ਼ਾਹਲੀ ਖੱਬੇ-ਪੱਖੀ ਹਮੇਸ਼ਾ ਜ਼ਾਲਮਾਂ ਦੀ ਪਿੱਠ ਥਾਪੜਨ ਲਈ ਅੱਗੇ ਆਉਂਦੇ ਹਨ।

ਭਾਰਤ ਵਿੱਚ ਅੱਜ ਵੀ ਲਾਸ਼ਾਂ ਦੀ ਗੈਰ-ਕਾਨੂੰਨੀ ਖਪਤ ਵਿਰੁੱਧ ਆਈ.ਪੀ.ਸੀ. ਦੀ ਧਾਰਾ 297 ਵਰਗੇ ਬੇਹੱਦ ਕਮਜ਼ੋਰ ਕਾਨੂੰਨ ਹਨ (ਜਿਸ ਵਿੱਚ ਸਿਰਫ਼ ਇੱਕ ਸਾਲ ਦੀ ਸਜ਼ਾ ਹੈ), ਅਤੇ ਪੰਜਾਬ ਦੇ ਸੰਦਰਭ ਵਿੱਚ ਤਾਂ ਇਹ ਮਾਮੂਲੀ ਕਾਨੂੰਨ ਵੀ ਛਿੱਕੇ ਟੰਗ ਦਿੱਤੇ ਗਏ ਸਨ। ਅਜਿਹੇ ਵਿੱਚ, ਜਦੋਂ ਕੋਈ ਸਿਨੇਮਾ ਇਸ ਇਤਿਹਾਸਕ ਦਸਤਾਵੇਜ਼ ਨੂੰ ਲੋਕਾਂ ਸਾਹਮਣੇ ਲਿਆਉਂਦਾ ਹੈ, ਤਾਂ ਉਸ ਨੂੰ ‘ਪ੍ਰੋਪੇਗੰਡਾ’ ਕਹਿਣਾ ਇਨ੍ਹਾਂ ਖੱਬੇ-ਪੱਖੀਆਂ ਦੀ ਬੌਧਿਕ ਬੇਈਮਾਨੀ ਹੈ। ‘ਸਤਲੁਜ’ ਫਿਲਮ ਸਿਰਫ਼ ਸਿਨੇਮਾ ਜਾਂ ਮਨੋਰੰਜਨ ਦਾ ਸਾਧਨ ਨਹੀਂ ਹੈ, ਬਲਕਿ ਇਹ ਪੰਜਾਬ ਦੇ ਉਸ ਪਾਣੀ ਦਾ ਚੀਕਦਾ ਹੋਇਆ ਸੱਚ ਹੈ ਜਿਸ ਨੇ ਹਜ਼ਾਰਾਂ ਮਾਵਾਂ ਦੇ ਪੁੱਤਾਂ ਦੀਆਂ ਲਾਸ਼ਾਂ ਨੂੰ ਆਪਣੇ ਅੰਦਰ ਸਮੋਇਆ ਹੈ। ਜ਼ਾਹਲੀ ਖੱਬੇ-ਪੱਖੀ ਅਤੇ ਕਥਿਤ ਨਿਰਪੱਖ ਬੁੱਧੀਜੀਵੀ ਜੋ ਅੱਜ ਇਸ ਫਿਲਮ ਦੀ ਨੁਕਤਾਚੀਨੀ ਕਰਕੇ ਝੂਠੇ ਬਿਰਤਾਂਤ ਰਚ ਰਹੇ ਹਨ, ਉਹ ਅਸਲ ਵਿੱਚ ਇਤਿਹਾਸ ਦੇ ਉਸੇ ਜਬਰ ਦੇ ਭਾਗੀਦਾਰ ਬਣ ਰਹੇ ਹਨ।

## ਕੀ ਇਨਸਾਨਾਂ ਕੋਲ ਗਿਣਤੀ ਦਾ ਸਮਾਂ ਬਚਿਆ ਹੈ ?

# ‘ਡੂਮਸਡੇਅ ਥਿਊਰੀ’ ਨੇ ਦੁਨੀਆ ਭਰ ਵਿਚ ਛੇੜੀ ਬਹਿਸ

- ਮਨੁੱਖਤਾ ਦਾ ਅੰਤ ਉਮੀਦ ਨਾਲੋਂ ਜਲਦੀ! ਵਿਗਿਆਨੀਆਂ ਤੇ ਦਾਰਸ਼ਨਿਕਾਂ ਵਿਚਾਲੇ ਗਣਿਤਕ ਦਾਅਵੇ ’ਤੇ ਮਤਭੇਦ
- ਕਲਾਈਮੇਟ ਚੇਂਜ ਅਤੇ ਏਆਈ ਦੇ ਦੌਰ ਵਿਚ ਮੁੜ ਚਰਚਾ ਵਿਚ ਆਇਆ ‘ਦੁਨੀਆ ਦੇ ਖ਼ਤਮ ਹੋਣ ਦਾ ਸਿਧਾਂਤ’

ਨਵੀਂ ਦਿੱਲੀ-ਦਿ ਮੈਟਰੋ’ ਦੀ ਇੱਕ ਰਿਪੋਰਟ ਤੋਂ ਬਾਅਦ ਗਣਿਤ ਅਤੇ ਅੰਕੜਾ ਵਿਗਿਆਨ ’ਤੇ ਆਧਾਰਿਤ ਵਿਵਾਦਪੂਰਨ ਤਰਕ ‘ਡੂਮਸਡੇਅ ਆਰਗੂਮੈਂਟ’ ਦੁਨੀਆ ਭਰ ਵਿੱਚ ਮੁੜ ਚਰਚਾ ਦਾ ਵਿਸ਼ਾ ਬਣ ਗਿਆ ਹੈ। ਇਹ ਥਿਊਰੀ ਅੰਦਾਜ਼ਾ ਲਗਾਉਂਦੀ ਹੈ ਕਿ ਇਨਸਾਨੀਅਤ ਕੋਲ ਹੁਣ ਬਹੁਤ ਘੱਟ ਸਮਾਂ ਬਚਿਆ ਹੈ ਅਤੇ ਮਨੁੱਖੀ ਪ੍ਰਜਾਤੀ ਦਾ ਅੰਤ ਉਮੀਦ ਨਾਲੋਂ ਕਿਤੇ ਜਲਦੀ ਹੋ ਸਕਦਾ ਹੈ।

ਇਹ ਸਿਧਾਂਤ ‘ਕੋਪਰਨੀਕਨ ਸਿਧਾਂਤ’ ’ਤੇ ਆਧਾਰਿਤ ਹੈ, ਜਿਸ ਨੂੰ ਐਸਟ੍ਰੋਫਿਜ਼ੀਸਿਸਟ ਬ੍ਰੈਂਡਨ ਕਾਰਟਰ ਅਤੇ ਕਾਰਸਮੋਲੋਜਿਸਟ ਜੇ. ਰਿਚਰਡ ਗੌਟ ਨੇ ਅੱਗੇ ਵਧਾਇਆ ਸੀ। ਇਸ ਅਨੁਸਾਰ, ਬ੍ਰੈਂਡਨ ਇਤਿਹਾਸ ਵਿੱਚ ਇਨਸਾਨਾਂ ਦੀ ਕੋਈ ਖ਼ਾਸ ਥਾਂ ਨਹੀਂ ਹੈ ਅਤੇ ਅੰਕੜਿਆਂ ਮੁਤਾਬਕ ਮਨੁੱਖਤਾ ਦਾ ਭਵਿੱਖ ਬਹੁਤ ਲੰਬਾ ਹੋਣ ਦੀ ਸੰਭਾਵਨਾ ਘੱਟ ਹੈ ਮੌਜੂਦਾ ਸਮੇਂ ਵਿੱਚ ਵਧ ਰਹੇ ਹੋਂਦ ਦੇ ਖ਼ਤਰੇ ਜਿਵੇਂ ਕਿ ਜਲਵਾਯੂ ਪਰਿਵਰਤਨ, ਆਰਟੀਫੀਸ਼ੀਅਲ ਇੰਟੈਲੀਜੈਂਸ , ਮਹਾਂਮਾਰੀ, ਅਤੇ ਪਰਮਾਣੂ ਟਕਰਾਅ ਕਾਰਨ ਲੋਕਾਂ ਦੀ ਇਸ ਵਿਸ਼ੇ ਵਿੱਚ ਦਿਲਚਸਪੀ ਵਧ ਗਈ ਹੈ।

ਥਿਊਰੀ ਨੂੰ ਲੈ ਕੇ ਮਾਹਰਾਂ ਵਿੱਚ ਮਤਭੇਦ ਹਨ। ਆਲੋਚਕਾਂ ਦਾ ਕਹਿਣਾ ਹੈ ਕਿ ਇਹ ਮਾਡਲ ਬਹੁਤ ਸਰਲ ਹੈ ਅਤੇ ਇਹ ਮਨੁੱਖ ਦੀ ਬਦਲਦੇ ਹਾਲਾਤਾਂ ਮੁਤਾਬਕ ਢਲਣ ਦੀ ਸਮਰੱਥਾ ਅਤੇ ਭਵਿੱਖ ਦੀ ਤਕਨੀਕੀ ਤਰੱਕੀ ਨੂੰ ਧਿਆਨ ਵਿੱਚ ਨਹੀਂ ਰੱਖਦਾ।

ਵਿਗਿਆਨੀਆਂ ਅਨੁਸਾਰ ਅਜੇ ਤੱਕ ਅਜਿਹਾ ਕੋਈ ਪ੍ਰਵਾਨਿਤ ਮਾਡਲ ਨਹੀਂ ਹੈ ਜੋ ਇਨਸਾਨਾਂ ਦੇ ਖ਼ਤਮ ਹੋਣ ਦੀ ਪੱਕੀ ਤਾਰੀਖ਼ ਦੱਸ ਸਕੇ। ਇਸ ਲਈ ਖੋਜਕਰਤਾ ਭਵਿੱਖਬਾਣੀਆਂ ਦੀ ਬਜਾਏ ਅਸਲ ਦੁਨੀਆ ਦੇ ਖ਼ਤਰਿਆਂ (ਜਿਵੇਂ ਵਾਤਾਵਰਣ ਦਾ ਨੁਕਸਾਨ ਅਤੇ ਬਿਮਾਰੀਆਂ) ਨੂੰ ਘੱਟ ਕਰਨ ’ਤੇ ਜ਼ਿਆਦਾ ਧਿਆਨ ਦੇ ਰਹੇ ਹਨ।

# ਬੇਅਦਬੀ ਦੇ ਨਾਂ 'ਤੇ ਸਿਆਸਤ ਨਹੀਂ, ਨਿਰਪੱਖ ਇਨਸਾਫ਼ ਕਰੋ; ਪੰਜਾਬ ਸਭ ਸਮਝ ਚੁੱਕਾ ਹੈ : ਪ੍ਰੋ. ਸਰਚਾਂਦ ਸਿੰਘ ਖਿਆਲਾ
## ਸਾਢੇ ਚਾਰ ਸਾਲਾਂ ਬਾਅਦ ਵੀ ਬਰਗਾੜੀ ਬੇਅਦਬੀ ਅਤੇ ਬਹਿਬਲ ਕਲਾਂ ਗੋਲੀਕਾਂਡ ਦੇ ਪੀੜਤਾਂ ਨੂੰ ਇਨਸਾਫ਼ ਨਹੀਂ ਮਿਲਿਆ

ਅੰਮ੍ਰਿਤਸਰ-ਪੰਜਾਬ ਭਾਜਪਾ ਦੇ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਭਗਵੰਤ ਮਾਨ ਸਰਕਾਰ 'ਤੇ ਦੋਸ਼ ਲਾਇਆ ਕਿ ਉਸ ਨੇ ਬਰਗਾੜੀ ਬੇਅਦਬੀ ਅਤੇ ਬਹਿਬਲ ਕਲਾਂ ਗੋਲੀਕਾਂਡ ਵਰਗੇ ਸੰਵੇਦਨਸ਼ੀਲ ਮਾਮਲਿਆਂ ਵਿੱਚ ਨਿਰਪੱਖ ਇਨਸਾਫ਼ ਯਕੀਨੀ ਬਣਾਉਣ ਦੀ ਬਜਾਏ ਉਨ੍ਹਾਂ ਨੂੰ ਸਿਆਸੀ ਮੁੱਦਾ ਬਣਾ ਦਿੱਤਾ ਹੈ।

ਉਨ੍ਹਾਂ ਕਿਹਾ ਕਿ ਵਿਰੋਧੀ ਧਿਰ ਵਿੱਚ ਰਹਿੰਦਿਆਂ 24 ਘੰਟਿਆਂ ਵਿੱਚ ਇਨਸਾਫ਼ ਦੇਣ ਦਾ ਵਾਅਦਾ ਕਰਨ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਸੱਤਾ ਵਿੱਚ ਸਾਢੇ ਚਾਰ ਸਾਲ ਤੋਂ ਵੱਧ ਸਮਾਂ ਬਿਤਾਉਣ ਦੇ ਬਾਵਜੂਦ ਕੋਈ ਠੋਸ ਨਤੀਜਾ ਨਹੀਂ ਦੇ ਸਕੀ। ਹੁਣ ਜਦੋਂ ਵਿਧਾਨ ਸਭਾ ਚੋਣਾਂ ਨੇੜੇ ਹਨ ਤਾਂ ਜਾਂਚ ਵਿੱਚ ਅਚਾਨਕ ਤੇਜ਼ੀ ਆਉਣਾ ਸਰਕਾਰ ਦੀ ਨੀਅਤ 'ਤੇ ਸਵਾਲ ਖੜ੍ਹੇ ਕਰਦਾ ਹੈ।

ਪ੍ਰੋ. ਖਿਆਲਾ ਨੇ ਕਿਹਾ ਕਿ ਪੰਜਾਬ ਦੇ ਲੋਕ ਹੁਣ ਸਿਆਸੀ ਨੈਰੇਟਿਵ ਨਹੀਂ, ਸਗੋਂ ਅਸਲ ਦੋਸ਼ੀਆਂ ਦਾ ਪਰਦਾਫਾਸ਼, ਨਿਰਪੱਖ ਜਾਂਚ ਅਤੇ ਸਮੇਂ ਸਿਰ ਇਨਸਾਫ਼ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਭਾਜਪਾ ਨੇ ਹਮੇਸ਼ਾ ਬਰਗਾੜੀ ਬੇਅਦਬੀ ਅਤੇ ਬਹਿਬਲ ਕਲਾਂ ਗੋਲੀਕਾਂਡ ਦੀ ਨਿਰਪੱਖ ਜਾਂਚ ਦੀ ਮੰਗ ਕੀਤੀ ਹੈ ਅਤੇ ਪਾਰਟੀ ਦਾ ਸਪੱਸ਼ਟ ਮਤ ਹੈ ਕਿ ਜੋ ਵੀ ਦੋਸ਼ੀ ਹੋਵੇ, ਭਾਵੇਂ ਉਹ ਕਿੰਨਾ ਵੀ ਪ੍ਰਭਾਵਸ਼ਾਲੀ ਕਿਉਂ ਨਾ ਹੋਵੇ, ਉਸ ਨੂੰ ਕਾਨੂੰਨ ਅਨੁਸਾਰ ਸਖ਼ਤ ਸਜ਼ਾ ਮਿਲਣੀ ਚਾਹੀਦੀ ਹੈ।

ਉਨ੍ਹਾਂ ਸਵਾਲ ਕੀਤਾ ਕਿ ਜਦੋਂ ਸੰਬੰਧਿਤ ਪੰਜੇ ਕੇਸ ਫਰੀਦਕੋਟ ਤੋਂ ਚੰਡੀਗੜ੍ਹ ਤਬਦੀਲ ਹੋ ਗਏ ਤਾਂ ਸਰਕਾਰ ਨੇ ਪ੍ਰਭਾਵਸ਼ਾਲੀ ਕਾਨੂੰਨੀ ਯਤਨ ਕਿਉਂ ਨਹੀਂ ਕੀਤੇ। ਉਨ੍ਹਾਂ ਇਹ ਵੀ ਪੁੱਛਿਆ ਕਿ ਜੇ ਜਾਂਚ ਏਜੰਸੀਆਂ ਕੋਲ ਡੇਰਾ ਮੁਖੀ ਦੀ ਕਥਿਤ ਭੂਮਿਕਾ ਬਾਰੇ ਲੋੜੀਂਦੀ ਸਮੱਗਰੀ ਹੈ ਤਾਂ ਉਸ ਤੋਂ ਪੁੱਛਗਿੱਛ ਲਈ ਟਰਾਂਜ਼ਿਟ ਹਿਰਾਸਤ ਲੈਣ ਦੀ ਕੋਸ਼ਿਸ਼ ਕਿਉਂ ਨਹੀਂ ਕੀਤੀ ਗਈ।

ਉਨ੍ਹਾਂ ਕਿਹਾ ਕਿ ਐੱਸਆਈਟੀ ਨੇ ਮਈ 2022 ਵਿੱਚ ਹੀ ਲੋੜੀਂਦੀ ਪ੍ਰਵਾਨਗੀ ਮੰਗ ਲਈ ਸੀ,ਪਰ ਗ੍ਰਹਿ ਵਿਭਾਗ ਨੇ ਲਗਭਗ ਢਾਈ ਸਾਲ ਬਾਅਦ ਮਨਜ਼ੂਰੀ ਦਿੱਤੀ। ਉਨ੍ਹਾਂ ਸਵਾਲ ਕੀਤਾ ਕਿ ਜੇ ਸਰਕਾਰ ਦੀ ਨੀਅਤ ਇਨਸਾਫ਼ ਦਿਵਾਉਣ ਦੀ ਸੀ ਤਾਂ ਇੰਨੀ ਲੰਬੀ ਦੇਰੀ ਕਿਉਂ ਹੋਈ।29 ਅਪ੍ਰੈਲ 2025 ਨੂੰ ਸੁਪਰੀਮ ਕੋਰਟ ਵਿੱਚ ਹੋਏ ਘਟਨਾਕ੍ਰਮ ਦਾ ਹਵਾਲਾ ਦਿੰਦਿਆਂ ਉਨ੍ਹਾਂ ਕਿਹਾ ਕਿ ਜੇ ਸਰਕਾਰ ਦੀ ਪਹਿਲੀ ਤਰਜੀਹ ਇਨਸਾਫ਼ ਸੀ ਤਾਂ ਟਰਾਇਲ ਕੋਰਟ ਦੀ ਕਾਰਵਾਈ ਰੁਕਣ ਦੀ ਨੌਬਤ ਕਿਉਂ ਆਈ।



ਉਨ੍ਹਾਂ ਕਿਹਾ ਕਿ ਉਪਲਬਧ ਅੰਕੜਿਆਂ ਮੁਤਾਬਕ 597 ਬੇਅਦਬੀ ਮਾਮਲਿਆਂ ਵਿੱਚੋਂ ਕੇਵਲ 44 ਵਿੱਚ ਸਜ਼ਾ ਹੋਈ, 99 ਵਿੱਚ ਦੋਸ਼ੀ ਬਰੀ ਹੋਏ ਅਤੇ 131 ਕੇਸ ਅਜੇ ਵੀ ਅਦਾਲਤਾਂ ਵਿੱਚ ਲੰਬਿਤ ਹਨ। ਉਨ੍ਹਾਂ ਕਿਹਾ ਕਿ ਇਹ ਅੰਕੜੇ ਸਰਕਾਰ ਦੀ ਕਾਰਗੁਜ਼ਾਰੀ 'ਤੇ ਗੰਭੀਰ ਸਵਾਲ ਖੜ੍ਹੇ ਕਰਦੇ ਹਨ।

ਪ੍ਰੋ. ਖਿਆਲਾ ਨੇ ਦੋਸ਼ ਲਾਇਆ ਕਿ ਨਸ਼ਿਆਂ, ਵਿਗੜਦੀ ਕਾਨੂੰਨ-ਵਿਵਸਥਾ, ਬੇਰੁਜ਼ਗਾਰੀ, ਕਰਜ਼ੇ ਅਤੇ ਹੋਰ ਮੁੱਦਿਆਂ ਤੋਂ ਲੋਕਾਂ ਦਾ ਧਿਆਨ ਹਟਾਉਣ ਲਈ ਬੇਅਦਬੀ ਦੇ ਮਾਮਲੇ ਨੂੰ ਸਿਆਸੀ ਹਥਿਆਰ ਵਜੋਂ ਵਰਤਿਆ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਧਾਰਮਿਕ ਭਾਵਨਾਵਾਂ ਨਾਲ ਜੁੜੇ ਮਾਮਲਿਆਂ ਨੂੰ ਚੋਣੀ ਸਿਆਸਤ ਦਾ ਸਾਧਨ ਬਣਾਉਣਾ ਬਹੁਤ ਹੀ ਮੰਦਭਾਗਾ ਹੈ। ਪੰਜਾਬ ਨੂੰ ਸਿਆਸਤ ਨਹੀਂ, ਨਿਰਪੱਖ ਇਨਸਾਫ਼ ਅਤੇ ਅਸਲ ਦੋਸ਼ੀਆਂ ਦਾ ਪਰਦਾਫਾਸ਼ ਚਾਹੀਦਾ ਹੈ।

# ਵਿਦੇਸ਼ੀ ਪਰਵਾਸ ਨਾਲ ਗਲਾਸਗੋ ਸ਼ਹਿਰ ਦੀ ਆਬਾਦੀ ਵਿੱਚ ਵਾਧਾ

ਗਲਾਸਗੋ,(ਹਰਜੀਤ ਦੁਸਾਂਝ ਪੁਆਦੜਾ) - ਇਮੀਗ੍ਰੇਸ਼ਨ ਨਾਲ ਸਬੰਧਤ ਤਾਜ਼ਾ ਅੰਕੜਿਆਂ ਤੋਂ ਪਤਾ ਲੱਗਾ ਹੈ ਕਿ ਵਿਦੇਸ਼ਾਂ ਤੋਂ ਆਉਣ ਵਾਲੇ ਲੋਕਾਂ ਦੀ ਗਿਣਤੀ ਵਿੱਚ ਵਾਧੇ ਕਾਰਨ ਗਲਾਸਗੋ ਸ਼ਹਿਰ ਦੀ ਆਬਾਦੀ ਲਗਾਤਾਰ ਵਧ ਰਹੀ ਹੈ। ਹਾਲੀਆ ਸਾਲਾਂ ਵਿੱਚ ਗਲਾਸ-ਗੋ ਦੀ ਆਬਾਦੀ ਵਿੱਚ ਹੋਇਆ ਵਾਧਾ ਮੁੱਖ ਤੌਰ ਤੇ ਅੰਤਰਰਾਸ਼ਟਰੀ ਪਰਵਾਸ ਕਰਕੇ ਹੈ। ਤਾਜ਼ਾ ਅੰਕੜਿਆਂ ਅਨੁਸਾਰ ਗਲਾਸਗੋ ਸ਼ਹਿਰ ਦੀ ਆਬਾਦੀ ਲਗਭਗ 6.22 ਲੱਖ (622,000 ਤੋਂ ਵੱਧ) ਹੋ ਚੁੱਕੀ ਹੈ। ਇਹ ਸਕਾਟਲੈਂਡ ਦਾ ਸਭ ਤੋਂ ਵੱਧ ਆਬਾਦੀ ਵਾਲਾ ਸ਼ਹਿਰ ਹੈ ਅਤੇ ਇੱਥੇ ਵੱਖ-ਵੱਖ ਦੇਸ਼ਾਂ ਅਤੇ ਭਾਈਚਾਰਿਆਂ ਦੇ ਲੋਕ ਵੱਸਦੇ ਹਨ। ਗਲਾਸ-ਗੋ ਸਕਾਟਲੈਂਡ ਦਾ ਸਭ ਤੋਂ ਬਹੁ-ਸੱਭਿਆਚਾਰਕ ਸ਼ਹਿਰ ਬਣ ਚੁੱਕਾ ਹੈ। ਸ਼ਹਿਰ ਦੀ ਕਰੀਬ 19.3 ਫ਼ੀਸਦੀ ਆਬਾਦੀ ਗੈਰ-ਗੋਰੇ ਘੱਟਗਿਣਤੀ ਨਸਲੀ ਭਾਈਚਾਰਿਆਂ ਨਾਲ ਸਬੰਧਤ ਹੈ, ਜੋ ਕਿ ਸਕਾਟਲੈਂਡ ਦੇ ਕਿਸੇ ਵੀ ਹੋਰ ਸਥਾਨਕ ਪ੍ਰਸ਼ਾਸਨਿਕ ਖੇਤਰ ਨਾਲੋਂ ਵੱਧ ਹੈ। ਅਧਿਕਾਰਕ ਅੰਕੜਿਆਂ ਅਨੁਸਾਰ ਸਕਾਟਲੈਂਡ ਵਿੱਚ ਆਉਣ ਵਾਲੇ ਕਈ ਸ਼ਰਨਾਰਥੀਆਂ ਅਤੇ ਸ਼ਰਨ ਮੰਗਣ ਵਾਲਿਆਂ ਦਾ ਵੱਡਾ ਹਿੱਸਾ ਗਲਾਸਗੋ ਵਿੱਚ ਹੀ ਰਹਿੰਦਾ ਹੈ। ਇਸ ਕਾਰਨ ਸ਼ਹਿਰ ਵਿੱਚ ਰਿਹਾਇਸ਼, ਸਿਹਤ ਅਤੇ ਹੋਰ ਜਨਤਕ ਸੇਵਾਵਾਂ ਤੇ ਦਬਾਅ ਵਧਣ ਦੀਆਂ ਚਰਚਾਵਾਂ ਵੀ ਜਾਰੀ ਹਨ। ਮਾਹਿਰਾਂ ਦਾ ਮੰਨਣਾ ਹੈ ਕਿ ਇਮੀਗ੍ਰੇਸ਼ਨ ਨਾਲ ਗਲਾਸ-ਗੋ ਨੂੰ ਹੁਨਰਮੰਦ ਕਰਮਚਾਰੀ, ਵਿਦਿਆਰਥੀ ਅਤੇ ਨਵੇਂ ਕਾਰੋਬਾਰੀ ਮਿਲੇ ਹਨ, ਜਿਸ ਨਾਲ ਸਥਾਨਕ ਅਰਥਵਿਵਸਥਾ ਨੂੰ ਮਜ਼ਬੂਤੀ ਮਿਲੀ ਹੈ। ਹਾਲਾਂਕਿ ਵਧਦੀ ਆਬਾਦੀ ਦੇ ਮੱਦੇਨਜ਼ਰ ਘਰਾਂ ਦੀ ਉਪਲਬਧਤਾ, ਬੁਨਿਆਦੀ ਢਾਂਚੇ ਅਤੇ ਜਨਤਕ ਸੇਵਾਵਾਂ ਵਿੱਚ ਹੋਰ ਨਿਵੇਸ਼ ਦੀ ਲੋੜ ਵੀ ਮਹਿਸੂਸ ਕੀਤੀ ਜਾ ਰਹੀ।

# ਇਟਲੀ: 4 ਸਾਲਾ ਭਤੀਜੇ ਨੂੰ ਬਚਾਉਣ ਲਈ ਅੱਡਾ ਦਰਿਆ ਵਿੱਚ ਛਾਲ ਮਾਰਨ ਵਾਲੇ 47 ਸਾਲਾ ਭਾਰਤੀ ਮੂਲ ਦੇ ਵਿਅਕਤੀ ਦੀ ਮੌਤ, ਬੱਚਾ ਵੀ ਨਾ ਬਚ ਸਕਿਆ



ਰੋਮ ਇਟਲੀ-(ਗੁਰਸ਼ਰਨ ਸਿੰਘ ਸੋਨੀ) ਇਟਲੀ ਦੇ ਮਿਲਾਨ ਸੂਬੇ ਦੇ ਟ੍ਰਕਾਜ਼ਾਨੋ ਇਲਾਕੇ ਵਿੱਚ ਵਗਦੇ ਅੱਡਾ (ਅਦਦਓ) ਦਰਿਆ ਵਿੱਚ ਇੱਕ ਦਿਲ ਦਹਿਲਾ ਦੇਣ ਵਾਲਾ ਹਾਦਸਾ ਵਾਪਰਿਆ।ਜਿੱਥੇ 47 ਸਾਲਾ ਭਾਰਤੀ ਮੂਲ ਦਾ ਇੱਕ ਵਿਅਕਤੀ, ਜੋ ਪੁਰਤਗਾਲ ਵਿੱਚ ਰਹਿੰਦਾ ਸੀ ਅਤੇ ਇਟਲੀ ਵਿੱਚ ਆਪਣੇ ਪਰਿਵਾਰ ਨੂੰ ਮਿਲਣ ਆਇਆ ਹੋਇਆ ਸੀ, ਆਪਣੇ 4 ਸਾਲਾ ਭਤੀਜੇ ਨੂੰ ਡੁੱਬਣ ਤੋਂ ਬਚਾਉਣ ਲਈ ਦਰਿਆ ਵਿੱਚ ਛਾਲ ਮਾਰ ਬੈਠਾ। ਬਚਾਅ ਦੀ ਕੋਸ਼ਿਸ਼ ਦੌਰਾਨ ਉਹ ਖੁਦ ਪਾਣੀ ਦੇ ਤੇਜ਼ ਵਹਾਅ ਵਿੱਚ ਫਸ ਗਿਆ ਅਤੇ ਬਾਹਰ ਨਾ ਨਿਕਲ ਸਕਿਆ। ਮੌਕੇ 'ਤੇ ਪਹੁੰਚੀਆਂ ਐਮਰਜੈਂਸੀ ਅਤੇ ਗੋਤਾਖੋਰ ਟੀਮਾਂ ਨੇ ਉਸ ਦੀ ਭਾਲ ਕੀਤੀ, ਤੇ ਪਰ ਉਸ ਦੀ ਮੌਤ ਹੋ ਗਈ ਸੀ। 4 ਸਾਲਾ ਬੱਚੇ ਨੂੰ ਹੈਲੀਕਾਪਟਰ ਰਾਹੀਂ ਬੇਰਗਾਮੋ ਦੇ ਪਾਪਾ ਜਿਓਵਾਨੀ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਦੇ ਯਤਨਾਂ ਦੇ ਬਾਵਜੂਦ ਉਸ ਬੱਚੇ ਨੂੰ ਬਚਾਇਆ ਨਾ ਜਾ ਸਕਿਆ ਅਤੇ ਕੁਝ ਸਮੇਂ ਬਾਅਦ ਉਸ ਦੀ ਵੀ ਮੌਤ ਹੋ ਗਈ। ਇਸ ਦੁਖਦਾਈ ਘਟਨਾ ਨਾਲ ਇਲਾਕੇ ਵਿੱਚ ਸੋਗ ਦੀ ਲਹਿਰ ਹੈ। ਪੁਲਿਸ ਅਤੇ ਸੰਬੰਧਤ ਅਧਿਕਾਰੀ ਹਾਦਸੇ ਦੇ ਹਾਲਾਤਾਂ ਦੀ ਜਾਂਚ ਕਰ ਰਹੇ ਹਨ। ਤਾਂ ਜੋ ਘਟਨਾ ਦੇ ਕਾਰਨਾਂ ਦਾ ਪਤਾ ਲਗਾਇਆ ਜਾ ਸਕੇ।

# ਗਿਆਨੀ ਬਲਵੰਤ ਸਿੰਘ ਜੀ ਲਿੱਤਰਾਂ ਵਾਲਿਆਂ ਨੂੰ ਧਰਮ ਸੇਵਾ ਅਵਾਰਡ ਨਾਲ ਸਨਮਾਨਤ ਕੀਤਾ ਗਿਆ



**ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਸਿੱਖ ਪੰਥ ਦੇ ਉੱਘੇ ਪ੍ਰਚਾਰਕ ਬਾਬਾ ਹਰਜੀਤ ਸਿੰਘ ਮਹਿਤਾ ਚੌਂਕ ਵਾਲਿਆਂ ਨੇ ਗੁਰਦੁਆਰਾ ਸ੍ਰੀ ਗੁਰੂ ਦਸਮੇਸ਼ ਸਾਹਿਬ ਲੈਸਟਰ ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪੰਥਕ ਕਵੀ ਤੇ ਕੀਰਤਨੀਏ ਗਿਆਨੀ ਜਤਿੰਦਰ ਸਿੰਘ ਜੀ ਹਿਆਲਾ ਦੇ ਸਹਿਯੋਗ ਨਾਲ ਕਰਵਾਏ ਗਏ ਗੁਰਮਤਿ ਸਮਾਗਮ ਦੀ ਕੀਰਤਨ ਕਰਦਿਆਂ ਭਰਪੂਰ ਸ਼ਬਦਾਂ ਵਿੱਚ ਸ਼ਲਾਘਾ ਕੀਤੀ। ਇਸ ਮੌਕੇ ਮਹਾਨ ਸ਼ਹੀਦ ਭਾਈ ਤਾਰੂ ਸਿੰਘ ਜੀ ਦੀ ਸ਼ਹੀਦੀ ਬਾਰੇ ਤੇ ਬਾਬਾ ਹਰਜੀਤ ਸਿੰਘ ਮਹਿਤਾ ਵਾਲਿਆਂ, ਹੈੱਡ ਗ੍ਰੰਥੀ ਗਿਆਨੀ ਸੁਖਚੈਨ ਸਿੰਘ ਦਮਦਮੀ ਟਕਸਾਲ, ਸਿੱਖ ਚਿੰਤਕ ਭਾਈ ਸਰਬਜੀਤ ਸਿੰਘ ਜੀ ਸੰਘਾ ਸਟੇਜ ਸਕੱਤਰ, ਸੰਤ ਹਰੀ ਸਿੰਘ ਨਾਨਕਸਰ ਵਾਲੇ, ਸਿੱਖ ਪੰਥ ਦੇ ਪ੍ਰਸਿੱਧ ਕੀਰਤਨੀਏ, ਪ੍ਰਚਾਰਕ, ਕਵੀ ਅਤੇ ਨਿਮਰਤਾ ਦੇ ਸੋਮੇ ਗਿਆਨੀ ਬਲਵੰਤ ਸਿੰਘ ਜੀ ਲਿਤਰਾਂ ਵਾਲਿਆਂ ਨੇ, ਖੋਜ ਭਰਪੂਰ ਇਤਿਹਾਸਿਕ ਰੌਸ਼ਨੀ ਪਾਉਂਦਿਆਂ ਬੁਲਾਰਿਆਂ ਨੇ ਸਮੂਹ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਉਹਨਾਂ ਦੀ ਅਨੋਖੀ ਸ਼ਹਾਦਤ ਤੋਂ ਸਿੱਖਿਆ ਲੈ ਕੇ ਆਪਣਾ ਜੀਵਨ ਸਫਲਾ ਕਰਨਾ ਚਾਹੀਦਾ ਹੈ। ਇਹਨਾਂ ਸਮੂਹ ਪੰਥਕ ਬੁਲਾਰਿਆਂ ਨੇ ਸਾਥ ਹੀ ਸੰਗੀਤ ਕਲਾ ਦੇ ਮੁਜੱਸਮੇ, ਕਥਨੀ ਅਤੇ ਕਰਨੀ ਦੇ ਅਨਮੋਲ ਹੀਰੇ, ਗਿਆਨੀ ਬਲਵੰਤ ਸਿੰਘ ਜੀ ਲਿੱਤਰਾਂ ਵਾਲਿਆਂ ਵੱਲੋਂ ਕੀਤੀਆਂ ਜਾ ਰਹੀਆਂ ਪੰਥਕ ਸੇਵਾਵਾਂ ਦੀ ਭਰਪੂਰ ਸ਼ਬਦਾਂ ਵਿੱਚ ਸਲਾਘਾ ਕੀਤੀ। ਇਸ ਦੇ ਨਾਲ ਹੀ ਪੰਥਕ ਬੁਲਾਰੇ, ਮਹਾਨ ਜਪੀ-ਤਪੀ, ਗਿਆਨੀ ਜਤਿੰਦਰ ਸਿੰਘ ਹਿਆਲਾ ਨੇ ਗਿਆਨੀ ਜੀ ਦੇ ਜੀਵਨ ਬਾਰੇ ਪੰਜਾਬੀ ਟ੍ਰੈਕਟ ਛਾਪ ਕੇ ਪ੍ਰਧਾਨ ਜਰਨੈਲ ਸਿੰਘ ਰਾਣਾ ਰਾਹੀ ਸੰਗਤਾਂ ਵਿੱਚ ਜਾਰੀ ਕੀਤਾ। ਇਸ ਸ਼ੁਭ ਸਮੇਂ ਜੈਕਾਰਿਆਂ ਦੀ ਗੂੰਜ ਰਾਹੀਂ ਗੁਰਦੁਆਰਾ ਪ੍ਰਬੰਧਕ ਕਮੇਟੀ ਲੈਸਟਰ, ਮਾਤਾ ਖੀਵੀ ਜੀ ਸੇਵਾ ਸੁਸਾਇਟੀ ਯੂ.ਕੇ. ਅਤੇ ਪੰਜਾਬ, ਗੁਰਮਤਿ ਵਿਆਖਿਆਕਾਰ ਗਿਆਨੀ ਗੁਰਮੀਤ ਸਿੰਘ ਸੰਧੂ, ਗੁਰੂ ਨਾਨਕ ਸੰਗੀਤ ਸਭਾ ਯੂ.ਕੇ. ਵੱਲੋਂ ਸਿਰਪਾਓ ਅਤੇ ਯਾਦਗਾਰੀ ਚਿੰਨ ਦੇ ਕੇ ਧਰਮ ਸੇਵਾ ਐਵਾਰਡ ਨਾਲ ਸਤਿਕਾਰਯੋਗ ਗਿਆਨੀ ਬਲਵੰਤ ਸਿੰਘ ਜੀ ਲਿੱਤਰਾਂ ਵਾਲਿਆਂ ਨੂੰ ਸਰਦਾਰ ਜਰਨੈਲ ਸਿੰਘ ਰਾਣਾ ਗਿਆਨੀ ਜਤਿੰਦਰ ਸਿੰਘ ਹਿਆਲਾ, ਗਿਆਨੀ ਰਣਧੀਰ ਸਿੰਘ ਸੰਭਲ, ਗਿਆਨੀ ਸੁਖਚੈਨ ਸਿੰਘ ਜੀ ਹੈਡ ਗ੍ਰੰਥੀ ਬਾਬਾ ਹਰਜੀਤ ਸਿੰਘ ਜੀ ਮਹਿਤੇ ਵਾਲੇ, ਸੰਤ ਹਰੀ ਸਿੰਘ ਜੀ ਨੇ ਸਨਮਾਨਿਤ ਕੀਤਾ।**

# ਟਰੰਪ ਨੇ ਸਿੱਕੇ 'ਤੇ ਛਪਵਾਈ ਆਪਣੀ ਫੋਟੋ; ਅਮਰੀਕਾ ਵਿੱਚ ਕਾਨੂੰਨ ਅਤੇ ਪ੍ਰਸ਼ਾਸਨ 'ਤੇ ਉੱਠੇ ਸਵਾਲ

## ✪ ਅਮਰੀਕਾ ਦੀ ਆਜ਼ਾਦੀ ਦੀ 250ਵੀਂ ਵਰ੍ਹੇਗੰਢ 'ਤੇ ਜਾਰੀ ਕੀਤਾ ਆਪਣਾ ਡਾਲਰ ਦਾ ਸਿੱਕਾ ✪ ਵਿਰੋਧ ਤੋਂ ਬਾਅਦ ਡਿਜ਼ਾਈਨ ਵਿੱਚ ਕੀਤਾ ਗਿਆ ਬਦਲਾਅ

### ਖਾਸ ਖਬਰ

ਅਮਰੀਕਾ ਦੀ ਰਾਜਨੀਤੀ ਵਿੱਚ ਇੱਕ ਵਾਰ ਫਿਰ ਵੱਡਾ ਹਲਚਲ ਦੇਖਣ ਨੂੰ ਮਿਲ ਰਹੀ ਹੈ। ਅਮਰੀਕਾ ਦੇ ਖਜ਼ਾਨਾ ਵਿਭਾਗ ਨੇ ਦੇਸ਼ ਦੀ ਆਜ਼ਾਦੀ ਦੀ 250ਵੀਂ ਵਰ੍ਹੇਗੰਢ (1776-2026) ਦੇ ਇਤਿਹਾਸਕ ਮੌਕੇ 'ਤੇ ਮੌਜੂਦਾ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਤਸਵੀਰ ਵਾਲਾ ਇੱਕ ਨਵਾਂ ਇੱਕ ਡਾਲਰ ਦਾ ਵਿਸ਼ੇਸ਼ ਸਿੱਕਾ ਪੇਸ਼ ਕੀਤਾ ਹੈ। ਅਮਰੀਕਨ ਮਿੰਟ ਨੇ ਇਸ ਸਿੱਕੇ ਦਾ ਉਤਪਾਦਨ ਵੀ ਸ਼ੁਰੂ ਕਰ ਦਿੱਤਾ ਹੈ, ਜਿਸ ਨੂੰ ਇਸੇ ਸਾਲ ਪਤਝੜ ਦੇ ਮੌਸਮ ਵਿੱਚ ਅਧਿਕਾਰਤ ਤੌਰ 'ਤੇ ਜਾਰੀ ਕੀਤਾ ਜਾਵੇਗਾ। ਖਜ਼ਾਨਾ ਸਕੱਤਰ ਸਕੌਟ ਬੇਸੈਂਟ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਇਸ ਦੀ ਜਾਣਕਾਰੀ ਸਾਂਝੀ ਕਰਦਿਆਂ ਦਾਅਵਾ ਕੀਤਾ ਕਿ ਇਹ ਸਿੱਕਾ ਦੇਸ਼ ਦੀ ਦੇਸ਼ਭਗਤੀ ਅਤੇ ਸੁਤੰਤਰਤਾ ਦੀ ਵਿਰਾਸਤ ਨੂੰ ਸਨਮਾਨਿਤ ਕਰਨ ਲਈ ਤਿਆਰ ਕੀਤਾ ਗਿਆ ਹੈ। ਹਾਲਾਂਕਿ, ਇਸ ਫੈਸਲੇ ਤੋਂ ਬਾਅਦ ਪੂਰੇ ਅਮਰੀਕਾ ਵਿੱਚ ਟਰੰਪ ਪ੍ਰਸ਼ਾਸਨ ਦੀ ਤਿੱਖੀ ਆਲੋਚਨਾ ਸ਼ੁਰੂ ਹੋ ਗਈ ਹੈ ਅਤੇ ਕਈ ਕਾਨੂੰਨੀ ਸਵਾਲ ਖੜ੍ਹੇ ਹੋ ਗਏ ਹਨ।




### ਕਿਹੋ ਜਿਹਾ ਹੈ ਸਿੱਕੇ ਦਾ ਡਿਜ਼ਾਈਨ ਅਤੇ ਇਸ ਵਿੱਚ ਹੋਇਆ ਬਦਲਾਅ ?

ਇਸ ਸਿੱਕੇ ਦੇ ਡਿਜ਼ਾਈਨ ਨੂੰ ਇਸੇ ਸਾਲ ਦੀ ਸ਼ੁਰੂਆਤ ਵਿੱਚ 'ਅਮਰੀਕਨ ਕਮਿਸ਼ਨ ਆਫ਼ ਫਾਈਨ ਆਰਟਸ' ਨੇ ਹਰੀ ਝੰਡੀ ਦਿੱਤੀ ਸੀ, ਜਿਸ ਦੇ ਮੈਂਬਰਾਂ ਦੀ ਨਿਯੁਕਤੀ ਖੁਦ ਟਰੰਪ ਨੇ ਕੀਤੀ ਸੀ। ਸਿੱਕੇ ਦੇ ਸਾਹਮਣੇ ਵਾਲੇ ਪਾਸੇ ਟਰੰਪ ਸੂਟ ਅਤੇ ਟਾਈ ਪਾ ਕੇ ਇੱਕ ਬੇਹੱਦ ਗੰਭੀਰ ਹਾਵ-ਭਾਵ ਵਿੱਚ ਨਜ਼ਰ ਆ ਰਹੇ ਹਨ। ਇਸ ਦੇ ਉੱਪਰਲੇ ਹਿੱਸੇ 'ਤੇ 'ਲਿਬਰਟੀ' (ਆਜ਼ਾਦੀ) ਅਤੇ ਹੇਠਾਂ ਆਜ਼ਾਦੀ ਦੇ ਸਾਲ '1776-2026' ਉਕਰੇ ਗਏ ਹਨ। ਕੇਂਦਰ ਵਿੱਚ ਅਮਰੀਕਾ ਦਾ ਰਵਾਇਤੀ ਨਾਅਰਾ 'ਇਨਗਾਡ ਵੂਈ ਟਰਸਟ ' ਛਪਿਆ ਹੋਇਆ ਹੈ।

ਸਿੱਕੇ ਦੇ ਪਿਛਲੇ ਪਾਸੇ ਯੂਨਾਈਟਿਡ ਸਟੇਟਸ ਦੀ 'ਗ੍ਰੇਟ ਸੀਲ' (ਸਰਕਾਰੀ ਮੋਹਰ) ਵਾਲਾ ਰਵਾਇਤੀ ਬਾਜ਼ ਬਣਿਆ ਹੋਇਆ ਹੈ। ਉੱਪਰ 'ਯੂਨਾਈਟਿਡ ਸਟੇਟਸ ਆਫ ਅਮਰੀਕਾ' ਅਤੇ ਬਾਜ਼ ਦੀ ਸ਼ੀਲਡ (ਢਾਲ) 'ਤੇ ਲਾਤੀਨੀ ਭਾਸ਼ਾ ਵਿੱਚ ''E PLURIBUS UNUM'' ਲਿਖਿਆ ਹੋਇਆ ਹੈ, ਜਿਸਦਾ ਮਤਲਬ ਹੈ- ''ਅਨੇਕਤਾ ਵਿੱਚ ਏਕਤਾ''।

ਖਜ਼ਾਨਾ ਵਿਭਾਗ ਵੱਲੋਂ ਜਾਰੀ ਕੀਤਾ ਗਿਆ ਫਾਈਨਲ ਵਰਜ਼ਨ ਪਹਿਲਾਂ ਮਨਜ਼ੂਰ ਕੀਤੇ ਗਏ ਡਿਜ਼ਾਈਨ ਤੋਂ ਥੋੜ੍ਹਾ ਵੱਖਰਾ ਹੈ। ਪਹਿਲਾਂ ਇਸ ਸਿੱਕੇ ਨੂੰ ਸ਼ੁੱਧ ਸੋਨੇ ਦਾ ਬਣਾਉਣ ਦੀ ਯੋਜਨਾ ਸੀ, ਪਰ ਵਿਰੋਧ ਅਤੇ ਆਲੋਚਨਾ ਦੇ ਚਲਦਿਆਂ ਹੁਣ ਇਹ ਸਿੱਕਾ ਸਿਰਫ ਸੋਨੇ ਦੀ ਪਰਤ ਵਾਲਾ ਹੋਵੇਗਾ।

ਇਸ ਕਦਮ ਨੂੰ ਲੈ ਕੇ ਅਮਰੀਕੀ ਕਾਨੂੰਨ ਮਾਹਿਰਾਂ ਅਤੇ ਵਿਰੋਧੀ ਧਿਰਾਂ ਵੱਲੋਂ ਸਖ਼ਤ ਇਤਰਾਜ਼ ਜਤਾਇਆ ਜਾ ਰਿਹਾ ਹੈ। ਇਸ ਦਾ ਮੁੱਖ ਕਾਰਨ ਅਮਰੀਕਾ ਦਾ ਇੱਕ 160 ਸਾਲ ਪੁਰਾਣਾ ਫੈਡਰਲ ਕਾਨੂੰਨ ਹੈ।

1866 ਦਾ ਅਮਰੀਕੀ ਕਾਨੂੰਨ: ਅਮਰੀਕਾ ਦੇ ਸਾਲ 1866 ਦੇ ਇੱਕ ਸੰਘੀ ਕਾਨੂੰਨ ਮੁਤਾਬਕ, ਦੇਸ਼ ਦੀ ਕਰੰਸੀ (ਸਿੱਕਿਆਂ ਜਾਂ ਨੋਟਾਂ) 'ਤੇ ਕਿਸੇ ਵੀ ਜੀਵਿਤ ਵਿਅਕਤੀ ਜਾਂ ਹਾਲ ਹੀ ਵਿੱਚ ਮਰੇ ਹੋਏ ਵਿਅਕਤੀ ਦਾ ਪੋਰਟਰੇਟ (ਫੋਟੋ) ਲਗਾਉਣ ਦੀ ਸਖ਼ਤ ਮਨਾਹੀ ਹੈ। ਇਸ ਕਾਨੂੰਨ ਦਾ ਮਕਸਦ ਲੋਕਤੰਤਰ ਵਿੱਚ ਕਿਸੇ ਇੱਕ ਵਿਅਕਤੀ ਦੇ ਪ੍ਰਭਾਵ ਨੂੰ ਵਧਾਉਣ ਤੋਂ ਰੋਕਣਾ ਸੀ।

ਦੂਜੇ ਪਾਸੇ, ਖਜ਼ਾਨਾ ਵਿਭਾਗ ਦੇ ਅਧਿਕਾਰੀਆਂ ਨੇ ਇਸ ਕਦਮ ਦਾ ਬਚਾਅ ਕਰਦਿਆਂ ਇੱਕ ਵੱਖਰਾ ਤਰਕ ਦਿੱਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਖਜ਼ਾਨਾ ਸਕੱਤਰ ਕੋਲ ਵਿਸ਼ੇਸ਼ ਪ੍ਰਸਥਿਤੀਆਂ (ਜਿਵੇਂ ਕਿ ਦੇਸ਼ ਦੀ 250ਵੀਂ ਵਰ੍ਹੇਗੰਢ) ਵਿੱਚ 'ਯਾਦਗਾਰ ਸਿਕੇ ਜਾਰੀ ਕਰਨ ਦਾ ਵਿਸ਼ੇਸ਼ ਕਾਨੂੰਨੀ ਅਧਿਕਾਰ ਹੁੰਦਾ ਹੈ। ਖੁਦ ਡੋਨਾਲਡ ਟਰੰਪ ਨੇ ਵੀ ਸੋਸ਼ਲ ਮੀਡੀਆ 'ਤੇ ਇਸ ਦੇ ਡਿਜ਼ਾਈਨ ਦੀਆਂ ਤਸਵੀਰਾਂ ਸਾਂਝੀਆਂ ਕਰਦੇ ਹੋਏ ਇਸ ਨੂੰ ''ਬਹੁਤ ਪਿਆਰਾ'' ਦੱਸਿਆ ਹੈ। ਹਾਲਾਂਕਿ, ਮਾਹਿਰਾਂ ਦਾ ਮੰਨਣਾ ਹੈ ਕਿ ਇਸ ਕਾਨੂੰਨੀ ਵਿਵਾਦ ਦਾ ਅਸਰ ਸਿੱਕੇ ਦੀ ਲੋਕਪ੍ਰਿਯਤਾ 'ਤੇ ਪੈ ਸਕਦਾ ਹੈ।

''ਹਰ ਜਗ੍ਹਾ ਆਪਣਾ ਨਾਮ ਚਮਕਾਉਣ'' ਦੀ ਕੋਸ਼ਿਸ਼ ਦੇ ਦੋਸ਼-ਆਲੋਚਕਾਂ ਦਾ ਕਹਿਣਾ ਹੈ ਕਿ ਇਹ ਫੈਸਲਾ ਟਰੰਪ ਦੀ ਉਸੇ ਸੋਚ ਦਾ ਹਿੱਸਾ ਹੈ, ਜਿਸ ਦੇ ਤਹਿਤ ਉਹ ਆਪਣਾ ਨਾਮ ਅਤੇ ਤਸਵੀਰਾਂ ਦੇਸ਼ ਦੇ ਵੱਡੇ ਰਾਸ਼ਟਰੀ ਸੰਸਥਾਵਾਂ ਅਤੇ ਪ੍ਰੋਜੈਕਟਾਂ ਨਾਲ ਜੋੜਨਾ ਚਾਹੁੰਦੇ ਹਨ। ਇਸ ਤੋਂ ਪਹਿਲਾਂ ਵੀ ਆਪਣੀ ਪ੍ਰੈਜ਼ੀਡੈਂਸੀ ਦੌਰਾਨ ਟਰੰਪ ਨੇ 'ਯੂ.ਐਸ. ਇੰਸਟੀਚਿਊਟ ਆਫ਼ ਪੀਸ', 'ਕੈਨੇਡੀ ਸੈਂਟਰ ਪਰਫਾਰਮਿੰਗ ਆਰਟਸ' ਅਤੇ ਅਮਰੀਕੀ ਫੌਜ ਦੇ ਨਵੇਂ ਜੰਗੀ ਜਹਾਜ਼ਾਂ ਦੀ ਇੱਕ ਪੂਰੀ ਨਵੀਂ ਕਲਾਸ ਦਾ ਨਾਮ ਆਪਣੇ ਨਾਮ 'ਤੇ ਰੱਖਣ ਦੀਆਂ ਕੋਸ਼ਿਸ਼ਾਂ ਦਾ ਖੁੱਲ੍ਹ ਕੇ ਸਮਰਥਨ ਕੀਤਾ ਸੀ।

### ਅਮਰੀਕੀ ਇਤਿਹਾਸ ਵਿੱਚ ਪਹਿਲੀ ਵਾਰ ਨੋਟਾਂ 'ਤੇ ਹੋਣਗੇ ਟਰੰਪ ਦੇ ਦਸਤਖਤ

ਇਸ ਸਿੱਕੇ ਦੇ ਵਿਵਾਦ ਦੇ ਨਾਲ-ਨਾਲ, ਇਸੇ ਸਾਲ ਮਾਰਚ ਵਿੱਚ ਖਜ਼ਾਨਾ ਵਿਭਾਗ ਨੇ ਇੱਕ ਹੋਰ ਇਤਿਹਾਸਕ ਐਲਾਨ ਕੀਤਾ ਸੀ। ਵਿਭਾਗ ਮੁਤਾਬਕ, ਅਮਰੀਕਾ ਦੀ ਕਾਗਜ਼ੀ ਕਰੰਸੀ (ਡਾਲਰ ਦੇ ਨੋਟਾਂ) 'ਤੇ ਹੁਣ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦਸਤਖਤ (ਛਾਪੇ ਜਾਣਗੇ। ਅਮਰੀਕੀ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੋਵੇਗਾ ਜਦੋਂ ਕਿਸੇ ਮੌਜੂਦਾ ਰਾਸ਼ਟਰਪਤੀ ਦੇ ਦਸਤਖਤ ਲੀਗਲ ਟੈਂਡਰ (ਨੋਟਾਂ) 'ਤੇ ਦਿਖਾਈ ਦੇਣਗੇ। ਇਹ ਬਦਲਾਅ ਸਾਲ 1861 ਤੋਂ ਚੱਲੀ ਆ ਰਹੀ ਉਸ ਪਰੰਪਰਾ ਨੂੰ ਪੂਰੀ ਤਰ੍ਹਾਂ ਖਤਮ ਕਰ ਦੇਵੇਗਾ ਜਿਸ ਦੇ ਤਹਿਤ ਨੋਟਾਂ 'ਤੇ ਸਿਰਫ ਖਜ਼ਾਨਾ ਸਕੱਤਰ ਅਤੇ ਖਜ਼ਾਨਚੀ ਮੱਥੇ ਦੇ ਦਸਤਖਤ ਹੁੰਦੇ ਸਨ। ਇਸ ਨਵੇਂ ਕਦਮ ਨੂੰ ਅਮਰੀਕੀ ਰਾਜਨੀਤੀ ਅਤੇ ਪ੍ਰਸ਼ਾਸਨ ਵਿੱਚ ਇੱਕ ਬਹੁਤ ਵੱਡਾ ਹੇਰ-ਫੇਰ ਮੰਨਿਆ ਜਾ ਰਿਹਾ ਹੈ, ਜਿਸ ਕਾਰਨ ਆਉਣ ਵਾਲੇ ਦਿਨਾਂ ਵਿੱਚ ਬਹਿਸ ਹੋਰ ਤੇਜ਼ ਹੋਣ ਦੀ ਸੰਭਾਵਨਾ ਹੈ।

# ਮਾਵਾਂ-ਧੀਆਂ ਸਤਿਕਾਰ ਯੋਜਨਾ ਵਿਚ ਵੱਡਾ ਘਪਲਾ : 62 ਔਰਤਾਂ ਦਾ ਨਿਕਲਿਆ ਇੱਕੋ ਬੈਂਕ ਖਾਤਾ

## ✪ ਆਂਗਣਵਾੜੀ ਵਰਕਰ ਤੇ ਪੁੱਤਰ ਖ਼ਿਲਾਫ਼ ਕੇਸ ਦਰਜ

ਤਰਨਤਾਰਨ-ਪੰਜਾਬ ਸਰਕਾਰ ਵੱਲੋਂ ਪਹਿਲੀ ਜੁਲਾਈ ਤੋਂ ਸ਼ੁਰੂ ਕੀਤੀ ਗਈ 'ਮਾਵਾਂ-ਧੀਆਂ ਸਤਿਕਾਰ ਯੋਜਨਾ' ਦੀ ਰਜਿਸਟ੍ਰੇਸ਼ਨ ਦੌਰਾਨ ਬਲਾਕ ਚੋਹਲਾ ਸਾਹਿਬ (ਹਲਕਾ ਖਡੂਰ ਸਾਹਿਬ) ਵਿਚ ਇੱਕ ਵੱਡੇ ਘਪਲੇ ਦਾ ਖੁਲਾਸਾ ਹੋਇਆ ਹੈ। ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਯੋਜਨਾ ਤਹਿਤ ਰਜਿਸਟਰਡ ਕੀਤੀਆਂ ਗਈਆਂ 62 ਵੱਖ-ਵੱਖ ਔਰਤਾਂ ਦੇ ਫਾਰਮਾਂ ਵਿਚ ਇੱਕੋ ਹੀ ਬੈਂਕ ਖਾਤਾ ਨੰਬਰ ਭਰਿਆ ਹੋਇਆ ਸੀ। ਹੈਰਾਨੀ ਦੀ ਗੱਲ ਇਹ ਹੈ ਕਿ ਇਹ ਬੈਂਕ ਖਾਤਾ ਕਿਸੇ ਹੋਰ ਦਾ ਨਹੀਂ, ਸਗੋਂ ਡਿਊਟੀ 'ਤੇ ਤਾਇਨਾਤ ਆਂਗਣਵਾੜੀ ਵਰਕਰ ਦੇ ਆਪਣੇ ਪੁੱਤਰ ਦਾ ਸੀ। ਜਦੋਂ ਚੰਡੀਗੜ੍ਹ ਵਿਖੇ ਮੁੱਖ ਦਫ਼ਤਰ ਦੇ ਅਧਿਕਾਰੀਆਂ ਨੇ ਦਸਤਾਵੇਜ਼ਾਂ ਦੀ ਵੈਰੀਫਿਕੇਸ਼ਨ (ਪੜਤਾਲ) ਕੀਤੀ, ਤਾਂ 62 ਔਰਤਾਂ ਦਾ ਇੱਕੋ ਬੈਂਕ ਖਾਤਾ ਦੇਖ ਕੇ ਵਿਭਾਗ ਵਿਚ ਹਲਚਲ ਮਚ ਗਈ। ਤੁਰੰਤ ਕਾਰਵਾਈ ਕਰਦੇ ਹੋਏ ਉੱਚ ਅਧਿਕਾਰੀਆਂ ਅਤੇ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਵੱਲੋਂ ਸਥਾਨਕ ਪੱਧਰ 'ਤੇ ਜਾਂਚ ਦੇ ਹੁਕਮ ਦਿੱਤੇ ਗਏ। ਮੁੱਢਲੀ ਪੜਤਾਲ ਮੁਤਾਬਕ ਪਿੰਡ ਭੈਲ ਢਾਏਵਾਲਾ ਦੀ ਆਂਗਣਵਾੜੀ ਵਰਕਰ ਜਤਿੰਦਰ ਕੌਰ ਨੇ ਆਪਣੀ ਸਰਕਾਰੀ



ਆਈ.ਡੀ. ਦਾ ਪਾਸਵਰਡ ਆਪਣੇ ਪੁੱਤਰ ਗੁਰਬਾਜ਼ ਸਿੰਘ ਨਾਲ ਸਾਂਝਾ ਕੀਤਾ ਹੋਇਆ ਸੀ। ਗੁਰਬਾਜ਼ ਸਿੰਘ ਨੇ ਘਰ-ਘਰ ਜਾ ਕੇ ਔਰਤਾਂ ਦੀ ਰਜਿਸਟ੍ਰੇਸ਼ਨ ਤਾਂ ਕੀਤੀ, ਪਰ ਸਰਕਾਰੀ ਪੈਸਾ ਹੜੱਪਣ ਦੀ ਨੀਅਤ ਨਾਲ ਬੈਂਕ ਖਾਤੇ ਦੀ ਥਾਂ 'ਤੇ ਆਪਣਾ ਨਿੱਜੀ ਖਾਤਾ ਨੰਬਰ ਪਾ ਦਿੱਤਾ। ਇਸ ਧੋਖਾਧੜੀ ਦੇ ਸਾਹਮਣੇ ਆਉਣ ਤੋਂ ਬਾਅਦ, ਬਲਾਕ ਚੋਹਲਾ ਸਾਹਿਬ ਦੀ ਸੀ.ਡੀ.ਪੀ.ਓ. ਨਿਵੇਦਿਤਾ ਕੁਮਰਾ ਦੀ ਸ਼ਿਕਾਇਤ 'ਤੇ ਥਾਣਾ ਗੋਇੰਦਵਾਲ ਸਾਹਿਬ ਵਿਖੇ ਸ਼ੁੱਕਰਵਾਰ ਨੂੰ ਮਾਮਲਾ ਦਰਜ ਕਰ ਲਿਆ ਗਿਆ ਹੈ। ਐੱਸ.ਐੱਸ.ਪੀ. ਸੁਰਿੰਦਰ ਲਾਂਬਾ ਅਨੁਸਾਰ, ਥਾਣਾ ਇੰਚਾਰਜ ਬਲਜੀਤ ਕੌਰ ਦੀ ਅਗਵਾਈ ਹੇਠ ਪੁਲੀਸ ਟੀਮਾਂ ਵੱਲੋਂ ਫ਼ਰਾਰ ਮੁਲਜ਼ਮ ਆਂਗਣਵਾੜੀ ਵਰਕਰ ਜਤਿੰਦਰ ਕੌਰ ਅਤੇ ਉਸ ਦੇ ਪੁੱਤਰ ਗੁਰਬਾਜ਼ ਸਿੰਘ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

## ਮੋਦੀ ਵੱਲੋਂ ਪੰਜਾਬ ਵਿੱਚ ਚੋਣ ਬਿਗਲ

# 'ਆਪ' ਸਰਕਾਰ ਨੂੰ ਦੱਸਿਆ 'ਕੱਟੜ ਬੇਈਮਾਨ', ਕਾਨੂੰਨ ਵਿਵਸਥਾ 'ਤੇ ਚੁੱਕੇ ਸਵਾਲ

**✪ ਅਕਾਲੀ ਦਲ ਨਾਲ ਗੱਠਜੋੜ ਨਹੀਂ ਹੋਵੇਗਾ**



ਜਲੰਧਰ-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜਲੰਧਰ ਰੈਲੀ ਦੌਰਾਨ ਪੰਜਾਬ ਵਿਧਾਨ ਸਭਾ ਚੋਣਾਂ ਦਾ ਬਿਗਲ ਵਜਾਉਂਦਿਆਂ ਸੂਬੇ ਦੀ ਆਮ ਆਦਮੀ ਪਾਰਟੀ (ਆਪ) ਸਰਕਾਰ 'ਤੇ ਤਿੱਖੇ ਨਿਸ਼ਾਨੇ ਸਾਧੇ। ਪੀ.ਐਮ. ਮੋਦੀ ਨੇ ਸੱਤਾ ਧਿਰ ਨੂੰ 'ਕੱਟੜ ਬੇਈਮਾਨ' ਕਰਾਰ ਦਿੰਦਿਆਂ ਕਿਹਾ ਕਿ ਇਸ ਦੀ ਨੀਅਤ ਸਾਫ਼ ਨਹੀਂ ਹੈ। ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਵਿੱਚ ਕਾਨੂੰਨ ਵਿਵਸਥਾ ਪੂਰੀ ਤਰ੍ਹਾਂ ਵਿਗੜ ਚੁੱਕੀ ਹੈ, ਜਿੱਥੇ ਸ਼ਰ੍ਹੇਆਮ ਫਿਰੌਤੀਆਂ ਮੰਗੀਆਂ ਜਾ ਰਹੀਆਂ ਹਨ ਅਤੇ ਥਾਣਿਆਂ 'ਤੇ ਹਮਲੇ ਹੋ ਰਹੇ ਹਨ।

ਸੂਬੇ ਸਿਰ ਚੜ੍ਹ ਰਹੇ ਕਰਜ਼ੇ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਬਜਟ ਦਾ ਵੱਡਾ ਹਿੱਸਾ ਕਰਜ਼ਾ ਮੋੜਨ ਵਿੱਚ ਜਾ ਰਿਹਾ ਹੈ। ਰੈਲੀ ਦੌਰਾਨ ਹਰੀ ਪੱਗ ਬੰਨ੍ਹ ਕੇ ਪੁੱਜੇ ਪ੍ਰਧਾਨ ਮੰਤਰੀ ਨੇ ਪੰਜਾਬੀ ਵਿੱਚ ਗੱਲਬਾਤ ਕਰਦਿਆਂ ਕਿਸਾਨਾਂ ਨੂੰ 'ਸਿਰ ਦਾ ਤਾਜ' ਦੱਸਿਆ ਅਤੇ ਸੂਬੇ ਦੇ ਵਿਕਾਸ ਲਈ 'ਡਬਲ ਇੰਜਣ' ਦੀ ਸਰਕਾਰ ਬਣਾਉਣ ਦੀ ਅਪੀਲ ਕੀਤੀ।

ਇਸ ਮੌਕੇ ਉਨ੍ਹਾਂ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਵੀ ਕਰੜੇ ਹੱਥੀਂ ਲਿਆ, ਜਿਸ ਨਾਲ ਭਾਜਪਾ-ਅਕਾਲੀ ਦਲ ਗੱਠਜੋੜ ਦੀਆਂ ਸੰਭਾਵਨਾਵਾਂ ਧੁੰਦਲੀਆਂ ਹੋ ਗਈਆਂ ਹਨ। ਰੈਲੀ ਤੋਂ ਪਹਿਲਾਂ ਪ੍ਰਧਾਨ ਮੰਤਰੀ ਨੇ ਜਲੰਧਰ ਛਾਉਣੀ, ਮੁਹਾਲੀ, ਸ੍ਰੀ ਮੁਕਤਸਰ ਸਾਹਿਬ ਅਤੇ ਸ੍ਰੀ ਆਨੰਦਪੁਰ ਸਾਹਿਬ ਸਮੇਤ ਦੇਸ਼ ਭਰ ਦੇ 75 ਰੇਲਵੇ ਸਟੇਸ਼ਨਾਂ ਦੇ ਪੁਨਰ-ਵਿਕਾਸ ਸਣੇ 5,470 ਕਰੋੜ ਰੁਪਏ ਦੇ ਰੇਲ ਅਤੇ ਸੜਕੀ ਪ੍ਰਾਜੈਕਟਾਂ ਦਾ ਉਦਘਾਟਨ ਤੇ ਨੀਂਹ ਪੱਥਰ ਵੀ ਰੱਖਿਆ।

# ਸਰਦਾਰ ਤੇਜਾ ਸਿੰਘ ਸਮੁੰਦਰੀ ਦੀ 100 ਸਾਲਾ ਸ਼ਹੀਦੀ ਸ਼ਤਾਬਦੀ ਮਨਾਈ

**✪ ਦਿੱਲੀ ਦੇ ਉਪ ਰਾਜਪਾਲ ਤਰਨਜੀਤ ਸਿੰਘ ਸੰਧੂ ਸਣੇ ਪਰਿਵਾਰਕ ਮੈਂਬਰ ਸਨਮਾਨਿਤ**



ਅੰਮ੍ਰਿਤਸਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਪ੍ਰਬੰਧ ਸੁਧਾਰ ਅਤੇ ਅਕਾਲੀ ਲਹਿਰ ਦੇ ਮੋਹਰੀ ਆਗੂ ਸਰਦਾਰ ਤੇਜਾ ਸਿੰਘ ਸਮੁੰਦਰੀ ਦਾ 100 ਸਾਲਾ ਸ਼ਹੀਦੀ ਸ਼ਤਾਬਦੀ ਸਮਾਗਮ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਸਥਿਤ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਰਾਗੀ ਜਥਿਆਂ ਵੱਲੋਂ ਇਲਾਹੀ ਬਾਣੀ ਦਾ ਕੀਰਤਨ ਕੀਤਾ ਗਿਆ। ਇਸ ਇਤਿਹਾਸਕ ਮੌਕੇ 'ਤੇ ਤੇਜਾ ਸਿੰਘ ਸਮੁੰਦਰੀ ਦੇ ਪੋਤਰੇ ਅਤੇ ਦਿੱਲੀ ਦੇ ਉਪ ਰਾਜਪਾਲ ਤਰਨਜੀਤ ਸਿੰਘ ਸੰਧੂ ਸਣੇ ਸਮੁੰਦਰੀ ਪਰਿਵਾਰ ਦੇ ਹੋਰਨਾਂ ਮੈਂਬਰਾਂ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ, ਜਿਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਸਨਮਾਨਿਤ ਕੀਤਾ ਗਿਆ। ਸਮਾਗਮ ਦੌਰਾਨ ਤਰਨਜੀਤ ਸਿੰਘ ਸੰਧੂ ਨੇ ਸਿੱਖ ਬੱਚਿਆਂ ਨੂੰ ਆਪਣੇ ਅਮੀਰ ਇਤਿਹਾਸ ਤੋਂ ਜਾਣੂ ਕਰਵਾਉਣ ਦੀ ਲੋੜ 'ਤੇ ਜ਼ੋਰ ਦਿੱਤਾ।

ਸਮਾਗਮ ਦੌਰਾਨ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਐੱਸ.ਜੀ.ਪੀ.ਸੀ. ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਅਕਾਲੀ ਆਗੂ ਬਲਵਿੰਦਰ ਸਿੰਘ ਭੂੰਦੜ ਅਤੇ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਨੇ ਤੇਜਾ ਸਿੰਘ ਨੂੰ ਨਿੱਘੀ ਸ਼ਰਧਾਂਜਲੀ ਭੇਟ ਕੀਤੀ। ਬੁਲਾਰਿਆਂ ਨੇ ਕਿਹਾ ਕਿ ਤੇਜਾ ਸਿੰਘ ਸਮੁੰਦਰੀ ਨੇ ਆਪਣਾ ਸਾਰਾ ਜੀਵਨ ਪੰਥ ਦੇ ਲੇਖੇ ਲਾਇਆ ਅਤੇ ਅੰਗਰੇਜ਼ ਹਕੂਮਤ ਦੇ ਜ਼ੁਲਮਾਂ ਖ਼ਿਲਾਫ਼ ਡਟ ਕੇ ਗੁਰਦੁਆਰਾ ਪ੍ਰਬੰਧਾਂ ਵਿੱਚ ਸੁਧਾਰ ਲਿਆਂਦਾ। ਉਨ੍ਹਾਂ ਲਈ ਹਮੇਸ਼ਾ ਨਿੱਜ ਨਾਲੋਂ ਪੰਥਕ ਸੰਸਥਾਵਾਂ ਵੱਡੀਆਂ ਸਨ।

# ਮੰਡੌਰ ਮੁਕਾਬਲਾ: ਪੀੜਤ ਪਰਿਵਾਰ ਵੱਲੋਂ ਸੀਬੀਆਈ ਜਾਂਚ ਦੀ ਪਟੀਸ਼ਨ ਅਚਾਨਕ ਵਾਪਸ; ਖੜ੍ਹੇ ਹੋਏ ਕਈ ਸਵਾਲ

**✪ ਜਸਪ੍ਰੀਤ ਦੇ ਮਾਪੇ ਹਾਈ ਕੋਰਟ 'ਚੋਂ ਪਿੱਛੇ ਹਟੇ, ਸਿਸਟਮ ਦੇ ਦਬਾਅ ਦੀ ਚਰਚਾ**

**✪ ਭਾਜਪਾ ਆਗੂ ਗੁਰਤੇਜ ਢਿੱਲੋਂ ਹੁਣ ਵੀਡੀਓ ਸਬੂਤਾਂ ਨਾਲ ਜਾਣਗੇ ਅਦਾਲਤ**

ਚੰਡੀਗੜ੍ਹ-ਨਾਭਾ ਦੇ ਪਿੰਡ ਮੰਡੌਰ ਵਿਖੇ ਮਾਰਚ 2025 ਵਿਚ ਹੋਏ ਕਥਿਤ ਪੁਲੀਸ ਮੁਕਾਬਲੇ ਦੇ ਮਾਮਲੇ ਵਿਚ ਇੱਕ ਨਵਾਂ ਅਤੇ ਹੈਰਾਨੀਜਨਕ ਮੋੜ ਆਇਆ ਹੈ। ਮੁਕਾਬਲੇ ਵਿਚ ਮਾਰੇ ਗਏ 22 ਸਾਲਾ ਐੱਨ. ਆਰ. ਆਈ. ਜਸਪ੍ਰੀਤ ਸਿੰਘ ਦੇ ਮਾਪਿਆਂ ਵੱਲੋਂ ਸੀ.ਬੀ.ਆਈ. ਜਾਂਚ ਦੀ ਮੰਗ ਲਈ ਹਾਈ ਕੋਰਟ ਵਿਚ ਪਾਈ ਪਟੀਸ਼ਨ ਨੂੰ ਅਚਾਨਕ ਵਾਪਸ ਲੈ ਲੈਣਾ ਕਈ ਗੰਭੀਰ ਸਵਾਲ ਖੜ੍ਹੇ ਕਰਦਾ ਹੈ। ਜਿਹੜੇ ਮਾਪੇ ਕੱਲ੍ਹ ਤੱਕ ਪੋਸਟਮਾਰਟਮ ਰਿਪੋਰਟਾਂ ਅਤੇ ਚਸ਼ਮਦੀਦਾਂ ਦੇ ਹਵਾਲੇ ਨਾਲ ਪੁਲੀਸ 'ਤੇ ਝੂਠੇ ਮੁਕਾਬਲੇ ਅਤੇ ਨਜ਼ਦੀਕ ਤੋਂ ਗੋਲੀਆਂ ਮਾਰਨ ਦੇ ਦੋਸ਼ ਲਾ ਰਹੇ ਸਨ, ਉਨ੍ਹਾਂ ਦਾ ਅਚਾਨਕ ਅਦਾਲਤ ਵਿਚ ਹਲਫ਼ਨਾਮਾ ਦੇ ਕੇ ਪਿੱਛੇ ਹਟ ਜਾਣਾ ਆਮ ਨਾਗਰਿਕ ਦੇ ਮਨ ਵਿਚ ਸ਼ੰਕੇ ਪੈਦਾ ਕਰਨਾ ਲਾਜ਼ਮੀ ਹੈ।

ਇਸ ਪੂਰੇ ਘਟਨਾਕ੍ਰਮ ਵਿਚ ਸਭ ਤੋਂ ਵੱਡਾ ਸਵਾਲ ਇਹ ਉੱਠਦਾ ਹੈ ਕਿ ਕੀ ਮਾਪਿਆਂ 'ਤੇ ਪੁਲੀਸ ਜਾਂ ਸਿਸਟਮ ਦਾ ਕੋਈ ਅਣਦਿੱਸਦਾ ਦਬਾਅ ਸੀ? ਪੰਜਾਬ ਵਿਚ ਪੁਲੀਸ ਮੁਕਾਬਲਿਆਂ ਦਾ ਇਤਿਹਾਸ ਗਵਾਹ ਹੈ ਕਿ ਅਜਿਹੇ ਮਾਮਲਿਆਂ ਵਿਚ ਪੀੜਤ ਪਰਿਵਾਰਾਂ



ਲਈ ਸਿਸਟਮ ਦੇ ਸਾਹਮਣੇ ਡਟੇ ਰਹਿਣਾ ਬੇਹੱਦ ਔਖਾ ਹੁੰਦਾ ਹੈ। ਲੰਮੀ ਕਾਨੂੰਨੀ ਲੜਾਈ, ਆਰਥਿਕ ਬੋਝ ਅਤੇ ਸੁਰੱਖਿਆ ਦਾ ਖ਼ਤਰਾ ਅਕਸਰ ਸਧਾਰਨ ਪਰਿਵਾਰਾਂ ਨੂੰ ਗੋਡੇ ਟੇਕਣ ਲਈ ਮਜਬੂਰ ਕਰ ਦਿੰਦਾ ਹੈ। ਜਸਪ੍ਰੀਤ ਦੇ ਪਿਤਾ ਵੱਲੋਂ ਇਸ ਮਾਮਲੇ 'ਤੇ ਗੱਲ ਕਰਨ ਤੋਂ ਇਨਕਾਰ ਕਰਨਾ ਵੀ ਪਰਿਵਾਰ ਦੇ ਅੰਦਰੂਨੀ ਡਰ ਜਾਂ ਬੇਵਸੀ ਵੱਲ ਇਸ਼ਾਰਾ ਕਰਦਾ ਪ੍ਰਤੀਤ ਹੁੰਦਾ ਹੈ।

ਭਾਵੇਂ ਪੁਲੀਸ ਦਾ ਦਾਅਵਾ ਹੈ ਕਿ ਜਸਪ੍ਰੀਤ ਇੱਕ ਅਗਵਾਕਾਰ ਸੀ ਜਿਸ ਨੇ ਫਾਰਚੂਨਰ ਗੱਡੀ ਵਿੱਚੋਂ ਪੁਲੀਸ 'ਤੇ ਗੋਲੀਆਂ ਚਲਾਈਆਂ, ਪਰ ਕਾਨੂੰਨ ਦਾ ਮੂਲ ਸਿਧਾਂਤ ਇਹ ਕਹਿੰਦਾ ਹੈ ਕਿ ਦੋਸ਼ੀ ਨੂੰ ਸਜ਼ਾ ਅਦਾਲਤ ਰਾਹੀਂ ਮਿਲਣੀ ਚਾਹੀਦੀ ਹੈ, ਨਾ ਕਿ ਪੁਲੀਸ ਰਾਹੀਂ। ਜੇਕਰ ਪਰਿਵਾਰ ਦੇ ਦਾਅਵੇ ਮੁਤਾਬਕ ਜਸਪ੍ਰੀਤ ਨੇ ਆਤਮ-ਸਮਰਪਣ ਕਰ ਦਿੱਤਾ ਸੀ, ਤਾਂ ਇਹ ਮਾਮਲਾ ਸਿੱਧਾ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦਾ ਬਣਦਾ ਹੈ।

ਇਸ ਨਿਰਾਸ਼ਾ ਦੇ ਮਾਹੌਲ ਵਿਚ ਭਾਜਪਾ ਆਗੂ ਗੁਰਤੇਜ ਸਿੰਘ ਢਿੱਲੋਂ ਦਾ ਇਹ ਬਿਆਨ ਕਿ ਉਹ ਵੀਡੀਓ ਸਬੂਤਾਂ ਅਤੇ ਪ੍ਰਤੱਖਦਰਸ਼ੀ ਗਵਾਹਾਂ ਨਾਲ ਮੁੜ ਪਟੀਸ਼ਨ ਦਾਖਲ ਕਰਨਗੇ, ਇਨਸਾਫ਼ ਦੀ ਆਸ ਨੂੰ ਜ਼ਿੰਦਾ ਰੱਖਦਾ ਹੈ।

ਪੰਜਾਬ ਟਾਈਮਜ਼ ਦਾ ਮੰਨਣਾ ਹੈ ਕਿ ਜੇਕਰ ਮਾਪੇ ਕਿਸੇ ਦਬਾਅ ਜਾਂ ਡਰ ਕਾਰਨ ਪਿੱਛੇ ਹਟ ਵੀ ਗਏ ਹਨ, ਤਾਂ ਵੀ ਇਸ ਮਾਮਲੇ ਦੀ ਸੱਚਾਈ ਸਾਹਮਣੇ ਆਉਣੀ ਬੇਹੱਦ ਜ਼ਰੂਰੀ ਹੈ ਤਾਂ ਜੋ ਲੋਕਾਂ ਦਾ ਨਿਆਂ ਪ੍ਰਣਾਲੀ ਅਤੇ ਕਾਨੂੰਨ ਦੇ ਰਾਜ 'ਤੇ ਭਰੋਸਾ ਬਣਿਆ ਰਹੇ। ਅਦਾਲਤਾਂ ਅਤੇ ਸਮਾਜਿਕ ਜਥੇਬੰਦੀਆਂ ਨੂੰ ਅਜਿਹੇ ਮਾਮਲਿਆਂ ਵਿਚ ਬੇਹੱਦ ਸੰਵੇਦਨਸ਼ੀਲ ਹੋਣ ਦੀ ਲੋੜ ਹੈ, ਤਾਂ ਜੋ ਕੋਈ ਵੀ ਤਾਕਤਵਰ ਧਿਰ ਕਾਨੂੰਨ ਦੀਆਂ ਅੱਖਾਂ ਵਿਚ ਘੱਟਾ ਪਾ ਕੇ ਸੱਚ ਨੂੰ ਦਬਾ ਨਾ ਸਕੇ।

# ਹਰਜੀਤ ਸਿੰਘ ਗਰੇਵਾਲ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਨਵੇਂ ਚੇਅਰਮੈਨ ਬਣੇ



ਨਵੀਂ ਦਿੱਲੀ-ਕੇਂਦਰ ਸਰਕਾਰ ਨੇ ਹਰਜੀਤ ਸਿੰਘ ਗਰੇਵਾਲ ਨੂੰ ਤਿੰਨ ਸਾਲਾਂ ਦੀ ਮਿਆਦ ਲਈ ਕੌਮੀ ਘੱਟ ਗਿਣਤੀ ਕਮਿਸ਼ਨ (ਐੱਨ ਸੀ ਐੱਮ) ਦਾ ਚੇਅਰਮੈਨ ਨਿਯੁਕਤ ਕੀਤਾ ਹੈ। ਗਰੇਵਾਲ, ਇਕਬਾਲ ਸਿੰਘ ਲਾਲਪੁਰਾ ਦੀ ਥਾਂ ਲੈਣਗੇ, ਜੋ ਪਹਿਲਾਂ ਇਸ ਕਮਿਸ਼ਨ ਦੇ ਚੇਅਰਪਰਸਨ ਵਜੋਂ ਸੇਵਾ ਨਿਭਾ ਚੁੱਕੇ ਹਨ।

ਕੇਂਦਰ ਸਰਕਾਰ ਨੇ ਐੱਸ ਮੁਨਵਰੀ ਬੇਗਮ ਨੂੰ ਮੁਸਲਿਮ ਨੁਮਾਇੰਦੇ ਵਜੋਂ ਕੌਮੀ ਘੱਟ ਗਿਣਤੀ ਕਮਿਸ਼ਨ ਦੀ ਉਪ-ਚੇਅਰਪਰਸਨ ਨਿਯੁਕਤ ਕੀਤਾ ਹੈ, ਜਦੋਂ ਕਿ ਗਲੇਨ ਈ ਸੁਜ਼ਾ ਟਿੱਕਲੋ ਨੂੰ ਈਸਾਈ ਭਾਈਚਾਰੇ ਦੇ ਨੁਮਾਇੰਦੇ ਵਜੋਂ ਕਮਿਸ਼ਨ ਦਾ ਮੈਂਬਰ ਨਾਮਜ਼ਦ ਕੀਤਾ ਗਿਆ ਹੈ।

# ਟਰੰਪ ਦੇ ਐਲਾਨ ਨਾਲ 1.5 ਲੱਖ ਸਿੱਖ ਟਰੱਕਰਾਂ 'ਤੇ ਆਇਆ ਸੰਕਟ

## ✪ ਗੈਰ-ਕਾਨੂੰਨੀ ਡਰਾਈਵਰਾਂ ਦੀ ਥਾਂ ਫੌਜੀ ਸੈਨਿਕਾਂ ਨੂੰ ਮਿਲੇਗੀ ਕਮਾਨ ✪ ਟਰੰਪ ਦੀ ਨਵੀਂ ਨੀਤੀ ਖ਼ਿਲਾਫ਼ ਮੇਅਰ ਖਾਲਸਾ ਨੇ ਖੋਲ੍ਹਿਆ ਮੋਰਚਾ ✪ ਕਿਹਾ ਕਿ ਪ੍ਰਵਾਸੀਆਂ ਨੂੰ ਹਟਾਉਣਾ ਨਹੀਂ ਹੈ ਸੌਖਾ






**ਦਰਪਣ ਝੂਠ ਨਹੀ ਬੋਲਦਾ**
**ਪੰਜਾਬ ਟਾਈਮਜ਼ ਮੀਡੀਆ**

ਅਮਰੀਕਾ ਵਿੱਚ ਟਰਕਿੰਗ ਉਦਯੋਗ ਸਿਰਫ਼ ਇੱਕ ਕਾਰੋਬਾਰ ਨਹੀਂ, ਬਲਕਿ ਦੇਸ਼ ਦੀ ਆਰਥਿਕਤਾ ਨੂੰ ਚਲਦਾ ਰੱਖਣ ਵਾਲੀ ਲਾਈਫਲਾਈਨ ਹੈ। ਪਰ ਪਿਛਲੇ ਕੁਝ ਦਿਨਾਂ ਤੋਂ ਇਹ ਖੇਤਰ ਅਮਰੀਕੀ ਰਾਜਨੀਤੀ ਦੇ ਕੇਂਦਰ ਵਿੱਚ ਆ ਗਿਆ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਪੈਨਸਿਲਵੇਨੀਆ ਦੇ 'ਡਿਫੈਂਸ ਐਂਡ ਇਨੋਵੇਸ਼ਨ ਸਮਿਟ' ਦੌਰਾਨ ਦਿੱਤੇ ਗਏ ਬਿਆਨ ਨੇ ਅਮਰੀਕਾ ਵਿੱਚ ਵੱਸਦੇ ਲਗਭਗ 1.5 ਲੱਖ ਸਿੱਖ ਟਰੱਕ ਡਰਾਈਵਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਵਿੱਚ ਵੱਡੀ ਚਿੰਤਾ ਪੈਦਾ ਕਰ ਦਿੱਤੀ ਹੈ। ਟਰੰਪ ਪ੍ਰਸ਼ਾਸਨ ਵੱਲੋਂ ਗੈਰ-ਕਾਨੂੰਨੀ ਪ੍ਰਵਾਸੀ ਟਰੱਕ ਡਰਾਈਵਰਾਂ ਨੂੰ ਸੜਕਾਂ ਤੋਂ ਹਟਾ ਕੇ ਉਨ੍ਹਾਂ ਦੀ ਥਾਂ ਅਮਰੀਕੀ ਫੌਜ ਦੇ ਸਾਬਕਾ ਸੈਨਿਕਾਂ ਨੂੰ ਲਿਆਉਣ ਦਾ ਐਲਾਨ, ਅਮਰੀਕਾ ਦੇ ਇਮੀਗ੍ਰੇਸ਼ਨ ਢਾਂਚੇ ਅਤੇ ਸਪਲਾਈ ਚੇਨ ਵਿੱਚ ਇੱਕ ਵੱਡੀ ਤਬਦੀਲੀ ਦਾ ਸੰਕੇਤ ਹੈ।

ਰਾਸ਼ਟਰਪਤੀ ਟਰੰਪ ਨੇ ਇਸ ਵਾਰ ਆਪਣੀ ਨੀਤੀ ਨੂੰ ਸਿਰਫ਼ ਰੁਜ਼ਗਾਰ ਨਾਲ ਨਹੀਂ, ਬਲਕਿ ਭਾਵਨਾਤਮਕ ਅਤੇ ਸੁਰੱਖਿਆ ਦੇ ਮੁੱਦਿਆਂ ਨਾਲ ਜੋੜਿਆ ਹੈ। ਉਨ੍ਹਾਂ ਨੇ ਪੈਨਸਿਲਵੇਨੀਆ ਦੇ ਸਟੇਟ ਟ੍ਰੂਪਰ (ਪੁਲਿਸ ਅਫ਼ਸਰ) ਮਾਈਕਲ ਪਹੀਰਾ ਦੀ ਮੌਤ ਦਾ ਹਵਾਲਾ ਦਿੱਤਾ, ਜਿਸ ਦੀ ਜਾਨ ਇੱਕ ਕਮਰਸ਼ੀਅਲ ਲਾਇਸੈਂਸ ਵਾਲੇ ਗੈਰ-ਕਾਨੂੰਨੀ ਪ੍ਰਵਾਸੀ ਦੇ ਟਰੱਕ ਹੇਠ ਆਉਣ ਕਾਰਨ ਗਈ ਸੀ।

ਇਸ ਘਟਨਾ ਨੂੰ ਅਧਾਰ ਬਣਾ ਕੇ ਟਰੰਪ ਨੇ ਦੋਸ਼ ਲਾਇਆ ਕਿ ਕਈ ਪ੍ਰਵਾਸੀ ਡਰਾਈਵਰ ਸਾਈਨ ਬੋਰਡ ਪੜ੍ਹਨ ਦੇ ਯੋਗ ਨਹੀਂ ਹਨ ਅਤੇ ਨਸ਼ੇ ਜਾਂ ਸ਼ਰਾਬ ਦੀ ਹਾਲਤ ਵਿੱਚ ਗੱਡੀਆਂ ਚਲਾਉਂਦੇ ਹਨ। ਉਨ੍ਹਾਂ ਕਿਹਾ ਕਿ ਇਹ ਲੋਕ ਅਮਰੀਕਾ ਵਿੱਚ ਗੈਰ-ਕਾਨੂੰਨੀ ਤਰੀਕੇ ਨਾਲ ਦਾਖਲ ਹੋਏ ਹਨ ਅਤੇ ਪ੍ਰਸ਼ਾਸਨ ਇਨ੍ਹਾਂ ਨੂੰ ਸੜਕਾਂ 'ਤੇ ਨਹੀਂ ਦੇਖਣਾ ਚਾਹੁੰਦਾ। ਫੌਜੀ ਵੀਰਾਂ ਨੂੰ ਬਿਨਾਂ ਕਿਸੇ ਲੰਬੀ ਪ੍ਰਕਿਰਿਆ ਦੇ ਸਿੱਧੇ ਕਮਰਸ਼ੀਅਲ ਡਰਾਈਵਿੰਗ ਲਾਇਸੈਂਸ ਦੇਣ ਦਾ ਵਾਅਦਾ ਕਰਕੇ, ਪ੍ਰਸ਼ਾਸਨ ਇੱਕ ਪਾਸੇ ਦੇਸ਼ ਭਗਤੀ ਦਾ ਕਾਰਡ ਖੇਡ ਰਿਹਾ ਹੈ ਅਤੇ ਦੂਜੇ ਪਾਸੇ ਸਥਾਨਕ ਅਮਰੀਕੀ ਨਾਗਰਿਕਾਂ ਲਈ ਰੁਜ਼ਗਾਰ ਦੇ ਨਵੇਂ ਰਾਹ ਖੋਲ੍ਹਣ ਦਾ ਦਾਅਵਾ ਕਰ ਰਿਹਾ ਹੈ।



'ਦ ਨਿਊਯਾਰਕ ਟਾਈਮਜ਼' ਦੀ ਰਿਪੋਰਟ ਮੁਤਾਬਕ ਪਿਛਲੇ ਦੋ ਦਹਾਕਿਆਂ ਵਿੱਚ ਸਿੱਖ ਭਾਈਚਾਰਾ ਅਮਰੀਕੀ ਟਰਕਿੰਗ ਉਦਯੋਗ ਵਿੱਚ ਇੱਕ ਵੱਡੀ ਤਾਕਤ ਵਜੋਂ ਉੱਭਰਿਆ ਹੈ। ਅੱਜ ਹਜ਼ਾਰਾਂ ਸਿੱਖ ਡਰਾਈਵਰ, ਓਨਰ-ਆਪਰੇਟਰਜ਼ ਅਤੇ ਵੱਡੀਆਂ ਫਲੀਟਾਂ ਦੇ ਮਾਲਕ ਹਨ। ਇਸ ਭਾਈਚਾਰੇ ਵਿੱਚ ਮੁੱਖ ਤੌਰ 'ਤੇ ਦੋ ਸ਼੍ਰੇਣੀਆਂ ਕੰਮ ਕਰ ਰਹੀਆਂ ਹਨ। ਪਹਿਲੀ ਸ਼੍ਰੇਣੀ ਕਾਨੂੰਨੀ ਨਾਗਰਿਕਾਂ ਦੀ ਹੈ ਜੋ ਅਮਰੀਕੀ ਨਾਗਰਿਕ ਹਨ ਜਾਂ ਜਿਨ੍ਹਾਂ ਕੋਲ ਗ੍ਰੀਨ ਕਾਰਡ ਹੈ ਪਰ ਇਨ੍ਹਾਂ ਨੂੰ ਕਾਨੂੰਨੀ ਤੌਰ 'ਤੇ ਕੋਈ ਖ਼ਤਰਾ ਨਹੀਂ ਹੈ। ਦੂਸਰੇ ਅਸਥਾਈ ਵਰਕ ਪਰਮਿਟ ਵਾਲੇ ਡਰਾਈਵਰ ਹਨ ਜੋ ਅਮਰੀਕਾ ਵਿੱਚ ਸਿਆਸੀ ਸ਼ਰਨ ਦੀ ਲੜਾਈ ਲੜ ਰਹੇ ਹਨ ਅਤੇ ਅਦਾਲਤੀ ਕੇਸ ਪੈਂਡਿੰਗ ਹੋਣ ਤੱਕ ਕਾਨੂੰਨੀ ਤੌਰ 'ਤੇ ਕੰਮ ਕਰਨ ਦੀ ਇਜਾਜ਼ਤ ਰੱਖਦੇ ਹਨ।

ਨੌਰਵਿਚ ਦੇ ਮੇਅਰ ਸਵਰਨਜੀਤ ਸਿੰਘ ਖਾਲਸਾ ਨੇ ਟਰੰਪ ਦੇ ਇਸ ਐਲਾਨ ਦਾ ਜ਼ੋਰਦਾਰ ਵਿਰੋਧ ਕਰਦਿਆਂ ਕਈ ਅਹਿਮ ਸਵਾਲ ਖੜ੍ਹੇ ਕੀਤੇ ਹਨ। ਮੇਅਰ ਖਾਲਸਾ ਨੇ ਚੇਤਾਵਨੀ ਦਿੱਤੀ ਕਿ ਜੇਕਰ ਪ੍ਰਸ਼ਾਸਨ ਨਿਯਮਾਂ ਨੂੰ ਸਖ਼ਤ ਕਰਦਾ ਹੈ, ਤਾਂ ਇਹ 'ਅਸਥਾਈ ਵਰਕ ਪਰਮਿਟ' ਵਾਲੇ ਅਤੇ ਨਵੇਂ ਕਾਨੂੰਨਾਂ (ਜਿਵੇਂ ਕਿ ਦਲੀਲਾ ਲਾਅ) ਦੀ ਸ਼੍ਰੇਣੀ ਵਿੱਚ ਆਉਣ ਵਾਲੇ ਡਰਾਈਵਰ ਸਭ ਤੋਂ ਪਹਿਲਾਂ ਪ੍ਰਭਾਵਿਤ ਹੋਣਗੇ।

ਮੇਅਰ ਖਾਲਸਾ ਨੇ ਟਰੰਪ ਦੀ ਨੀਤੀ 'ਤੇ ਵਿਹਾਰਕ ਮੁਸ਼ਕਲਾਂ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਅਮਰੀਕਾ ਵਿੱਚ ਕਮਰਸ਼ੀਅਲ ਡਰਾਈਵਿੰਗ ਲਾਇਸੈਂਸ ਸੰਘੀ ਸਰਕਾਰ (ਫੈਡਰਲ ਗੌਰਮਿੰਟ) ਨਹੀਂ, ਬਲਕਿ ਵੱਖ-ਵੱਖ ਰਾਜ ਆਪਣੀ ਜਾਂਚ ਅਤੇ ਟੈਸਟਿੰਗ ਪ੍ਰਕਿਰਿਆ ਤੋਂ ਬਾਅਦ ਜਾਰੀ ਕਰਦੇ ਹਨ। ਅਜੇ ਤੱਕ ਪ੍ਰਸ਼ਾਸਨ ਨੇ ਇਹ ਸਪੱਸ਼ਟ ਨਹੀਂ ਕੀਤਾ ਕਿ ਉਹ ਪਹਿਲਾਂ ਤੋਂ ਜਾਰੀ ਹੋ ਚੁੱਕੇ ਲਾਇਸੈਂਸਾਂ ਦੀ ਸਕ੍ਰੀਨਿੰਗ ਕਿਵੇਂ ਕਰੇਗਾ ਅਤੇ ਕਾਨੂੰਨੀ ਤੌਰ 'ਤੇ ਕੰਮ ਕਰ ਰਹੇ ਅਸਥਾਈ ਪ੍ਰਵਾਸੀਆਂ ਨੂੰ ਗੈਰ-ਕਾਨੂੰਨੀ ਪ੍ਰਵਾਸੀਆਂ ਤੋਂ ਵੱਖ ਕਿਵੇਂ ਰੱਖਿਆ ਜਾਵੇਗਾ? ਉਨ੍ਹਾਂ ਅੱਗੇ ਸਵਾਲ ਚੁੱਕਿਆ ਕਿ ਅਮਰੀਕੀ ਟਰਕਿੰਗ ਉਦਯੋਗ ਪਹਿਲਾਂ ਹੀ ਲੰਬੇ ਸਮੇਂ ਤੋਂ ਡਰਾਈਵਰਾਂ ਦੀ ਭਾਰੀ ਕਮੀ ਨਾਲ ਜੂਝ ਰਿਹਾ ਹੈ। ਅਜਿਹੀ ਸਥਿਤੀ ਵਿੱਚ ਲੱਖਾਂ ਪ੍ਰਵਾਸੀ ਡਰਾਈਵਰਾਂ ਨੂੰ ਅਚਾਨਕ ਹਟਾ ਕੇ ਉਨ੍ਹਾਂ ਦੀ ਥਾਂ ਫੌਜੀਆਂ ਨੂੰ ਲਿਆਉਣਾ ਇੰਨਾ ਸੌਖਾ ਨਹੀਂ ਹੋਵੇਗਾ। ਇਸ ਨਾਲ ਅਮਰੀਕਾ ਦੀ ਸਪਲਾਈ ਚੇਨ ਪੂਰੀ ਤਰ੍ਹਾਂ ਠੱਪ ਹੋ ਸਕਦੀ ਹੈ, ਜਿਸ ਦਾ ਟਰੰਪ ਸਰਕਾਰ ਕੋਲ ਕੋਈ ਠੋਸ ਹੱਲ ਨਹੀਂ ਹੈ।

ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਟਰਕਿੰਗ ਇੰਡਸਟਰੀ ਵਿੱਚ ਹਾਲ ਹੀ ਦੌਰਾਨ ਭਾਰਤੀ ਮੂਲ ਦੇ ਕੁਝ ਡਰਾਈਵਰਾਂ ਨਾਲ ਜੁੜੇ ਗੰਭੀਰ ਮਾਮਲੇ ਸਾਹਮਣੇ ਆਏ ਹਨ, ਜਿਸ ਕਾਰਨ ਇਹ ਸੈਕਟਰ ਅਮਰੀਕੀ ਪ੍ਰਸ਼ਾਸਨ ਦੀ ਤਿੱਖੀ ਨਜ਼ਰ ਹੇਠ ਆ ਗਿਆ ਹੈ।

ਨਵੰਬਰ 2025 ਦੌਰਾਨ ਓਰੇਗਨ ਵਿੱਚ ਇੱਕ ਦਰਦਨਾਕ ਹਾਦਸੇ ਵਿੱਚ ਨਵ-ਵਿਆਹੇ ਜੋੜੇ ਦੀ ਮੌਤ ਹੋ ਗਈ ਸੀ, ਜਿਸ ਵਿੱਚ ਭਾਰਤੀ ਮੂਲ ਦੇ ਡਰਾਈਵਰ ਰਾਜਿੰਦਰ ਕੁਮਾਰ 'ਤੇ ਲਾਪਰਵਾਹੀ ਨਾਲ ਹੱਤਿਆ ਦੇ ਦੋਸ਼ ਲੱਗੇ ਸਨ।

ਅਕਤੂਬਰ 2025 ਦੌਰਾਨ ਕੈਲੀਫੋਰਨੀਆ ਵਿੱਚ ਨਸ਼ੇ ਦੀ ਹਾਲਤ ਵਿੱਚ ਟਰੱਕ ਚਲਾਉਣ ਅਤੇ ਹਾਦਸੇ ਵਿੱਚ 3 ਲੋਕਾਂ ਦੀ ਜਾਨ ਲੈਣ ਦੇ ਦੋਸ਼ ਵਿੱਚ ਜਸ਼ਨਪ੍ਰੀਤ ਸਿੰਘ



ਨੂੰ ਗ੍ਰਿਫਤਾਰ ਕੀਤਾ ਗਿਆ ਸੀ।

ਫਰਵਰੀ 2026 ਦੌਰਾਨ ਇੰਡੀਆਨਾ ਸਟੇਟ ਪੁਲਿਸ ਨੇ ਰੂਟੀਨ ਚੈਕਿੰਗ ਦੌਰਾਨ ਦੋ ਭਾਰਤੀ ਟਰੱਕ ਡਰਾਈਵਰਾਂ ਕੋਲੋਂ ਲਗਭਗ 7 ਮਿਲੀਅਨ ਡਾਲਰ (ਕਰੀਬ 300 ਪੌਂਡ) ਦੀ ਕੋਕੀਨ ਬਰਾਮਦ ਕੀਤੀ ਸੀ।

ਮੇਅਰ ਸਵਰਨਜੀਤ ਸਿੰਘ ਖਾਲਸਾ ਨੇ ਇਨ੍ਹਾਂ ਮਾਮਲਿਆਂ 'ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਹੈ ਕਿ ਇਨ੍ਹਾਂ ਕੁਝ ਕੁ ਨਸ਼ਾ ਤਸਕਰੀ ਅਤੇ ਲਾਪਰਵਾਹੀ ਵਾਲੇ ਹਾਦਸਿਆਂ ਦੇ ਮਾਮਲਿਆਂ ਨੇ ਪੰਜਾਬੀ ਭਾਈਚਾਰੇ ਦੇ ਅਕਸ ਨੂੰ ਵੱਡੀ ਢਾਹ ਲਾਈ ਹੈ, ਜਿਸ ਦਾ ਫਾਇਦਾ ਹੁਣ ਟਰੰਪ ਸਰਕਾਰ ਆਪਣੀ ਸਿਆਸਤ ਚਮਕਾਉਣ ਲਈ ਉਠਾ ਰਹੀ ਹੈ। ਉਨ੍ਹਾਂ ਭਾਈਚਾਰੇ ਨੂੰ ਅਪੀਲ ਕੀਤੀ ਕਿ ਨੌਰਥ ਅਮੈਰੀਕਨ ਪੰਜਾਬੀ ਟਰੱਕਰਜ਼ ਐਸੋਸੀਏਸ਼ਨ ਅਤੇ ਹੋਰ ਸੰਸਥਾਵਾਂ ਨੂੰ ਅਮਰੀਕੀ ਪ੍ਰਸ਼ਾਸਨ ਸਾਹਮਣੇ ਆਪਣਾ ਪੱਖ ਮਜ਼ਬੂਤੀ ਨਾਲ ਰੱਖਣਾ ਪਵੇਗਾ ਕਿ ਸਿੱਖ ਡਰਾਈਵਰ ਅਮਰੀਕੀ ਆਰਥਿਕਤਾ ਦਾ ਅਹਿਮ ਹਿੱਸਾ ਹਨ। ਇਸ ਦੇ ਨਾਲ ਹੀ, ਡਰਾਈਵਰਾਂ ਨੂੰ ਆਪਣੇ ਕਾਨੂੰਨੀ ਦਸਤਾਵੇਜ਼ਾਂ ਦੀ ਦਰੁਸਤੀ ਅਤੇ ਸੜਕੀ ਸੁਰੱਖਿਆ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਕਰਨੀ ਹੋਵੇਗੀ। ਅਮਰੀਕਾ ਵਿੱਚ ਪੰਜਾਬੀ ਭਾਈਚਾਰੇ ਨੂੰ ਆਪਣੀ ਹੋਂਦ ਅਤੇ ਸਨਮਾਨ ਨੂੰ ਬਚਾਉਣ ਲਈ ਹੁਣ ਲਲਮਕਾਨੂੰਨੀ ਸੂਝ-ਬੂਝ, ਏਕਤਾ ਅਤੇ ਜ਼ਿੰਮੇਵਾਰੀ ਦਿਖਾਉਣ ਦੀ ਸਭ ਤੋਂ ਵੱਧ ਲੋੜ ਹੈ।

## ਪੱਤਰਕਾਰ ਨਹੀਂ, ਹੁਣ ਇਨਫਲੂਐਂਸਰ ਚਾਹੀਦੇ !

# ਕੀ ਇਹ ਮੋਦੀ ਸਰਕਾਰ ਦਾ ਨਵਾਂ ਮੀਡੀਆ ਮਾਡਲ ਹੈ ?

**✪ ਰਵਾਇਤੀ ਪੱਤਰਕਾਰੀ ਬਨਾਮ ਸੋਸ਼ਲ ਮੀਡੀਆ ਇਨਫਲੂਐਂਸਰ: ਭਰੋਸੇਯੋਗਤਾ ਅਤੇ ਲੋਕਪ੍ਰਿਯਤਾ ਦੀ ਜੰਗ ✪ ਕੇਂਦਰ ਤੋਂ ਲੈ ਕੇ ਰਾਜਾਂ ਤੱਕ ਇਨਫਲੂਐਂਸਰਾਂ ਨੂੰ ਵੀ.ਆਈ.ਪੀ. ਟ੍ਰੀਟਮੈਂਟ: ਵਜ਼ੀਫ਼ੇ ਅਤੇ ਮੰਤਰੀਆਂ ਤੱਕ ਸਿੱਧੀ ਪਹੁੰਚ ਦਾ ਸੱਚ**




ਭਾਰਤ ਦੇ ਡਿਜੀਟਲ ਅਤੇ ਰਾਜਨੀਤਿਕ ਦ੍ਰਿਸ਼ ਵਿੱਚ ਪਿਛਲੇ ਕੁਝ ਸਾਲਾਂ ਤੋਂ ਇੱਕ ਬਹੁਤ ਹੀ ਸੂਖਮ ਪਰ ਡੂੰਘਾ ਬਦਲ ਦੇਖਣ ਨੂੰ ਮਿਲ ਰਿਹਾ ਹੈ। ਦਿੱਲੀ ਦੀਆਂ ਪਾਵਰ ਗੈਲਰੀਆਂ ਤੋਂ ਲੈ ਕੇ ਵੱਖ-ਵੱਖ ਰਾਜਾਂ ਦੇ ਪ੍ਰੈੱਸ ਹਾਲਾਂ ਤੱਕ, ਰਵਾਇਤੀ ਪੱਤਰਕਾਰਾਂ ਦੀ ਥਾਂ ਸੋਸ਼ਲ ਮੀਡੀਆ ਇਨਫਲੂਐਂਸਰਾਂ ਅਤੇ ਯੂਟਿਊਬ ਕ੍ਰਿਏਟਰਾਂ ਦੀ ਮੌਜੂਦਗੀ ਹੁਣ ਇੱਕ ਆਮ ਦ੍ਰਿਸ਼ ਬਣ ਚੁੱਕੀ ਹੈ। ਇਹ ਬਦਲਾਅ ਸਿਰਫ਼ ਤਕਨਾਲੋਜੀ ਦੇ ਵਿਕਾਸ ਜਾਂ ਮਨੋਰੰਜਨ ਦੇ ਸਾਧਨਾਂ ਤੱਕ ਸੀਮਤ ਨਹੀਂ ਹੈ, ਸਗੋਂ ਇਹ ਮੀਡੀਆ ਦੀ ਉਸ ਬੁਨਿਆਦੀ ਪਰਿਭਾਸ਼ਾ ਨੂੰ ਸਿੱਧੀ ਚੁਣੌਤੀ ਦੇ ਰਿਹਾ ਹੈ ਜੋ ਦਹਾਕਿਆਂ ਤੋਂ 'ਤੱਥਾਂ ਦੀ ਭਰੋਸੇਯੋਗਤਾ' ਅਤੇ 'ਸੱਤਾ ਨੂੰ ਸਵਾਲ ਪੁੱਛਣ ਦੀ ਜ਼ਿੰਮੇਵਾਰੀ' 'ਤੇ ਟਿਕੀ ਹੋਈ ਸੀ। ਸਵਾਲ ਇਹ ਉੱਠਦਾ ਹੈ ਕਿ ਕੀ ਮੋਦੀ ਸਰਕਾਰ ਅਤੇ ਵੱਖ-ਵੱਖ ਰਾਜ ਸਰਕਾਰਾਂ ਰਵਾਇਤੀ ਮੀਡੀਆ ਨੂੰ ਪਾਸੇ ਕਰਕੇ ਇੱਕ ਅਜਿਹਾ ਨਵਾਂ ਮੀਡੀਆ ਮਾਡਲ ਤਿਆਰ ਕਰ ਰਹੀਆਂ ਹਨ, ਜਿੱਥੇ ਸਵਾਲਾਂ ਦੀ ਥਾਂ ਸਿਰਫ਼ ਸਰਕਾਰੀ ਨੈਰੇਟਿਵ (ਏਜੰਡੇ) ਦਾ ਪ੍ਰਚਾਰ ਹੋਵੇ ?

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਕਾਰਜਕਾਲ ਦੌਰਾਨ ਇੱਕ ਵੀ ਰਸਮੀ ਪ੍ਰੈੱਸ ਕਾਨਫਰੰਸ ਨਾ ਹੋਣਾ ਅਤੇ ਦੂਜੇ ਪਾਸੇ ਸੋਸ਼ਲ ਮੀਡੀਆ ਇਨਫਲੂਐਂਸਰਾਂ ਨੂੰ 'ਨਵੇਂ ਭਾਰਤ ਦੇ ਰਾਜਦੂਤ' ਵਜੋਂ ਨਿਵਾਜਣਾ, ਸੱਤਾ ਦੀ ਨਵੀਂ ਮੀਡੀਆ ਨੀਤੀ ਨੂੰ ਸਾਫ਼ ਬਿਆਨ ਕਰਦਾ ਹੈ। ਸਾਲ 2024 ਦੇ 'ਨੈਸ਼ਨਲ ਕ੍ਰਿਏਟਰਸ ਅਵਾਰਡਸ' ਤੋਂ ਲੈ ਕੇ 'ਵਿਕਸਿਤ ਭਾਰਤ' ਅਤੇ ਜੀ-20 ਵਰਗੇ ਵੱਡੇ ਸਰਕਾਰੀ ਆਯੋਜਨਾਂ ਵਿੱਚ ਇਨ੍ਹਾਂ ਕ੍ਰਿਏਟਰਾਂ ਦੀ ਵੀ.ਆਈ.ਪੀ. ਮੌਜੂਦਗੀ ਇਸ ਗੱਲ ਦਾ ਸਬੂਤ ਹੈ ਕਿ ਸਰਕਾਰ ਹੁਣ ਉਸ ਆਵਾਜ਼ ਨੂੰ ਗਲੇ ਲਗਾ ਰਹੀ ਹੈ ਜਿਸ ਨੂੰ ਦੇਸ਼ ਦੀ ਨਵੀਂ ਪੀੜ੍ਹੀ ਸੁਣਦੀ ਅਤੇ ਦੇਖਦੀ ਹੈ। ਪਰ ਇਸ ਲੋਕਪ੍ਰਿਯਤਾ ਦੇ ਪਿੱਛੇ ਛੁਪਿਆ ਸਭ ਤੋਂ ਵੱਡਾ ਸੱਚ ਇਹ ਹੈ ਕਿ ਇਹ ਇਨਫਲੂਐਂਸਰ ਕਦੇ ਸੱਤਾ ਨੂੰ ਤਿੱਖੇ ਸਵਾਲ ਨਹੀਂ ਪੁੱਛਦੇ। ਉਹ ਸਰਕਾਰੀ ਨੀਤੀਆਂ 'ਤੇ ਚਰਚਾ ਤਾਂ ਕਰਦੇ ਹਨ, ਪਰ ਉਹ ਚਰਚਾ ਸਿਰਫ਼ ਪ੍ਰਸ਼ੰਸਾ ਅਤੇ ਪ੍ਰਚਾਰ ਤੱਕ ਸੀਮਤ ਹੁੰਦੀ ਹੈ।

ਇਸ ਨਵੇਂ ਮੀਡੀਆ ਮਾਡਲ ਨੂੰ ਹੁਣ ਰਾਜ ਸਰਕਾਰਾਂ ਨੇ ਵੀ ਅਪਣਾ ਲਿਆ ਹੈ। ਉੱਤਰ ਪ੍ਰਦੇਸ਼ ਵਿੱਚ 'ਬ੍ਰਾਂਡ ਯੂਪੀ' ਮੁਹਿੰਮ ਹੋਵੇ, ਜਾਂ ਗੁਜਰਾਤ, ਮਹਾਰਾਸ਼ਟਰ, ਮੱਧ ਪ੍ਰਦੇਸ਼ ਅਤੇ ਉੱਤਰਾਖੰਡ ਵਰਗੇ ਰਾਜਾਂ ਵਿੱਚ ਟ੍ਰੈਵਲ ਬਲੌਗਰਾਂ ਨੂੰ ਦਿੱਤੀਆਂ ਜਾਣ ਵਾਲੀਆਂ ਸਰਕਾਰੀ ਸਹੂਲਤਾਂ ਅਤੇ ਮਹੀਨਾਵਾਰ ਵਜ਼ੀਫ਼ੇ (ਸਟਾਈਪੈਂਡ) - ਇਹ ਸਭ ਦਰਸਾਉਂਦਾ ਹੈ ਕਿ ਡਿਜੀਟਲ ਕ੍ਰਿਏਟਰਾਂ ਨੂੰ ਹੁਣ ਮੁੱਖ ਧਾਰਾ ਦੇ ਪੱਤਰਕਾਰਾਂ ਦੇ ਬਰਾਬਰ ਜਾਂ ਸ਼ਾਇਦ ਉਨ੍ਹਾਂ ਤੋਂ ਵੀ ਉੱਪਰ ਖੜ੍ਹਾ ਕੀਤਾ ਜਾ ਰਿਹਾ ਹੈ। ਜਿੱਥੇ ਇੱਕ ਸੀਨੀਅਰ ਪੱਤਰਕਾਰ ਨੂੰ ਮੰਤਰੀਆਂ ਤੱਕ ਪਹੁੰਚ ਲਈ ਲੰਬਾ ਇੰਤਜ਼ਾਰ ਕਰਨਾ ਪੈਂਦਾ ਹੈ, ਉੱਥੇ ਲੱਖਾਂ ਸਬਸਕ੍ਰਾਈਬਰਸ ਵਾਲੇ ਯੂਟਿਊਬਰਾਂ ਨੂੰ ਸਿੱਧਾ ਦਾਖਲਾ ਮਿਲ ਰਿਹਾ ਹੈ। ਸਰਕਾਰ ਲਈ ਇਹ ਸੌਦਾ ਬਹੁਤ ਫਾਇਦੇਮੰਦ ਹੈ; ਇੱਕ ਪੱਤਰਕਾਰ ਤੱਥ ਖੋਜੇਗਾ, ਸਵਾਲ ਪੁੱਛੇਗਾ ਅਤੇ ਨੀਤੀਆਂ ਦੀ ਆਲੋਚਨਾ ਕਰੇਗਾ, ਜਦਕਿ ਇੱਕ ਇਨਫਲੂਐਂਸਰ ਬਿਨਾਂ ਕਿਸੇ ਫਿਲਟਰ ਦੇ ਸਰਕਾਰ ਦੇ ਪੱਖ ਵਿੱਚ ਵੱਡੀ ਗਿਣਤੀ ਵਿਚ ਲੋਕਾਂ ਤੱਕ ਰੀਚ ਪਹੁੰਚਾ ਦੇਵੇਗਾ।

ਪਰ ਇਸ ਡਿਜੀਟਲ ਚਮਕ-ਦਮਕ ਦਾ ਇੱਕ ਹੋਰ ਚਿੰਤਾਜਨਕ ਪਹਿਲੂ ਵੀ ਹੈ, ਜੋ ਹਾਲ ਹੀ ਵਿੱਚ ਸੁਪਰੀਮ ਕੋਰਟ ਦੇ ਇੱਕ ਫੈਸਲੇ ਨਾਲ ਸਾਹਮਣੇ ਆਇਆ ਹੈ। ਪ੍ਰਧਾਨ ਮੰਤਰੀ ਨਾਲ ਮੰਚ ਸਾਂਝਾ ਕਰਨ ਵਾਲੇ ਦੇਸ਼ ਦੇ ਇੱਕ ਪ੍ਰਸਿੱਧ ਇਨਫਲੂਐਂਸਰ ਰਣਵੀਰ ਅੱਲ੍ਹਾਬਾਦੀਆ (ਬੀਅਰਬਾਈਸੈਪਸ) 'ਤੇ ਅਦਾਲਤ ਵੱਲੋਂ ਲਾਪਰਵਾਹੀ ਦੇ ਮਾਮਲੇ ਵਿੱਚ ਤਿੰਨ ਲੱਖ ਰੁਪਏ ਦਾ ਜੁਰਮਾਨਾ ਲਗਾਇਆ ਜਾਣਾ ਅਤੇ ਭਵਿੱਖ ਵਿੱਚ ਇਸ ਨੂੰ ਤੀਹ ਲੱਖ ਕਰਨ ਦੀ ਚੇਤਾਵਨੀ ਦੇਣਾ, ਇਹ ਸਾਬਤ ਕਰਦਾ ਹੈ ਕਿ ਇਨ੍ਹਾਂ ਕ੍ਰਿਏਟਰਾਂ ਦੀ ਸਮਾਜਿਕ ਅਤੇ ਕਾਨੂੰਨੀ ਜਵਾਬਦੇਹੀ ਬਹੁਤ ਕਮਜ਼ੋਰ ਹੈ।

ਰਵਾਇਤੀ ਪੱਤਰਕਾਰੀ ਜਿੱਥੇ ਕਾਨੂੰਨ, ਸੰਪਾਦਕੀ ਨੀਤੀ, ਤੱਥਾਂ ਦੀ ਜਾਂਚ ਅਤੇ ਆਚਾਰ ਸੰਹਿਤਾ ਦੇ ਸਖ਼ਤ ਦਾਇਰੇ ਵਿੱਚ ਕੰਮ ਕਰਦੀ ਹੈ, ਉੱਥੇ ਹੀ ਇਨਫਲੂਐਂਸਰਾਂ ਦੀ ਦੁਨੀਆ ਸਿਰਫ਼ ਸੋਸ਼ਲ ਮੀਡੀਆ ਦੇ 'ਐਲਗੋਰਿਦਮ', ਲਾਇਕਸ, ਵਿਊਜ਼ ਅਤੇ ਕਲਿੱਕਬੇਟ 'ਤੇ ਨਿਰਭਰ ਕਰਦੀ ਹੈ। ਇਨ੍ਹਾਂ ਲਈ ਸੱਚ ਨਾਲੋਂ ਜ਼ਿਆਦਾ ਜ਼ਰੂਰੀ ਇਹ ਹੁੰਦਾ ਹੈ ਕਿ 'ਅੱਜ ਦਾ ਟ੍ਰੈਂਡ' ਕੀ ਹੈ।

ਪੱਤਰਕਾਰ ਅਤੇ ਇਨਫਲੂਐਂਸਰ ਦੇ ਕੰਮ ਕਰਨ ਦੇ ਤਰੀਕੇ ਅਤੇ ਉਨ੍ਹਾਂ ਦੇ ਪ੍ਰਭਾਵ ਵਿੱਚ ਜ਼ਮੀਨ-ਆਸਮਾਨ ਦਾ ਫਰਕ ਹੈ। ਇੱਕ ਪੱਤਰਕਾਰ ਆਪਣੀ ਪੂਰੀ ਜ਼ਿੰਦਗੀ ਤੱਥਾਂ, ਦਸਤਾਵੇਜ਼ਾਂ ਅਤੇ ਜ਼ਮੀਨੀ ਸੱਚਾਈ ਦੇ ਆਧਾਰ 'ਤੇ ਆਪਣੀ ਸਾਖ ਬਣਾਉਣ ਵਿੱਚ ਲਗਾ ਦਿੰਦਾ ਹੈ। ਉਸ ਦੀ ਇੱਕ ਖ਼ਬਰ ਸਰਕਾਰਾਂ ਨੂੰ ਹਿਲਾਉਣ, ਨੀਤੀਆਂ ਬਦਲਣ ਅਤੇ ਇਤਿਹਾਸ ਦਾ ਹਿੱਸਾ ਬਣਨ ਦੀ ਤਾਕਤ ਰੱਖਦੀ ਹੈ। ਭਾਰਤੀ ਪੱਤਰਕਾਰੀ ਦੇ ਇਤਿਹਾਸ ਵਿੱਚ ਰਾਜੇਂਦਰ ਮਾਥੁਰ, ਪ੍ਰਭਾਸ਼ ਜੋਸ਼ੀ, ਮਾਰਕ ਟਾਲੀ ਜਾਂ ਐਸ.ਪੀ. ਸਿੰਘ ਵਰਗੇ ਨਾਮ ਇਸ ਲਈ ਅਮਰ ਹਨ ਕਿਉਂਕਿ ਉਨ੍ਹਾਂ ਦੀ ਲਿਖਤ ਵਿੱਚ ਜਨਤਾ ਪ੍ਰਤੀ ਜਵਾਬਦੇਹੀ ਸੀ। ਦੂਜੇ ਪਾਸੇ, ਭਾਵੇਂ ਕੋਈ ਡਿਜੀਟਲ ਕ੍ਰਿਏਟਰ ਕਿੰਨਾ ਵੀ ਵੱਡਾ ਕਿਉਂ ਨਾ ਹੋ ਜਾਵੇ, ਉਸ ਦੀ ਪ੍ਰਸਿੱਧੀ ਵਾਇਰਲ ਵੀਡੀਓਜ਼ ਤੱਕ ਸੀਮਤ ਰਹਿੰਦੀ ਹੈ, ਪਰ ਉਸ ਦੀ ਗੰਭੀਰਤਾ ਅਤੇ ਭਰੋਸੇਯੋਗਤਾ ਹਮੇਸ਼ਾ ਸ਼ੱਕ ਦੇ ਘੇਰੇ ਵਿੱਚ ਰਹਿੰਦੀ ਹੈ।

ਸੀਨੀਅਰ ਪੱਤਰਕਾਰਾਂ ਦਾ ਮੰਨਣਾ ਹੈ ਕਿ ਲੋਕਤੰਤਰ ਸਿਰਫ਼ 'ਲੋਕਪ੍ਰਿਯਤਾ' ਜਾਂ 'ਵਾਇਰਲਿਟੀ' ਨਾਲ ਨਹੀਂ ਚੱਲ ਸਕਦਾ; ਇਸ ਨੂੰ ਜ਼ਿੰਦਾ ਰੱਖਣ ਲਈ 'ਸੱਚ' ਅਤੇ 'ਜਵਾਬਦੇਹੀ' ਦੀ ਲੋੜ ਹੁੰਦੀ ਹੈ। ਜੇਕਰ ਦੇਸ਼ ਵਿੱਚ ਰਵਾਇਤੀ ਪੱਤਰਕਾਰੀ ਨੂੰ ਕਮਜ਼ੋਰ ਕਰਕੇ ਸਿਰਫ਼ 'ਰੀਲ ਕਲਚਰ' ਅਤੇ 'ਦਰਬਾਰੀ ਇਨਫਲੂਐਂਸਰਾਂ' ਨੂੰ ਹੀ ਹੱਲਾਸ਼ੇਰੀ ਦਿੱਤੀ ਗਈ, ਤਾਂ ਆਉਣ ਵਾਲੇ ਸਮੇਂ ਵਿੱਚ ਜਨਤਾ ਦੇ ਹੱਕਾਂ ਦੀ ਆਵਾਜ਼ ਚੁੱਕਣ ਵਾਲਾ ਕੋਈ ਨਹੀਂ ਬਚੇਗਾ।

ਸਰਕਾਰਾਂ ਨੂੰ ਆਪਣੀ ਤਾਰੀਫ਼ ਕਰਵਾਉਣ ਲਈ ਇਨਫਲੂਐਂਸਰਾਂ ਦੀ ਲੋੜ ਹੋ ਸਕਦੀ ਹੈ, ਪਰ ਇੱਕ ਸਿਹਤਮੰਦ ਸਮਾਜ ਨੂੰ ਹਮੇਸ਼ਾ ਉਨ੍ਹਾਂ ਨਿਰਪੱਖ ਪੱਤਰਕਾਰਾਂ ਦੀ ਲੋੜ ਰਹੇਗੀ ਜੋ ਸੱਤਾ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਅਸੁਵਿਧਾਜਨਕ ਸਵਾਲ ਪੁੱਛਣ ਦਾ ਮਾਦਾ ਰੱਖਦੇ ਹੋਣ। ਜਦੋਂ ਤੱਕ ਸੱਤਾ ਦੇ ਸਾਹਮਣੇ ਸਵਾਲ ਪੁੱਛਣ ਵਾਲੇ ਜ਼ਿੰਦਾ ਰਹਿਣਗੇ, ਉਦੋਂ ਤੱਕ ਹੀ ਲੋਕਤੰਤਰ ਸੁਰੱਖਿਅਤ ਰਹੇਗਾ।

### -ਮਾਮਲਾ ਭਾਜਪਾ ਦਫ਼ਤਰ ਗ੍ਰਨੇਡ ਹਮਲੇ ਦਾ-

## ਚਾਰਜਸ਼ੀਟ ਅਨੁਸਾਰ ਪਾਕਿਸਤਾਨ, ਪੁਰਤਗਾਲ ਤੇ ਫਰਾਂਸ ਨਾਲ ਜੁੜੇ ਸਾਜ਼ਿਸ਼ ਦੇ ਤਾਰ

ਚੰਡੀਗੜ੍ਹ-ਸੈਕਟਰ-37 ਸਥਿਤ ਪੰਜਾਬ ਭਾਜਪਾ ਦਫ਼ਤਰ 'ਤੇ ਲੰਘੀ 1 ਅਪ੍ਰੈਲ ਨੂੰ ਹੋਏ ਗ੍ਰਨੇਡ ਹਮਲੇ ਦੇ ਮਾਮਲੇ ਵਿੱਚ ਚੰਡੀਗੜ੍ਹ ਪੁਲਿਸ ਨੇ ਜ਼ਿਲ੍ਹਾ ਅਦਾਲਤ ਵਿੱਚ 11 ਮੁਲਜ਼ਮਾਂ ਖ਼ਿਲਾਫ਼ ਚਾਰਜਸ਼ੀਟ ਦਾਖ਼ਲ ਕਰ ਦਿੱਤੀ ਹੈ। ਇਸ ਚਾਰਜਸ਼ੀਟ ਵਿੱਚ ਜਾਂਚ ਏਜੰਸੀ ਨੇ ਦਾਅਵਾ ਕੀਤਾ ਹੈ ਕਿ ਇਸ ਹਮਲੇ ਦੀ ਅੰਤਰਰਾਸ਼ਟਰੀ ਸਾਜ਼ਿਸ਼ ਰਚੀ ਗਈ ਸੀ, ਜਿਸ ਦੇ ਤਾਰ ਪਾਕਿਸਤਾਨ, ਪੁਰਤਗਾਲ ਅਤੇ ਫਰਾਂਸ ਨਾਲ ਜੁੜੇ ਹੋਏ ਹਨ। ਚਾਰਜਸ਼ੀਟ ਮੁਤਾਬਕ ਪਾਕਿਸਤਾਨ ਤੋਂ ਡਰੋਨ ਰਾਹੀਂ ਹਥਿਆਰ ਅਤੇ ਨਸ਼ੀਲੇ ਪਦਾਰਥ ਭੇਜੇ ਗਏ ਸਨ। ਪੁਰਤਗਾਲ ਵਿੱਚ ਬੈਠੇ ਬਲਜੋਤ ਸਿੰਘ ਉਰਫ਼ ਜੋਤਾ, ਸੁਰਜੀਤ ਉਰਫ਼ ਸਰਪੰਚ ਅਤੇ ਫਰਾਂਸ ਵਿੱਚ ਬੈਠੇ ਔਜਲਾ ਨਾਮਕ ਹੈਂਡਲਰਾਂ ਨੇ ਐਨਕ੍ਰਿਪਟਡ ਮੈਸੇਜਿੰਗ ਐਪਾਂ ਰਾਹੀਂ ਇਸ ਪੂਰੇ ਆਪ੍ਰੇਸ਼ਨ ਨੂੰ ਚਲਾਇਆ ਸੀ। ਇਨ੍ਹਾਂ ਵਿਦੇਸ਼ੀ ਹੈਂਡਲਰਾਂ ਨੇ ਪੰਜਾਬ ਦੇ ਘੱਟ ਪੜ੍ਹੇ-ਲਿਖੇ ਅਤੇ ਗਰੀਬ ਨੌਜਵਾਨਾਂ ਨੂੰ ਇਟਲੀ ਤੇ ਪੁਰਤਗਾਲ ਵਿੱਚ ਵਸਾਉਣ ਦਾ ਲਾਲਚ ਦੇ ਕੇ ਵਰਤਿਆ, ਜਦਕਿ ਫਰਾਂਸ ਤੋਂ ਇਸ ਹਮਲੇ ਲਈ ਡਿਜੀਟਲ ਫੰਡਿੰਗ ਵੀ ਕੀਤੀ ਗਈ। ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਹਮਲਾਵਰਾਂ (ਗੁਰਤੇਜ ਉਰਫ਼ ਤੇਜ਼ੀ ਅਤੇ ਅਮਨਪ੍ਰੀਤ ਅਮਨ) ਦਾ ਪਹਿਲਾ ਨਿਸ਼ਾਨਾ ਸੈਕਟਰ-33 ਸਥਿਤ ਚੰਡੀਗੜ੍ਹ ਭਾਜਪਾ ਦਫ਼ਤਰ ਸੀ, ਪਰ ਉੱਥੇ ਜ਼ਿਆਦਾ ਭੀੜ ਹੋਣ ਕਾਰਨ ਉਨ੍ਹਾਂ ਨੇ ਗੂਗਲ ਮੈਪ ਦੀ ਮਦਦ ਨਾਲ ਸੈਕਟਰ-37 ਸਥਿਤ ਪੰਜਾਬ ਭਾਜਪਾ ਦਫ਼ਤਰ ਨੂੰ ਚੁਣਿਆ। ਉੱਥੇ 15-20 ਮਿੰਟ ਰੇਕੀ ਕਰਨ ਤੋਂ ਬਾਅਦ ਗ੍ਰਨੇਡ ਸੁੱਟਿਆ ਗਿਆ ਅਤੇ ਹਮਲੇ ਦੀ ਵੀਡੀਓ 'ਜੈਂਗੀ' ਐਪ ਰਾਹੀਂ ਵਿਦੇਸ਼ੀ ਹੈਂਡਲਰਾਂ ਨੂੰ ਭੇਜੀ ਗਈ। ਮੁਲਜ਼ਮ ਆਪਸੀ ਗੱਲਬਾਤ ਵਿੱਚ ਗ੍ਰਨੇਡ ਲਈ 'ਪਿਆਜ਼' ਅਤੇ ਗੋਲੀਆਂ ਲਈ 'ਦਾਣੇ' ਕੋਡਵਰਡ ਦੀ ਵਰਤੋਂ ਕਰਦੇ ਸਨ। ਚਾਰਜਸ਼ੀਟ ਅਨੁਸਾਰ 15 ਮਾਰਚ ਨੂੰ ਅੰਮ੍ਰਿਤਸਰ ਤੋਂ ਲਖਵਿੰਦਰ ਸਿੰਘ ਨਾਮੀ ਵਿਅਕਤੀ ਨੂੰ ਹਥਿਆਰਾਂ ਦਾ ਬੈਗ ਸੌਂਪਿਆ ਗਿਆ ਸੀ, ਜਿਸ ਵਿੱਚ ਦੋ ਹੈਂਡ ਗ੍ਰਨੇਡ, ਇੱਕ ਪਿਸਤੌਲ ਅਤੇ 25-30 ਕਾਰਤੂਸ ਸ਼ਾਮਲ ਸਨ। ਇਹ ਹਥਿਆਰ ਵੱਖ-ਵੱਖ ਹੱਥਾਂ ਵਿੱਚੋਂ ਹੁੰਦੇ ਹੋਏ ਮੁੱਖ ਹਮਲਾਵਰਾਂ ਤੱਕ ਪਹੁੰਚਾਏ ਗਏ ਸਨ।

# ਓਂਟਾਰੀਓ ਵਿਚ ਅੰਮ੍ਰਿਤਧਾਰੀ ਸਿੱਖ ਟਿਕਟੌਕ ਇਨਫਲੂਐਂਸਰ ਨੂੰ ਜਿਮ ਵਿਚੋਂ ਕੱਢਿਆ

## ✪ ਕਿਰਪਾਨ ਨੂੰ 'ਹਥਿਆਰ' ਦੱਸਣ 'ਤੇ ਛਿੜੀ ਨਵੀਂ ਬਹਿਸ ✪ ਕੈਨੇਡਾ ਦੇ ਜਿਮ ਪ੍ਰਬੰਧਕਾਂ 'ਤੇ ਨਸਲੀ ਵਿਤਕਰੇ ਦੇ ਦੋਸ਼; ਵੀਡੀਓ ਵਾਇਰਲ ਹੋਣ ਮਗਰੋਂ ਸਿੱਖ ਜਥੇਬੰਦੀਆਂ ਮੈਦਾਨ ਵਿਚ





ਕੈਨੇਡਾ ਦੇ ਓਂਟਾਰੀਓ ਸੂਬੇ ਦੇ ਵਿੰਡਸਰ ਸ਼ਹਿਰ ਵਿੱਚ ਸਥਿਤ 'ਗੁੱਡ ਲਾਈਫ ਫਿਟਨੈੱਸ' ਜਿਮ ਵਿੱਚ ਇੱਕ ਉੱਘੇ ਸਿੱਖ ਟਿਕਟੌਕ ਇਨਫਲੂਐਂਸਰ ਗੁਰਪ੍ਰਤਾਪ ਸਿੰਘ ਖ਼ਾਲਸਾ ਨਾਲ ਵਾਪਰੀ ਘਟਨਾ ਨੇ ਵਿਦੇਸ਼ਾਂ ਵਿੱਚ ਵੱਸਦੇ ਘੱਟ-ਗਿਣਤੀ ਭਾਈਚਾਰਿਆਂ, ਖ਼ਾਸ ਕਰਕੇ ਸਿੱਖਾਂ ਦੇ ਧਾਰਮਿਕ ਅਧਿਕਾਰਾਂ ਨੂੰ ਲੈ ਕੇ ਇੱਕ ਨਵੀਂ ਬਹਿਸ ਛੇੜ ਦਿੱਤੀ ਹੈ। ਅੰਮ੍ਰਿਤਧਾਰੀ ਸਿੱਖ ਵੱਲੋਂ ਧਾਰਨ ਕੀਤੀ ਗਈ ਕਿਰਪਾਨ ਨੂੰ 'ਹਥਿਆਰ' ਗਰਦਾਨ ਕੇ ਜਿਮ ਵਿੱਚੋਂ ਬਾਹਰ ਕੱਢਣਾ ਕੇਵਲ ਇੱਕ ਪ੍ਰਸ਼ਾਸਨਿਕ ਫ਼ੈਸਲਾ ਨਹੀਂ, ਸਗੋਂ ਨਸਲੀ ਵਿਤਕਰੇ ਦਾ ਇੱਕ ਪ੍ਰਤੱਖ ਉਦਾਹਰਨ ਹੈ। ਇਹ ਘਟਨਾ ਸੋਸ਼ਲ ਮੀਡੀਆ 'ਤੇ ਵੀਡੀਓ ਵਾਇਰਲ ਹੋਣ ਤੋਂ ਬਾਅਦ ਵਿਸ਼ਵ ਭਰ ਦੇ ਸਿੱਖਾਂ ਵਿੱਚ ਭਾਰੀ ਰੋਸ ਹੈ।

ਗੁਰਪ੍ਰਤਾਪ ਸਿੰਘ ਖ਼ਾਲਸਾ ਵੱਲੋਂ ਜਿਮ ਪ੍ਰਬੰਧਕਾਂ 'ਤੇ ਲਾਏ ਗਏ ਨਸਲੀ ਵਿਤਕਰੇ ਦੇ ਦੋਸ਼ ਬਿਲਕੁਲ ਜਾਇਜ਼ ਅਤੇ ਤਰਕਸੰਗਤ ਪ੍ਰਤੀਤ ਹੁੰਦੇ ਹਨ। ਵਾਇਰਲ ਵੀਡੀਓ ਵਿੱਚ ਸਾਫ਼ ਦਿਖਾਈ ਦਿੰਦਾ ਹੈ ਕਿ ਜਿਮ ਸਟਾਫ਼ ਨੇ ਕਿਸੇ ਦੂਜੇ ਮੈਂਬਰ ਦੇ ਇਤਰਾਜ਼ ਨੂੰ ਬਿਨਾਂ ਕਿਸੇ ਡੂੰਘੀ ਪੜਤਾਲ ਜਾਂ ਸਿੱਖ ਰੀਤੀ-ਰਿਵਾਜ਼ਾਂ ਦੀ ਸਮਝ ਦੇ, ਸਿੱਧਾ ਹੁਕਮ ਸੁਣਾ ਦਿੱਤਾ।

ਸੰਵਿਧਾਨਕ ਅਧਿਕਾਰਾਂ ਦੇ ਪੱਖੀ: ਬਹੁਗਿਣਤੀ ਲੋਕਾਂ ਅਤੇ ਕਾਨੂੰਨੀ ਮਾਹਿਰਾਂ ਦਾ ਮੰਨਣਾ ਹੈ ਕਿ ਕੈਨੇਡਾ ਦਾ 'ਚਾਰਟਰ ਆਫ਼ ਰਾਈਟਸ ਐਂਡ ਫ੍ਰੀਡਮਜ਼' ਹਰ ਨਾਗਰਿਕ ਨੂੰ ਆਪਣੀ ਆਸਥਾ ਮੁਤਾਬਕ ਜਿਊਣ ਦੀ ਆਜ਼ਾਦੀ ਦਿੰਦਾ ਹੈ। ਕੈਨੇਡਾ ਦੀ ਸੁਪਰੀਮ ਕੋਰਟ ਪਹਿਲਾਂ ਵੀ ਸਕੂਲਾਂ ਅਤੇ ਹੋਰ ਜਨਤਕ ਥਾਵਾਂ 'ਤੇ ਸ਼ਰਤਾਂ ਸਹਿਤ ਕਿਰਪਾਨ ਪਹਿਨਣ ਦੇ ਹੱਕ ਵਿੱਚ ਇਤਿਹਾਸਕ ਫ਼ੈਸਲੇ ਸੁਣਾ ਚੁੱਕੀ ਹੈ।

ਦੂਜੇ ਪਾਸੇ, ਪ੍ਰਬੰਧਕ ਜਿਮ ਵਰਗੀਆਂ ਥਾਵਾਂ 'ਤੇ ਸੁਰੱਖਿਆ ਨਿਯਮਾਂ ਦਾ ਹਵਾਲਾ ਦੇ ਰਹੇ ਹਨ ਕਿ ਨਿੱਜੀ ਅਦਾਰਿਆਂ ਨੂੰ ਆਪਣੇ ਅੰਦਰ ਤਿੱਖੀਆਂ ਚੀਜ਼ਾਂ 'ਤੇ ਪਾਬੰਦੀ ਲਾਉਣ ਦਾ ਹੱਕ ਹੈ। ਪਰ ਇੱਥੇ ਸਵਾਲ ਇਹ ਉੱਠਦਾ ਹੈ ਕਿ ਕੀ ਸੁਰੱਖਿਆ ਨਿਯਮਾਂ ਦੇ ਨਾਂ 'ਤੇ ਕਿਸੇ ਦੀ ਧਾਰਮਿਕ ਆਜ਼ਾਦੀ ਦਾ ਘਾਣ ਕੀਤਾ ਜਾ ਸਕਦਾ ਹੈ? ਇਸ ਨਸਲੀ ਵਿਤਕਰੇ ਖ਼ਿਲਾਫ਼ ਸਿੱਖ ਭਾਈਚਾਰਾ ਅਤੇ ਪ੍ਰਮੁੱਖ ਜਥੇਬੰਦੀਆਂ ਜਿਵੇਂ ਕਿ ਵਰਲਡ ਸਿੱਖ ਆਰਗੇਨਾਈਜ਼ੇਸ਼ਨ - ਇਕਜੁੱਟ ਹੋ ਕੇ ਸੰਸਥਾਗਤ ਲੜਾਈ ਲੜ ਰਹੀਆਂ ਹਨ। ਪ੍ਰਭਾਵਿਤ ਇਨਫਲੂਐਂਸਰ ਤੇ ਕਾਨੂੰਨੀ ਟੀਮਾਂ 'ਗੁੱਡ ਲਾਈਫ਼ ਫਿਟਨੈੱਸ' ਦੇ ਉੱਚ ਪ੍ਰਬੰਧਕਾਂ ਤੱਕ ਪਹੁੰਚ ਕਰ ਰਹੀਆਂ ਹਨ ਤਾਂ ਜੋ ਇਸ ਘਟਨਾ ਲਈ ਜ਼ਿੰਮੇਵਾਰ ਸਟਾਫ਼ ਖ਼ਿਲਾਫ਼ ਕਾਰਵਾਈ ਕੀਤੀ ਜਾ ਸਕੇ ਅਤੇ ਸੰਸਥਾ ਵੱਲੋਂ ਜਨਤਕ ਤੌਰ 'ਤੇ ਮੁਆਫ਼ੀ ਮੰਗੀ ਜਾਵੇ।

ਜਥੇਬੰਦੀਆਂ ਮੰਗ ਕਰ ਰਹੀਆਂ ਹਨ ਕਿ ਕੈਨੇਡਾ ਦੇ ਸਾਰੇ ਨਿੱਜੀ ਅਦਾਰੇ (ਜਿਮ, ਹੋਟਲ, ਮਾਲ ਆਦਿ) ਆਪਣੀਆਂ ਅੰਦਰੂਨੀ ਸੁਰੱਖਿਆ ਨੀਤੀਆਂ ਵਿੱਚ ਸਪਸ਼ਟ ਤੌਰ 'ਤੇ 'ਸਿੱਖ ਕਕਾਰਾਂ' ਨੂੰ ਛੋਟ ਦੇਣ, ਤਾਂ ਜੋ ਭਵਿੱਖ ਵਿੱਚ ਕਿਸੇ ਵੀ ਸਿੱਖ ਨੂੰ ਅਜਿਹੀ ਜ਼ਿਲ੍ਹਤ ਦਾ ਸਾਹਮਣਾ ਨਾ ਕਰਨਾ ਪਵੇ।

ਸੋਸ਼ਲ ਮੀਡੀਆ ਇਨਫਲੂਐਂਸਰਜ਼ ਅਤੇ ਸਥਾਨਕ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਵੱਲੋਂ ਕੈਨੇਡੀਅਨ ਸਮਾਜ ਨੂੰ ਸਿੱਖੀ ਪਛਾਣ ਬਾਰੇ ਜਾਗਰੂਕ ਕਰਨ ਲਈ ਮੁਹਿੰਮਾਂ ਵਿੱਢੀਆਂ ਜਾ ਰਹੀਆਂ ਹਨ, ਤਾਂ ਜੋ ਸਥਾਨਕ ਨਾਗਰਿਕਾਂ ਅਤੇ ਨਿੱਜੀ ਕੰਪਨੀਆਂ ਦੇ ਸਟਾਫ਼ ਵਿੱਚੋਂ ਕਿਰਪਾਨ ਪ੍ਰਤੀ ਗਲਤਫ਼ਹਿਮੀਆਂ ਨੂੰ ਦੂਰ ਕੀਤਾ ਜਾ ਸਕੇ।

ਪ੍ਰਸਿਧ ਵਿਦਵਾਨ ਤੇ ਪੰਥਕ ਆਗੂ ਡਾਕਟਰ ਗੁਰਵਿੰਦਰ ਸਿੰਘ ਧਾਲੀਵਾਲ ਦਾ ਕਹਿਣਾ ਹੈ ਕਿ ਕੈਨੇਡਾ ਵਰਗੇ ਅਗਾਂਹਵਧੂ ਅਤੇ ਬਹੁ-ਸੱਭਿਆਚਾਰਕ ਦੇਸ਼ ਵਿੱਚ, ਜਿੱਥੇ ਸਿੱਖ ਸਿਆਸਤ, ਆਰਥਿਕਤਾ ਅਤੇ ਸਮਾਜ ਸੇਵਾ ਵਿੱਚ ਮੋਹਰੀ ਭੂਮਿਕਾ ਨਿਭਾ ਰਹੇ ਹਨ, ਉੱਥੇ ਅਜਿਹੀ ਘਟਨਾ ਦਾ ਵਾਪਰਨਾ ਬੇਹੱਦ ਚਿੰਤਾਜਨਕ ਹੈ।

'ਗੁੱਡ ਲਾਈਫ਼ ਫਿਟਨੈੱਸ' ਵਰਗੇ ਕਾਰਪੋਰੇਟ ਅਦਾਰਿਆਂ ਨੂੰ ਇਹ ਸਮਝਣਾ ਹੋਵੇਗਾ ਕਿ ਸੁਰੱਖਿਆ ਦੇ ਨਿਯਮ ਸਪਸ਼ਟ ਹੋਣੇ ਚਾਹੀਦੇ ਹਨ, ਨਾ ਕਿ ਕਨੂੰਨ ਵਿਰੋਧੀ। ਕੈਨੇਡੀਅਨ ਸਰਕਾਰ ਅਤੇ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਇਸ ਮਾਮਲੇ ਵਿੱਚ ਦਖ਼ਲ ਦੇ ਕੇ ਨਿੱਜੀ ਖੇਤਰ ਲਈ ਸਪਸ਼ਟ ਗਾਈਡਲਾਈਨਜ਼ ਜਾਰੀ ਕਰਨੀਆਂ ਚਾਹੀਦੀਆਂ ਹਨ, ਤਾਂ ਜੋ ਧਾਰਮਿਕ ਆਜ਼ਾਦੀ ਦੇ ਦਾਅਵੇ ਸਿਰਫ਼ ਕਾਗਜ਼ਾਂ ਤੱਕ ਸੀਮਤ ਨਾ ਰਹਿਣ।

# ਪੰਜਾਬ ਪੁਲਿਸ ਵੱਲੋਂ 3949 ਗ੍ਰਿਫ਼ਤਾਰ

## ✪ ਵੱਡੀ ਮਾਤਰਾ ਵਿਚ ਨਸ਼ਾ ਤੇ ਹਥਿਆਰ ਬਰਾਮਦ


ਚੰਡੀਗੜ੍ਹ-ਪੰਜਾਬ ਨੂੰ ਗੈਂਗਸਟਰ ਅਤੇ ਨਸ਼ਾ ਤਸਕਰੀ ਦੇ ਜਾਲ ਤੋਂ ਮੁਕਤ ਕਰਨ ਲਈ ਪੰਜਾਬ ਪੁਲਿਸ ਵੱਲੋਂ ਚਲਾਏ ਗਏ 'ਆਪ੍ਰੇਸ਼ਨ ਪ੍ਰਹਾਰ-3.0' ਦੇ 16 ਦਿਨਾਂ ਦੇ ਰਾਜ ਪੱਧਰੀ ਅਭਿਆਨ ਦੌਰਾਨ ਵੱਡੀ ਸਫ਼ਲਤਾ ਹਾਸਲ ਹੋਈ ਹੈ। ਪੁਲਿਸ ਨੇ ਸੂਬੇ ਭਰ ਵਿੱਚ 5,448 ਥਾਵਾਂ 'ਤੇ ਛਾਪੇਮਾਰੀ ਕਰਕੇ 3,949 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਇਸ ਮੁਹਿੰਮ ਦੌਰਾਨ 958 ਐੱਫਆਈਆਰ ਦਰਜ ਕੀਤੀਆਂ ਗਈਆਂ ਹਨ। ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਖ਼ੁਫ਼ੀਆ ਜਾਣਕਾਰੀ 'ਤੇ ਆਧਾਰਿਤ ਇਹ ਮੁਹਿੰਮ 16 ਦਿਨਾਂ ਤੱਕ ਪੜਾਅਵਾਰ ਚਲਾਈ ਗਈ, ਜਿਸ ਵਿੱਚ 10,401 ਪੁਲਿਸ ਮੁਲਾਜ਼ਮ ਤਾਇਨਾਤ ਕੀਤੇ ਗਏ ਸਨ। ਇਸ ਕਾਰਵਾਈ ਦਾ ਮੁੱਖ ਉਦੇਸ਼ ਗੈਂਗਸਟਰ-ਨਸ਼ਾ ਗੱਠਜੋੜ ਨੂੰ ਤੋੜਨਾ ਅਤੇ ਭਗੌੜੇ ਅਪਰਾਧੀਆਂ ਨੂੰ ਕਾਬੂ ਕਰਨਾ ਸੀ। ਵਧੀਕ ਡੀਜੀਪੀ ਪ੍ਰਵੀਨ ਸਿਨ੍ਹਾ ਮੁਤਾਬਕ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਵਿੱਚ 42 ਗੈਂਗਸਟਰ, 1,201 ਨਸ਼ਾ ਤਸਕਰ, 119 ਭਗੌੜੇ ਅਤੇ 2,587 ਲੋੜੀਂਦੇ ਅਪਰਾਧੀ ਸ਼ਾਮਲ ਹਨ।



ਪੁਲਿਸ ਨੇ ਇਸ ਮੁਹਿੰਮ ਦੌਰਾਨ 12 ਹਥਿਆਰ, 10.47 ਕਿਲੋਗ੍ਰਾਮ ਹੈਰੋਇਨ, 1.50 ਕਿਲੋਗ੍ਰਾਮ ਅਫ਼ੀਮ, 30 ਕਿਲੋਗ੍ਰਾਮ ਗਾਂਜਾ, 259 ਕਿਲੋਗ੍ਰਾਮ ਪੋਸਤ, 21,746 ਨਸ਼ੀਲੀਆਂ ਗੋਲੀਆਂ/ਕੈਪਸੂਲ, ਭਾਰੀ ਮਾਤਰਾ ਵਿੱਚ ਸ਼ਰਾਬ ਅਤੇ 4.03 ਲੱਖ ਰੁਪਏ ਦੀ ਡਰੱਗ ਮਨੀ ਸਮੇਤ 262 ਵਾਹਨ ਜ਼ਬਤ ਕੀਤੇ ਹਨ। ਡੀਜੀਪੀ ਵੱਲੋਂ ਖੰਨਾ, ਬਠਿੰਡਾ, ਜਲੰਧਰ ਕਮਿਸ਼ਨਰੇਟ, ਹੁਸ਼ਿਆਰਪੁਰ ਅਤੇ ਮਾਨਸਾ ਪੁਲਿਸ ਇਕਾਈਆਂ ਦੇ ਸ਼ਾਨਦਾਰ ਕੰਮ ਦੀ ਸ਼ਲਾਘਾ ਕੀਤੀ ਗਈ ਹੈ।

# ਓਪਰੇਸ਼ਨ ਹਾਰਡ ਬਾਲ: ਜੱਗੂ ਭਗਵਾਨਪੁਰੀਆ ਗੈਂਗ ਦਾ ਭਗੌੜਾ ਨਿਤਿਸ਼ ਕੌਸ਼ਲ ਅਮਰੀਕਾ-ਕੈਨੇਡਾ ਸਰਹੱਦ ਤੋਂ ਗ੍ਰਿਫ਼ਤਾਰ

ਸਰੀ-ਅਮਰੀਕੀ ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ ਦੇ ਅਧਿਕਾਰੀਆਂ ਨੇ ਇੱਕ ਵੱਡੀ ਕਾਰਵਾਈ ਕਰਦਿਆਂ ਜੱਗੂ ਭਗਵਾਨਪੁਰੀਆ ਗੈਂਗ ਦੇ ਖ਼ਤਰਨਾਕ ਭਗੌੜੇ ਗੈਂਗਸਟਰ ਨਿਤਿਸ਼ ਕੌਸ਼ਲ ਉਰਫ਼ ਲਾਲਾ ਨੂੰ ਕੈਨੇਡਾ ਸਰਹੱਦ ਦੇ ਨੇੜਿਓਂ ਗ੍ਰਿਫ਼ਤਾਰ ਕਰ ਲਿਆ ਹੈ। ਲਾਲਾ ਅਮਰੀਕਾ ਦੇ ਵਰਮੌਂਟ ਸੂਬੇ ਤੋਂ ਗੈਰ-ਕਾਨੂੰਨੀ ਤਰੀਕੇ ਨਾਲ ਸਰਹੱਦ ਪਾਰ ਕਰਕੇ ਕੈਨੇਡਾ ਦੇ ਕਿਊਬੈਕ ਸੂਬੇ ਵਿੱਚ ਦਾਖ਼ਲ ਹੋਣ ਦੀ ਕੋਸ਼ਿਸ਼ ਕਰ ਰਿਹਾ ਸੀ।



ਅਦਾਲਤੀ ਦਸਤਾਵੇਜ਼ਾਂ ਮੁਤਾਬਕ 16 ਜੁਲਾਈ 2026 ਦੀ ਰਾਤ ਨੂੰ ਜਦੋਂ ਮੁਲਜ਼ਮ ਸਰਹੱਦ ਤੋਂ ਕੁਝ ਫੁੱਟ ਦੂਰ ਆਪਣੀ ਗੱਡੀ ਛੱਡ ਕੇ ਪੈਦਲ ਕੈਨੇਡਾ ਵੱਲ ਵਧਿਆ, ਤਾਂ ਕੈਨੇਡੀਅਨ ਸੁਰੱਖਿਆ ਏਜੰਸੀਆਂ ਨੇ ਉਸ ਨੂੰ ਦੇਖ ਕੇ ਤੁਰੰਤ ਅਮਰੀਕੀ ਅਧਿਕਾਰੀਆਂ ਨੂੰ ਅਲਰਟ ਕਰ ਦਿੱਤਾ। ਬਾਰਡਰ ਪੈਟਰੋਲਿੰਗ ਦੌਰਾਨ ਫੜੇ ਜਾਣ 'ਤੇ ਮੁਲਜ਼ਮ ਨੇ ਨਿਊ ਜਰਸੀ ਦਾ ਇੱਕ ਜਾਅਲੀ ਡਰਾਈਵਰ ਲਾਇਸੈਂਸ ਦਿਖਾ ਕੇ ਆਪਣੀ ਪਛਾਣ ਛੁਪਾਉਣ ਦੀ ਕੋਸ਼ਿਸ਼ ਕੀਤੀ, ਪਰ ਉਸ ਦੇ ਫਿੰਗਰਪ੍ਰਿੰਟ ਅਤੇ ਸਰੀਰ 'ਤੇ ਬਣੇ ਸ਼ੇਰ ਦੇ ਟੈਟੂ ਨੇ ਉਸ ਦੀ ਅਸਲੀ ਪਛਾਣ ਬੇਨਕਾਬ ਕਰ ਦਿੱਤੀ। ਇਸ ਤੋਂ ਪਹਿਲਾਂ ਵਰਮਾਂਟ ਦੇ ਇੱਕ ਸਥਾਨਕ ਨਾਗਰਿਕ ਨੇ ਵੀ ਉਸ ਨੂੰ ਆਪਣੇ ਫਾਰਮ ਹਾਊਸ ਦੇ ਗੋਦਾਮ ਵਿੱਚ ਦੇਖ ਕੇ ਪੁਲਿਸ ਨੂੰ ਸੂਚਿਤ ਕੀਤਾ ਸੀ ਕਿ ਇਹ ਐਫਬੀਆਈ ਵੱਲੋਂ ਲੋੜੀਂਦਾ ਅਪਰਾਧੀ ਲੱਗਦਾ ਹੈ।

ਅਦਾਲਤ ਵਿੱਚ ਪੇਸ਼ੀ ਅਤੇ ਗੰਭੀਰ ਦੋਸ਼-ਸ਼ੁੱਕਰਵਾਰ ਨੂੰ ਨਿਤਿਸ਼ ਕੌਸ਼ਲ ਨੂੰ ਭਾਰੀ ਸੁਰੱਖਿਆ ਹੇਠ ਵਰਮੌਂਟ ਦੀ ਬਰਲਿੰਗਟਨ ਸੰਘੀ ਅਦਾਲਤ ਵਿੱਚ ਪੇਸ਼ ਕੀਤਾ ਗਿਆ, ਜਿੱਥੇ ਪੰਜਾਬੀ ਦੁਭਾਸ਼ੀਏ ਦੀ ਮਦਦ ਨਾਲ ਉਸ ਦੇ ਵਾਰੰਟ ਦੀ ਪੁਸ਼ਟੀ ਕੀਤੀ ਗਈ। ਕੈਲੀਫੋਰਨੀਆ ਦੀ ਅਦਾਲਤ ਵੱਲੋਂ ਜਾਰੀ ਵਾਰੰਟ ਮੁਤਾਬਕ ਉਸ ਨੂੰ ਆਰ ਆਈ ਸੀ ਓ (ਸੰਗਠਿਤ ਅਪਰਾਧ ਵਿਰੋਧੀ ਕਾਨੂੰਨ) ਤਹਿਤ ਗ੍ਰਿਫ਼ਤਾਰ ਕੀਤਾ ਗਿਆ ਹੈ। ਨਿਤਿਸ਼ ਕੌਸ਼ਲ 'ਤੇ ਭਗਵਾਨਪੁਰੀਆ ਗੈਂਗ ਲਈ ਕੰਮ ਕਰਦਿਆਂ ਜਬਰਨ ਵਸੂਲੀ, ਅਗਵਾ, ਕਤਲ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਨਸ਼ੇ ਤੇ ਹਥਿਆਰਾਂ ਦੀ ਤਸਕਰੀ ਕਰਨ ਦੇ ਗੰਭੀਰ ਦੋਸ਼ ਹਨ। ਜੇਕਰ ਅਦਾਲਤ ਵਿੱਚ ਇਹ ਦੋਸ਼ ਸਾਬਤ ਹੋ ਜਾਂਦੇ ਹਨ, ਤਾਂ ਉਸ ਨੂੰ ਉਮਰ ਕੈਦ ਦੀ ਸਜ਼ਾ ਹੋ ਸਕਦੀ ਹੈ।

# ਪੰਜਾਬ ਦੇ ਜ਼ਖ਼ਮਾਂ 'ਤੇ ਮਰ੍ਹਮ ਲਾਉਣ ਲਈ 'ਟਰੁਥ ਕਮਿਸ਼ਨ' 'ਤੇ ਮੁੜ ਚਰਚਾ ਕਿਉਂ ?

ਕਵਰ ਸਟੋਰੀ

## ✪ 'ਲੋਕ ਕਮਿਸ਼ਨ' ਦੀ ਕੀ ਪ੍ਰਸੰਗਿਕਤਾ ਸੀ, ਉਸ ਉਪਰ ਪਾਬੰਦੀ ਦਾ ਜ਼ਿੰਮੇਵਾਰ ਹੋਣ ਸੀ
## ✪ ਕਿਉਂ 1999 ਵਿੱਚ ਹਾਈਕੋਰਟ ਨੇ ਪੱਕੇ ਤੌਰ 'ਤੇ ਲਾਈ ਸੀ ਇਸ 'ਤੇ ਪਾਬੰਦੀ ?



ਜਸਟਿਸ ਕੁਲਦੀਪ ਸਿੰਘ





ਬਾਬਾ ਸਰਬਜੋਤ ਸਿੰਘ ਬੇਦੀ



ਗੁਰਤੇਜ ਸਿੰਘ



ਗੁਰਤੇਜ ਸਿੰਘ

ਪੰਜਾਬ ਦੇ ਸਮਕਾਲੀ ਇਤਿਹਾਸ ਵਿੱਚ 80 ਅਤੇ 90 ਦਾ ਦਹਾਕਾ ਇੱਕ ਅਜਿਹਾ ਦਰਦਨਾਕ ਅਤੇ ਲਹੂ-ਭਿੱਜਿਆ ਅਧਿਆਏ ਹੈ, ਜਿਸ ਦੇ ਡੂੰਘੇ ਜ਼ਖ਼ਮ ਤਿੰਨ ਦਹਾਕੇ ਬੀਤ ਜਾਣ ਬਾਅਦ ਵੀ ਹਰੇ ਹਨ। ਸਮੇਂ-ਸਮੇਂ 'ਤੇ ਜਦੋਂ ਵੀ ਕੋਈ ਕਲਾਤਮਕ ਮਾਧਿਅਮ (ਜਿਵੇਂ ਫ਼ਿਲਮ 'ਸਤਲੁਜ' ਉਸ ਦੌਰ ਦੇ ਦੁਖਾਂਤ 'ਤੇ ਚਰਚਾ ਛੇੜਦਾ ਹੈ, ਤਾਂ ਅਤੀਤ ਦੇ ਉਹ ਅਣਸੁਲਝੇ ਸਵਾਲ ਮੁੜ ਪੰਜਾਬ ਦੇ ਲੋਕਾਂ ਸਾਹਮਣੇ ਆ ਖੜ੍ਹਦੇ ਹਨ। ਇਨ੍ਹਾਂ ਜ਼ਖ਼ਮਾਂ 'ਤੇ ਮਰ੍ਹਮ ਲਾਉਣ ਲਈ ਹੁਣੇ ਜਿਹੇ ਮਨੁੱਖੀ ਅਧਿਕਾਰਾਂ ਦੇ ਮਹਾਨ ਯੋਧੇ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਪਤਨੀ ਬੀਬੀ ਪਰਮਜੀਤ ਕੌਰ ਖਾਲੜਾ ਵੱਲੋਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਤੋਂ ਇੱਕ ਨਵੇਂ 'ਲੋਕ ਕਮਿਸ਼ਨ ਦੇ ਗਠਨ ਦੀ ਮੰਗ ਕੀਤੀ ਗਈ ਹੈ।

ਇਹ ਮੰਗ ਉਸ ਅਧੂਰੀ ਰਹਿ ਗਈ ਨਿਆਂਇਕ ਪ੍ਰਕਿਰਿਆ ਨੂੰ ਮੁੜ ਸੁਰਜੀਤ ਕਰਨ ਦੀ ਆਵਾਜ਼ ਹੈ। ਇਸ ਦੀਆਂ ਜੜ੍ਹਾਂ 1998 ਵਿੱਚ ਬਣੇ ਇਤਿਹਾਸਕ 'ਲੋਕ ਕਮਿਸ਼ਨ' ਨਾਲ ਜੁੜੀਆਂ ਹੋਈਆਂ ਹਨ।

'ਲੋਕ ਕਮਿਸ਼ਨ' ਦੀ ਪ੍ਰਸੰਗਿਕਤਾ ਕੀ ਸੀ ?-ਲੋਕ ਕਮਿਸ਼ਨ ਦੀ ਸਭ ਤੋਂ ਵੱਡੀ ਪ੍ਰਸੰਗਿਕਤਾ ਲਵਾਰਸ ਲਾਸ਼ਾਂ ਬਾਰੇ 'ਦਸਤਾਵੇਜ਼ੀਕਰਨ' ਸੀ। ਗੁਰਤੇਜ ਸਿੰਘ ਆਈਏਐਸ ਦਾ ਕਹਿਣਾ ਸੀ ਕਿ ਅਜਿਹੇ ਵਿੱਚ ਲੋਕ ਕਮਿਸ਼ਨ ਦਾ ਕੰਮ ਉਸ ਦੁਖਾਂਤ ਨੂੰ ਇੱਕ ਨਿਰਪੱਖ ਇਤਿਹਾਸਕ ਦਸਤਾਵੇਜ਼ ਵਜੋਂ ਸੁਰੱਖਿਅਤ ਕਰਨਾ ਸੀ ਤਾਂ ਜੋ ਭਵਿੱਖ ਵਿੱਚ ਨਿਆਂ ਦਾ ਰਸਤਾ ਪੱਧਰਾ ਹੋ ਸਕੇ। ਉਨ੍ਹਾਂ ਅਨੁਸਾਰ, ਜਸਵੰਤ ਸਿੰਘ ਖਾਲੜਾ ਦੇ ਲਾਪਤਾ ਹੋਣ ਤੋਂ ਬਾਅਦ ਇਨਸਾਫ਼ ਦੀ ਪ੍ਰਕਿਰਿਆ ਨੂੰ ਨਿਰੰਤਰ ਜਾਰੀ ਰੱਖਣ ਲਈ 9 ਨਵੰਬਰ 1997 ਨੂੰ 'ਲਾਪਤਾ ਲੋਕਾਂ ਬਾਰੇ ਤਾਲਮੇਲ ਕਮੇਟੀ' (ਸੀਸੀਡੀਪੀ ) ਦਾ ਗਠਨ ਕੀਤਾ ਗਿਆ ਸੀ। ਇਸ ਕਮੇਟੀ ਦਾ ਮੁੱਖ ਦਫ਼ਤਰ ਚੰਡੀਗੜ੍ਹ ਵਿਖੇ ਮੇਰੇ ਘਰ ਖੋਲ੍ਹਿਆ ਗਿਆ। ਇਸ ਔਖੇ ਕਾਰਜ ਨੂੰ ਕਾਨੂੰਨੀ ਅੰਜਾਮ ਤੱਕ ਪਹੁੰਚਾਉਣ ਲਈ ਕਮੇਟੀ ਵੱਲੋਂ ਦੇਸ਼ ਦੇ ਨਾਮਵਰ ਅਤੇ ਮਾਹਿਰ ਵਕੀਲਾਂ ਦੀਆਂ ਸੇਵਾਵਾਂ ਵੀ ਹਾਸਿਲ ਕੀਤੀਆਂ ਗਈਆਂ ਤਾਂ ਜੋ ਅਦਾਲਤਾਂ ਵਿੱਚ ਪੀੜਤਾਂ ਦਾ ਪੱਖ ਮਜ਼ਬੂਤੀ ਨਾਲ ਰੱਖਿਆ ਜਾ ਸਕੇ।

## ਇੰਦਰਾ ਜੈ ਸਿੰਘ ਦਾ ਰੋਲ



ਇੰਦਰਾ ਜੈਸਿੰਘ ਨਿੱਜੀ ਤੌਰ 'ਤੇ ਸਟੇਟ ਜਬਰ ਅਤੇ ਨਾਗਰਿਕ ਅਧਿਕਾਰਾਂ ਦੇ ਘਾਣ ਵਿਰੁੱਧ ਲੜਨ ਲਈ ਜਾਣੀ ਜਾਂਦੀ ਸੀ। ਜਦੋਂ ਜਸਟਿਸ ਕੁਲਦੀਪ ਸਿੰਘ ਅਤੇ ਸੀਸੀਡੀਪੀ ਨੇ ਇਸ ਕਮਿਸ਼ਨ ਦਾ ਖਰੜਾ ਤਿਆਰ ਕੀਤਾ, ਤਾਂ ਇੰਦਰਾ ਜੈਸਿੰਘ ਨੇ ਇਸ ਦੀ ਕਾਨੂੰਨੀ ਪ੍ਰਮਾਣਿਕਤਾ ਦੇਕੇ ਭਾਰਤੀ ਸੰਵਿਧਾਨ ਦੇ ਦਾਇਰੇ ਵਿੱਚ ਰੱਖ ਕੇ ਕੌਮਾਂਤਰੀ ਕਾਨੂੰਨਾਂ ਮੁਤਾਬਕ ਢਾਲਣ ਵਿੱਚ ਮੁਫ਼ਤ ਕਾਨੂੰਨੀ ਸਲਾਹਕਾਰ ਵਜੋਂ ਵੱਡੀ ਮਦਦ ਕੀਤੀ। ਜਦੋਂ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਲੋਕ ਕਮਿਸ਼ਨ ਨੂੰ ਬੰਦ ਕਰਨ ਲਈ ਪਟੀਸ਼ਨਾਂ ਪਈਆਂ, ਤਾਂ ਇੰਦਰਾ ਜੈਸਿੰਘ ਵਰਗੇ ਵੱਡੇ ਨਾਵਾਂ ਨੇ ਅਦਾਲਤ ਵਿੱਚ ਕਮਿਸ਼ਨ ਦਾ ਪੱਖ ਪੂਰਿਆ। ਉਨ੍ਹਾਂ ਨੇ ਤਰਕ ਦਿੱਤਾ ਕਿ ਲੋਕਾਂ ਨੂੰ ਆਪਣੇ ਦੁੱਖ ਸਾਂਝੇ ਕਰਨ ਅਤੇ ਸਬੂਤ ਇਕੱਠੇ ਕਰਨ ਦਾ ਜਮਹੂਰੀ ਹੱਕ ਹੈ, ਅਤੇ ਇਸ ਨੂੰ 'ਸਮਾਨੰਤਰ ਅਦਾਲਤ' ਕਹਿ ਕੇ ਬੰਦ ਕਰਨਾ ਨਾਗਰਿਕ ਸੁਤੰਤਰਤਾ ਦਾ ਗਲਾ ਘੁੱਟਣ ਵਾਂਗ ਹੈ।

ਬਾਬਾ ਸਰਬਜੋਤ ਸਿੰਘ ਬੇਦੀ ਦਾ ਇਤਿਹਾਸਕ ਰੋਲ-ਸਾਲ 1997 ਦੀਆਂ ਚੋਣਾਂ ਵੇਲੇ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ ਨੇ ਪੰਥਕ ਸਰਕਾਰ ਬਣਾਉਣ ਲਈ ਉਸ ਵੇਲੇ ਦੇ ਪ੍ਰਮੁੱਖ ਆਗੂ ਬਾਬਾ ਸਰਬਜੋਤ ਸਿੰਘ ਬੇਦੀ (ਊਨਾ ਸਾਹਿਬ ਵਾਲੇ) ਕੋਲੋਂ ਹਮਾਇਤ ਮੰਗੀ। ਬਾਬਾ ਬੇਦੀ ਨੇ ਚੰਡੀਗੜ੍ਹ ਵਿਖੇ ਮੀਟਿੰਗ (ਜਿਸ ਵਿੱਚ ਸਰਦਾਰ ਪ੍ਰਕਾਸ਼ ਸਿੰਘ ਬਾਦਲ, ਬਲਵਿੰਦਰ ਸਿੰਘ ਭੂੰਦੜ, ਪੰਥਕ ਸ਼ਖਸ਼ੀਅਤਾਂ ਸ਼ਾਮਲ ਸਨ) ਕਰਕੇ ਸੰਤ ਸਮਾਜ ਅਤੇ ਪੰਥਕ ਜਥੇਬੰਦੀਆਂ ਨੂੰ ਅਕਾਲੀ ਦਲ ਦੀ ਪਿੱਠ 'ਤੇ ਖੜ੍ਹਾ ਕੀਤਾ। ਇਹ ਹਮਾਇਤ ਇਸ ਸ਼ਰਤ 'ਤੇ ਸੀ ਕਿ ਬੰਦੀ ਸਿੰਘ ਰਿਹਾਅ ਹੋਣ ਅਤੇ ਲਾਪਤਾ ਨੌਜਵਾਨਾਂ ਦੇ ਮਾਮਲੇ ਲਈ 'ਟਰੁਥ ਕਮਿਸ਼ਨ' ਬਣੇਗਾ।

ਚੋਣਾਂ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਸੰਤਾਪ ਦੌਰਾਨ ਹੋਈਆਂ ਹਤਿਆਵਾਂ ਬਾਰੇ ਕਮਿਸ਼ਨ ਦਾ ਐਲਾਨ ਵੀ ਕੀਤਾ ਤੇ ਇਸ ਨੂੰ ਆਪਣੇ ਚੋਣ ਏਜੰਡੇ ਵਿਚ ਰਖਿਆ। ਸੱਤਾ ਮਿਲਦਿਆਂ ਹੀ ਬਾਦਲ ਸਰਕਾਰ ਕਮਿਸ਼ਨ ਬਣਾਉਣ ਤੋਂ ਮੁੱਕਰ ਗਈ ਅਤੇ ਦੋਸ਼ੀ ਪੁਲਿਸ ਅਫ਼ਸਰਾਂ ਨੂੰ ਤਰੱਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਉਦੋਂ ਬਾਬਾ ਬੇਦੀ ਨੇ ਇਤਿਹਾਸਕ ਬਿਆਨ ਦਿੱਤਾ: "ਬਾਦਲ ਸਰਕਾਰ ਨੇ ਪੰਥ ਨਾਲ ਵਾਅਦਾ ਪੁਰਾ ਨਹੀਂ ਕੀਤਾ। ਸਾਨੂੰ ਇਹ ਉਮੀਦ ਨਹੀਂ ਸੀ।"

ਇਸ ਤੋਂ ਬਾਅਦ, ਬਾਬਾ ਬੇਦੀ ਨੇ ਸੰਤ ਸਮਾਜ, ਬੁੱਧੀਜੀਵੀਆਂ ਅਤੇ ਕਾਰਕੁਨਾਂ ਨੂੰ ਅਪੀਲ ਕੀਤੀ ਪੰਜਾਬ ਤੇ ਪੰਥ ਦੇ ਇਨਸਾਫ ਲਈ ਇਕੱਠੇ ਹੋਵੋ। ਇਸ ਤੋਂ ਬਾਅਦ ਸੰਤ ਸਮਾਜ, ਅਕਾਲੀ ਦਲ ਅੰਮ੍ਰਿਤਸਰ, ਮਨੁੱਖੀ ਅਧਿਕਾਰ ਜਥੇਬੰਦੀਆਂ, ਸਿੰਘ ਸਭਾਵਾਂ, ਕਿਸਾਨ ਆਗੂਆਂ ਦਾ ਇਨਸਾਫ ਲਈ ਭਾਰੀ ਇਕੱਠ ਹੋਇਆ ਤੇ ਲੋਕ ਕਮਿਸ਼ਨ ਬਣਾਉਣ ਦਾ ਐਲਾਨ ਕੀਤਾ ਗਿਆ। ਬਾਬਾ ਬੇਦੀ ਨੇ ਚੰਡੀਗੜ੍ਹ ਪ੍ਰੈਸ ਕਾਨਫਰੰਸ ਵਿਚ ਐਲਾਨ ਕੀਤਾ ਸੀ ਕਿ ਕਮਿਸ਼ਨ ਵੱਲੋਂ ਜਾਰੀ ਕੀਤੇ ਗਏ ਵੇਰਵਿਆਂ ਅਨੁਸਾਰ, ਉਸ ਦਾ ਮੁੱਖ ਕੰਮ ਗ਼ੈਰ-ਕਾਨੂੰਨੀ ਅਗਵਾ, ਹਿਰਾਸਤੀ ਤਸੀਹੇ (ਕਸਟਡੀਅਲ ਟਾਰਚਰ), ਜ਼ਬਰਦਸਤੀ ਅਲੋਪ ਕਰਨ (ਲਾਪਤਾ ਕਰਨ) ਅਤੇ ਮ੍ਰਿਤਕਾਂ ਦੇ ਕੀਤੇ ਗਏ ਗ਼ੈਰ-ਕਾਨੂੰਨੀ ਸਸਕਾਰਾਂ ਵਰਗੀਆਂ ਗੰਭੀਰ ਸ਼ਿਕਾਇਤਾਂ ਦੀ ਨਿਰਪੱਖ ਜਾਂਚ ਕਰਨਾ ਹੋਵੇਗਾ। ਕਮਿਸ਼ਨ ਨਾ ਸਿਰਫ਼ ਇਨ੍ਹਾਂ ਮਾਮਲਿਆਂ ਦੀ ਪੜਤਾਲ ਕਰੇਗਾ, ਬਲਕਿ ਜਾਂਚ ਦੇ ਨਤੀਜਿਆਂ ਨੂੰ ਜਨਤਕ ਕਰਕੇ ਬਣਦੀ ਕਨੂੰਨੀ ਕਾਰਵਾਈ ਦਾ ਰਾਹ ਵੀ ਪੱਧਰਾ ਕਰੇਗਾ। ਉਨ੍ਹਾਂ ਦਾ ਕਹਿਣਾ ਸੀ ਕਿ ਸਾਡਾ ਮਕਸਦ ਸਿਰਫ਼ ਜਾਂਚ ਕਰਨਾ ਨਹੀਂ, ਸਗੋਂ ਪੀੜਤਾਂ ਨੂੰ ਮਾਨਸਿਕ, ਸਮਾਜਿਕ ਅਤੇ ਆਰਥਿਕ ਤੌਰ 'ਤੇ ਰਾਹਤ ਦੇ ਕੇ ਇਨਸਾਫ਼ ਦਿਵਾਉਣਾ ਹੈ। ਜਸਟਿਸ ਕੁਲਦੀਪ ਸਿੰਘ ਨੂੰ ਕਿਵੇਂ ਮਨਾਇਆ ਗਿਆ ?-ਸਰਕਾਰੀ ਜਬਰ ਦੇ ਡਰ ਕਾਰਨ ਵੱਡੇ-ਵੱਡੇ ਪੰਥਕ ਆਗੂ ਬੋਲਣ ਤੋਂ ਕਤਰਾਉਂਦੇ ਸਨ। ਅਜਿਹੇ ਸਮੇਂ, ਬਾਬਾ ਸਰਬਜੋਤ ਸਿੰਘ ਬੇਦੀ ਅਤੇ ਸਰਦਾਰ ਗੁਰਤੇਜ ਸਿੰਘ ਨੇ ਚੰਡੀਗੜ੍ਹ ਵਿਖੇ ਸੁਪਰੀਮ ਕੋਰਟ ਦੇ ਸਾਬਕਾ ਜੱਜ ਜਸਟਿਸ ਕੁਲਦੀਪ ਸਿੰਘ ਦੇ ਘਰ ਜਾ ਕੇ ਉਨ੍ਹਾਂ ਨਾਲ ਮੀਟਿੰਗ ਕੀਤੀ। ਬਾਬਾ ਬੇਦੀ ਤੇ ਸਰਦਾਰ ਗੁਰਤੇਜ ਸਿੰਘ ਦੀ ਭਾਵਪੂਰਤ ਅਪੀਲ ਅਤੇ ਪੰਜਾਬ ਦੇ ਵਡੇਰੇ ਹਿੱਤਾਂ ਦਾ ਵਾਸਤਾ ਪਾਉਣ 'ਤੇ ਜਸਟਿਸ ਕੁਲਦੀਪ ਸਿੰਘ ਇਸ ਲੋਕ ਕਮਿਸ਼ਨ ਦੀ ਅਗਵਾਈ ਕਰਨ ਲਈ ਮੰਨ ਗਏ। ਉਨ੍ਹਾਂ ਦੇ ਨਾਲ ਕਲਕੱਤਾ, ਬੰਬੇ ਅਤੇ ਦਿੱਲੀ ਹਾਈਕੋਰਟਾਂ ਦੇ ਸਾਬਕਾ ਜੱਜ (ਜਸਟਿਸ ਡੀਐੱਮ ਤਿਵਾਟਿਆ, ਜਸਟਿਸ ਸੁਰੇਸ਼, ਜਸਟਿਸ ਜਸਪਾਲ ਸਿੰਘ) ਵੀ ਆ ਜੁੜੇ। ਗੁਰਤੇਜ ਸਿੰਘ (ਸਾਬਕਾ ਆਈਏਐਸ) ਦਾ ਰਣਨੀਤਕ ਰੋਲ-ਗੁਰਤੇਜ ਸਿੰਘ ਦਾ ਚੰਡੀਗੜ੍ਹ ਸਥਿਤ ਘਰ ਇਸ ਮਨੁੱਖੀ ਅਧਿਕਾਰਾਂ ਦੀ ਪੂਰੀ ਲਹਿਰ ਦਾ 'ਹੈੱਡਕੁਆਰਟਰ' ਬਣ ਗਿਆ ਸੀ।

ਬਾਕੀ ਹਿਸਾ ਸਫਾ 25 ਤੇ ਪੜ੍ਹੋ

### 24 ਸਫ਼ੇ ਦੀ ਬਾਕੀ

ਜਸਟਿਸ ਕੁਲਦੀਪ ਸਿੰਘ, ਰਾਮ ਨਰਾਇਣ ਕੁਮਾਰ, ਜਸਟਿਸ ਅਜੀਤ ਸਿੰਘ ਬੈਂਸ, ਨਵਕਿਰਨ ਸਿੰਘ ਐਡਵੋਕੇਟ, ਐਡਵੋਕੇਟ ਅਮਰ ਸਿੰਘ ਚਾਹਲ ਅਤੇ ਹੋਰ ਬੁੱਧੀਜੀਵੀ ਇਸੇ ਘਰ ਵਿੱਚ ਬੈਠ ਕੇ ਕਮਿਸ਼ਨ ਦੀ ਰੂਪ-ਰੇਖਾ ਤਿਆਰ ਕਰਦੇ ਸਨ। ਪੰਜਾਬ ਦੇ ਪਿੰਡਾਂ-ਪਿੰਡਾਂ ਵਿੱਚੋਂ ਮਨੁੱਖੀ ਅਧਿਕਾਰ ਨਾਲ ਸਬੰਧਤ ਸੰਸਥਾਵਾਂ ਦੀਆਂ ਟੀਮਾਂ ਜੋ ਵੀ ਬਿਆਨ, ਹਲ਼ਫਨਾਮੇ ਸ਼ਮਸ਼ਾਨਘਾਟਾਂ ਦੇ ਰਿਕਾਰਡ ਅਤੇ ਪੁਲਿਸ ਜ਼ਿਆਦਤੀਆਂ ਦੇ ਸਬੂਤ ਇਕੱਠੇ ਕਰਕੇ ਗੁਰਤੇਜ ਸਿੰਘ ਦੇ ਘਰ ਵਿਚ ਦਫਤਰ ਲਿਆਉਂਦੀਆਂ ਸਨ, ਉੱਥੇ ਰਾਮ ਨਰਾਇਣ ਕੁਮਾਰ ਹਰਸ਼ਿੰਦਰ ਸਿੰਘ ਅਤੇ ਅਮਰੀਕ ਸਿੰਘ ਮੁਕਤਸਰ ਦੀ ਅਗਵਾਈ ਹੇਠ ਇਨ੍ਹਾਂ ਦਸਤਾਵੇਜ਼ਾਂ ਨੂੰ ਕਾਨੂੰਨੀ ਭਾਸ਼ਾ ਵਿੱਚ ਕ੍ਰਮਬੱਧ ਕੀਤਾ ਜਾਂਦਾ ਸੀ। ਪੰਜਾਬ ਭਰ ਵਿੱਚੋਂ ਆਏ ਹਲ਼ਫਨਾਮੇ, ਸ਼ਮਸ਼ਾਨਘਾਟਾਂ ਦੇ ਰਿਕਾਰਡ ਅਤੇ ਸ਼ਿਕਾਇਤਾਂ ਇੱਥੇ ਹੀ ਕਾਨੂੰਨੀ ਭਾਸ਼ਾ ਵਿੱਚ ਕ੍ਰਮਬੱਧ ਕੀਤੀਆਂ ਜਾਂਦੀਆਂ ਸਨ। ਜਦੋਂ ਰੇਡਾਂ ਦਾ ਖ਼ਦਸ਼ਾ ਵਧਿਆ, ਤਾਂ ਇਨ੍ਹਾਂ ਦਸਤਾਵੇਜ਼ਾਂ ਦੇ ਡਿਜੀਟਲ ਬੈਕਅੱਪ (ਫ਼ਲਾਪੀ ਡਿਸਕਾਂ) ਅਤੇ ਫ਼ੋਟੋ ਕਾਪੀਆਂ ਨੂੰ ਗੁਰਤੇਜ ਸਿੰਘ , ਰਾਮ ਨਾਰਾਇਣ ਕੁਮਾਰ ਦੇ ਯਤਨਾਂ ਨਾਲ ਦਿੱਲੀ ਅਤੇ ਹੋਰ ਸੁਰੱਖਿਅਤ ਥਾਵਾਂ ’ਤੇ ਭੇਜਿਆ ਗਿਆ। ਇਸ ਕਾਰਨ ਬਾਅਦ ਵਿੱਚ ਅਮਰੀਕ ਸਿੰਘ ਮੁਕਤਸਰ ਦੇ ਸਹਿਯੋਗ ਨਾਲ ਰਾਮ ਨਾਰਾਇਣ ਕੁਮਾਰ ਦੀ ਇਤਿਹਾਸਕ ਪੁਸਤਕ “ਰੀਡੀਊਸਡ ਟੂ ਐਸ਼ੇਸ” ਛਪ ਸਕੀ।

ਪਹਿਲੀ ਮੀਟਿੰਗ ਅਤੇ ਜਥੇਬੰਦੀਆਂ ਦੀ ਭੂਮਿਕਾ-ਲੋਕ ਕਮਿਸ਼ਨ ਦੀ ਪਹਿਲੀ ਤਿੰਨ-ਰੋਜ਼ਾ ਜਨਤਕ ਸੁਣਵਾਈ ਅਗਸਤ 1998 ਵਿੱਚ ਚੰਡੀਗੜ੍ਹ ਵਿਖੇ (ਸੈਕਟਰ 34 ਦੇ ਗੁਰਦੁਆਰਾ ਸਾਹਿਬ) ਹੋਈ। ਇੱਥੇ 524 ਸ਼ਿਕਾਇਤਾਂ ਪੁੱਜੀਆਂ, ਜਿਨ੍ਹਾਂ ਵਿੱਚੋਂ 422 ਸਵੀਕਾਰ ਕੀਤੀਆਂ ਗਈਆਂ।

ਇਸ ਇਤਿਹਾਸਕ ਕਾਰਜ ਨੂੰ ਸਫ਼ਲ ਬਣਾਉਣ ਵਿੱਚ ਵੱਖ-ਵੱਖ ਜਥੇਬੰਦੀਆਂ ਅਤੇ ਸੂਝਵਾਨ ਸ਼ਖਸੀਅਤਾਂ ਦੀ ਭੂਮਿਕਾ ਅਹਿਮ ਰਹੀ। 18 ਜਥੇਬੰਦੀਆਂ ਦੇ ਸਾਂਝੇ ਮੰਚ ‘ਲਾਪਤਾ ਲੋਕਾਂ ਬਾਰੇ ਤਾਲਮੇਲ ਕਮੇਟੀ’ (ਸੀਸੀਡੀਪੀ) ਨੇ ਇਸ ਪੂਰੇ ਅੰਦੋਲਨ ਨੂੰ ਇੱਕ ਮਜ਼ਬੂਤ ਜਥੇਬੰਦਕ ਢਾਂਚਾ ਪ੍ਰਦਾਨ ਕੀਤਾ। ਉਸ ਦੌਰ ਵਿੱਚ ਜਦੋਂ ਚਾਰ ਚੁਫੇਰੇ ਸਰਕਾਰੀ ਦਹਿਸ਼ਤ ਦਾ ਮਾਹੌਲ ਸੀ, ਜਸਟਿਸ ਅਜੀਤ ਸਿੰਘ ਬੈਂਸ ਦੀ ਅਗਵਾਈ ਹੇਠ ‘ਪੰਜਾਬ ਹਿਊਮਨ ਰਾਇਟਸ ਆਰਗੇਨਾਈਜੇਸ਼ਨ’ ਨੇ ਜ਼ਮੀਨੀ ਪੱਧਰ ’ਤੇ ਜਾ ਕੇ ਲੋਕਾਂ ਦੇ ਮਨਾਂ ਵਿੱਚੋਂ ਭੈਅ ਦੂਰ ਕੀਤਾ ਅਤੇ ਉਨ੍ਹਾਂ ਨੂੰ ਆਪਣੀ ਆਵਾਜ਼ ਬੁਲੰਦ ਕਰਨ ਦਾ ਹੌਸਲਾ ਦਿੱਤਾ।

ਇਸੇ ਤਰ੍ਹਾਂ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੇ ਅਧੂਰੇ ਮਿਸ਼ਨ ਨੂੰ ਅੱਗੇ ਵਧਾਉਂਦਿਆਂ ‘ਮਨੁੱਖੀ ਅਧਿਕਾਰ ਵਿੰਗ (ਅਕਾਲੀ ਦਲ)’ ਦੇ ਆਗੂਆਂ ਅਮਰੀਕ ਸਿੰਘ ਮੁਕਤਸਰ ਅਤੇ ਬੀਬੀ ਪਰਮਜੀਤ ਕੌਰ ਖਾਲੜਾ ਨੇ ਪੀੜਤ ਪਰਿਵਾਰਾਂ ਦੀ ਬਾਂਹ ਫੜੀ। ਰਾਮ ਨਰਾਇਣ ਕੁਮਾਰ ਵਰਗੇ ਖੋਜੀ ਅਤੇ ਮਨੁੱਖੀ ਅਧਿਕਾਰਾਂ ਦੇ ਚੈਂਪੀਅਨ, ਸਿਮਰਨਜੀਤ ਸਿੰਘ ਮਾਨ ਅਕਾਲੀ ਦਲ ਅੰਮ੍ਰਿਤਸਰ, ਬਾਬਾ ਮੱਖਣ ਸਿੰਘ, ਭਾਈ ਜਸਵੀਰ ਸਿੰਘ ਰੋਡੇ ਅਤੇ ਭਾਈ ਮੋਹਕਮ ਸਿੰਘ ਵਰਗੀਆਂ ਪ੍ਰਮੁੱਖ ਸਿੱਖ ਸ਼ਖ਼ਸੀਅਤਾਂ ਨੇ ਇਸ ਮੁਹਿੰਮ ਨੂੰ ਸਹਿਯੋਗ ਦਿੱਤਾ। ਇਸ ਦੇ ਨਾਲ ਹੀ, ਕਾਨੂੰਨੀ ਮੋਰਚੇ ’ਤੇ ਦੇਸ਼ ਦੀ ਮੰਨੀ-ਪ੍ਰਮੰਨੀ ਕਾਨੂੰਨਦਾਨ ਇੰਦਰਾ ਜੈਸਿੰਘ ਵੱਲੋਂ ਮੁਫ਼ਤ ਕਾਨੂੰਨੀ ਸਲਾਹ ਦੇਣਾ ਅਤੇ ਐਡਵੋਕੇਟ ਆਰ.ਐੱਸ. ਬੈਂਸ, ਨਵਕਿਰਨ ਸਿੰਘ ਤੇ ਅਮਰ ਸਿੰਘ ਚਾਹਲ ਵਰਗੇ ਵਕੀਲਾਂ ਵੱਲੋਂ ਪੀੜਤਾਂ ਦੇ ਕੇਸਾਂ ਦੀ ਪੈਰਵੀ ਕਰਨਾ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਇਹ ਲਹਿਰ ਕਾਨੂੰਨੀ ਅਤੇ ਸੰਵਿਧਾਨਕ ਦਾਇਰੇ ਦੇ ਅੰਦਰ ਰਹਿ ਕੇ ਬੜੀ ਸੰਜੀਦਗੀ ਨਾਲ ਖੜੀ ਕੀਤੀ ਗਈ।

ਲੋਕ ਕਮਿਸ਼ਨ ਉਪਰ ਪਾਬੰਦੀ ਕਿਵੇਂ ਲਗੀ-ਲੋਕ ਕਮਿਸ਼ਨ ਦੇ ਮਾਮਲੇ ਨਾਲ ਜੁੜੇ ਅਮਰੀਕ ਸਿੰਘ ਮੁਕਤਸਰ ਨੇ ਦੱਸਿਆ ਕਿ ਕਮਿਸ਼ਨ ਦੀ ਸਿਰਫ਼ ਇੱਕ ਸੁਣਵਾਈ ਚੰਡੀਗੜ੍ਹ ਦੇ ਸੈਕਟਰ 34 ਸਥਿਤ ਇੱਕ ਗੁਰਦੁਆਰਾ ਸਾਹਿਬ ਵਿੱਚ ਹੋ ਸਕੀ ਸੀ। ਇਸ ਤੋਂ ਬਾਅਦ ਕਮਿਸ਼ਨ ਵੱਲੋਂ ਲੁਧਿਆਣਾ ਵਿਖੇ ਅਦਾਲਤ ਲਗਾਉਣ ਦੀ ਯੋਜਨਾ ਬਣਾਈ ਗਈ ਸੀ। ਪਰ ਇਸੇ ਦੌਰਾਨ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਕਮਿਸ਼ਨ ਉੱਤੇ ਪਾਬੰਦੀ ਲਗਾਉਣ ਦੀ ਮੰਗ ਕਰਦੀਆਂ ਕਈ ਪਟੀਸ਼ਨਾਂ ਦਾਇਰ ਕਰ ਦਿੱਤੀਆਂ ਗਈਆਂ।

ਅਦਾਲਤ ਨੇ ਸ਼ੁਰੂਆਤੀ ਤੌਰ ’ਤੇ ਮੁਕੱਦਮੇ ਦਾ ਫ਼ੈਸਲਾ ਆਉਣ ਤੱਕ ਕਮਿਸ਼ਨ ਦੀ ਅਗਲੀ ਸੁਣਵਾਈ ’ਤੇ ਰੋਕ ਲਗਾ ਦਿੱਤੀ ਸੀ। ਇੱਕ ਸਾਲ ਤੋਂ ਵੱਧ ਸਮੇਂ ਤੱਕ ਚੱਲੀ ਕਾਨੂੰਨੀ ਪ੍ਰਕਿਰਿਆ ਤੋਂ ਬਾਅਦ, ਹਾਈਕੋਰਟ ਨੇ 20 ਦਸੰਬਰ 1999 ਨੂੰ ਲੋਕ ਕਮਿਸ਼ਨ ਉੱਤੇ ਪੱਕੇ ਤੌਰ ’ਤੇ ਪਾਬੰਦੀ ਲਗਾ ਦਿੱਤੀ, ਜਿਸ ਨਾਲ ਇਹ ਕਮਿਸ਼ਨ ਹਮੇਸ਼ਾ ਲਈ ਬੰਦ ਹੋ ਗਿਆ।

ਜਤਿੰਦਰ ਪੰਨੂੰ, ਸੁਦਰਸ਼ਨ ਗੋਇਲ ਅਤੇ ਉਨ੍ਹਾਂ ਵਰਗੇ ਹੋਰ ਵਿਚਾਰਧਾਰਕ ਵਿਰੋਧੀਆਂ ਨੇ ‘ਖਲਨਾਇਕ’ ਵਾਲਾ ਰੋਲ ਨਿਭਾਇਆ। ਉਨ੍ਹਾਂ ਨੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਪਟੀਸ਼ਨਾਂ ਦਾਇਰ ਕਰਵਾਈਆਂ ਤੇ ਮਾਹੌਲ ਸਿਰਜਿਆ ਕਿ ਗ਼ੈਰ-ਸਰਕਾਰੀ ਜੱਜਾਂ ਦਾ ਪੈਨਲ ਸੰਮਨ ਜਾਰੀ ਕਰਕੇ ਦੇਸ਼ ਦੀ ਸਥਾਪਿਤ ਅਦਾਲਤੀ ਵਿਵਸਥਾ ਨੂੰ ਚੁਣੌਤੀ ਦੇ ਰਿਹਾ ਹੈ। ਤਰਕ ਦਿੱਤਾ ਗਿਆ ਕਿ ਪੰਜਾਬ ਮਸਾਂ ਸ਼ਾਂਤੀ ਵੱਲ ਪਰਤਿਆ ਹੈ, ਪੁਰਾਣੇ ਮੁੱਦੇ ਉਛਾਲਣ ਨਾਲ ਮੁੜ ਸ਼ਾਂਤੀ ਭੰਗ ਹੋ ਸਕਦੀ ਹੈ।

ਐਡਵੋਕੇਟ ਰਾਜਵਿੰਦਰ ਬੈਂਸ ਦਾ ਕਹਿਣਾ ਹੈ ਕਿ ਅਸਲ ਵਿੱਚ ਇਹ ਦੋਸ਼ੀ ਪੁਲਿਸ ਅਫ਼ਸਰਾਂ ਅਤੇ ਹਾਕਮਾਂ ਨੂੰ ਬਚਾਉਣ ਦਾ ਇੱਕ ਕਵਚ ਸੀ। ਇਸੇ ਬੌਧਿਕ ਅਤੇ ਸਿਆਸੀ ਸਾਜ਼ਿਸ਼ ਦਾ ਨਤੀਜਾ ਸੀ ਕਿ ਕਾਨੂੰਨੀ ਤਕਨੀਕਾਂ ਦਾ ਸਹਾਰਾ ਲੈ ਕੇ 20 ਦਸੰਬਰ 1999 ਨੂੰ ਹਾਈਕੋਰਟ ਨੇ ਇਸ ਲੋਕ ਕਮਿਸ਼ਨ ’ਤੇ ਪੱਕੇ ਤੌਰ ’ਤੇ ਪਾਬੰਦੀ ਲਗਾ ਦਿੱਤੀ ਸੀ।

ਅੱਜ ਜਦੋਂ ਬੀਬੀ ਪਰਮਜੀਤ ਕੌਰ ਖਾਲੜਾ ਨੇ ਮੁੜ ਇਸ ਮੁੱਦੇ ਨੂੰ ਅਕਾਲ ਤਖ਼ਤ ਸਾਹਿਬ ’ਤੇ ਉਠਾਇਆ ਹੈ, ਤਾਂ ਪੰਜਾਬ ਦੇ ਬੁੱਧੀਜੀਵੀਆਂ ਅਤੇ ਸਮਾਜ ਨੂੰ ਸਮਝਣਾ ਪਵੇਗਾ ਕਿ ਅਸਲੀ ਭਾਈਚਾਰਕ ਸਾਂਝ ਤਦ ਹੀ ਬਣੇਗੀ ਜਦੋਂ ਸਟੇਟ ਆਪਣੇ ਗੁਨਾਹ ਕਬੂਲ ਕਰੇਗੀ ਅਤੇ ਪੀੜਤਾਂ ਦਾ ਇਤਿਹਾਸ ਨਿਰਪੱਖ ਢੰਗ ਨਾਲ ਦਸਤਾਵੇਜ਼ੀ ਰੂਪ ਵਿੱਚ ਸੁਰੱਖਿਅਤ ਕੀਤਾ ਜਾਵੇਗਾ।

# ਹੁਣ ਕੈਨੇਡਾ ਵਿਚ ਵਿਦਿਆਰਥੀਆਂ ਨਾਲ ਨਹੀਂ ਹੋ ਸਕੇਗੀ ਧੋਖਾਧੜੀ !

**✪ ਸੀਆਈਸੀਸੀ ਨੂੰ ਮਿਲੀਆਂ ਵਿਸ਼ੇਸ਼ ਸ਼ਕਤੀਆਂ, ਪੀੜਤਾਂ ਲਈ ਬਣਿਆ ਮੁਆਵਜ਼ਾ ਫੰਡ ✪ 1,200 ਤੋਂ ਵੱਧ ਸ਼ਿਕਾਇਤਾਂ ਤੇ ਸਿਰਫ਼ 15 ’ਤੇ ਕਾਰਵਾਈ ! ✪ ਕੀ ਕੈਨੇਡਾ ਸਰਕਾਰ ਦੇ ਨਵੇਂ ਕਾਨੂੰਨ ਰੋਕ ਸਕਣਗੇ ਇਮੀਗ੍ਰੇਸ਼ਨ ਲੁੱਟ ?**

**ਖਾਸ ਖ਼ਬਰ**

ਕੈਨੇਡਾ ਜਾਣ ਦੇ ਚਾਹਵਾਨ ਜਾਂ ਉੱਥੇ ਰਹਿ ਰਹੇ ਭਾਰਤੀਆਂ, ਖ਼ਾਸ ਕਰ ਕੇ ਪੰਜਾਬੀ ਨੌਜਵਾਨਾਂ ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਇੱਕ ਵੱਡੀ ਅਤੇ ਰਾਹਤ ਭਰੀ ਖ਼ਬਰ ਹੈ। ਕੈਨੇਡਾ ਦੀ ਫ਼ੈਡਰਲ ਸਰਕਾਰ ਨੇ ਦੇਸ਼ ਵਿੱਚ ਆਉਣ ਵਾਲੇ ਪ੍ਰਵਾਸੀਆਂ ਨੂੰ ਨਿਸ਼ਾਨਾ ਬਣਾਉਣ ਵਾਲੇ ਠੱਗ ਇਮੀਗ੍ਰੇਸ਼ਨ ਕੰਸਲਟੈਂਟਾਂ ਵਿਰੁੱਧ ਬੀਤੇ ਦਿਨੀਂ ਨਵੇਂ ਅਤੇ ਬੇਹੱਦ ਸਖ਼ਤ ਨਿਯਮ ਲਾਗੂ ਕਰ ਦਿੱਤੇ ਹਨ। ਬੀਤੇ ਮਈ ਮਹੀਨੇ ਦੌਰਾਨ ਐਲਾਨੇ ਗਏ ਇਨ੍ਹਾਂ ਨਿਯਮਾਂ ਦਾ ਮੁੱਖ ਉਦੇਸ਼ ਇਮੀਗ੍ਰੇਸ਼ਨ ਸਿਸਟਮ ਵਿੱਚ ਪਾਰਦਰਸ਼ਤਾ ਲਿਆਉਣਾ ਅਤੇ ਨਿਯਮ ਤੋੜਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕਰਨਾ ਹੈ।



ਕੈਨੇਡਾ ਸਰਕਾਰ (ਓਟਾਵਾ) ਵੱਲੋਂ ਲਾਗੂ ਕੀਤੇ ਗਏ ਨਵੇਂ ਉਪਾਵਾਂ ਤਹਿਤ ਹੁਣ ਧੋਖਾਧੜੀ ਕਰਨ ਵਾਲਿਆਂ ’ਤੇ ਕਾਨੂੰਨੀ ਅਤੇ ਵਿੱਤੀ ਸ਼ਿਕੰਜਾ ਕੱਸਿਆ ਜਾਵੇਗਾ।

‘ਕਾਲਜ ਆਫ ਇਮੀਗ੍ਰੇਸ਼ਨ ਐਂਡ ਸਿਟੀਜ਼ਨਸ਼ਿਪ ਕੰਸਲਟੈਂਟਸ’ ਨੂੰ ਹੁਣ ਨਿਯਮ ਤੋੜਨ ਵਾਲੇ ਕੰਸਲਟੈਂਟਾਂ ’ਤੇ ਭਾਰੀ ਜ਼ੁਰਮਾਨੇ ਲਗਾਉਣ ਦੀਆਂ ਵਿਸ਼ੇਸ਼ ਸ਼ਕਤੀਆਂ ਦਿੱਤੀਆਂ ਗਈਆਂ ਹਨ। ਗਲਤ ਵਿਵਹਾਰ ਅਤੇ ਧੋਖਾਧੜੀ ਦੀਆਂ ਸ਼ਿਕਾਇਤਾਂ ਦੀ ਜਾਂਚ ਪ੍ਰਕਿਰਿਆ ਨੂੰ ਵਧੇਰੇ ਪਾਰਦਰਸ਼ੀ ਅਤੇ ਜਵਾਬਦੇਹ ਬਣਾਇਆ ਜਾਵੇਗਾ। ਸਰਕਾਰ ਨੇ ਇੱਕ ਵਿਸ਼ੇਸ਼ ਮੁਆਵਜ਼ਾ ਫੰਡ ਤਿਆਰ ਕੀਤਾ ਹੈ। ਜੇਕਰ ਕਿਸੇ ਕੰਸਲਟੈਂਟ ਦੀ ਗਲਤੀ ਜਾਂ ਧੋਖਾਧੜੀ ਕਾਰਨ ਕਿਸੇ ਵਿਦਿਆਰਥੀ ਦਾ ਵਿੱਤੀ ਨੁਕਸਾਨ ਹੁੰਦਾ ਹੈ, ਤਾਂ ਇਸ ਫੰਡ ਰਾਹੀਂ ਉਸਦੀ ਭਰਪਾਈ ਕੀਤੀ ਜਾ ਸਕੇਗੀ।

### ਇਮੀਗ੍ਰੇਸ਼ਨ ਠੱਗ ਕਿਵੇਂ ਕਰਦੇ ਹਨ ਘਪਲੇ ?

ਮਾਹਿਰਾਂ ਅਤੇ ਪੀੜਤਾਂ ਮੁਤਾਬਕ ਇਹ ਕੰਸਲਟੈਂਟ ਨੌਜਵਾਨਾਂ ਦੀ ਮਜਬੂਰੀ ਅਤੇ ਡਰ ਦਾ ਫਾਇਦਾ ਚੁੱਕ ਕੇ ਕਈ ਤਰੀਕਿਆਂ ਨਾਲ ਘਪਲੇ ਕਰਦੇ ਹਨ।

ਕੈਨੇਡਾ ਵਿੱਚ ਪੱਕੇ ਹੋਣ ਜਾਂ ਰਹਿਣ ਦਾ ਰਸਤਾ ਲੱਭਣ ਬਦਲੇ ਨੌਜਵਾਨਾਂ ਕੋਲੋਂ ਲੱਖਾਂ ਰੁਪਏ ਬਟੋਰੇ ਜਾਂਦੇ ਹਨ। ਹਾਲ ਹੀ ਵਿੱਚ ਅਭਿਸ਼ੇਕ ਨਾਮ ਦੇ ਇੱਕ ਭਾਰਤੀ ਨਾਗਰਿਕ ਨੇ ਖੁਲਾਸਾ ਕੀਤਾ ਕਿ ਇੱਕ ਕੰਸਲਟੈਂਟ ਨੇ ਉਸ ਕੋਲੋਂ 1,00,000 ਡਾਲਰ (ਕਰੀਬ 60 ਲੱਖ ਰੁਪਏ ਤੋਂ ਵੱਧ) ਦੀ ਮੰਗ ਕੀਤੀ ਸੀ।

ਬ੍ਰਿਟਿਸ਼ ਕੋਲੰਬੀਆ ਦੇ ਵਕੀਲ ਇਓਨ ਲੋਗਨ ਅਨੁਸਾਰ, ਬਹੁਤ ਸਾਰੇ ਵਿਦਿਆਰਥੀ ਸ਼ਿਕਾਇਤ ਕਰਨ ਤੋਂ ਡਰਦੇ ਹਨ ਕਿਉਂਕਿ ਕੰਸਲਟੈਂਟ ਉਨ੍ਹਾਂ ਨੂੰ ਕੇਸ ਖ਼ਰਾਬ ਕਰਨ ਜਾਂ ਡਿਪੋਰਟ ਕਰਵਾਉਣ ਦੀ ਧਮਕੀ ਦਿੰਦੇ ਹਨ।

ਹੱਦ ਤਾਂ ਉਦੋਂ ਹੋ ਜਾਂਦੀ ਹੈ ਜਦੋਂ ਕਲਾਈਂਟ ਵੱਲੋਂ ਪੈਸੇ ਨਾ ਦੇਣ ਜਾਂ ਵਿਰੋਧ ਕਰਨ ’ਤੇ ਕੰਸਲਟੈਂਟ ਖ਼ੁਦ ਹੀ ’ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ’ ਨੂੰ ਉਸ ਵਿਦਿਆਰਥੀ ਵਿਰੁੱਧ ਧੋਖਾਧੜੀ ਦੀ ਝੂਠੀ ਰਿਪੋਰਟ ਕਰ ਦਿੰਦੇ ਹਨ।

### ਹੁਣ ਤੱਕ ਕਿੰਨੇ ਪੰਜਾਬੀ/ਅੰਤਰਰਾਸ਼ਟਰੀ ਵਿਦਿਆਰਥੀ ਹੋਏ ਠੱਗੀ ਦਾ ਸ਼ਿਕਾਰ ?

ਕੈਨੇਡਾ ਵਿੱਚ ਖ਼ਾਸ ਕਰਕੇ ਓਨਟਾਰੀਓ ਸੂਬੇ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਨਿਸ਼ਾਨਾ ਬਣਾਉਣ ਦੇ ਮਾਮਲੇ ਲਗਾਤਾਰ ਵਧੇ ਹਨ। ਸੀਆਈਸੀਸੀ ਦੇ ਅਧਿਕਾਰਤ ਅੰਕੜਿਆਂ ਮੁਤਾਬਕ: ਜੁਲਾਈ 2024 ਤੋਂ ਜੂਨ 2025 ਦੇ ਦਰਮਿਆਨ ਕੁੱਲ 1,211 ਨਵੀਆਂ ਸ਼ਿਕਾਇਤਾਂ ਦਰਜ ਹੋਈਆਂ ਸਨ, ਜਿਨ੍ਹਾਂ ਵਿੱਚ ਵੱਡੀ ਗਿਣਤੀ ਪੰਜਾਬੀ ਅਤੇ ਭਾਰਤੀ ਵਿਦਿਆਰਥੀਆਂ ਦੀ ਸੀ। ਸਿਸਟਮ ਦੀ ਢਿੱਲਮੱਠ ਕਾਰਨ ਪਹਿਲਾਂ ਇਨ੍ਹਾਂ 1,211 ਮਾਮਲਿਆਂ ਵਿੱਚੋਂ ਸਿਰਫ਼ 15 ਮਾਮਲਿਆਂ ਵਿੱਚ ਹੀ ਅਨੁਸ਼ਾਸਨੀ ਕਾਰਵਾਈ ਹੋ ਸਕੀ ਸੀ। ਇਹੀ ਕਾਰਨ ਹੈ ਕਿ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਨਵੇਂ ਨਿਯਮ ਉਦੋਂ ਹੀ ਪੂਰੀ ਤਰ੍ਹਾਂ ਸਾਰਥਕ ਸਿੱਧ ਹੋਣਗੇ, ਜੇਕਰ ਨਿਗਰਾਨ ਸੰਸਥਾਵਾਂ ਆਪਣੀਆਂ ਨਵੀਆਂ ਸ਼ਕਤੀਆਂ ਦੀ ਵਰਤੋਂ ਸਖ਼ਤੀ ਨਾਲ ਕਰਨਗੀਆਂ ਅਤੇ ਠੱਗਾਂ ਨੂੰ ਸਲਾਖਾਂ ਪਿੱਛੇ ਭੇਜਣਗੀਆਂ।

# ਕੀ ਖਾਲਿਸਤਾਨੀ ਲਹਿਰ ਕੇਪੀਐੱਸ ਗਿੱਲ ਕਾਰਨ "ਖ਼ਤਮ" ਹੋਈ ?

ਡਾਕਟਰ
ਪਰਮਿੰਦਰ ਸਿੰਘ ਸ਼ੌਂਕੀ



ਹਾਲਾਂਕਿ ਖ਼ਾਲਿਸਤਾਨੀ ਲਹਿਰ ਦੇ ਖ਼ਤਮ ਹੋਣ ਦਾ ਤਰਕ ਆਪਣੇ-ਆਪ ਵਿਚ ਬੇਹੂਦਾ ਹੈ, ਪਰ ਸਾਧਾਰਨ ਤੌਰ ਤੇ ਇਹ ਆਖਿਆ ਜਾਂਦਾ ਹੈ, ਖ਼ਾਸ ਕਰਕੇ ਹਿੰਦੂਤਵੀ ਭੀੜ ਵੱਲੋਂ ਕਿ ਪੰਜਾਬ ਅੰਦਰ ਸ਼ਾਂਤੀ ਇਸ ਕਾਰਨ ਆਈ ਕਿ ਕੇਪੀਐੱਸ ਗਿੱਲ ਤੋਂ ਖਾੜਕੂ/ਖਾਲਿਸਤਨੀ ਡਰਨ ਲੱਗ ਪਏ ਸੀ। ਉਨ੍ਹਾਂ ਨੇ ਡਰਦਿਆਂ ਹੀ ਆਤਮ-ਸਮਰਪਣ ਕਰ ਦਿੱਤੇ, ਗਿੱਲ ਨੇ ਜੇਕਰ ਖਾਲਿਸਤਾਨੀ ਨਾ ਮਾਰੇ ਹੁੰਦੇ ਤਾਂ ਪੰਜਾਬ ਵਿਚ ਸ਼ਾਂਤੀ ਨਹੀਂ ਸੀ ਆਉਣੀ - ਵਗੈਰਾ-ਵਗੈਰਾ

ਪਹਿਲੀ ਗੱਲ ਤਾਂ ਇਸ ਪੱਖ ਤੋਂ ਸਾਨੂੰ ਇਹ ਸਮਝਣੀ ਪਏਗੀ ਕਿ 90ਵਿਆਂ ਦੇ ਦੌਰ ਵਿਚ ਪੰਜਾਬ ਅੰਦਰ ਜੋ ਕੁਝ ਵਾਪਰ ਰਿਹਾ ਸੀ, ਉਹ ਸ਼ਪਸ਼ਟ ਰੂਪ ਵਿਚ ਸੱਤਾ ਦੀ ਅਰਾਜਕਤਾ ਸੀ। ਜਿਸ ਕਾਰਨ ਖਾੜਕੂ ਧਿਰਾਂ ਜਿਆਦਾਤਰ ਉਨ੍ਹਾਂ ਪੁਲਿਸ ਵਾਲਿਆਂ ਤੋਂ "ਬਦਲਾ" ਲੈਣ ਤੁਰ ਪਈਆਂ ਸਨ, ਜਿਨ੍ਹਾਂ ਨੇ ਨੌਕਰੀ ਦੀ ਮਰਯਾਦਾ ਭੁੱਲ ਕੇ ਇਸ ਦੌਰ ਨੂੰ ਤਰੱਕੀਆਂ ਅਤੇ ਪੈਸੇ ਕਮਾਉਣ ਦਾ ਸਾਧਨ ਸਮਝ ਲਿਆ ਸੀ। ਪੰਜਾਬ ਪੁਲਿਸ ਅੰਦਰ ਵੀ ਉਹ ਲੋਕ ਖਾੜਕੂਆਂ ਦਾ ਵਧੇਰੇ ਨਿਸ਼ਾਨਾ ਬਣੇ, ਜਿਨ੍ਹਾਂ ਨੇ ਆਮ ਪਰਿਵਾਰਾਂ ਨੂੰ ਆਪਣਾ ਨਿਸ਼ਾਨਾ ਬਣਾਇਆ ਸੀ। ਹਾਲਾਂਕਿ ਇਸ ਦੌਰ ਵਿਚ ਲੋਕਾਂ ਨੇ ਆਪਣੀਆਂ ਜ਼ਮੀਨਾਂ ਤਕ ਵੇਚ ਕੇ ਪੁਲਿਸ ਵਾਲਿਆਂ ਨੂੰ ਰਿਸ਼ਵਤਾਂ ਦਿੱਤੀਆਂ, ਪਰ ਬਦਲੇ ਵਿਚ ਉਨ੍ਹਾਂ ਨੂੰ ਆਪਣੇ ਪੁੱਤਰਾਂ ਦੀਆਂ ਲਾਸ਼ਾਂ ਵੀ ਨਾ ਮਿਲੀਆਂ। ਉਸ ਦੌਰ ਵਿਚ ਪੁਲਿਸ ਨਾ ਕਿਸੇ ਮੰਤਰੀ ਦੀ ਸੁਣਦੀ ਸੀ, ਨਾ ਨੇਤਾ ਦੀ। ਆਮ ਚਰਚਾ ਇਹ ਹੁੰਦੀ ਸੀ ਕਿ ਸ਼ਾਇਦ ਪੁਲਿਸ ਦੇ ਉੱਚ ਅਧਿਕਾਰੀ ਕੋਈ ਬਚਾਅ ਕਰ ਸਕਦੇ ਹਨ, ਪਰ ਉੱਚ ਅਧਿਕਾਰੀਆਂ ਦੇ ਮੁੰਡੇ ਵੀ ਪੁਲਿਸ ਨੇ ਨਜਾਇਜ ਕੇਸਾਂ ਵਿਚ ਫਸਾ ਕੇ ਮਾਰ ਛੱਡੇ ਸੀ। ਫੌਜ ਤੋਂ ਲੈ ਕੇ ਪੁਲਿਸ ਪਰਿਵਾਰਾਂ ਨਾਲ ਸੰਬੰਧ ਰੱਖਣ ਵਾਲਿਆਂ ਨੂੰ ਪੁਲਿਸ ਨੇ ਸ਼ਰੇਆਮ ਨਿਸ਼ਾਨਾ ਬਣਾਇਆ ਤੇ ਕਿਤੇ ਵੀ ਕਿਸੇ ਦੀ ਕੋਈ ਸੁਣਵਾਈ ਨਾ ਹੋਈ। ਇਸ ਅਰਾਜਕਤਾ ਭਰੇ ਦੌਰ ਅੰਦਰ ਖਾੜਕੂਆਂ ਨੇ ਜੋ ਪੁਲਿਸ ਵਾਲੇ ਮਾਰੇ, ਉਨ੍ਹਾਂ ਵਿੱਚੋਂ ਇਕ ਵੀ ਬੇਦੋਸ਼ਾ ਜਾਂ ਇਮਾਨਦਾਰ ਨਹੀਂ ਸੀ। ਇਹ ਗੱਲ ਰਿਕਾਰਡ ਵਿਚ ਦਰਜ ਹੈ।

ਪੰਜਾਬ ਪੁਲਿਸ ਦੇ ਅਮਾਨਵੀ ਕਾਰਨਾਮਿਆਂ ਦੀ ਰਿਪੋਰਟ ਸ। ਇੰਦਰਜੀਤ ਸਿੰਘ ਜੇਜੀ ਨੇ ਯੂਐੱਨਓ ਨੂੰ ਭੇਜੀ ਸੀ, ਜਿਸ ਦਾ ਪੰਜਾਬੀ ਅਤੇ ਅੰਗਰੇਜ਼ੀ ਸੰਸਕਰਨ "ਰੀਬਿੰਕ ਬੁਕਸ" ਨੇ ਪ੍ਰਕਾਸ਼ਿਤ ਕੀਤਾ ਹੈ, ਉਹ ਇਸ ਸੰਬੰਧੀ ਇਕ ਮਹੱਤਵਪੂਰਨ ਦਸਤਾਵੇਜ ਹੈ। ਇਸ ਬਾਰੇ ਸਿਟੀਜਨ ਫਾਰ ਡੈਮੋਕਰੇਸੀ ਦੀ ਰਿਪੋਰਟ "ਪੰਜਾਬ 'ਚ ਜ਼ੁਲਮ" ਵੀ ਧਿਆਨ ਮੰਗਦੀ ਹੈ, ਜਿਸ ਦਾ ਪੰਜਾਬੀ ਅਨੁਵਾਦ ਮੈਂ ਕੀਤਾ ਹੈ ਤੇ ਪੰਜਾਬੀ ਅਤੇ ਅੰਗਰੇਜ਼ੀ ਵਿਚ "ਰੀਬਿੰਕ ਬੁਕਸ" ਨੇ ਹੀ ਪ੍ਰਕਾਸ਼ਿਤ ਕੀਤੀ ਹੈ। ਇਹ ਰਿਪੋਰਟਾਂ ਸਾਨੂੰ ਸਾਫ ਕਰਦੀਆਂ ਹਨ ਕਿ ਉਸ ਦੌਰ ਅੰਦਰ, ਜਦੋਂ ਕੇਪੀਐੱਸ ਗਿੱਲ ਪੰਜਾਬ ਦਾ ਡੀਜੀਪੀ ਬਣਾਇਆ ਜਾਂਦਾ ਹੈ, ਉਸ ਵਕਤ ਪੰਜਾਬ ਪੁਲਿਸ ਅਤੇ ਸੀਆਰਪੀਐੱਫ ਕਿਸੇ ਵੀ ਅੱਗੇ ਜੁਆਬਦੇਹ ਨਹੀਂ ਸਨ। ਇਸ ਲਈ ਗਿੱਲ ਨੇ ਪੰਜਾਬ ਪੁਲਿਸ ਵਿਚ ਜੋ ਬਦਲਾਅ ਲਿਆਂਦਾ ਸੀ, ਉਹ ਇਹ ਸੀ ਕਿ ਉਸ ਨੇ ਪੁਲਿਸ ਨੂੰ ਬੇਲਗ਼ਾਮੀ ਦੇ ਨਾਲ-ਨਾਲ ਪਸ਼ੂ-ਬਿਰਤੀ ਧਾਰਨ ਕਰਨ ਦੀ ਖੁੱਲ੍ਹ ਦਿੱਤੀ। ਬੀਕੋ ਤੋਂ ਲੈ ਕੇ ਮਾਲ ਮੰਡੀ ਅਤੇ ਲੱਡਾ ਕੋਠੀ ਦੇ ਤਸੀਹਾ ਕੇਂਦਰ ਇਸ ਗੱਲ ਦੇ ਅੱਜ ਵੀ ਗਵਾਹ ਹਨ ਕਿ ਪੰਜਾਬ ਪੁਲਿਸ ਖਾੜਕੂਵਾਦ ਖ਼ਤਮ ਨਹੀਂ ਕਰ ਰਹੀ ਸੀ, ਬਲਕਿ ਖਾੜਕੂਵਾਦ ਦੇ ਨਾਮ ਤੇ ਆਪਣਾ ਭਵਿੱਖ ਸਿਰਜ ਰਹੀ ਸੀ। ਜਿਸ ਕਾਰਨ ਪੁਲਿਸ ਦੇ ਜ਼ੁਲਮਾਂ ਦਾ ਮੁਕਾਬਲਾ ਕਰਨ ਲਈ ਕਿੰਨੇ ਹੀ ਆਮ ਘਰਾਂ ਦੇ ਮੁੰਡੇ ਹਥਿਆਰਬੰਦ ਲਹਿਰ ਵਿਚ ਕੁੱਦ ਪਏ, ਸਨ ਜਿਨ੍ਹਾਂ ਵਿੱਚੋਂ ਕਈ ਬਾਅਦ ਵਿਚ ਆਤਮ-ਸਮਰਪਣ ਕਰ ਗਏ।

ਜਿੱਥੋਂ ਤਕ ਇਸ ਦੌਰ ਵਿਚ ਕੇਪੀਐੱਸ ਗਿੱਲ ਨੂੰ ਸਮਝਣ ਦਾ ਸਵਾਲ ਹੈ ਤਾਂ ਉਸ ਪੱਖ ਤੋਂ ਇਹ ਧਿਆਨ ਵਿੱਚ ਰੱਖਣਾ ਬੇਹੱਦ ਜ਼ਰੂਰੀ ਹੈ ਕਿ ਗਿੱਲ ਪੰਜਾਬ ਤੋਂ ਸੰਚਾਲਿਤ ਨਹੀਂ ਸੀ ਹੋ ਰਿਹਾ, ਹਾਲਾਂਕਿ ਬੇਅੰਤ ਸਿੰਘ ਸਰਕਾਰ ਦਾ ਉਸ ਨੂੰ ਥਾਪੜਾ ਸੀ, ਪਰ ਉਸ ਉੱਪਰ ਦਿੱਲੀ ਹਕੂਮਤ ਦਾ ਸਿੱਧਾ ਹੱਥ ਸੀ। ਜੋ ਜੱਟ ਬਨਾਮ ਜੱਟ ਬਣਾ ਕੇ ਇਸ ਲਹਿਰ ਨੂੰ ਮਹਿਜ ਪੰਜਾਬ ਦੀ ਸਮੱਸਿਆ ਬਣਾਉਣਾ ਚਾਹੁੰਦੀ ਸੀ, ਨਾ ਕਿ ਭਾਰਤ ਦੀ। ਇਹ ਭਾਰਤੀ ਹਕੂਮਤ ਦੇ ਇਸ ਨੀਤੀਗਤ ਪੈਂਤੜੇ ਦਾ ਹੀ ਕਮਾਲ ਹੈ ਕਿ ਸਮੁੱਚੀ ਪੰਜਾਬੀ ਬੌਧਿਕਤਾ ਅੰਦਰ ਅੱਜ ਇਸ ਦੌਰ ਨੂੰ ਸਿਰਫ "ਪੰਜਾਬ ਸੰਕਟ" ਦੇ ਨਾਮ ਨਾਲ ਹੀ ਜਾਣਿਆ ਜਾਂਦਾ ਹੈ, ਜਦਕਿ ਇਹ ਭਾਰਤੀ ਹਕੂਮਤ ਨਾਲ ਪੰਜਾਬ ਦੇ ਸੰਘਰਸ਼ ਦਾ ਦੌਰ ਸੀ। ਜਿਸ ਵਿੱਚ ਗਿੱਲ ਨੇ ਨਾ ਸਿਰਫ ਖਾੜਕੂਆਂ ਨੂੰ ਮਾਰਿਆ, ਬਲਕਿ ਉਨ੍ਹਾਂ ਦੇ ਬੇਕਸੂਰ ਪਰਿਵਾਰਾਂ ਦਾ ਕਤਲ ਵੀ ਕੀਤਾ। ਅਜਿਹਾ ਕਰਕੇ ਉਹ ਖਾੜਕੂਆਂ ਨੂੰ ਖਤਮ ਕਰਨ ਦਾ ਕਾਰਜ ਸੰਪੂਰਨ ਕਰਨਾ ਚਾਹੁੰਦਾ ਸੀ, ਪਰ ਖਾੜਕੂ ਲਹਿਰ ਉਸ ਦੇ ਕਾਰਨ "ਖ਼ਤਮ" ਨਹੀਂ ਹੋਈ, ਬਲਕਿ ਇਸ ਦੇ ਉਸ ਰੂਪ ਵਿਚ ਮੌਜੂਦ ਨਾ ਰਹਿਣ ਦਾ ਵੱਡਾ ਕਾਰਨ ਖਾੜਕੂਆਂ ਵੱਲੋਂ ਬੇਅੰਤ ਸਿੰਘ ਦਾ ਕਤਲ ਸੀ। ਸਾਲ 1995 ਵਿਚ ਜੇਕਰ ਬੇਅੰਤ ਸਿੰਘ ਨੂੰ ਨਾ ਮਾਰਿਆ ਜਾਂਦਾ ਤਾਂ ਯਕੀਨਨ ਇਹ ਲਹਿਰ ਇਸੇ ਰੂਪ ਵਿਚ ਹੋਰ ਲੰਮਾ ਸਮਾਂ ਚੱਲਣੀ ਸੀ, ਪਰ ਬੇਅੰਤ ਸਿੰਘ ਸਰਕਾਰ ਤੋਂ ਬਾਅਦ ਸ। ਹਰਚਰਨ ਸਿੰਘ ਨੇ ਕੇਂਦਰ ਸਰਕਾਰ ਅੱਗੇ ਨਾ ਝੁਕਣ ਦੀ ਆਪਣੀ ਨੀਤੀ ਤੇ ਚੱਲਦਿਆਂ ਪੁਲਿਸ ਨੂੰ ਕਾਬੂ ਕਰਨਾ ਸ਼ੁਰੂ ਕਰ ਦਿੱਤਾ ਤੇ ਇਸ ਪ੍ਰਕਾਰ ਖਾੜਕੂਆਂ ਦੀਆਂ ਕਾਰਵਾਈਆਂ ਵੀ ਹੌਲੀ-ਹੌਲੀ ਘਟਣ ਲੱਗੀਆਂ ਸਨ, ਹਾਲਾਂਕਿ ਉਨ੍ਹਾਂ ਦੇ ਮਨ ਚ ਪੁਲਿਸ ਪ੍ਰਤੀ ਗੁੱਸਾ ਉਸੇ ਮਾਤਰਾ ਚ ਸਰਗਰਮ ਸੀ।

ਅੱਜ ਹਾਲਾਂਕਿ ਕੇਪੀਐੱਸ ਗਿੱਲ ਨੂੰ ਹਿੰਦੂਤਵੀ ਭੀੜ ਅਤੇ ਹੋਰਨਾਂ ਦੁਆਰਾ ਸ਼ਾਂਤੀ ਦੇ ਮਸੀਹਾ ਦੇ ਰੂਪ ਵਿਚ ਪੂਜਿਆ ਜਾ ਰਿਹਾ ਹੈ, ਪਰ ਉਹ ਕੋਈ ਮਸੀਹਾ ਨਹੀਂ ਸੀ ਤੇ ਨਾ ਹੀ ਉਸ ਦੀ ਬਦੌਲਤ ਪੰਜਾਬ ਅੰਦਰ ਸ਼ਾਂਤੀ ਆਈ ਸੀ। ਗਿੱਲ ਇਕ ਬੁਜਦਿਲ ਪੁਲਿਸ ਅਧਿਕਾਰੀ ਸੀ, ਜੋ ਆਪਣੇ ਅਧੀਨ ਪੁਲਿਸ ਵਾਲਿਆਂ ਨੂੰ ਕਾਰਵਾਈਆਂ ਕਰਨ ਦੀ ਖੁੱਲ੍ਹ ਦਿੰਦਾ ਸੀ, ਆਪ ਬਹੁਤ ਘੱਟ ਸਿੱਧੇ ਰੂਪ ਵਿਚ ਕਿਸੇ ਕਾਰਵਾਈ ਅੰਦਰ ਸ਼ਾਮਲ ਹੁੰਦਾ ਸੀ, ਕਿਉਂਕਿ ਉਸ ਨੂੰ ਅਜਿਹੀ ਕਿਸੇ ਕਾਰਵਾਈ ਵਿਚ ਮਾਰੇ ਜਾਣ ਦਾ ਬਹੁਤ ਡਰ ਰਹਿੰਦਾ ਸੀ। ਇਕ ਸਾਬਕਾ ਖਾੜਕੂ ਅਨੁਸਾਰ ਗਿੱਲ ਖੁਦ ਵੀ ਖਾੜਕੂਆਂ ਨੂੰ ਬਹੁਤ ਘੱਟ ਤਸੀਹੇ ਦਿੰਦਾ ਸੀ। ਇਸ ਕੰਮ ਲਈ ਉਹ ਅਜੀਤ ਸਿੰਘ ਸੰਧੂ ਵਰਗੇ ਅਧਿਕਾਰੀਆਂ ਨੂੰ ਰੱਖਦਾ ਸੀ, ਜਿਸ ਦੀ ਮੌਤ ਤੋਂ ਬਾਅਦ ਕੀਤੀ ਗਈ ਪ੍ਰੈੱਸ ਕਾਨਫ਼ਰੰਸ ਉਸ ਦੇ ਡਰ ਨੂੰ ਸਾਬਤ ਕਰਦੀ ਹੈ।

ਅਜੀਤ ਸਿੰਘ ਸੰਧੂ ਦੀ ਮੌਤ ਤੋਂ ਬਾਅਦ ਡਰੇ ਹੋਏ ਗਿੱਲ ਨੇ ਪ੍ਰੈੱਸ ਕਾਨਫ਼ਰੰਸ ਕਰਕੇ ਪੂਰੇ ਭਾਰਤ ਤੋਂ ਪੰਜਾਬ ਪੁਲਿਸ ਦੇ ਹੱਕ ਵਿਚ ਖੜਨ ਲਈ ਲਗਭਗ ਰੋਣਹਾਕੀ ਅਪੀਲ ਕੀਤੀ ਸੀ, ਜਿਸ ਤੋਂ ਬਾਅਦ ਤਵਲੀਨ ਸਿੰਘ ਵਰਗੀਆਂ ਪੱਤਰਕਾਰ ਬੀਬੀਆਂ ਨੇ ਪੰਜਾਬ ਪੁਲਿਸ ਦੇ ਵਹਿਸ਼ੀ ਰੂਪ ਨੂੰ ਭਾਰਤ ਦੀ ਅਖੰਡਤਾ ਲਈ ਜ਼ਰੂਰੀ ਲਿਖਿਆ ਸੀ। ਸੰਧੂ ਦੀ ਮੌਤ ਤੋਂ ਬਾਅਦ ਗਿੱਲ ਲਗਭਗ ਨਿਰਾਸ਼ ਹੋ ਚੁੱਕਾ ਸੀ। ਉਸ ਨੇ ਭਾਰਤੀ ਪ੍ਰਧਾਨ ਮੰਤਰੀ ਗੁਜਰਾਲ ਨੂੰ ਪੁਲਿਸ ਦੀ ਰੱਖਿਆ ਹਿਤ ਇਕ ਖ਼ਤ ਵੀ ਲਿਖਿਆ ਸੀ। ਜੋ ਉਸ ਦੀ ਨਿਰਾਸ਼ਾ ਤੇ ਹਾਰ ਦਾ ਪ੍ਰਤੀਕ ਹੈ। ਉਹ ਜੁਆਬਦੇਹੀ ਤੋਂ ਵੀ ਬਹੁਤ ਡਰਦਾ ਸੀ। ਜਿਸ ਵਕਤ ਪੰਜਾਬ ਪੁਲਿਸ ਉੱਪਰ ਮਨੁੱਖੀ ਅਧਿਕਾਰ ਜਥੇਬੰਦੀਆਂ ਨੇ ਉਂਗਲ ਉਠਾਉਣੀ ਸ਼ੁਰੂ ਕੀਤੀ, ਉਸ ਵਕਤ ਉਸ ਨੇ ਸਾਰੇ ਦੋਸ਼ਾਂ ਤੋਂ ਸਾਫ਼ ਇਨਕਾਰ ਕਰ ਦਿੱਤਾ, ਜਦ ਕਿ ਜੇਕਰ ਉਹ ਦਲੇਰ ਕਿਸਮ ਦਾ ਬੰਦਾ ਹੁੰਦਾ ਤਾਂ ਸਾਫ ਕਹਿ ਸਕਦਾ ਸੀ ਕਿ ਇਹ ਪੁਲਿਸ ਦਾ ਕੰਮ ਕਰਨ ਦਾ ਤਰੀਕਾ ਹੈ, ਪਰ ਉਹ ਪੁਲਿਸ ਦੀ ਅਮਾਨਵੀਅਤਾ ਨੂੰ ਸਹਿਮਤੀ ਦੇ ਕੇ ਉਸ ਨੂੰ ਸਵੀਕਾਰਨ ਤੋਂ ਹਮੇਸ਼ਾ ਭੱਜਦਾ ਰਿਹਾ। ਇਸ ਪੱਖ ਤੋਂ ਉਸ ਦੇ ਬਾਰੇ ਬਹੁਤ ਸਾਰੇ ਤੱਥ ਤੇ ਦਲੀਲਾਂ ਮੌਜੂਦ ਹਨ ਕਿ ਉਹ ਇਕ ਪਿਆਦੇ ਤੋਂ ਵੱਧ ਕੁਝ ਨਹੀਂ ਸੀ, ਜਿਸ ਨੂੰ ਭਾਰਤੀ ਹਕੂਮਤ ਨੇ ਖਾੜਕੂਵਾਦ ਵਿਚ ਇਸ ਲਈ ਵਰਤਿਆ ਤਾਂ ਜੋ ਇਹ ਲੜਾਈ ਪੰਜਾਬ ਬਨਾਮ ਭਾਰਤ ਨਾ ਬਣ ਸਕੇ। ਭਾਰਤੀ ਹਕੂਮਤ ਇਸ ਪੱਖ ਤੋਂ ਕਾਮਯਾਬ ਵੀ ਰਹੀ ਹੈ।

ਹਾਲਾਂਕਿ ਜੋ ਲੋਕ ਗਿੱਲ ਨੂੰ ਪੰਜਾਬ ਦਾ ਹੀਰੋ ਬਣਾ ਰਹੇ ਹਨ, ਮੈਂ ਸਮਝਦਾ ਹਾਂ, ਉਹ ਵਾਕਈ ਉਨ੍ਹਾਂ ਦਾ ਹੀਰੋ ਹੈ, ਕਿਉਂਕਿ ਬੁਜ਼ਦਿਲੀ ਦੇ ਤਹਿਤ ਪੂਰੀ ਹਕੂਮਤ ਦੀ ਸ਼ਹਿ ਤੇ ਬੇਗੁਨਾਹਾਂ ਦਾ ਕਤਲ ਕਰਨਾ ਹਿੰਦੂਤਵ ਦਾ ਪ੍ਰਮੁੱਖ ਪਛਾਣ ਚਿੰਨ੍ਹ ਹੈ। ਗਿੱਲ ਉਸੇ ਪਛਾਣ-ਚਿੰਨ੍ਹ ਦਾ ਧਾਰਨੀ ਸੀ। ਗਿੱਲ ਯਕੀਨਨ ਹਿੰਦੂਤਵੀਆਂ ਦਾ ਹੀਰੋ ਹੋਣਾ ਚਾਹੀਦਾ ਹੈ। ਕਿਉਂਕਿ ਜਿਵੇਂ ਗਿੱਲ ਧੋਖੇ, ਪਸ਼ੂਨੁਮਾ ਪਹੁੰਚ ਅਤੇ ਲਾਲਚ ਅਧੀਨ ਲੋਕਾਂ ਦਾ ਕਤਲ ਕਰਵਾਉਂਦਾ ਸੀ, ਹਿੰਦੂਤਵ ਬਿਲਕੁਲ ਇਹੀ ਲੋਕਾਂ ਨੂੰ ਸਿਖਾਉਂਦਾ ਹੈ ਕਿ ਆਪਣੇ ਵਿਰੋਧੀ ਨੂੰ ਇਸੇ ਤਰ੍ਹਾਂ ਮਾਰਿਆ ਜਾਣਾ ਚਾਹੀਦਾ ਹੈ। ਪਰ ਗਿੱਲ ਕਾਰਨ ਖਾੜਕੂ ਲਹਿਰ ਖ਼ਤਮ ਹੋਈ, ਇਹ ਇਕ ਮੂਰਖਾਨਾ ਤਰਕ ਹੈ। ਓਨਾ ਹੀ ਮੂਰਖਾਨਾ, ਜਿੰਨਾ ਇਹ ਕਿ ਉਸ ਕਾਰਨ ਪੰਜਾਬ ਵਿਚ ਸ਼ਾਂਤੀ ਆਈ।

ਜੇਕਰ ਪੰਜਾਬ ਵਿਚ ਸ਼ਾਂਤੀ ਹੁੰਦੀ ਤਾਂ ਪੰਜਾਬ ਦੇ ਹਾਲਾਤਾਂ ਕਾਰਨ ਅੱਜ ਵੀ ਪੂਰੇ ਭਾਰਤ ਦਾ ਹਿੰਦੂਤਵੀ ਮਨ ਚੀਕਾਂ ਨਾ ਮਾਰ ਰਿਹਾ ਹੁੰਦਾ ਕਿ ਪੰਜਾਬ ਅੰਦਰ ਹਿੰਦੂ ਸੁਰੱਖਿਅਤ ਨਹੀਂ ਹੈ। ਪੰਜਾਬ ਅੰਦਰ ਇਹ ਸ਼ਾਂਤੀ ਦਰਅਸਲ ਖਾੜਕੂ ਲਹਿਰ ਦੁਆਰਾ ਪੈਦਾ ਕੀਤੇ ਖਲਾਅ ਕਾਰਨ ਹੈ। ਜਿਸ ਦਾ ਜ਼ਿਕਰ ਕਦੀ ਫਿਰ ਸਹੀ।

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**726. ਮਨ ਭਟਕਦਾ/ਡੋਲਦਾ ਕਿਉਂ ਹੈ?**

ਮੂਰਖ ਮਨ 5 ਕਾਮਾਦਿਕ ਵੈਰੀਆਂ ਦੀ ਸੰਗਤਿ ਵਿਚ ਰਲ ਕੇ ਭਟਕਦਾ ਹੈ ਤੇ ਆਪਣਾ ਕੀਤਾ ਪਾਉਂਦਾ ਹੈ । "ਮਨੂਆ ਡੋਲੈ ਦੂਤ ਸੰਗਤਿ ਮਿਲਿ ਸੋ ਪਾਏ ਜੋ ਕਿਛੁ ਕੀਨਾ ਹੇ ॥7॥ ਅੰਗ 1028" । ਮਨ ਡੋਲਦਾ ਹੈ, ਕਿਉਂਕਿ ਚਿੱਤ ਵਿਚ ਨਾਸਵੰਤ ਪਦਾਰਥਾਂ ਦੀ ਲਾਲਸਾ ਹੁੰਦੀ ਹੈ । "ਮਨੂਆ ਡੋਲੈ ਚੀਤਿ ਅਨੀਤਿ ॥ ਅੰਗ 1187" । ਚੰਚਲ ਮਨ ਟਿਕ ਕੇ ਨਹੀਂ ਬੈਠਦਾ, ਇਹ ਮਨ ਰੂਪੀ ਹਿਰਨ ਲੁਕ ਲੁਕ ਕੇ ਨਵੇਂ ਨਵੇਂ ਭੋਗ ਭੋਗਦਾ ਹੈ । ਅਰਥਾਤ ਭੋਗਾਂ ਦੀ ਲਾਲਸਾ ਵਿਚ ਮਨ ਡੋਲਦਾ ਰਹਿੰਦਾ ਹੈ । "ਚੰਚਲੁ ਚੀਤੁ ਨ ਰਹਈ ਠਾਇ ॥ ਚੋਰੀ ਮਿਰਗੁ ਅੰਗੂਰੀ ਖਾਇ ॥ ਅੰਗ 932" ।

**727. ਚੰਚਲ ਮਨ ਨੂੰ ਅਚਲ ਕਿੱਦਾਂ ਬਣਾਈਏ/ਕਿੱਦਾਂ ਟਿਕਾਈਏ?**

(ਮੇਰਾ) ਇਹ ਬੇਕਾਬੂ ਮਨ ਅਨੇਕਾਂ ਤਰੀਕਿਆਂ ਨਾਲ ਭਟਕ ਭਟਕ ਕੇ ਖਿਨ ਭਰ ਭੀ ਨਹੀਂ ਟਿਕਦਾ, ਦਸੀਂ ਪਾਸੀਂ ਦੌੜ ਦੌੜ ਕੇ ਭਟਕਦਾ ਹੈ । ਵੱਡੇ ਭਾਗਾਂ ਨਾਲ ਮੈਨੂੰ ਪੂਰਾ ਗੁਰੂ ਮਿਲ ਪਿਆ ਹੈ, ਉਸ ਨੇ ਪ੍ਰਭੂ (ਨਾਮ ਸਿਮਰਨ) ਦਾ ਉਪਦੇਸ਼ ਦਿੱਤਾ ਹੈ (ਜਿਸ ਦੀ ਬਰਕਤਿ ਨਾਲ) ਮਨ ਟਿਕ ਗਿਆ ਹੈ । "ਇਹੁ ਮਨੂਆ ਖਿਨੁ ਨ ਟਿਕੈ ਬਹੁ ਰੰਗੀ ਦਹ ਦਹ ਦਿਸਿ ਚਲਿ ਚਲਿ ਹਾਢੇ॥ ਗੁਰੁ ਪੂਰਾ ਪਾਇਆ ਵਡਭਾਗੀ ਹਰਿ ਮੰਤ੍ਰੁ ਦੀਆ ਮਨੁ ਠਾਢੇ ॥1॥ ਅੰਗ 171"। ਅਤੇ, "ਸਤਿਗੁਰੁ ਮਿਲੈ ਤ ਮਨੂਆ ਟੇਕੈ ॥ ਅੰਗ 1028" । ਚੰਚਲ (ਚਲਾਏਮਾਨ) ਮਨ ਦਸੀਂ ਦੌੜਦਾ ਫਿਰਦਾ ਹੈ, ਇਸਨੂੰ ਅਚਲ ਕਰਕੇ ਟਿਕਾਓ । ਹੇ ਨਾਨਕ ਆਖ! ਜਿਸ ਮਨੁੱਖ ਨੇ ਇਹ ਬਿਧੀ ਅਪਣਾ ਲਈ, ਉਸ ਨੂੰ ਮਾਇਆ ਦੇ ਬੰਧਨਾਂ ਤੋਂ ਮੁਕਤ ਜਾਨੋ । "ਚੰਚਲ ਮਨੁ ਦਹਦਿਸਿ ਕਉ ਧਾਵਤ ਅਚਲ ਜਾਹਿ ਠਹਰਾਨੋ ॥ ਕਹੁ ਨਾਨਕ ਇਹ ਬਿਧਿ ਕੋ ਜੋ ਨਰੁ ਮੁਕਤਿ ਤਾਹਿ ਤੁਮ ਮਾਨੋ ॥2॥3॥ ਅੰਗ 685"। ਜਿਸ ਪ੍ਰਭੂ ਦਾ ਨਾਮ ਜਪਿਆਂ ਡਰ ਦੂਰ ਹੋ ਜਾਂਦਾ ਹੈ ਤੇ ਬਿਪਤਾ ਟਲ ਜਾਂਦੀ ਹੈ, ਉਸਦਾ ਜਾਪ ਕਰਨ ਨਾਲ਼ ਦੌੜਦਾ ਮਨ ਟਿਕਾਣੇ ਤੇ ਆ ਜਾਂਦਾ ਹੈ; ਭਾਵ ਆਪਣੇ ਹਿਰਦੇ ਘਰ ਵਿਚ ਟਿਕ ਜਾਂਦਾ ਹੈ । "ਜਾਸੁ ਜਪਤ ਭਉ ਅਪਦਾ ਜਾਇ ॥ ਧਾਵਤ ਮਨੂਆ ਆਵੈ ਠਾਇ ॥ ਅੰਗ 236" । ਮਨਮੁਖ ਮਨੁੱਖ ਮੂਰਖ ਹੈ, ਨਾਮ ਤੋਂ ਸੱਖਣਾ ਭਟਕਦਾ ਫਿਰਦਾ ਹੈ । ਸਤਿਗੁਰੂ ਤੋਂ ਬਿਨਾ ਉਸ ਦਾ ਹੋਛਾ ਮਨ ਟਿਕਦਾ ਨਹੀਂ ਤੇ ਉਹ ਫਿਰ ਫਿਰ ਜੂਨਾਂ ਵਿਚ ਪੈਂਦਾ ਹੈ । "ਮਨਮੁਖ ਪ੍ਰਾਣੀ ਮੁਗਧੁ ਹੈ ਨਾਮ ਹੀਣ ਭਰਮਾਇ ॥ ਬਿਨੁ ਗੁਰ ਮਨੂਆ ਨਾ ਟਿਕੈ ਫਿਰਿ ਫਿਰਿ ਜੂਨੀ ਪਾਇ ॥ ਅੰਗ 313" । ਗੁਰੂ ਦੀ ਮਤਿ ਰਾਹੀਂ ਡੋਲਦੇ ਮਨ ਨੂੰ ਸਥਿਰ ਕਰਕੇ ਰੱਖੋ, ਇਸ ਤਰੀਕੇ ਨਾਲ਼ (ਨਾਮ ਅੰਮ੍ਰਿਤ) ਪੀਓ। "ਗੁਰਮਤਿ ਮਨੂਆ ਅਸਥਿਰੁ ਰਾਖਹੁ ਇਨ ਬਿਧਿ ਅੰਮ੍ਰਿਤੁ ਪੀਓਈਐ ॥1॥ ਰਹਾਉ॥ ਅੰਗ 332" । ਇਸ ਸਰੀਰ ਰੂਪੀ ਨਗਰ ਵਿਚ ਹਰਿ ਨਾਮ ਸਿਮਰਨ ਦਾ ਕਰਮ ਬੀਜੋ; ਜਿਸ ਨਾਲ਼ ਅੰਦਰ ਹਰਿ ਨਾਮ ਦਾ ਸੋਹਣਾ ਹਰਾ (ਦੈਵੀ ਗੁਣਾਂ ਭਰਪੂਰ) ਖੇਤ ਉੱਗ ਪੈਂਦਾ ਹੈ । (ਸਿਮਰਨ ਦੀ ਬਰਕਤਿ ਨਾਲ) ਇਸ ਮਨ ਨੂੰ ਡੋਲਣ ਤੋਂ ਰੋਕੋ, ਇਸ ਟਿਕੇ ਹੋਏ ਮਨ ਰੂਪੀ ਬੈਲ ਨੂੰ ਜੋਵੋ, ਤੇ ਗੁਰੂ ਦੀ ਮਤਿ ਦੀ ਰਾਹੀਂ (ਆਪਣੇ ਅੰਦਰ ਮਨ ਬੈਲ ਰਾਹੀਂ) ਹਰਿ ਨਾਮ ਜਲ ਸਿੰਜੋ । "ਕਾਇਆ ਨਗਰ ਮਹਿ ਕਰਮ ਹਰਿ ਬੋਵਹੁ ਹਰਿ ਜਾਮੈ ਹਰਿਆ ਖੇਤੁ ॥ ਮਨੂਆ ਅਸਥਿਰੁ ਬੈਲੁ ਮਨੁ ਜੋਵਹੁ ਹਰਿ ਸਿੰਚਹੁ ਗੁਰਮਤਿ ਜੇਤੁ ॥3॥ ਅੰਗ 368" । ਇਹ ਮਨ ਕਿਸ ਤਰ੍ਹਾਂ ਕਾਬੂ ਵਿਚ ਆਵੇ? ਗੁਰੂ ਦੀ ਕਿਰਪਾ ਨਾਲ਼ ਇਸ ਨੂੰ ਭਟਕਣ ਤੋਂ ਰੋਕੀਏ; ਗੁਰੂ ਦੇ ਗਿਆਨ ਦੀ ਮਤਿ ਰਾਹੀਂ ਇਹ ਮਨ ਆਪਣੇ ਹਿਰਦੇ ਘਰ ਵਿਚ ਆ ਜਾਂਦਾ ਹੈ ।1।ਰਹਾਉ। "ਇਹੁ ਮਨੂਆ ਕਿਉ ਕਰਿ ਵਸਿ ਆਵੈ ॥ ਗੁਰ ਪਰਸਾਦੀ ਠਾਕੀਐ ਗਿਆਨ ਮਤੀ ਘਰਿ ਆਵੈ ॥1॥ ਰਹਾਉ ॥ ਅੰਗ 426" । ਸਤਿਗੁਰੂ ਦੀ ਕਿਰਪਾ ਨਾਲ਼ ਦੁਬਿਧਾ ਮਰ ਜਾਵੇ ਤਾਂ ਮਨ ਅਚਲ ਹੋ ਜਾਂਦਾ ਹੈ ਤੇ ਉਹ ਸੰਧਿਆ ਵੇਲੇ (ਗੁਰੂ ਸ਼ਬਦ ਦੀ) ਵਿਚਾਰ ਕਰਦਾ ਹੈ । "ਗੁਰ ਪਰਸਾਦੀ ਦੁਬਿਧਾ ਮਰੈ ਮਨੂਆ ਅਸਥਿਰੁ ਸੰਧਿਆ ਕਰੇ ਵੀਚਾਰੁ ॥ ਅੰਗ 553" । ਗੁਰੂ ਅਨੁਸਾਰੀ ਦਾ ਮਨ ਇਕ ਪ੍ਰਭੂ ਦੇ ਘਰ 'ਚ ਆ ਜਾਂਦਾ ਹੈ, ਉਹ ਸ੍ਰਿਸ਼ਟੀ ਦੇ ਪਾਲਣਹਾਰ ਪ੍ਰਭੂ ਨੂੰ ਮਿਲ ਪੈਂਦਾ ਹੈ ਜਿਸ ਮਿਲਾਪ ਵੇਲੇ ਅਕਾਸ਼ੀ ਢੋਲ ਵੱਜਦਾ ਹੈ । "ਗੁਰਮੁਖਿ ਮਨੂਆ ਇਕਤੁ ਘਰਿ ਆਵੈ ਮਿਲਉ ਗੁੋਪਾਲ ਨੀਸਾਨੁ ਬਜਈਆ॥5॥ ਅੰਗ 833" । ਬੰਦੇ ਦਾ ਦੌੜਦਾ ਮਨ ਉਦੋਂ ਹੀ ਆਪਣੇ ਘਰ ਵਿਚ ਆਉਂਦਾ ਹੈ ਜਦੋਂ ਉਹ ਸਾਧੂ (ਗੁਰੂ) ਦੀ ਸ਼ਰਨ ਪੈਂਦਾ ਹੈ । "ਧਾਵਤੁ ਧਾਇ ਤਦੇ ਘਰਿ ਆਵੈ ਹਰਿ ਹਰਿ ਸਾਧੂ ਸਰਣਿ ਪਵਈਆ ॥2॥ ਅੰਗ 835" । ਗੁਰੂ ਦੇ ਸ਼ਬਦ ਵਿਚ ਰੱਤਿਆਂ ਮਨ ਅਚਲ ਹੁੰਦਾ ਹੈ, ਇਹੀ ਸ੍ਰੇਸ਼ਟ ਕਰਨੀ ਹੈ । ਅਰਥਾਤ ਮਨ ਨੂੰ ਗੁਰ ਸ਼ਬਦ ਵਿਚ ਰੰਗ ਕੇ ਅਚਲ ਕਰਨਾ ਹੀ ਸ੍ਰੇਸ਼ਟ ਕਰਨੀ ਹੈ । "ਮਨੂਆ ਅਸਥਿਰੁ ਸਬਦੇ ਰਾਤਾ ਏਹਾ ਕਰਣੀ ਸਾਰੀ ॥18॥ ਅੰਗ 908" । ਜਿਨ੍ਹਾਂ ਦੇ ਹਿਰਦੇ ਵਿਚ ਗੁਰੂ ਦਾ ਸ਼ਬਦ ਵਸਦਾ ਹੈ, ਉਹ ਆਪਣੇ ਅਸਲੇ ਨੂੰ ਪਛਾਣ ਲੈਂਦੇ ਹਨ, ਉਹ ਗਤਿ ਤੇ ਮਿਤਿ (ਪਰਮ ਉੱਚ ਆਤਮਿਕ ਅਵਸਥਾ ਤੇ ਪ੍ਰਭੂ ਦਾ ਵਿਸਥਾਰ) ਪਾ ਲੈਂਦੇ ਹਨ । ਉਹਨਾਂ ਦਾ ਇਹ ਮਨ ਅਜਿਹੀ ਇਕਾਗ੍ਰਤਾ (ਸੁੰਨ ਸਮਾਧ) ਬਣਾਉਂਦਾ ਹੈ ਜਿਥੇ ਮਾਇਆ ਦੇ ਫੁਰਨੇ ਨਹੀਂ ਉੱਠਦੇ, ਉਹਨਾਂ ਦੀ ਜਿੰਦ ਪ੍ਰਭੂ ਦੀ ਜੋਤਿ ਵਿਚ ਲੀਨ ਹੈ । "ਜਿਨ ਅੰਤਰਿ ਸਬਦੁ ਆਪੁ ਪਛਾਣਹਿ ਗਤਿ ਮਿਤਿ ਤਿਨ ਹੀ ਪਾਈ ॥15॥ ਏਹੁ ਮਨੂਆ ਸੁੰਨ ਸਮਾਧਿ ਲਗਾਵੈ ਜੋਤੀ ਜੋਤਿ ਮਿਲਾਈ ॥16॥ ਅੰਗ 910" । ਗੁਰੂ ਅਨੁਸਾਰੀ ਆਤਮਿਕ ਜੀਵਨ ਦਾ ਸਹੀ ਰਸਤਾ ਸਮਝਦਾ ਹੈ, ਉਸਦਾ ਮਨ ਡੋਲਦਾ ਨਹੀਂ ਤੇ ਉਹ (ਮਾਇਆ ਪਿੱਛੇ) ਦੌੜਦੇ ਮਨ ਨੂੰ ਰੋਕ ਕੇ ਰੱਖਦਾ ਹੈ । "ਮਨੂਆ ਨ ਡੋਲੈ ਗੁਰਮੁਖਿ ਬੂਝੈ ਧਾਵਤੁ ਵਰਜਿ ਰਹਾਏ ॥ ਅੰਗ 1013" । ਮਨੁੱਖੀ ਮਨ ਕਈ ਤਰੀਕਿਆਂ ਨਾਲ ਸਦਾ ਭਟਕਦਾ ਫਿਰਦਾ ਹੈ, ਸਾਧੂ (ਗੁਰੂ) ਨੂੰ ਮਿਲ ਕੇ ਇੱਦਾਂ ਵੱਸ ਵਿਚ ਕਰ ਲਈਦਾ ਹੈ, ਜਿੱਦਾਂ ਕਿਸੇ ਸ਼ਿਕਾਰੀ ਨੇ ਜਾਲ ਖਿਲਾਰਿਆ ਅਤੇ ਮੱਛੀ ਨੂੰ ਜਾਲ ਵਿਚ ਫਸਾ ਕੇ ਕਾਬੂ ਕਰ ਕੇ ਲੈ ਗਿਆ ।

ਚਲਦਾ...


ਪੰਜਾਬ ਟਾਈਮਜ਼

PANJAB TIMES (EST 1965)

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION
(PLEASE TICK ONE RELEVANT BOX)

6 MONTHS ---- £105 ☐
1 YEAR ---- £205 ☐

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ । ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ ।

NAME........................................................................
ADDRESS....................................................................
........................................POST CODE.................................
TEL............................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to:* ***SUBSCRIPTION***

PANJAB TIMES BRIDLE GATE LANE, ALVASTON, DERBY, DE24 0QW, U.K.

or call on / WHATSAPP NO : 07966 388 388

*www.panjabtimes.uk Email: Panjabtimes@aol.com*



## VACANCY FOR RELIGIOUS WORKER

**ਗੁਰਦੁਆਰਾ ਸਿੰਘ ਸਭਾ ਡਰਬੀ ਵਿਖੇ ਧਾਰਮਿਕ ਸੇਵਾਦਾਰ ਦੀ ਲੋੜ ਹੈ**

*Job Title:* Religious Worker (Sikh Faith), *Location*: Derby, UK

We are seeking a dedicated and knowledgeable individual to serve as a Religious Worker within the Sikh faith. This role involves supporting the spiritual, cultural, and community needs of the local Sikh congregation and promoting Sikh teachings and values.

***Key Responsibilities:***
* Perform and assist in religious ceremonies, including Kirtan, Ardas, and Paath.
* Provide guidance and support to members of the congregation in matters of faith and spirituality.
* Organise and lead educational sessions on Sikh principles and practices.
* Promote community outreach and interfaith engagement.
* Support the maintenance of the Gurdwara and ensure adherence to Sikh customs and traditions.

***Person Specification:***
* Must be a practicing member of the Sikh faith.
* Proficiency in reading and understanding Gurmukhi and Sikh scriptures (Guru Granth Sahib Ji).
* Experience in conducting Sikh religious ceremonies.
* Strong interpersonal and communication skills.
* Committed to promoting Sikh values and principles.

***How to Apply:*** To apply, please submit your application detailing your experience and motivation for this role.

Deadline for Applications: Applications must be submit before 21-8-2026

Applications should be sent to Email: info@sgssderby.com or delivered to the Gurdwara Sahib's Address below:

**SRI GURU SINGH SABHA GURDWARA**

1 Princes Street, Normanton, Derby. DE23 8NT. TEL: 01332 773010

FOR MORE INFORMATION, PLEASE CONTACT: AJIT SINGH 07533 362911

**ਗੁਰਪੁਰਬ 'ਤੇ ਵਿਸ਼ੇਸ਼**



– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com


# ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸੁ ਡਿਠੈ ਸਭਿ ਦੁਖ ਜਾਇ ॥



ਸਰਬੰਸਦਾਨੀ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਦਿਬ-ਦ੍ਰਿਸ਼ਟੀ ਵਿੱਚ ਅੱਠਵੇਂ ਗੁਰੂ ਨਾਨਕ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਅਜਿਹੀ ਆਤਮ-ਰਸੀ ਸ਼ਖ਼ਸੀਅਤ ਦੇ ਮਾਲਕ ਸਨ, ਕਿ ਉਨ੍ਹਾਂ ਦੇ ਦਰਸ਼ਨ-ਦੀਦਾਰੇ ਹਰ ਦਰਸ਼ਨ-ਅਭਿਲਾਸ਼ੀ ਦੇ ਦੁੱਖਾਂ-ਦਲਿਦਰਾਂ ਦਾ ਨਾਸ਼ ਕਰ ਦਿੰਦੇ ਹਨ। ਸਮਕਾਲੀ ਮਹਾਨ ਵਿਦਵਾਨ ਸਿੱਖ ਵਿਦਵਾਨ ਭਾਈ ਗੁਰਦਾਸ ਜੀ ਦੀ ਦ੍ਰਿਸ਼ਟੀ ਵਿੱਚ ਗੁਰੂ ਹਰਿਕ੍ਰਿਸ਼ਨ ਸਾਹਿਬ ਅਜਿਹੀ ਆਤਮਿਕ ਬੱਲ ਵਾਲੀ ਹਸਤੀ ਦੇ ਮਾਲਕ ਸਨ, ਡਰਨਾ ਤੇ ਡਰਾਉਣਾ ਉਨ੍ਹਾਂ ਦੇ ਸੁਭਾਅ ਵਿੱਚ ਹੀ ਨਹੀਂ ਸੀ। ਸੱਤਵੇਂ ਪਾਤਸ਼ਾਤ ਗੁਰੂ ਹਰਿ ਰਾਇ ਸਾਹਿਬ ਜੀ ਆਪਣੇ ਸਪੁੱਤਰ ਰਾਮਰਾਇ ਬਾਰੇ ਸਿੱਖ ਜਗਤ ਨੂੰ ਸੁਚੇਤ ਕਰਦਿਆਂ ਬਚਨ ਕੀਤੇ ਸਨ, ਇਸ ਦੋਖੀ ਦੇ ਦਰਸ਼ਨ ਨਾ ਕੀਤੇ ਜਾਣ, ਜਿਸ ਨੇ ਗੁਰੂ ਨਾਨਕ ਸਾਹਿਬ ਜੀ ਦੀ ਪਾਵਨ ਬਾਣੀ ਦਾ ਨਿਰਾਦਰ ਕੀਤਾ ਹੈ, ਪਰ ਆਪਣੇ ਛੋਟੇ ਸਪੁੱਤਰ ਸ੍ਰੀ ਹਰਿਕ੍ਰਿਸ਼ਨ ਦੀ ਬਾਲ-ਅਵਸਥਾ ਵਿੱਚ ਹੀ ਆਤਮ-ਬਲ ਅਤੇ ਉਚੇਰੀ ਸੋਚ ਨੂੰ ਦੇਖਦਿਆਂ ਐਲਾਨ ਕਰ ਦਿੱਤਾ, ਜਿਹੜਾ ਗੁਰੂ ਹਰਿਕ੍ਰਿਸ਼ਨ ਦੇ ਦਰਸ਼ਨ ਕਰੇਗਾ ਜਾਂ ਹਿਰਦੇ ਤੋਂ ਗੁਰੂ ਹਰਿਕ੍ਰਿਸ਼ਨ ਦਾ ਧਿਆਨ ਧਰੇਗਾ, ਉਸ ਦੇ ਜਨਮਾਂ-ਜਨਮਾਂਤਰਾਂ ਦੇ ਦੁੱਖ ਦੂਰ ਹੋਣਗੇ ਅਤੇ ਉਸ ਨੂੰ ਗੁਰੂ ਨਾਨਕ ਸਾਹਿਬ ਦੀ ਖੁਸ਼ੀ ਨਸੀਬ ਹੋਵੇਗੀ।

ਇਤਿਹਾਸਕ ਜ਼ਿਕਰ ਹੈ, ਜਦੋਂ 1661 ਈ: ਨੂੰ ਸੱਤਵੇਂ ਗੁਰੂ ਨਾਨਕ ਗੁਰੂ ਹਰਿ ਰਾਏ ਸਾਹਿਬ ਜੋਤੀ ਜੋਤ ਸਮਾਉਣ ਲੱਗੇ ਤਾਂ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀ ਸਰੀਰਕ ਉਮਰ ਕੇਵਲ ਪੰਜ ਵਰ੍ਹਿਆਂ ਦੀ ਸੀ। ਸੱਤਵੇਂ ਪਾਤਸ਼ਾਹ ਨੇ ਸ੍ਰੀ ਹਰਿਕ੍ਰਿਸ਼ਨ ਜੀ ਦੇ ਸੁਭਾਅ ਭੈਅ ਅਤੇ ਭਰਮ ਤੋਂ ਮੁਕਤੀ ਵਾਲੇ ਗੁਣ ਦੇਖਦਿਆਂ ਗੁਰੂ ਨਾਨਕ ਸਾਹਿਬ ਜੀ ਦੀ ਗੱਦੀ ਦਾ ਅੱਠਵਾਂ ਵਾਰਿਸ ਨਿਯੁਕਤ ਕਰਦੇ ਸਮੇਂ ਆਪਣੀ ਜੋਤਿ ਤੇ ਜੁਗਤਿ ਟਿਕਾ ਦਿੱਤੀ। ਪਹਿਲਾਂ ਆਪ ਨੂੰ ਗੁਰੂ ਸਿੰਘਾਸਨ ਉਪਰ ਬਿਠਾਇਆ, ਉਪਰੰਤ ਮੱਥਾ ਟੇਕ ਕੇ ਗੁਰੂ ਰੂਪ ਵਿੱਚ ਪ੍ਰਗਟ ਕਰ ਦਿੱਤਾ। ਇਹ ਵਡਿਆਈ ਤੇ ਵਚਿੱਤਰ ਗੁਣ ਕੇਵਲ ਗੁਰੂ ਹਰਿਕ੍ਰਿਸ਼ਨ ਸਾਹਿਬ ਵਿੱਚ ਹੀ ਹੈ ਕਿ ਪੰਜ ਸਾਲ ਦੀ ਬਾਲ ਅਵਸਥਾ ਵਿੱਚ ਹੀ ਗੁਰੂ ਨਾਨਕ ਦੀ ਜੋਤਿ ਦੀ ਦਾਤ ਅਤੇ ਵਡਿਆਈ ਪ੍ਰਾਪਤ ਹੀ ਨਹੀਂ ਕੀਤੀ, ਸਗੋਂ ਗੁਰਤਾਗੱਦੀ 'ਤੇ ਬਿਰਾਜਦਿਆਂ ਸਿੱਖ ਸੋਚ, ਸਿੱਖ ਫਲਸਫ਼ਾ, ਸਿੱਖ ਸਿਧਾਂਤਾਂ 'ਤੇ ਪਹਿਰਾ ਦਿੰਦਿਆਂ ਸਿੱਖ ਸੰਗਤ ਤੇ ਸਿੱਖੀ ਪ੍ਰਚਾਰ ਦੀ ਲਹਿਰ ਨੂੰ ਗੁਰੂ ਵਜੋਂ ਅਗਵਾਈ ਦਿੰਦਿਆਂ, ਗੁਰੂ ਜੋਤਿ ਵਾਲੇ ਮਾਣ ਤੇ ਸਤਿਕਾਰ ਨੂੰ ਕਾਇਮ ਰੱਖਿਆ।

ਇਤਿਹਾਸ ਦੇ ਪੰਨਿਆਂ 'ਤੇ ਇਸ ਗੱਲ ਦਾ ਜ਼ਿਕਰ ਵੀ ਮਿਲਦਾ ਹੈ। ਸਮਕਾਲੀ ਸਮਾਜ ਦਾ ਵਿਚਾਰ ਸੀ, ਛੋਟੀ ਅਵਸਥਾ ਦਾ ਬਾਲ ਗੁਰੂ ਕਿਵੇਂ ਹੋ ਸਕਦਾ ਹੈ? ਅਜਿਹੀ ਸੋਚ ਸਮਕਾਲੀ ਲੋਕਾਂ ਦੀ ਸੋਚ ਸੀ ਕਿ ਪੰਜ ਸਾਲ ਦੀ ਉਮਰ ਤਾਂ ਕੇਵਲ ਬਾਲ-ਬੁੱਧੀ ਹੀ ਹੁੰਦੀ ਹੈ। ਅਨੁਭਵ ਜਾਂ ਤਜਰਬਾ ਤਾਂ ਵਡੇਰੀ ਉਮਰ ਦੇ ਲੋਕਾਂ ਕੋਲ ਹੀ ਹੁੰਦਾ ਹੈ। ਇਸ ਉਮਰ ਵਿੱਚ ਸਮਾਜਿਕ ਤੇ ਰਾਜਨੀਤਿਕ ਸਮੱਸਿਆਵਾਂ ਨੂੰ ਸਮਝਣਾ ਵੀ ਕਠਿਨ ਹੁੰਦਾ ਹੈ। ਬਾਲ ਉਮਰ ਵਿੱਚ ਤਾਂ ਕੇਵਲ ਸੁਰਤ, ਮਨ, ਬਲ ਦਾ ਵਿਕਾਸ ਹੁੰਦਾ ਹੈ। ਲੋਕ ਭਲਾਈ ਤੇ ਪਰਉਪਕਾਰੀ ਕਾਰਜਾਂ ਨੂੰ ਸਮਝਣਾ ਤੇ ਪਹਿਚਾਨਣਾ ਔਖਾ ਕਾਰਜ ਹੈ। ਪਰ ਜਦੋਂ ਅੱਠਵੇਂ ਪਾਤਸ਼ਾਹ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਗੁਰਤਾ ਗੱਦੀ ਕਾਲ ਉੱਤੇ ਝਾਤ ਮਾਰਦੇ ਹਾਂ ਤਾਂ ਪੰਜ ਤੋਂ ਅੱਠ ਸਾਲ ਦੀ ਬਾਲ ਅਵਸਥਾ ਦੇ ਤਿੰਨ ਸਾਲਾਂ ਵਿੱਚ ਜਿਹੜੇ ਕਾਰਜ ਬਾਬਾ ਪ੍ਰੀਤਮ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਕੀਤੇ, ਉਹ ਕਿੰਨੇ ਵਿਲੱਖਣ ਅਤੇ ਵਿਸ਼ੇਸ਼ ਹਨ।

ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਗੁਰਤਾ ਗੱਦੀ ਦੇ ਤਿੰਨ ਵਰ੍ਹਿਆਂ ਵਿੱਚ ਗੁਰੂ ਘਰ ਦੀ ਸੇਵਾ ਅਤੇ ਪਰੰਪਰਾਵਾਂ ਨੂੰ ਕਾਇਮ ਰੱਖਦਿਆਂ ਕੇਵਲ ਸਿੱਖ ਸੰਗਤ ਦੀ ਅਗਵਾਈ ਹੀ ਨਹੀਂ ਕੀਤੀ, ਸਗੋਂ ਗੁਰੂ ਨਾਨਕ ਸਾਹਿਬ ਦੇ ਧਰਮ-ਆਦਰਸ਼ਾਂ ਨੂੰ ਕਾਇਮ ਰੱਖਦਿਆਂ ਪ੍ਰਚਾਰ ਤੇ ਪ੍ਰਸਾਰ ਪੂਰੀ ਸਰਗਰਮੀ ਨਾਲ ਕੀਤਾ। ਸਮਾਜਿਕ ਤੇ ਰਾਜਨੀਤਿਕ ਤੌਰ 'ਤੇ ਸਿੱਖ ਸੰਗਤ ਨੂੰ ਆਪਣੇ ਪੂਰਵਜਾਂ ਵਾਂਗ ਹੀ ਜਾਗ੍ਰਿਤ ਕਰਦੇ ਰਹੇ। ਜਦੋਂ ਸਮਕਾਲੀ ਬਾਦਸ਼ਾਹ ਔਰੰਗਜ਼ੇਬ ਨੇ ਆਪਣੇ ਦਰਬਾਰ ਵਿੱਚ ਬੁਲਾਇਆ ਤਾਂ ਉਸ ਦੀ ਕੂਟਨੀਤੀ ਨੂੰ ਸਮਝਦਿਆਂ ਦਰਸ਼ਨ-ਦੀਦਾਰੇ ਦੇਣ ਤੋਂ ਨਾਂਹ ਕਰਦਿਆਂ ਉਸ ਨੂੰ ਅਤਿਆਚਾਰੀ ਤੇ ਜ਼ਾਲਮ ਕਹਿ ਕੇ ਮਿਲਣ ਤੋਂ ਇਨਕਾਰ ਕਰ ਦਿੱਤਾ।

ਆਪਣੀ ਬਿਬੇਕ ਬੁੱਧੀ ਅਤੇ ਜਾਗਤਿ-ਜੋਤ ਦਾ ਪ੍ਰਮਾਣ ਦਿੰਦਿਆਂ ਆਪਣੇ ਜੋਤਿ-ਜੋਤ ਸਮਾਉਣ ਸਮੇਂ ਬਾਬਾ-ਬੁਕਾਲੇ ਦਾ ਸੰਕੇਤ ਦੇ ਕੇ ਆਪਣੀ ਸਿਆਣਪ, ਤੀਖਣ ਬੁੱਧੀ ਅਤੇ ਦੂਰ ਦ੍ਰਿਸ਼ਟੀ ਨਾਲ ਗੁਰੂ ਨਾਨਕ ਦੀ ਨੌਵੀਂ ਜੋਤਿ ਦਾ ਐਲਾਨ ਕਰ ਦਿੱਤਾ। ਆਪ ਜੀ ਆਪਣੇ ਥੋੜ੍ਹੇ ਸਮੇਂ ਦੇ ਗੁਰੂ ਕਾਲ ਦੌਰਾਨ ਗੁਰੂ ਘਰ ਦੇ ਦੋਖੀਆਂ, ਦਾਅਵੇਦਾਰਾਂ, ਨਿੰਦਕਾਂ ਵਜੋਂ ਵਿਚਰ ਰਹੇ ਧੀਰਮੱਲੀਆਂ, ਸੋਢੀਆਂ, ਰਾਮਰਾਈਆਂ ਤੇ ਸ਼ਾਹੀ ਦਾਅਵੇਦਾਰਾਂ ਦੀਆਂ ਕੋਝੀਆਂ ਕੂਟਨੀਤਿਕ ਚਾਲਾਂ ਨੂੰ ਸਮਝ ਕੇ ਹਮੇਸ਼ਾ ਚੜ੍ਹਦੀ ਕਲਾ ਵਿੱਚ ਵਿਚਰੇ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਆਗਮਨ ਅੱਜ ਦੇ ਦਿਨ 1656 ਈ: ਵਿੱਚ ਹੋਇਆ। ਆਪ ਜੀ ਕੀਰਤਪੁਰ ਸਾਹਿਬ ਦੀ ਪਾਵਨ ਧਰਤੀ ਉਪਰ ਪਿਤਾ ਗੁਰੂ ਹਰਿ ਰਾਇ ਸਾਹਿਬ ਅਤੇ ਮਾਤਾ ਕ੍ਰਿਸ਼ਨ ਕੌਰ ਦੇ ਗ੍ਰਹਿ ਵਿਖੇ ਪ੍ਰਗਟ ਹੋਏ। ਇਤਿਹਾਸ ਇਸ ਗੱਲ ਦੀ ਗਵਾਹੀ ਦਿੰਦਾ ਹੈ ਕਿ ਕੀਰਤਪੁਰ ਸਾਹਿਬ ਵਿੱਚ ਗੁਰੂ ਪਿਤਾ ਗੁਰੂ ਹਰਿ ਰਾਇ ਸਾਹਿਬ ਦੇ ਦਰਬਾਰ ਵਿੱਚ ਹਰ ਰੋਜ਼ ਅੰਮ੍ਰਿਤ ਵੇਲੇ ਤੇ ਸੰਧਿਆ ਸਮੇਂ ਹੋਣ ਵਾਲੇ ਗੁਰੂ-ਕੀਰਤੀ ਸਮਾਗਮਾਂ ਸਮੇਂ ਆਪ ਜੀ ਸੰਗਤੀ ਰੂਪ ਵਿੱਚ ਸ਼ਾਮਿਲ ਹੋ ਕੇ ਗੁਰੂ ਮਹਿਮਾਂ ਦੇ ਕਾਰਜ ਕਰਦੇ ਸਨ।

ਅਸਲ ਵਿੱਚ ਪ੍ਰਭੂ ਦਾ ਗਿਆਨ ਭਾਵ ਬ੍ਰਹਮ ਗਿਆਨ ਦੀ ਕੋਈ ਅਵਸਥਾ ਨਹੀਂ। ਵੱਡੀ ਉਮਰ ਜਾਂ ਬਾਲ ਅਵਸਥਾ ਨਾਲ ਇਸ ਗੱਲ ਦਾ ਕੋਈ ਸਬੰਧ ਨਹੀਂ। ਬਾਬਾ ਪ੍ਰੀਤਮ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਬਚਪਨ ਵਿੱਚ ਹੀ ਵਿਕਾਰਾਂ ਤੋਂ ਰਹਿਤ ਸਨ। ਲਾਲਚ, ਕ੍ਰੋਧ, ਧੋਖਾ, ਕਪਟ, ਦੁਬਿਧਾ ਵਰਗੇ ਔਗੁਣ ਉਨ੍ਹਾਂ ਦੇ ਨੇੜੇ-ਤੇੜੇ ਵੀ ਨਹੀਂ ਸਨ ਆਉਂਦੇ। ਬਾਲ ਅਵਸਥਾ ਵਿੱਚ ਹੀ ਉਨ੍ਹਾਂ ਦੇ ਅਨੁਭਵ ਅਤੇ ਬ੍ਰਹਮ-ਗਿਆਨ ਦੀ ਅਵਸਥਾ ਵੱਡੇ-ਵੱਡੇ ਜਪੀਆਂ, ਤਪੀਆਂ ਨੂੰ ਮਾਤ ਪਾਉਂਦੀ ਸੀ। ਹਿਰਦੇ ਦੀ ਕੋਮਲਤਾ, ਪਰਉਪਕਾਰ ਵਾਲੀ ਬਿਰਤੀ, ਨਿਮਰਤਾ, ਨਿਰਛਲਤਾ ਤੇ ਨਿਆਂ ਦੇਣ ਵਾਲੇ ਵੱਡੇ ਗੁਣ ਉਨ੍ਹਾਂ ਦੀ ਸ਼ਖ਼ਸੀਅਤ ਦੇ ਉੱਭਰਵੇਂ ਗੁਣ ਸਨ। ਦੋ ਵੱਡੇ ਗੁਣ ਕਿਸੇ ਰੱਬੀ-ਰੂਹ ਨੂੰ ਵੱਡਾ ਬਣਾਉਂਦੇ ਹਨ-ਪਹਿਲਾ ਗੁਣ ਬ੍ਰਹਮ-ਗਿਆਨ ਤੇ ਦੂਜਾ ਆਤਮਿਕ ਬਲ। ਇਹ ਦੋਵੇਂ ਗੁਣ ਬਾਬਾ ਪ੍ਰੀਤਮ ਦੀ ਬਾਲ-ਸ਼ਖ਼ਸੀਅਤ ਦੇ ਸ਼ਿੰਗਾਰ ਸਨ। ਗੁਰੂ ਪਰੰਪਰਾ ਮੁਤਾਬਿਕ ਹਰ ਸ਼ੰਕੇ ਦੀ ਨਵਿਰਤੀ ਗਿਆਨ ਨਾਲ ਹੋ ਸਕਦੀ ਹੈ। ਸਾਰੇ ਗੁਰੂ ਸਾਹਿਬਾਨ ਨੇ ਹਰ ਕਠਿਨ ਪ੍ਰਸ਼ਨ ਦਾ ਸਮਾਧਾਨ ਤਰਕ ਤੇ ਪਿਆਰ ਨਾਲ ਕੀਤਾ। ਪੰਜੋਖਰਾ ਸਾਹਿਬ ਦੀ ਸਾਖੀ ਮੁਤਾਬਿਕ ਹੰਕਾਰੀ ਪੰਡਿਤ ਲਾਲ ਚੰਦ ਦੇ ਸਵਾਲ ਦਾ ਸਮਾਧਾਨ ਅਨਪੜ੍ਹ ਅਤੇ ਗੂੰਗੇ ਛੱਜੂ ਦੇ ਸਿਰ ਉੱਤੇ ਸਮਰੱਥ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਹੱਥ ਰੱਖਦਿਆਂ ਆਪਣੇ ਆਤਮਿਕ ਬਲ ਦੇ ਪ੍ਰਗਟਾਵੇ ਨਾਲ ਕੀਤਾ। ਰਾਜਾ ਜੈ ਸਿੰਘ ਦੇ ਬੰਗਲੇ (ਬੰਗਲਾ ਸਾਹਿਬ) ਪਟਰਾਣੀ ਦੀ ਪਛਾਣ ਦਾ ਸੱਚ ਵੀ ਆਪਣੀ ਸਮਰੱਥਾ ਨਾਲ ਕੀਤਾ।

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਜਿਹੜਾ ਪ੍ਰਚਾਰ ਤੇ ਪ੍ਰਸਾਰ ਪੰਜ ਤੋਂ ਅੱਠ ਸਾਲ ਦੀ ਸਰੀਰਕ ਅਵਸਥਾ ਵਿੱਚ ਕੀਤਾ, ਅਜਿਹਾ ਹੀ ਗੁਰਮਤਿ ਸਿਧਾਂਤਾਂ ਦਾ ਪ੍ਰਚਾਰ ਤੇ ਪ੍ਰਸਾਰ ਗੁਰੂ ਨਾਨਕ ਸਾਹਿਬ ਦੀ ਜੋਤਿ ਸ੍ਰੀ ਗੁਰੂ ਅਮਰਦਾਸ ਜੀ (ਤੀਜੇ ਸਤਿਗੁਰੂ) ਨੇ 96 ਸਾਲ ਦੀ ਸਰੀਰਕ ਅਵਸਥਾ ਵਿੱਚ ਕੀਤਾ। ਕਿਉਂਕਿ ਦੋਵੇਂ ਗੁਰੂ ਸਾਹਿਬਾਨ ਦੀ ਜੋਤਿ ਅਤੇ ਜੁਗਤਿ ਇਕੋ ਜਿਹੀ ਸੀ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਆਪਣੇ ਤੋਂ ਪਹਿਲਾਂ ਸਾਰੀਆਂ ਗੁਰੂ ਜੋਤਾਂ ਵੱਲੋਂ ਪਾਏ ਪੂਰਨਿਆਂ 'ਤੇ ਚੱਲਦਿਆਂ, ਉਦੇਸ਼ਾਂ ਤੇ ਆਦਰਸ਼ਾਂ ਦੀ ਪੂਰਤੀ ਲਈ ਨਿਰਵੈਰਤਾ ਅਤੇ ਨਿਰਭੈਤਾ ਨਾਲ ਪਹਿਰਾ ਦਿੱਤਾ। ਛੋਟੀ ਅਵਸਥਾ ਵਿੱਚ ਸਿੱਖ ਫਲਸਫ਼ੇ ਤੇ ਸਿਧਾਂਤਾਂ ਦਾ ਪ੍ਰਚਾਰ ਕਰਦਿਆਂ ਬ੍ਰਹਮ-ਗਿਆਨ ਤੇ ਆਤਮਿਕ ਬਲ ਦਾ ਅਜਿਹਾ ਪ੍ਰਗਟਾਵਾ ਕੀਤਾ, ਜਿਸ ਤੋਂ ਪ੍ਰਭਾਵਿਤ ਹੋ ਕੇ ਰਾਜਾ ਜੈ ਸਿੰਘ ਨੇ ਸ਼ਰਧਾ ਤੇ ਪਿਆਰ ਦੀ ਮੂਰਤੀ ਬਣ ਕੇ ਆਪਣਾ ਰਿਹਾਇਸ਼ੀ ਅਸਥਾਨ ਵੀ ਸਤਿਗੁਰੂ ਨੂੰ ਸਮਰਪਿਤ ਕਰ ਦਿੱਤਾ। ਜਿਸ ਨੂੰ ਪਹਿਲਾਂ ਸਰਦਾਰ ਬਘੇਲ ਸਿੰਘ ਤੇ ਪਿੱਛੋਂ ਸਿੱਖ ਸੰਗਤਾਂ ਨੇ ਗੁਰ-ਦੁਆਰਾ ਸ੍ਰੀ ਬੰਗਲਾ ਸਾਹਿਬ ਦੇ ਰੂਪ ਵਿੱਚ ਸੰਭਾਲਿਆ, ਗੁਰੂ ਹਰਿਕ੍ਰਿਸ਼ਨ ਸਾਹਿਬ 1664 ਈ: ਵਿੱਚ ਜੋਤੀ ਜੋਤਿ ਸਮਾ ਗਏ। ਦੁੱਖਾਂ ਤੇ ਰੋਗਾਂ ਤੋਂ ਛੁਟਕਾਰਾ ਪ੍ਰਾਪਤ ਕਰਨ ਲਈ ਅੱਜ ਲੱਖਾਂ ਸਿੱਖ ਸੰਗਤ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਨਤਮਸਤਕ ਹੁੰਦੀ ਹੈ।

# ਭਾਰਤੀ ਮੂਲ ਦੇ ਵਿਅਕਤੀ 'ਤੇ ਨਸਲੀ ਹਮਲਾ, ਹਾਲਤ ਗੰਭੀਰ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਵੈਸਟ ਵੈਲੀ ਸਿਟੀ, ਯੂਟਾਹ ਵਿੱਚ ਇੱਕ ਨਸਲੀ ਨਫ਼ਰਤ ਭਰੇ ਅਪਰਾਧ 'ਚ ਹੈਦਰਾਬਾਦ ਦੇ ਇੱਕ ਵਿਅਕਤੀ ਨੂੰ ਇੱਕ ਸ਼ਾਪਿੰਗ ਮਾਲ ਵਿੱਚ ਕਈ ਵਾਰ ਚਾਕੂ ਮਾਰ ਕੇ ਉਸ ਨੂੰ ਗੰਭੀਰ ਜ਼ਖ਼ਮੀ ਕਰ ਦਿੱਤਾ। ਹਮਲਾਵਰ ਨੇ ਕਥਤੀ ਤੌਰ 'ਤੇ ਉਸ ਦੇ ਧਰਮ ਕਾਰਨ ਉਸ ਨੂੰ ਨਿਸ਼ਾਨਾ ਬਣਾਇਆ । ਪੀੜਤ ਦੀ ਪਛਾਣ ਭਾਰਤੀ ਮੂਲ ਦੇ 37 ਸਾਲਾ ਸਈਦ ਸੋਹੈਲੁਦੀਨ ਵਜੋਂ ਹੋਈ ਹੈ। ਹਮਲਾਵਰ ਨੇ ਸੋਹੈਲੁਦੀਨ ਨੂੰ 15 ਤੋਂ ਵੱਧ ਵਾਰ ਚਾਕੂ ਮਾਰਨ ਤੋਂ ਪਹਿਲਾਂ ਪੁੱਛਿਆ ਕਿ ਕੀ ਉਹ ਮੁਸਲਮਾਨ ਹੈ। ਸੋਹੈਲੁਦੀਨ ਸ਼ਾਪਿੰਗ ਮਾਲ ਵਿੱਚ ਇੱਕ ਦੁਕਾਨ ਚਲਾਉਂਦਾ ਹੈ। ਪੁਲਿਸ ਦੇ ਪਹੁੰਚਣ ਤੋਂ ਪਹਿਲਾਂ ਹੀ ਰਾਹਗੀਰਾਂ ਨੇ ਹਮਲਾਵਰ ਨੂੰ ਕਾਬੂ ਕਰ ਲਿਆ ਜਿਸ ਦੀ ਪਛਾਣ ਪੀਟਰ ਮਾਈਕਲ ਲਾਰਸਨ ਵਜੋਂ ਹੋਈ ਹੈ।ਭਾਰਤ ਦੇ ਹੈਦਰਾਬਾਦ ਵਿਚ ਰਹਿੰਦੇ ਸੋਹੈਲੁਦੀਨ ਦੇ ਪਰਵਾਰਿ ਨੇ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਨੂੰ ਅਪੀਲ ਕੀਤੀ ਹੈ ਕਿ ਉਹ ਇਹ ਮਾਮਲਾ ਅਮਰੀਕੀ ਅਧਕਿਾਰੀਆਂ ਕੋਲ ਉਠਾਉਣ ਅਤੇ ਅਮਰੀਕਾ ਦੀ ਯਾਤਰਾ ਲਈ ਨਜ਼ਦੀਕੀ ਪਰਵਾਰਿਕ ਮੈਂਬਰਾਂ ਨੂੰ ਵੀਜ਼ੇ ਦੀ ਸਹੂਲਤ ਦੇਣ।

- ਲੇਖਕ -
ਗਿ: ਗੁਰਬਖਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743




**ਕਿਸ਼ਤ-47**

# ਗੁਰੁ ਬੈਠਾ ਅਮਰੁ ਸਰੂਪ ਹੋਇ




ਬਚਨ ਕਹਯੋ, 'ਸੁਨਿ ਮਾਈ ਦਾਸ।
ਅਬ ਤੁ ਰਹਹੁ ਹਮਾਰੇ ਪਾਸ।25॥
ਪ੍ਰਭੁ ਕੋ ਦਰਸ਼ਨ ਇਹ ਠਾਂ ਪਾਇਸ।
ਸਰਬ ਕਾਮਨਾ ਤੇ ਤ੍ਰਿਪਤਾਇਸਿ।..26॥

'ਜੀ! ਸਤਿ ਹੈ ਜੋ ਆਪ ਨੇ ਆਖਿਆ। ਜਦ ਤੱਕ ਆਪ ਹੁਕਮ ਕਰੋਗੇ ਮੈਂ ਏਥੇ ਠਹਿਰਾਂਗਾ ਅਰ ਆਪ ਜੀ ਦੇ ਦਰਸ਼ਨ ਕਰਾਂਗਾ'।

ਭਾਈ ਮਾਈ ਦਾਸ ਕੁਝ ਸਮਾਂ ਹੋਰ ਬੈਠਿਆ ਫਿਰ ਸ੍ਰੀ (ਗੁਰੂ) ਰਾਮਦਾਸ ਜੀ ਓਨ੍ਹਾਂ ਦਾ ਉਤਾਰਾ ਨੇੜੇ ਹੀ ਕਰਵਾ ਦਿੱਤਾ ਜਿਥੋਂ ਏਹ ਲਗਾਤਾਰ ਆ ਕੇ ਦਰਬਾਰ ਦੀ ਹਾਜ਼ਰੀ ਭਰਦੇ ਰਹੇ।

ਹਫ਼ਤਾ ਕੁ ਬੀਤਿਆ ਸੀ ਜਦੋਂ ਬਾਉਲੀ ਦਾ ਕੜ ਟੁੱਟਾ ਅਰ ਭਾਈ ਮਾਣਕ ਚੰਦ ਨੂੰ ਬਖ਼ਸ਼ਿਸ਼ਾਂ ਹੋਈਆਂ। ਇਸ ਸਮੇਂ ਮਾਈ ਦਾਸ ਵੀ ਦਰਬਾਰ ਵਿਚ ਹਾਜ਼ਰ ਸਨ। ਗੁਰਦੇਵ ਜੀ ਨੇ ਇਨ੍ਹਾਂ ਨੂੰ ਆਖਿਆ ਕਿ ਤੁਸੀਂ ਭਾਈ ਮਾਣਕ ਚੰਦ ਨਾਲ ਚਲੇ ਜਾਉ, ਇਨ੍ਹਾਂ ਦਾ ਨਗਰ ਤੁਹਾਡੇ ਨੇੜੇ ਹੀ ਵੈਰੋਵਾਲ ਹੈ।ਇਨ੍ਹਾਂ ਕੋਲ ਰਹਿ ਕੇ ਗੁਰਮਤ ਜੀਵਨ ਦੀ ਸੋਝੀ ਹੌਲੀ ਹੌਲੀ ਪ੍ਰਾਪਤ ਕਰੋ ਕਿਉਂਕਿ ਜਿਸ ਮਾਰਗ 'ਤੇ ਤੁਸੀਂ ਚੱਲ ਰਹੇ ਹੋ ਉਸ ਨਾਲੋਂ ਸਤਿਗੁਰੂ ਨਾਨਕ ਸਾਹਿਬ ਜੀ ਦਾ ਮਾਰਗ ਬਹੁਤ ਭਿੰਨ ਹੈ ਸੋ, ਤੁਸੀਂ ਇਨ੍ਹਾਂ ਦੀ ਸੰਗਤ ਵਿਚ ਰਹਿ ਕੇ ਨਾਮ-ਬਾਣੀ ਨਾਲ ਜੁੜੋ ਅਰ ਨਾਲ ਹੀ ਇਨ੍ਹਾਂ ਨਾਲ ਵਿਚਰ ਕੇ ਵੈਰੋਵਾਲ, ਨਰੋਲੀ ਆਦਿ ਹੋਰ ਇਲਾਕੇ ਵਿਚ ਗੁਰਮਤਿ ਪ੍ਰਚਾਰ ਕਰੋ'।

'ਸਤਿਬਚਨ' ਕਹਿ ਕੇ ਭਾਈ ਮਾਈ ਦਾਸ ਉਸੇ ਸਮੇਂ ਭਾਈ ਮਾਣਕ ਚੰਦ ਨਾਲ ਰਵਾਨਾ ਹੋ ਗਏ, ਫਿਰ ਵੈਸਾਖੀ ਦਿਨਾਂ ਦੌਰਾਨ ਜਾਂ ਅੱਗੇ ਪਿੱਛੇ ਸੰਗਤਾਂ ਸਹਿਤ ਗੁਰੂ ਕੇ ਦਰਸ਼ਨਾਂ ਨੂੰ ਆਉਂਦੇ ਰਹੇ।

ਦੋਨਹੁੰ ਗਮਨ ਕੀਨ ਤਤਕਾਲੇ।
ਸਦਨ ਆਪਨੇ ਬਸੇ ਸੁਖਾਲੇ।41॥...
ਹੋਹਿ ਬਸੋਏ ਕੇ ਦਿਨ ਜਬੈ।
ਚਲਿ ਆਵਹਿਂ ਸਤਿਗੁਰ ਢਿਗ ਤਬੈ।
43॥54॥ ਰਾਸ 1

## ਹੋਰ ਇਤਿਹਾਸਕ ਹਵਾਲੇ:

ਏਕ ਸਮੇ ਮਾਈ ਦਾਸ ਦਰਸਨ ਕੋ ਆਇਆ ਥਾ। ਗੁਰੂ ਕੀ ਆਗਿਆ ਹੋਈ ਕਿ ਮਾਈ ਦਾਸ ਲੰਗਰ ਕਾ ਪ੍ਰਸਾਦ ਕਰ ਕੇ ਦਰਸਨ ਕੋ ਆਵੇ। ਤੋ ਮਾਈ ਦਾਸ ਕ੍ਰਿਆ ਸੋ ਖਾਤਾ ਥਾ ਤਿਸ ਕਰ ਕੇ ਪ੍ਰਸਾਦ ਨ ਪਾਇਆ। ਅਰ ਦਰਸਨ ਭੀ ਨਹੀ ਹੋਆ।...ਮਾਈ ਦਾਸ ਫਿਰ ਕਰ ਦੁਆਰਕਾ ਕੋ ਚਲੇ ਗਏ।..ਤਬ ਨਾਰਾਇਨ ਕੀ ਕਿਰਪਾ ਹੋਈ। ਅਰ ਆਗਿਆ ਹੋਈ। ਤੁਸੀ ਗੋਇੰਦਵਾਲ ਜਾਉ ਉਹਾ ਲੰਗਰ ਕਾ ਪ੍ਰਸਾਦ ਲੇਨਾ ਅਰ ਦਰਸਨ ਭੀ ਮੇਰਾ ਕਰਨਾ।...ਪਾਇ ਕਰ ਸਤਿਗੁਰ ਕੇ ਦਰਸਨ ਕੋ ਗਏ। ਜਾਤੇ ਹੀ ਚਤਰਭੁਜ ਕਾ ਦਰਸਨ ਹੋਆ। ਤਬ ਮਾਈ ਦਾਸ ਅਰਦਾਸ ਕੀਤੀ - ਸਚੇ ਪਾਤਸਾਹ ਸਰੂਪ ਮਿਲੇ ਜੋ ਮੈ ਸਿਖ ਹੋਵਾ। ਤਬ ਬਚਨ ਹੋਆ-ਤੇਰਾ ਗੁਰੂ ਆਜ ਤੇ ਆਠਵੇ ਦਿਨ ਪਰਗਟ ਹੋਵੈਗਾ।... ਤੁਮ ਦੋਨੋ ਮਿਲ ਕਰ ਜਗਤ ਕੋ ਸਤਨਾਮ ਕਾ ਉਪਦੇਸ ਕਰੋ। ਗੁਰਮੁਖ ਪੰਥ ਚਲਾਵੋ। ਤਬ ਦੋਨੋ ਬਚਨ ਲੇ ਕਰ ਅਪਨੇ ਅਸਥਾਨ ਪਰ ਆਏ। ਗੁਰੂ ਕੀ ਆਗਿਆ ਸੋ ਉਪਦੇਸ ਕਰਨੇ ਲਗੇ। ਮ.ਪ੍ਰ.ਵਾ.

'ਅਬ ਤੁਮ ਅਪਨੇ ਗ੍ਰਿਹ ਮਹਿ ਜਾਵੋ।
ਹਰਿ ਹਰਿ ਜਪੋ ਸਭ ਲੋਕ ਜਪਾਵੋ।
ਗੁਰਮੁਖ ਪੰਥ ਜਗ ਕਰਹੁ ਪ੍ਰਕਾਸ।
ਸਭ ਘਰ ਹੋਵੈ ਭਗਤ ਨਿਵਾਸ'।17॥ ...
ਬਸੋਏ ਕੇ ਦਿਨ ਮੇਲੇ ਸੰਗਤ।
ਭਜਨ ਕਰਤ ਆਵੈ ਮਿਲ ਪੰਗਤ।
ਗੁਰ ਅਮਰ ਦਇਆਲ ਕਾ ਦਰਸਨ ਕਰੈ।
ਪਾਇ ਭਗਤ ਸਿੰਧ ਭਵ ਤਰੈ।20॥92॥
ਮ.ਪ੍ਰ.

ਪ੍ਰਸ਼ਨ ਹੁੰਦਾ ਹੈ ਕਿ ਕਿਉਂ ਮਾਈ ਦਾਸ ਨੂੰ ਆਪਣੇ ਤਾਰੇ ਇਕ ਪੂਰਨ ਗੁਰਸਿਖ ਦੇ ਹਵਾਲੇ ਕੀਤਾ ਤੇ ਉਸ ਦੀ ਅਗੁਵਾਈ ਵਿਚ ਟੋਰਿਆ, ਆਪ ਹੀ ਸਿਧਾ ਪਰਮਪਦ ਨੂੰ ਕਿਉਂ ਨਾ ਪਹੁੰਚਾਇਆ। ਗੁਰੂ ਕੀ ਗਤ ਗੁਰੂ ਜਾਨੇ, ਪਰ ਇਉਂ ਜਾਪਦਾ ਹੈ ਕਿ ਮਾਈ ਦਾਸ ਸਰਗੁਣ ਭਗਤੀ ਦਾ ਉਪਾਸ਼ਕ ਸੀ, ਉਸ ਨੂੰ ਨਿਰਗੁਣ ਦੀ ਉਪਾਸ਼ਨਾ ਵਿਚ ਪਾ ਕੇ ਪਰਮਪਦ ਤੇ ਪਹੁੰਚਾਣਾ ਸੀ ਜਿਸ ਲਈ ਲੋੜ ਸੀ ਕਿ ਕਿਸੇ ਗੁਰੂ ਘਰ ਦੇ ਪਾਰਗਿਰਾਮੀ ਗੁਰਮੁਖ ਦੀ ਸੁਹਬਤ ਵਿਚ ਰਹੇ।...ਦੂਸਰੇ, ਸਤਿਗੁਰ ਜੀ ਨੇ ਡਿੱਠਾ ਹੋਣਾ ਹੈ ਕਿ ਆਪਣੀ ਪਹਿਲੀ ਕਰਨੀ ਕ੍ਰਿਤ ਦਾ ਕੁਛ ਮਾਨ ਇਸ ਦੇ ਅੰਦਰ ਅਜੇ ਹੈ ਜੋ ਗੁਰਸਿਖ ਦੇ ਚਰਨੀਂ ਲਾਇਆਂ ਹਟੇਗਾ।ਗੁ.ਚ.

ਸਮਾਂ ਪਾ ਕੇ ਗੁਰੂ ਪਾਤਸ਼ਾਹ ਜੀ ਨੇ ਆਤਮ-ਦਰਸੀ ਭਾਈ ਮਾਈ ਦਾਸ ਨੂੰ ਗੁਰਮਤਿ ਪ੍ਰਚਾਰ ਲਈ ਮੰਜੀ ਦੀ ਬਖ਼ਸ਼ਿਸ਼ ਕੀਤੀ।

ਸਤਿਗੁਰ ਕੀ ਸੇਵਾ ਸਫਲ ਹੈ- ਭਾਈ ਸਾਧਾਰਨ

ਸਲੋਕ ਮ:3॥ ਸਤਿਗੁਰ ਕੀ ਸੇਵਾ ਸਫਲ ਹੈ
ਜੇ ਕੋ ਕਰੇ ਚਿਤੁ ਲਾਇ॥
ਮਨਿ ਚਿੰਦਿਆ ਫਲੁ ਪਾਵਣਾ
ਹਉਮੈ ਵਿਚਹੁ ਜਾਇ॥
ਬੰਧਨ ਤੋੜੈ ਮੁਕਤਿ ਹੋਇ
ਸਚੇ ਰਹੈ ਸਮਾਇ॥
ਇਸੁ ਜਗ ਮਹਿ ਨਾਮੁ ਅਲਭੁ ਹੈ
ਗੁਰਮੁਖਿ ਵਸੈ ਮਨਿ ਆਇ॥
ਨਾਨਕ ਜੋ ਗੁਰੁ ਸੇਵਹਿ ਆਪਣਾ
ਹਉ ਤਿਨ ਬਲਿਹਾਰੈ ਜਾਉ॥1॥ ਪੰਨਾ 644

ਬਕਾਲਾ ਨਿਵਾਸੀ, ਲੋਹਾਰਾ/ਤਰਖਾਣਾ ਕੰਮ ਕਰਨ ਵਾਲਾ, ਇਕ ਵਡਭਾਗਾ ਸੱਜਣ ਸੀ ਜਿਸ ਦਾ ਸ਼ੁਭ ਨਾਮ ਸੀ -ਸਾਧਾਰਨ। ਬਾਉਲੀ ਸਾਹਿਬ ਦੀ ਸੇਵਾ ਹੁੰਦੀ ਵੇਖ ਕੇ ਇਹ ਕਿਰਤੀ ਵੀ ਸੇਵਾ ਵਿਚ ਆਪਣਾ ਹਿੱਸਾ ਪਾਉਣ ਆ ਗਿਆ। ਖੁਦਾਈ ਉਪਰੰਤ ਜਿਸ ਵੇਲੇ ਪੌੜੀਆਂ ਬਣਨ ਲੱਗੀਆਂ ਤਾਂ ਗੁਰਦੇਵ ਜੀ ਨੇ ਉਸ ਨੂੰ ਆਖਿਆ ਕਿ ਉਹ ਕਾਰੀਗਰਾਂ ਨਾਲ ਰਲ ਕੇ ਪੌੜੀਆਂ ਦੇ ਮੱਥੇ 'ਤੇ ਲੱਕੜ ਲਾ ਕੇ ਉਨ੍ਹਾਂ ਨੂੰ ਮਜ਼ਬੂਤ ਕਰੀ ਜਾਵੇ। ਸਾਧਾਰਨ ਉਸੇ ਤਰਹ ਲਗਾਤਾਰ ਕਰਦਾ ਗਿਆ। ਜਿਸ ਵੇਲੇ ਥੱਲਿਓਂ ਜਲ ਨਿਕਲ ਆਇਆ ਤਾਂ ਲੋੜ ਹੋਈ ਕਿ ਜਲ ਦੇ ਵਿਚ ਕੁਝ ਪੌੜੀਆਂ ਬਣਾਈਆਂ ਜਾਣ ਤਾਂ ਜੁ ਜਲ ਵਿਚ ਖਲੋ ਕੇ ਸ਼ਨਾਨ ਕਰਨਾ ਸੌਖਾ ਹੋ ਜਾਵੇ। ਸਾਧਾਰਨ ਜੀ ਬੜੇ ਸੂਝਵਾਨ ਪ੍ਰੇਮੀ ਸਨ, ਉਨ੍ਹਾਂ ਨੇ ਠੀਕ ਤਰਕੀਬ ਨਾਲ ਚਿਰ ਤੱਕ ਪਾਣੀ ਵਿਚ ਨਾ ਗਲਣ ਵਾਲੀ ਲੱਕੜ ਮੰਗਵਾ ਕੇ ਉਸ ਦੀਆਂ ਸੱਤ ਪੌੜੀਆਂ ਤਿਆਰ ਕੀਤੀਆਂ ਜੋ ਏਨੀਆਂ ਜ਼ਿਆਦਾ ਚੌੜੀਆਂ ਸਨ ਕਿ ਆਸਾਨੀ ਨਾਲ ਉਨ੍ਹਾਂ ਉੱਪਰ ਬੈਠਿਆ ਵੀ ਜਾ ਸਕੇ। ਇਸ ਨਾਲ ਖੜੇ ਹੋ ਕੇ ਸ਼ਨਾਨ ਕਰਨਾ ਵੀ ਸੁਰਖਿਅਤ ਸੀ।

ਇਸ ਦੇ ਨਾਲ ਹੀ ਸਾਧਾਰਨ ਜੀ ਨੇ ਇਨ੍ਹਾਂ ਸੱਤਾਂ ਪੌੜੀਆਂ ਵਿਚ ਲੋਹੇ ਦੀਆਂ ਮੇਖਾਂ ਲਾ ਕੇ ਆਪਸ ਵਿਚ ਚੰਗਾ ਜੋੜ ਦਿੱਤਾ ਅਰ ਜਲ ਵਿਚ ਕੰਧ ਨਾਲ ਖੜੀਆਂ ਕਰ ਕੇ, ਤਿਆਰ ਕੀਤੀਆਂ ਲੋਹੇ ਦੀਆਂ ਮਜ਼ਬੂਤ ਪੱਤੀਆਂ ਅਰ ਲੰਮੀਆਂ ਮੇਖਾਂ ਨਾਲ, ਪੂਰੀ ਤਰਹ ਅਡੋਲ ਕਰ ਦਿੱਤਾ।

ਜਲ ਕੇ ਨਿਕਟ ਸਪਤ ਸੌਪਾਨ।
ਲਾਇ ਕਾਠ ਤਿਨ ਰਚੀ ਮਹਾਨ।
ਜਿਸ ਤੇ ਜਲ ਸੁਖੇ ਹੀ ਲੇਯ।
ਨਾਨੁ ਪਾਨ ਜੋ ਚਹੈ ਕਰੇਯ।12॥

ਹਜ਼ੂਰ ਪਾਤਸ਼ਾਹ ਜੀ ਨੇ ਜਦੋਂ ਆਪ ਇਸ਼ਨਾਨ ਕੀਤਾ ਤਾਂ ਉਨ੍ਹਾਂ ਬਹੁਤ ਚੰਗਾ ਮਹਿਸੂਸ ਕੀਤਾ। ਕਿਰਤੀ ਸਿੱਖ ਭਾਈ ਸਾਧਾਰਨ ਜੀ ਦੀ ਇਹ ਵਿਸ਼ੇਸ਼ ਸੇਵਾ ਜਾਣ ਕੇ ਹਜ਼ੂਰ ਬਹੁਤ ਪ੍ਰਸੰਨ ਹੋਏ। ਦਰਬਾਰ ਵਿਚ ਬੁਲਾ ਕੇ ਸਿਰੋਪਾ ਬਖ਼ਸ਼ਿਆ ਅਰ ਸੰਗਤ ਵਿਚ ਉਨ੍ਹਾਂ ਨੂੰ ਸਨਮਾਨਦਿਆਂ ਹੋਇਆਂ ਫ਼ੁਰਮਾਇਆ,

'ਭਾਈ ਸਾਧਾਰਨ! ਆਪਣੀ ਕਿਰਤ-ਵਿਰਤ ਵੱਲੋਂ ਵੇਪਰਵਾਹ ਹੋ ਕੇ ਮਨੁਖਤਾ ਦੀ ਸੇਵਾ ਲਈ ਬਾਉਲੀ ਦੀ ਤਿਆਰੀ ਵਿਚ ਜੋ ਲਗਾਤਾਰ ਹਿੱਸਾ ਪਾਇਆ ਹੈ, ਉਸ ਨਾਲ ਸਾਨੂੰ ਬਹੁਤ ਪ੍ਰਸੰਨਤਾ ਹੋਈ ਹੈ। ਹੁਣ ਤੁਸੀਂ ਹੋਰ ਕਾਰ-ਵਿਹਾਰ ਛੱਡ ਕੇ ਕੇਵਲ ਗੁਰੂ ਕੀ ਸੇਵਾ ਕਰੋ। ਲੰਗਰ ਚਲਾਓ ਅਰ ਨਾਮ-ਬਾਣੀ ਨਾਲ ਲੋਕਾਂ ਨੂੰ ਕਰਤਾਰ ਨਾਲ ਜੋੜੋ, ਪਰਮ-ਗੁਰੂ ਜੀ ਤੁਹਾਡੀਆਂ ਝੋਲੀਆਂ ਲੋਕ-ਪ੍ਰਲੋਕ ਦੇ ਸੁਖਾਂ ਨਾਲ ਭਰਪੂਰ ਕਰ ਦੇਣਗੇ'।

'ਸੇਵ ਪਰੀ ਸਭ ਥਾਇ ਤੁਹਾਰੀ।
ਜਾਇ ਰਹਹੁ ਅਬਿ ਗ੍ਰੇਹ ਮਝਾਰੀ।
ਕਰਹੁ ਭਜਨ ਬੈਠੇ ਸੁਖ ਪਾਵੋ।
ਲੈਨ ਦੈਨ ਕੋ ਕਹੂੰ ਨ ਜਾਵੋ'।15॥

ਇਤਨਾ ਕਹਿ ਕੇ ਉਨ੍ਹਾਂ ਨੂੰ ਗੁਰੂ-ਘਰੋਂ ਮੰਜੀ ਬਖ਼ਸ਼ ਕੇ ਬਕਾਲੇ ਦੇ ਇਲਾਕੇ ਵਿਚ ਪ੍ਰਚਾਰ ਕਰਨ ਲਈ ਸੇਵਾ ਸੌਂਪੀ।

## ਹੋਰ ਇਤਿਹਾਸਕ ਹਵਾਲੇ:

ਤਬ ਬਚਨ ਹੋਆ -ਕੀ ਤੈ ਮੇਰੀ ਬਡੀ ਸੇਵਾ ਕੀਆ ਹੈ। ਅਬ ਤੇਰਾ ਨਾਉ ਸੰਤ ਸਾਧਾਰਨ ਹੁਆ। ਤੂ ਜਾਇ ਕਰ ਘਰ ਬੈਠ ਕਰ ਗੋਬਿੰਦ ਕਾ ਭਜਨ ਕਰ, ਸਤਿਨਾਮ ਕਾ ਮੰਤ੍ਰ ਜਪ, ਅਰ ਜਪਾਉ, ਅਰ ਬਡੀ ਦਇਆ ਹੋਈ। ਮ.ਪ੍ਰ. ਵਾਰਤਕ

ਕ੍ਰਿਪਾ ਸਿੰਧ ਤਿਸ ਲੀਆ ਬੁਲਾਇ।
ਬਡਭਾਗੀ ਪਇਆ ਚਰਨਨ ਆਇ।
ਗੁਰ ਹੋਇ ਦਇਆਲ ਮਸਤਕ ਕਰ ਧਰਾ।
ਸਤ ਨਾਮ ਮੰਤ੍ਰ ਉਚਰਾ।14॥
ਪ੍ਰਭ ਸੰਤ ਸਾਧਾਰਨ ਨਾਮ ਤਿਸ ਰਾਖਾ।
ਪ੍ਰਗਾਸ ਭਇਆ ਪੂਰਨ ਅਭਿਲਾਖਾ।
ਤੁਮਰੀ ਟਹਲ ਪਰੀ ਸਭ ਥਾਇ। ਕਰੋ ਭਜਨ ਗ੍ਰਿਹ ਮੋ ਅਬ ਜਾਇ।15॥97॥ ਮ.ਪ੍ਰ.

## ਅੰਦਰਹੁ ਲੋਭੀ -ਤਪਾ ਹਰੀ ਰਾਮ

ਗੋਇੰਦਵਾਲ ਵਿਚ ਨਿਵਾਸ ਰਖਦਾ ਤਪਾ ਹਰੀ ਰਾਮ -ਚੌਧਰੀ ਗੋਇੰਦਾ ਮੱਲ ਆਦਿਕ ਮਰਵਾਹਿਆਂ ਦਾ ਪ੍ਰੋਹਤ ਸੀ। ਇਸ ਦੇ ਨਾਲ ਹੀ ਉਸ ਨੂੰ ਅਕਬਰ ਦੇ ਪ੍ਰਸਿਧ ਦਰਬਾਰੀ ਬੀਰਬਲ ਜਿਸ ਦਾ ਅਸਲ ਨਾਂ ਮਹੇਸ਼ ਦਾਸ ਬ੍ਰਾਹਮਣ ਸੀ, ਦਾ ਗੁਰੂ ਵੀ ਕਿਹਾ ਜਾਂਦਾ ਹੈ। ਗੁਰਮਤਿ ਪ੍ਰਚਾਰ ਉਸ ਨੂੰ ਚੰਗਾ ਨ ਲੱਗਣ ਕਾਰਨ ਉਹ ਸਦਾ ਗੁਰੂ-ਘਰ ਦਾ ਵਿਰੋਧ ਕਰਦਾ। ਚੌਧਰੀ ਗੋਇੰਦੇ ਨੂੰ ਅੱਗੇ ਲਾ ਕੇ ਖੱਤ੍ਰੀਆਂ ਨੂੰ ਇਕਠੇ ਕਰ ਕੇ ਅਕਬਰ ਕੋਲ ਲਾਹੌਰ ਸ਼ਿਕਾਇਤ ਕਰਨ ਦੇ ਪਿਛੇ ਇਸ ਦਾ ਪੂਰਾ ਹੱਥ ਸੀ। ਭਾਵੇਂ ਸਮੇਂ ਨਾਲ ਗੋਇੰਦਾ ਤਾਂ ਚਲਾਣਾ ਕਰ ਗਿਆ, ਉਸ ਦੇ ਤਿੰਨ ਪੁਤ੍ਰ ਮਾੜੀਆਂ ਹਰਕਤਾਂ ਕਰ ਕੇ ਸਰਕਾਰ ਨੇ ਫਾਹੇ ਟੰਗ ਦਿੱਤੇ ਪਰ, ਇਹ ਉਸ ਦੇ ਬਾਕੀ ਬਚੇ ਇਕ ਪੁੱਤ੍ਰ ਨੂੰ ਵੀ ਗੁਰੂ ਸਾਹਿਬ ਵਿਰੁੱਧ ਉਕਸਾਉਂਦਾ ਰਹਿੰਦਾ ਸੀ। ਚੇਤੇ ਰਖਣ ਵਾਲੀ ਗੱਲ ਹੈ ਕਿ ਇਹ ਖਡੂਰ ਦੇ ਉਸ ਜੋਗੀ ਦਾ ਵੀ ਮਿੱਤ੍ਰ ਸੀ ਜਿਸ ਨੇ ਇਸ ਦੀ ਮੰਦੀ ਰਾਇ ਅਨੁਸਾਰ ਖਡੂਰ ਦੇ ਸਾਧਾਰਨ ਜ਼ਿਮੀਂਦਾਰਾਂ ਨੂੰ ਚੁੱਕ ਕੇ ਗੁਰੂ ਸਾਹਿਬ ਨੂੰ ਖਡੂਰ ਛੱਡਣ ਲਈ ਮਜਬੂਰ ਕੀਤਾ ਸੀ।

ਚਲਦਾ.....


**ਲੜੀਵਾਰ ਨਾਵਲ**

ਲੇਖਕ
ਗੁਰਨਾਮ ਬਾਵਾ
ਮ +91 83073 6430



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ
ਕਿਸ਼ਤ-17

# ਬੰਦੂਕ ਤੋਂ ਕਲਮ ਤੱਕ




**ਸੋਨੂੰ ਦਾ ਦਿਲ ਟੁੱਟ ਗਿਆ । ਉਹ ਉਥੋਂ ਨਿਰਾਸ਼ ਹੋ ਕੇ ਬੋਝਲ ਕਦਮਾਂ ਨਾਲ ਗੇਟ ਤੋਂ ਬਾਹਰ ਆ ਗਿਆ, ਸੋਨੂੰ ਦਾ ਸੋਚ-ਸੋਚ ਕੇ ਸਿਰ ਚਕਰਾਉਣ ਲੱਗ ਪਿਆ। ਬਾਹਰ ਇਕ ਚਾਹ ਦੇ ਖੋਖੇ ਤੋਂ ਉਸ ਨੇ ਪਾਣੀ ਮੰਗ ਕੇ ਪੀਤਾ ਤੇ ਫਿਰ ਉਥੇ ਬੈਠ ਕੇ ਕੁਝ ਸੋਚਣ ਲੱਗ ਪਿਆ । ਦੱਸ ਕੁ ਮਿੰਟ ਉਥੇ ਬੈਠਣ ਤੋਂ ਬਾਅਦ ਬੀ। ਐਸ। ਐਫ। ਚੌਂਕ ਤੋਂ ਬੱਸ ਚੜ੍ਹ ਕੇ ਲੁਧਿਆਣਾ ਵੱਲ ਚੱਲ ਪਿਆ । ਪਹਿਲਾਂ ਵਾਂਗ ਰਾਹ ਵਿੱਚ ਪੁਲਸ ਦਾ ਕੋਈ ਸਪੈਸ਼ਲ ਨਾਕਾ ਨਾ ਮਿਲਿਆ । ਅੱਜ ਉਸ ਨੂੰ ਕਾਮਰੇਡ ਮਾਸਟਰ ਦੀਆਂ ਕਹੀਆਂ ਸਾਰੀਆਂ ਗੱਲਾਂ ਸੱਚ ਜਾਪਣ ਲੱਗੀਆਂ ।**

**ਮੈਨੂੰ ਇਕ ਦਿਨ ਹਿਸਟਰੀ ਵਾਲੇ ਮਾਸਟਰ ਹਰਜੀਤ ਨੇ ਕਲਾਸ ਵਿੱਚ ਸਪੈਸ਼ਲ ਕਿਹਾ, ਮੈਨੂੰ ਛੁੱਟੀ ਤੋਂ ਬਾਅਦ ਕਾਕਾ ਜ਼ਰੂਰ ਮਿਲ ਕੇ ਜਾਈਂ ।**

## ਭਾਗ 20

ਸੋਨੂੰ ਜਦੋਂ ਖ਼ਾਲਸਾ ਕਾਲਜ ਦੇ ਗੇਟ 'ਤੇ ਪੁੱਜਿਆ ਤਾਂ ਦੇਖ ਕੇ ਹੈਰਾਨ ਹੋ ਗਿਆ। ਸਾਰਾ ਮਾਹੌਲ ਹੀ ਬਦਲਿਆ ਹੋਇਆ ਸੀ। ਉਹ ਸਿੱਧਾ ਕੰਟੀਨ ਅੰਦਰ ਚਲਾ ਗਿਆ। ਜਾਂਦਿਆਂ ਹੀ ਸੋਨੂੰ ਨੇ ਕੂਪਨ ਦੇਣ ਵਾਲੇ ਉਸੇ ਮੁੰਡੇ ਨੂੰ ਕਿਹਾ, ਪ੍ਰੋਫੈਸਰ ਸਾਹਿਬ ਨੂੰ ਮਿਲਣਾ ਸੀ!

ਉਸ ਨੇ ਅੱਗੋਂ ਹੱਸ ਕੇ ਕਿਹਾ, ਕਿਹੜੇ ਪ੍ਰੋਫੈਸਰ ਨੂੰ ਮਿਲਣਾ ਤੁਸੀਂ ?

ਸੋਨੂੰ ਨੇ ਫਿਰ ਥੋੜ੍ਹਾ ਖੁੱਲ੍ਹ ਕੇ ਕਿਹਾ, ਜੀ, ਉਸੇ ਹੀ ਪ੍ਰੋਫੈਸਰ ਸਾਹਿਬ ਨੂੰ ਜਿਨ੍ਹਾਂ ਨੂੰ ਤੁਸੀਂ ਤਿੰਨ ਚਾਰ ਸਾਲ ਪਹਿਲਾਂ ਮਿਲਵਾਇਆ ਸੀ।

ਉਹ ਅੱਗੋਂ ਹੱਸ ਕੇ ਬੋਲਿਆ, ਤੁਹਾਡਾ ਪ੍ਰੋਫੈਸਰ ਐਥੋਂ ਅਸਤੀਫਾ ਦੇ ਗਿਆ, ਤੇ ਅੱਜ ਕੱਲ੍ਹ ਆਪਣੇ ਪਿੰਡਾਂ ਵੱਲ ਕਿਧਰੇ ਸਰਕਾਰੀ ਮਾਸਟਰ ਲੱਗ ਗਿਆ, ਉਥੋਂ ਲੱਭ ਲਓ ਜਾ ਕੇ ਭਾਜੀ, ਮੈਨੂੰ ਕੰਮ ਕਰਨ ਦਿਉ।

ਸੋਨੂੰ ਨੂੰ ਇਹ ਸਾਰੀ ਗੱਲ ਮਜ਼ਾਕ ਵਾਂਗ ਲੱਗੀ ਤੇ ਉਹ ਰੋਣ ਵਰਗਾ ਮੂੰਹ ਬਣਾ ਕੇ ਬੋਲਿਆ, ਵੀਰ ਜੀ ਪਲੀਜ਼, ਮੈਨੂੰ ਸਾਫ਼-ਸਾਫ਼ ਗੱਲ ਦੱਸੋ।

ਹੁਣ ਉਸ ਮੁੰਡੇ ਨੇ ਗੱਲ ਮੁਕਾਉਂਦਿਆਂ ਕਿਹਾ, ਭਾਈ ਮੈਂ ਸੱਚ ਬੋਲ ਰਿਹਾਂ, ਉਹ ਸਰਕਾਰੀ ਮਾਸਟਰ ਲੱਗ ਗਿਆ, ਤੇਰੇ ਵਰਗਿਆਂ ਨੂੰ ਜੋਗੀ ਬਣਾ ਕੇ, ਜੇਕਰ ਚਾਹ ਪੀਣੀ ਤਾਂ ਬੈਠ ਜਾ ਨਹੀਂ ਤਾਂ ਜਾ ਐਥੋਂ ਵੀਰ।

ਸੋਨੂੰ ਦਾ ਦਿਲ ਟੁੱਟ ਗਿਆ। ਉਹ ਉਥੋਂ ਨਿਰਾਸ਼ ਹੋ ਕੇ ਬੋਝਲ ਕਦਮਾਂ ਨਾਲ ਗੇਟ ਤੋਂ ਬਾਹਰ ਆ ਗਿਆ, ਸੋਨੂੰ ਦਾ ਸੋਚ-ਸੋਚ ਕੇ ਸਿਰ ਚਕਰਾਉਣ ਲੱਗ ਪਿਆ। ਬਾਹਰ ਇਕ ਚਾਹ ਦੇ ਖੋਖੇ ਤੋਂ ਉਸ ਨੇ ਪਾਣੀ ਮੰਗ ਕੇ ਪੀਤਾ ਤੇ ਫਿਰ ਉਥੇ ਬੈਠ ਕੇ ਕੁਝ ਸੋਚਣ ਲੱਗ ਪਿਆ। ਦੱਸ ਕੁ ਮਿੰਟ ਉਥੇ ਬੈਠਣ ਤੋਂ ਬਾਅਦ ਬੀ. ਐਸ. ਐਫ. ਚੌਂਕ ਤੋਂ ਬੱਸ ਚੜ੍ਹ ਕੇ ਲੁਧਿਆਣਾ ਵੱਲ ਚੱਲ ਪਿਆ। ਪਹਿਲਾਂ ਵਾਂਗ ਰਾਹ ਵਿੱਚ ਪੁਲਸ ਦਾ ਕੋਈ ਸਪੈਸ਼ਲ ਨਾਕਾ ਨਾ ਮਿਲਿਆ। ਅੱਜ ਉਸ ਨੂੰ ਕਾਮਰੇਡ ਮਾਸਟਰ ਦੀਆਂ ਕਹੀਆਂ ਸਾਰੀਆਂ ਗੱਲਾਂ ਸੱਚ ਜਾਪਣ ਲੱਗੀਆਂ।

ਮੈਨੂੰ ਇਕ ਦਿਨ ਹਿਸਟਰੀ ਵਾਲੇ ਮਾਸਟਰ ਹਰਜੀਤ ਨੇ ਕਲਾਸ ਵਿੱਚ ਸਪੈਸ਼ਲ ਕਿਹਾ, ਮੈਨੂੰ ਛੁੱਟੀ ਤੋਂ ਬਾਅਦ ਕਾਕਾ ਜ਼ਰੂਰ ਮਿਲ ਕੇ ਜਾਈਂ।

ਹਰਜੀਤ ਮਾਸਟਰ ਜਿਸ ਨੂੰ ਸਾਰੇ ਕਾਮਰੇਡ ਕਹਿੰਦੇ ਸਨ। ਉਹ ਕਾਫੀ ਦਿਨਾਂ ਤੋਂ ਮੈਨੂੰ ਦੇਖਦਾ ਆ ਰਿਹਾ ਸੀ ਕਿ ਮੇਰਾ ਮੇਲ-ਜੋਲ ਵਰਿੰਦਰ ਹੋਰਾਂ ਨਾਲ ਕੁਝ ਜ਼ਿਆਦਾ ਹੀ ਹੋ ਗਿਆ ਸੀ। ਉਸ ਦੀ ਪਾਰਖੂ ਅੱਖ ਨੇ ਸਾਰਾ ਕੁਝ ਪਰਦੇ ਅੰਦਰ ਹੁੰਦਾ ਦੇਖ ਲਿਆ ਸੀ।

ਛੁੱਟੀ ਤੋਂ ਬਾਅਦ ਮੈਂ ਸਟਾਫ ਰੂਮ ਵਿੱਚ ਪੁੱਜ ਗਿਆ ਸੀ। ਮੈਨੂੰ ਆਇਆ ਦੇਖ ਕਾਮ-ਰੇਡ ਖੁਸ਼ ਹੋ ਗਿਆ ਤੇ ਉਹ ਨਾਲ ਦੀ ਕੁਰਸੀ ਮੇਰੇ ਵੱਲ ਕਰਦਾ ਬੋਲਿਆ, ਆ ਬਈ ਕਾਕਾ! ਆ ਬੈਠ ਐਥੇ ਮੇਰੇ ਕੋਲ।

ਮੈਂ ਵੀ ਉਸ ਦੇ ਗੋਡਿਆਂ ਨੂੰ ਹੱਥ ਲਾਇਆ ਤੇ ਬੈਠ ਗਿਆ। ਕਾਮਰੇਡ ਨੇ ਆਪ ਹੀ ਗੱਲ ਤੋਰਦਿਆਂ ਕਹਿਣਾ ਸ਼ੁਰੂ ਕੀਤਾ, ਤੂੰ ਜਿਨ੍ਹਾਂ ਨਾਲ ਅੱਜ-ਕੱਲ੍ਹ ਜ਼ਿਆਦਾ ਮੋਹ ਪਾਇਆ ਹੋਇਆ ਤੂੰ ਉਨ੍ਹਾਂ ਨੂੰ ਕਿਵੇਂ ਜਾਣਦਾ ਹੈਂ ਤੇ ਕਿੰਨੀ ਕੁ ਦੇਰ ਤੋਂ ?

ਮੈਂ ਉਸ ਦਾ ਸਵਾਲ ਸਮਝਦਾ ਹੋਇਆ ਵੀ ਜਾਣ-ਬੁੱਝ ਕੇ ਅਣਜਾਣ ਬਣਦਾ ਬੋਲਿਆ, ਮਾਸਟਰ ਜੀ ਤੁਸੀਂ ਕਿਨ੍ਹਾਂ ਦੀ ਗੱਲ ਕਰ ਰਹੇ ਹੋ, ਮੈਨੂੰ ਸਮਝ ਨਹੀਂ ਆਈ, ਤੁਹਾਡੀ ਗੱਲ ਦੀ, ਤੁਸੀਂ ਕੀ ਪੁੱਛਣਾ ਚਾਹੁੰਦੇ ਹੋ ?

ਕਾਮਰੇਡ ਹੱਸ ਕੇ ਬੋਲਿਆ, ਕਾਕਾ ਦਾਈਆਂ ਤੋਂ ਢਿੱਡ ਨਹੀਂ ਲੁਕਦੇ ਹੁੰਦੇ, ਤੂੰ ਅਜੇ ਜਵਾਕ ਹੈਂ। ਸਾਰੇ ਸਕੂਲ ਨੂੰ ਪਤਾ ਉਹ ਕੌਣ ਨੇ ? ਮੈਂ ਤੇਰੀ ਯਾਰੀ ਬਾਰੇ ਵੀ ਸਮਝ ਗਿਆ। ਬਾਕੀ ਤੂੰ ਮੇਰੇ ਬੱਚਿਆਂ ਵਰਗਾ ਹੈਂ ਤਾਂ, ਤੈਨੂੰ ਅੱਜ ਪਹਿਲੀ ਵਾਰ ਤੇ ਅਖੀਰੀ ਵਾਰ ਸਮਝਾਉਣ ਲੱਗਾਂ, ਅੱਗੇ ਤੇਰੀ ਮਰਜ਼ੀ ਹੁਣ ਧਿਆਨ ਨਾਲ ਮੇਰੀ ਗੱਲ ਸੁਣ। ਇਨ੍ਹਾਂ ਨੇ ਪੜ੍ਹਾਈਆਂ ਪੂਰੀਆਂ ਕਰ ਆਪ ਲੱਗ ਜਾਣਾ ਸਰਕਾਰੀ ਨੌਕਰੀਆਂ 'ਤੇ, ਤੂੰ ਰੁਲ ਜਾਣਾਂ, ਜਾਂ ਤਾਂ ਜੇਲ੍ਹ ਵਿੱਚ, ਜਾਂ ਭਗੌੜਾ ਹੋ ਕੇ ਬਿਗਾਨੀ ਧਰਤੀ 'ਤੇ। ਇਨ੍ਹਾਂ ਤੇਰੀ ਬਾਤ ਵੀ ਨਹੀਂ ਪੁੱਛਣੀ ਸਮਝ ਗਿਆ। ਬਾਕੀ ਅਸੀਂ ਵੀ ਸਰਕਾਰ ਦੀਆਂ ਨੀਤੀਆਂ ਵਿਰੁੱਧ ਹੀ ਹਾਂ। ਪਰ ਜਿਹੜੀ ਇਹ ਲੜਾਈ ਲੜ ਰਹੇ ਆ, ਧਰਮ ਦਾ ਬੁਰਕਾ ਪਾ ਕੇ, ਇਸ ਨੂੰ ਮੈਂ ਲੋਕ ਲਹਿਰ ਨਹੀਂ ਮੰਨਦਾ। ਜੇਕਰ ਕੁਝ ਕਰਨ ਦੀ ਤਮੰਨਾ ਹੈ ਤਾਂ ਪਹਿਲਾਂ ਪੜ੍ਹ, ਇਕੱਲੀ ਸਕੂਲੀ ਪੜ੍ਹਾਈ ਹੀ ਨਹੀਂ ਲਿਟਰੇਚਰ ਵੀ।

ਕਾਮਰੇਡ ਵੱਲੋਂ ਫੜਾਈ ਇਕ ਕਿਤਾਬ ਫੜਦੇ ਪੁੱਛਿਆ, ਮਾਸਟਰ ਜੀ, ਪਰ ਜੋ ਪੁਲਸ ਵਾਲੇ, ਸਾਡੇ ਭਰਾਵਾਂ ਨੂੰ ਫੜ ਨਜਾਇਜ਼ ਝੂਠੇ ਪੁਲਸ ਮੁਕਾਬਲਿਆਂ ਵਿੱਚ ਮਾਰੀ ਜਾਂਦੀ ਹੈ ਤੇ ਸਾਡੀਆਂ ਮਾਵਾਂ, ਭੈਣਾਂ ਦੀਆਂ ਬੇਪੱਤੀਆਂ ਥਾਣਿਆਂ ਵਿੱਚ ਕਰ ਰਹੇ ਨੇ, ਉਸ ਬਾਰੇ ਤੁਹਾਡੇ ਕੀ ਵਿਚਾਰ ਨੇ? ਕੀ ਸਰਕਾਰ ਠੀਕ ਕਰ ਰਹੀ ਹੈ?

ਮੇਰਾ ਇਹ ਸਵਾਲ ਸੁਣ ਕੇ, ਕਾਮਰੇਡ ਕੁਰਸੀ ਮੇਰੇ ਵੱਲ ਮੋੜਦਾ ਕਹਿਣ ਲੱਗਾ, ਹਾਂ, ਬਿਲਕੁੱਲ ਗਲਤ ਕਰ ਰਹੀ ਹੈ ਸਰਕਾਰ, ਮੈਂ ਇਸ ਦਾ ਸਖ਼ਤ ਵਿਰੋਧ ਕਰਦਾ ਹਾਂ, ਖੁੱਲ੍ਹ ਕੇ ਕਰਦਾ ਹਾਂ, ਪਰ ਹੁਣ ਇਹ ਲਹਿਰ ਲੀਹੋਂ ਲੱਥ ਚੁੱਕੀ ਹੈ। ਇਨ੍ਹਾਂ ਵੱਡਿਆਂ ਖਾੜਕੂਆਂ ਨੂੰ ਇਹ ਸਮਝ ਨਹੀਂ ਲੱਗ ਰਹੀ, ਇਨ੍ਹਾਂ ਦੀਆਂ ਉਪਰਲੀਆਂ ਸਫ਼ਾਂ ਵਿੱਚ ਸਰਕਾਰ ਦੀਆਂ ਏਜੰਸੀਆਂ ਕਿੰਨੀ ਘੁਸਪੈਠ ਕਰ ਚੁੱਕੀਆਂ ਹਨ ਤੇ ਆਪਣੀ ਸੁਵਿਧਾ ਅਨੁਸਾਰ ਇਨ੍ਹਾਂ ਤੋਂ ਕੰਮ ਕਢਵਾ ਕੇ ਇਨ੍ਹਾਂ ਦਾ ਖ਼ਾਤਮਾ ਵੀ ਕਰੀ ਜਾ ਰਹੀਆਂ ਹਨ। ਕਾਕਾ ਤੂੰ ਅਜੇ ਸਮੁੰਦਰ ਦੀਆਂ ਉਪਰਲੀਆਂ ਲਹਿਰਾਂ ਹੀ ਦੇਖ ਰਿਹੈਂ, ਹੇਠਾਂ ਕੀ ਹੈ? ਤੂੰ ਉਹ ਦੇਖਣ ਦੀ ਅਜੇ ਸਮਰੱਥਾ ਨਹੀਂ ਰੱਖਦਾ, ਉਹ ਸਮਾਂ ਬੀਤਣ 'ਤੇ ਹੀ ਤੈਨੂੰ ਸਮਝ ਆਊ।

ਕਾਮਰੇਡ ਦੀਆਂ ਸਾਰੀਆਂ ਗੱਲਾਂ ਮੈਨੂੰ ਇੰਝ ਲੱਗ ਰਹੀਆਂ ਸਨ, ਜਿਵੇਂ ਉਹ ਮੇਰਾ ਬਰੇਨਵਾਸ਼ ਕਰਨਾ ਚਾਹੁੰਦਾ ਹੋਵੇ। ਮੈਨੂੰ ਕਾਹਲ ਪੈਣ ਲੱਗ ਪਈ।

ਮੈਂ ਕਾਮਰੇਡ ਤੋਂ ਪਿੱਛਾ ਛੁਡਾਉਣ ਦਾ ਮਾਰਾ ਐਨਾ ਕਹਿ ਕੇ ਖੜ੍ਹਾ ਹੋ ਗਿਆ, ਠੀਕ ਹੈ ਮਾਸਟਰ ਜੀ, ਮੈਂ ਆਪ ਜੀ ਦੀਆਂ ਗੱਲਾਂ 'ਤੇ ਗੌਰ ਕਰਾਂਗਾ ਤੇ ਇਹ ਕਿਤਾਬ ਵੀ ਜ਼ਰੂਰ ਪੜ੍ਹਾਂਗਾ, ਹੁਣ ਮੈਂ ਚੱਲਦਾਂ ਜੀ। ਮਾਤਾ ਘਰ ਇਕੱਲੀ ਹੈ, ਉਡੀਕਦੀ ਹੋਣੀ। ਮੈਂ ਕਾਮਰੇਡ ਦੇ ਗੋਡੇ ਹੱਥ ਲਾ ਚਲਾ ਗਿਆ ਪਰ ਉਸ ਦਿਨ ਤੋਂ ਬਾਅਦ ਮੈਂ ਵੀ ਉਸ ਨਾਲ ਜ਼ਿਆਦਾ ਅੱਖ ਨਾ ਮਿਲਾਉਂਦਾ ਤੇ ਪਾਸੇ-ਪਾਸੇ ਹੀ ਰਹਿੰਦਾ।

ਲੁਧਿਆਣਾ ਕੁਲਵਿੰਦਰ ਦੇ ਘਰ ਜਾ ਕੇ ਸੋਨੂੰ ਨੇ ਪਹਿਲਾ ਕੰਮ ਇਹ ਕੀਤਾ, ਟਰਾਂਸਪੋਰਟ ਦੇ ਦਫ਼ਤਰ ਫ਼ੋਨ ਕਰਕੇ ਮੁਨਸ਼ੀ ਨੂੰ ਕਿਹਾ, ਮੈਂ ਸੋਨੂੰ ਬੋਲਦਾਂ, ਮੇਰੀ ਗੱਲ ਨਿਰਮਲ ਨਾਲ ਕਰਵਾ ਦਿਉ।

ਮੁਨਸ਼ੀ ਨੇ ਕਿਹਾ, ਦੋ ਮਿੰਟ ਰੁਕੋ, ਮੈਂ ਦੇਖ ਕੇ ਬੁਲਾਉਂਦਾ ਹਾਂ।

ਦੋ ਮਿੰਟ ਬਾਅਦ ਅੱਗੋਂ ਨਿਰਮਲ ਦੀ ਆਵਾਜ਼ ਆਈ, ਹਾਂ, ਸੋਨੂੰ ਕੀ ਹਾਲ-ਚਾਲ ਤੇਰਾ? ਕਿਥੋਂ ਬੋਲ ਰਿਹਾਂ?

ਸੋਨੂੰ ਨੇ ਅੱਗੋਂ ਕਿਹਾ, ਮੈਂ ਸਰਦਾਰ ਜੀ ਦੇ ਘਰ ਹਾਂ, ਲੁਧਿਆਣੇ ਹੀ, ਤੂੰ ਜਲਦੀ ਮੇਰੇ ਕੋਲ ਐਥੇ ਆ, ਤੇਰੇ ਨਾਲ ਕੋਈ ਜ਼ਰੂਰੀ ਗੱਲ ਕਰਨੀ ਹੈ।

ਨਿਰਮਲ ਨੇ ਐਨਾ ਕਹਿ ਕੇ, ਆ ਗਿਆ ਪੰਜ-ਦੱਸ ਮਿੰਟ ਵਿੱਚ ਕਹਿ ਕੇ ਫੋਨ ਰੱਖ ਦਿੱਤਾ। ਅੱਧੇ ਘੰਟੇ ਬਾਅਦ ਨਿਰਮਲ ਆ ਗਿਆ, ਸੋਨੂੰ ਉਸ ਨੂੰ ਆਪਣੇ ਕਮਰੇ ਵਿੱਚ ਲੈ ਗਿਆ ਤੇ ਜਾਂਦਾ-ਜਾਂਦਾ ਬਹਾਦਰ ਨੂੰ ਕਹਿ ਗਿਆ, ਪਹਿਲਾਂ ਪਾਣੀ ਪਿਲਾ ਦੇ ਤੇ ਫਿਰ ਦੋ ਕੱਪ ਚਾਹ ਦੇ ਬਣਾ ਕੇ ਦੇ ਜਾਈਂ। ਬਹਾਦਰ ਠੀਕ ਹੈ ਜੀ, ਕਹਿ ਕੇ ਰਸੋਈ ਵੱਲ ਚਲਾ ਗਿਆ।

ਚਾਹ ਦਾ ਖਾਲੀ ਕੱਪ ਮੇਜ਼ 'ਤੇ ਰੱਖਦਿਆਂ ਸੋਨੂੰ ਨੇ ਗੱਲ ਸ਼ੁਰੂ ਕੀਤੀ, ਬਾਈ, ਮੈਂ ਮਨ ਬਣਾ ਲਿਆ, ਪੁਲਸ ਅੱਗੇ ਆਤਮ-ਸਮਰਪਣ ਕਰ ਦੇਣ ਦਾ ਇਸ ਲਈ ਤੂੰ ਮੈਨੂੰ ਕੋਈ ਰਾਹ ਦੱਸ ਇਸ ਪਾਸੇ ਜਾਣ ਦਾ।

ਨਿਰਮਲ ਨੇ ਹੱਸ ਕੇ ਕਿਹਾ, ਤੇਰਾ ਗੋਰਖਨਾਥ ਮਤਲਬ ਤੇਰਾ ਵੀਰ ਜੀ ਵਰਿੰਦਰ ਤੈਨੂੰ ਇਹ ਕੰਮ ਕਰਨ ਦੇਵੇਗਾ?

ਸੋਨੂੰ ਵਰਿੰਦਰ ਦਾ ਨਾਮ ਸੁਣ ਕੇ ਹੱਸ ਪਿਆ ਤੇ ਫਿਰ ਬੋਲਿਆ, ਬਾਈ, ਉਹ ਤਾਂ ਆਪ ਸਰਕਾਰੀ ਮਾਸਟਰ ਲੱਗ ਗਿਆ, ਉਹ ਨੇ ਤਾਂ ਹੁਣ ਮੈਨੂੰ ਕੀ ਰੋਕਣਾ।

ਨਿਰਮਲ ਨੇ ਪੁੱਛਿਆ, ਤੇਰਾ ਇਹ ਮਨ ਕਿਵੇਂ ਬਣ ਗਿਆ, ਤੂੰ ਤੇ ਕਹਿੰਦਾ ਸੀ, ਇਨ੍ਹਾਂ ਸਰਕਾਰਾਂ ਦੇ ਕਿੰਗਰੇ ਢਾਹ ਦਿਆਂਗਾ, ਤੂੰ ਤੇ ਆਪ ਹੀ ਢਹਿ ਢੇਰੀ ਹੋਇਆ ਫਿਰਦੈਂ?

ਸੋਨੂੰ ਨੇ ਉਦਾਸ ਹੁੰਦਿਆਂ, ਨਿਰਮਲ ਨੂੰ ਸੀਮਾ ਵਾਲੀ ਸਾਰੀ ਗੱਲ ਸੁਣਾਈ ਤੇ ਕਿਹਾ, ਬਾਈ, ਅੱਜ ਮੇਰਾ ਵੀ ਘਰ ਵੱਸ ਜਾਂਦਾ, ਸੀਮਾ ਵਰਗੀ ਕੁੜੀ ਮੇਰੇ ਤੋਂ ਦੂਰ ਹੋ ਗਈ ਜਾਂ ਮੈਂ ਉਸ ਤੋਂ ਦੂਰ ਭੱਜ ਆਇਆ ਹਾਂ। ਮਾਂ-ਬਾਪ ਮੇਰੇ ਤੋਂ ਦੂਰ ਹੋ ਗਏ ਹਨ। ਮੈਂ ਇਕ ਲਾਵਾਰਿਸ ਜਿਹਾ ਹੋ ਗਿਆ ਹਾਂ। ਹੁਣ ਮੈਂ ਇਹੋ ਜਿਹੀ ਜ਼ਿੰਦਗੀ ਜੀ ਕੇ ਵੀ ਕਰਨਾ?

ਨਿਰਮਲ ਨੇ ਉਸ ਨੂੰ ਹੌਂਸਲਾ ਦਿੰਦੇ ਕਿਹਾ, ਤੂੰ ਫ਼ਿਕਰ ਨਾ ਕਰ, ਮੈਂ ਕਰਦਾ ਹਾਂ ਕੁਝ, ਹਾਂ। ਮੇਰਾ ਮਕਾਨ ਮਾਲਕ ਪੁਲਸ ਵਿੱਚ ਹੈ ਜਲੰਧਰ, ਜੇਕਰ ਅੱਜ ਆਇਆ ਹੋਇਆ ਤਾਂ ਉਸ ਨਾਲ ਬਹਾਨੇ ਨਾਲ ਸਲਾਹ ਕਰਕੇ ਦੱਸਦਾਂ ਤੈਨੂੰ ਕੱਲ੍ਹ। ਸੋਨੂੰ ਨੇ ਕਿਹਾ, ਬਾਈ! ਥੋੜ੍ਹਾ ਖਿਆਲ ਨਾਲ ਗੱਲ ਕਰੀਂ ਉਸ ਨਾਲ ਬਾਕੀ ਤੇਰਾ ਬਹੁਤ ਅਹਿਸਾਨ ਹੋਵੇਗਾ, ਜੇਕਰ ਇਹ ਕੰਮ ਸਿਰੇ ਚੜ੍ਹਾ ਦੇਵੇਂ।


ਨਿਰਮਲ ਨਾਲ ਹੋਰ ਕੋਈ ਗੱਲ ਸੋਨੂੰ ਤੋਂ ਨਾ ਹੋ ਸਕੀ। ਬਾਈ ਵੀ ਕੁਝ ਸੋਚਦਾ ਉਠ ਕੇ ਖੜ੍ਹਾ ਹੁੰਦਾ ਬੋਲਿਆ, ਚੰਗਾ! ਮੈਂ ਚੱਲਦਾਂ, ਤੂੰ ਆਪਣੇ ਦਿਮਾਗ 'ਤੇ ਜ਼ਿਆਦਾ ਬੋਝ ਨਾ ਪਾ।

ਐਨਾ ਕਹਿ ਕੇ ਨਿਰਮਲ ਸੋਨੂੰ ਨਾਲ ਹੱਥ ਮਿਲਾ ਕੇ ਚਲਾ ਗਿਆ।

ਚਲਦਾ......

ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ !
-ਸੰਪਾਦਕ

# ਪੀਲਾ ਕਾਰਡ, ਲਾਲ ਕਾਰਡ



ਰਣਵੀਰ ਸਿੰਘ ਰਾਣਾ



ਲੰਡਨ ਸ਼ਹਿਰ ਦੀਆਂ ਗਲੀਆਂ, ਸਾਲ 1966, ਸ਼ਾਮ ਬਹੁਤ ਠੰਢੀ, ਟਰੈਫਿਕ ਬਹੁਤ ਜ਼ਿਆਦਾ, ਇੱਕ ਬੰਦਾ ਕਾਰ ਵਿੱਚ ਬੈਠਾ ਟਰੈਫਿਕ ਲਾਈਟਾਂ ਨੂੰ ਵੇਖ ਰਿਹਾ। ਹਰੀ, ਪੀਲ਼ੀ , 'ਤੇ ਲਾਲ, ਹਰੀ ਦਾ ਮਤਲਬ ਚਲਦੇ ਜਾਓ, ਪੀਲ਼ੀ ਦਾ ਮਤਲਬ ਸੰਭਲ਼ ਜਾਵੋ, ਲਾਲ ਦਾ ਮਤਲਬ ਰੁੱਕ ਜਾਵੋ। ਇਸ ਲਾਈਟਾਂ ਦਾ ਮਤਲਬ ਹਰ ਇੱਕ ਦੇਸ਼ ਦਾ ਡਰਾਈਵਰ ਸਮਝ ਜਾਂਦਾ। ਇੱਥੇ ਤੱਕ ਕਿ ਛੋਟਾ ਬੱਚਾ ਵੀ 'ਤੇ ਹਰ ਕੋਈ ਜਦੋਂ ਇਹ ਰੰਗ ਬਦਲ ਦੀਆਂ ਤਾਂ ਇਹਨਾਂ ਦਾ ਇਸ਼ਾਰਾ ਸਮਝ ਜਾਂਦਾ। ਕੈਨ ਆਸਟਨ ਨਾਂ ਦਾ ਬੰਦਾ ਜਿਹੜਾ ਸਾਬਕਾ ਰੈਫਲੀ ਹੈ ਗੱਡੀ ਵਿੱਚ ਬੈਠਾ, ਬਹੁਤ ਥੱਕਿਆ ਹੋਇਆ ਹੈ, ਹੁਣੇ ਵੈਬਲੀ ਵਿਚ ਫ਼ੁਟਬਾਲ ਮੈਚ ਵੇਖ ਕੇ ਆ ਰਿਹਾ ਹੈ, 'ਤੇ ਨਾਲ ਸੋਚ ਵੀ ਰਿਹਾ ਹੈ, ਫ਼ੁਟਬਾਲ ਵਿੱਚ ਬਹੁਤ ਗਲਤ ਹੋ ਰਿਹਾ ਹੈ।ਇਹ ਲਾਈਟਾਂ ਨੂੰ ਵੇਖ ਰਿਹਾ ਹੈ। ਲਾਈਟਾਂ ਨੂੰ ਵੇਖ ਕੇ ਇਹਦੇ ਮਨ ਵਿੱਚ ਇੱਕ ਛੋਟਾ ਜਿਹਾ ਆਡੀਆਂ ਆਉਂਦਾ ਹੈ। ਜਿਹੜਾ ਫ਼ੁਟਬਾਲ ਵਿੱਚ ਬਹੁਤ ਕੁਝ ਬਦਲ ਸਕਦਾ ਹੈ, ਅੱਗੇ ਜਾ ਕੇ ਇਸਦਾ ਇਹ ਆਡੀਆਂ ਹਿਸਟਰੀ ਬਣਦਾ ਹੈ। ਸਾਲ 1966 'ਤੋਂ ਪਹਿਲਾਂ ਕੋਈ ਪੀਲਾ ਜਾਂ ਲਾਲ ਕਾਰਡ ਨਹੀਂ ਹੁੰਦਾ ਸੀ। ਸਿਰਫ ਸ਼ਬਦ ਹੀ ਹੁੰਦੇ ਸੀ , ਸ਼ਬਦ ਕੋਈ ਬਹੁਤੇ ਕਾਰਾਗਾਰ ਸਿੱਧ ਨਹੀਂ ਹੁੰਦੇ ਸੀ। ਘਰ ਜਾ ਕੇ ਪਤਨੀ ਨਾਲ ਸਲਾਹ ਕਰਕੇ ਦੋ ਕਾਗਜ਼ ਕੱਟ ਕੇ ਤਿਆਰ ਕੀਤੇ ਗਏ। ਲੰਡਨ ਦੇ ਕੇ .ਆਰ ਸਟੇਡੀਅਮ ਵਿੱਚ ਫ਼ਾਈਨਲ ਮੈਚ ਵਿੱਚ ਇਹਦਾ ਆਡੀਆਂ ਕੰਮ ਕਰਨ ਲੱਗਾ। ਇਹ ਦੋਵੇਂ ਕਾਰਡ ਵੀ ਟਰੈਫਿਕ ਲਾਈਟਾਂ ਵਾਂਗ ਚੁੱਪ ਦੀ ਭਾਸ਼ਾ ਸੀ, ਪਲੇਅਰ ਇਹਨਾਂ ਕਾਰਡਾਂ ਵੱਲ ਵੇਖ ਕੇ ਇੱਕ ਮਿੰਟ ਵਿੱਚ ਸਭ ਕੁਝ ਸਮਝ ਜਾਂਦਾ। ਸਾਲ 1962 ਵਿੱਚ ਚਿੱਲੀ ਵਿੱਚ ਵਰਲਡ ਕੱਪ ਹੋਇਆ, ਦੋ ਜੂਨ ਨੂੰ ਮੈਟੀਓਗੋ ਸਟੇਡੀਅਮ ਵਿੱਚ ਚਿੱਲੀ 'ਤੇ ਇਟਲੀ ਵਿਚਕਾਰ ਹੋਇਆ। 66000 ਲੋਕ ਮੈਚ ਵੇਖਣ ਲਈ ਸਟੇਡੀਅਮ ਵਿੱਚ ਪਹੁੰਚੇ। ਇਸ ਮੈਚ ਦੇ ਸ਼ੁਰੂ ਹੋਣ 'ਤੋਂ ਦੋ ਹਫ਼ਤੇ ਪਹਿਲਾਂ ਇਟਾਲੀਅਨ ਜਰਨਲਿਸਟਾਂ ਨੇ ਚਿੱਲੀ ਦੇ ਸ਼ਹਿਰਾਂ ਵਾਰੇ ਬਹੁਤ ਭੈੜੇ ਲੇਖ ਲਿਖੇ। ਇਹ ਲੇਖ ਪੜਕੇ ਚਿੱਲੀ ਦੇ ਲੋਕ 'ਤੇ ਪਲੇਅਰ ਬਹੁਤ ਗੁੱਸੇ ਵਿੱਚ ਸਨ। ਫ਼ੀਫ਼ਾ ਮੈਨਜਮੈਂਟ ਬਹੁਤ ਫਿਕਰ ਸੀ ਇਸ ਮੈਚ ਵਾਰੇ, ਉਹਨਾਂ ਨੇ ਤਜਰਬੇਕਾਰ ਰੈਫ਼ਰੀ 46 ਸਾਲਾਂ ਕਿੰਨ ਆਸਟਨ ਦੀ ਡਿਊਟੀ ਲਗਾਈ। ਉਹ ਉੱਚਾ ਲੰਮਾ ਬੜੇ ਠੰਡੇ ਸੁਭਾਅ ਦਾ ਮਾਲਕ ਸੀ। ਫ਼ੀਫ਼ਾ ਵਾਲੇ ਸੋਚਦੇ ਸੀ ਇਹ ਮੈਚ ਕੰਟਰੋਲ ਕਰ ਲਵਾਂਗਾ, ਪਰ ਇਹ ਗਲਤ ਸਾਬਤ ਹੋਇਆ। ਮੈਚ ਸ਼ੁਰੂ ਹੋਣ 'ਤੋਂ ਪਹਿਲਾਂ ਇਟਾਲੀਅਨ ਪਲੇਅਰ ਨੇ ਹੱਥਾਂ ਵਿੱਚ ਫੁੱਲ ਫੜ ਕੇ ਸਟੇਡੀਅਮ ਦੇ ਦੁਆਲੇ ਗੇੜੇ ਲਾਏ। ਜਦੋਂ ਹੱਥਾਂ ਵਿੱਚ ਫੜੇ ਫੁੱਲ ਚਿੱਲੀ ਲੋਕਾਂ ਨੂੰ ਦੇਣ ਲੱਗੇ, ਚਿੱਲੀ ਲੋਕਾਂ ਨੇ ਧੰਨਵਾਦ ਕਹਿਣ ਦੀ ਬਜਾਏ ਉਹ ਫੁੱਲ ਪਲੇਅਰ ਵੱਲ ਵਾਪਸ ਮਾਰੇ। ਮੈਚ ਸ਼ੁਰੂ ਨੂੰ ਹਾਲੇ ਚਾਰ ਮਿੰਟ ਹੋਏ ਸੀ, ਇੱਕ ਪਲੇਅਰ ਜੋਰਜੀਆ ਫਾਰੀਨੀ ਬਹੁਤ ਗਲਤ ਖੇਡ ਰਿਹਾ ਸੀ , ਰੈਫਲੀ ਨੇ ਬਾਹਰ ਜਾਣ ਲਈ ਕਿਹਾ, ਨਾ ਤਾਂ ਪਲੇਅਰ ਉਹਦੀ ਭਾਸ਼ਾ ਸਮਝ ਰਿਹਾ ਸੀ, ਨਾਂ ਰੈਫ਼ਰੀ, ਕਿਉਂਕਿ ਦੋਵੇਂ ਦੀ ਭਾਸ਼ਾ ਵੱਖ ਸੀ। ਆਪਣੀ ਆਪਣੀ ਬੋਲੀ ਵਿੱਚ ਸੱਤ ਮਿੰਟ ਝਗੜਾ ਚੱਲਦਾ ਰਹਿਆ, ਆਖਰ ਨੂੰ ਪੁਲੀਸ ਨੂੰ ਬੁਲਾਇਆ ਗਿਆ। ਜੋਰਜੀਆ ਫਾਰੀਨੀ ਨੂੰ ਪੁਲਿਸ ਫੜ ਕੇ ਗਰਾਊਂਡ 'ਤੋਂ ਬਾਹਰ ਛੱਡ ਕੇ ਆਈ। ਮੈਚ ਦੁਬਾਰਾ ਸ਼ੁਰੂ ਹੋ ਗਿਆ, ਚੱਲਦੇ ਮੈਚ ਵਿੱਚ ਚਾਰ ਵਾਰ ਝਗੜਾ ਹੋਇਆ। ਕੈਨ ਆਸਟਨ ਆਪਣੀ ਆਵਾਜ਼ 'ਤੇ ਬਾਂਹਾਂ ਨਾਲ ਪਲੇਅਰ ਨੂੰ ਸਮਝ ਰਿਹਾ ਸੀ। ਪਰ ਕੋਈ ਪਲੇਅਰ ਨੂੰ ਸਮਝ ਨਹੀਂ ਲੱਗ ਰਹੀ ਸੀ। ਕੈਨ ਸੋਚਦਾ ਮੈਂ ਤਾਂ ਆਪਣੇ ਵਲੋਂ ਬੈਸਟ ਕੀਤਾ, ਨਾ ਤਾਂ ਮੈਨੂੰ ਪਲੇਅਰ, ਨਾਂ ਹੀ ਮੈਨੂੰ ਸਟੇਡੀਅਮ ਵਿੱਚ ਬੈਠੇ ਦਰਸ਼ਕ ਅੰਡਰਸਟੈਂਡ ਕਰਦੇ ਨੇ, ਸਿਸਟਮ ਵਿੱਚ ਬਹੁਤ ਕੁਝ ਗਲਤ ਹੋ ਰਿਹਾ, ਇਹਨੂੰ ਬਦਲਣ ਦੀ ਲੋੜ ਆ ? ਕੈਨ ਆਸਟਨ ਭਾਵੇਂ ਰੈਫਲੀ 'ਤੋਂ ਰਿਟਾਇਰਡ ਹੋ ਗਿਆ, ਪਰ ਫ਼ੁਟਬਾਲ 'ਤੋਂ ਦੂਰ ਨਹੀਂ ਹੋਇਆ। ਫ਼ੀਫ਼ਾ ਵਾਲਿਆਂ ਨੇ ਕੈਨ ਨੂੰ ਰੈਫਲੀ ਦੀ ਕਮੇਟੀ ਵਿੱਚ ਸ਼ਾਮਲ ਕਰ ਲਿਆ। ਕੈਨ ਇਹਦਾ ਹਰ ਵੇਲੇ ਕੋਈ ਹੱਲ ਕੱਢਣ ਦੀ ਸੋਚਦਾ ਰਹਿੰਦਾ। ਸਾਲ 1966 ਆ ਗਿਆ, ਵਰਲਡ ਕੱਪ ਇੰਗਲੈਂਡ ਵਿੱਚ ਸੀ। ਸਾਰਾ ਦੇਸ਼ ਬੇਸਬਰੀ ਨਾਲ ਇੰਤਜ਼ਾਰ ਕਰ ਰਿਹਾ ਸੀ। ਕਿਉਂਕਿ ਇੰਗਲੈਂਡ ਦੀ ਟੀਮ ਬਹੁਤ ਵਧੀਆ ਸੀ। ਕੈਨ ਨੇ ਸਾਰਾ ਇਨਚਾਰਜ ਸਾਂਭ ਲਿਆ, ਚੱਲਦੇ ਮੈਚ ਸਾਰੇ ਸਟੇਡੀਅਮ ਵਿੱਚ ਖੜਾ ਵੇਖ ਰਿਹਾ ਸੀ। 23 ਜੁਲਾਈ 1966 ਨੂੰ ਅਰਜਨਟੀਨਾ 'ਤੇ ਇੰਗਲੈਂਡ ਦਾ ਕੁਆਟਰ ਫਾਈਨਲ ਮੈਚ ਵੈਬਲੀ ਸਟੇਡੀਅਮ ਵਿੱਚ 90000 ਲੋਕਾਂ ਦੀ ਹਾਜ਼ਰੀ ਵਿੱਚ ਜਰਮਨ ਦੇ ਰੈਫਲੀ ਰੈਡਊ ਕੈਰਾਈਟਲੇਨ ਦੀ ਨਿਗਰਾਨੀ ਵਿੱਚ ਸ਼ੁਰੂ ਹੋਇਆ। ਪਲੇਅਰ ਬਹੁਤ ਹੀ ਰਫ ਖੇਡਣ ਲੱਗ ਪਏ, ਅਰਜਨਟੀਨਾ ਦੇ ਪਲੇਅਰ ਬਹੁਤ ਟੈਕਲ ਮਾਰ ਰਹੇ ਸੀ। ਇੰਗਲੈਂਡ ਦੇ ਪਲੇਅਰ ਬਾਬੀ 'ਤੇ ਜੈਕ ਵਾਰ ਵਾਰ ਰੈਫ਼ਰੀ ਨੂੰ ਕਹਿ ਰਹੇ ਸੀ, ਗੱਲ ਫੇਰ ਉੱਥੇ ਸੀ, ਨਾ ਰੈਫਲੀ ਨੂੰ 'ਤੇ ਨਾ ਪਲੇਅਰ ਨੂੰ ਇਕ ਦੂਜੇ ਦੀ ਭਾਸ਼ਾ ਸਮਝ ਆ ਰਹੀ ਸੀ। ਬਾਬੀ 'ਤੇ ਜੈਕ ਨੂੰ ਵੀ ਦੂਜੇ ਦਿਨ ਅਖਬਾਰਾਂ ਵਿੱਚ ਪੜਕੇ ਪਤਾ ਲੱਗਾ ਕਿ ਉਹ ਵੀ ਰੈਫ਼ਰੀ ਨੇ ਬੁੱਕ ਕਰ ਲਏ ਸੀ। ਹਾਲੇ 35 ਮਿੰਟ ਹੋਏ ਸੀ ਮੈਚ ਸ਼ੁਰੂ ਹੋਏ ਨੂੰ ਅਰਜਨਟੀਨਾ ਦਾ ਕੈਪਟਨ ਐਨਟਾਨੀਉ ਰੁਟੀਨ ਜਿਹੜਾ ਬੜੇ ਤਕੜੇ ਜੁੱਸਾ ਦਾ ਮਾਲਕ, ਉੱਚਾ ਲੰਮਾ, ਝੋਟਾ ਜਿੰਨੀ ਜਾਨ, ਰੈਫਲੀ ਨੂੰ ਵਾਰ ਵਾਰ ਕਹਿ ਰਿਹਾ ਸੀ, ਤੂੰ ਸਾਡੀ ਟੀਮ ਨਾਲ ਪੱਖਪਾਤ ਕਰ ਰਿਹਾ ਹੈ। ਇਥੇ ਵੀ ਉਹੀ ਮੁਸ਼ਕਿਲ ਸੀ, ਕੈਪਟਨ ਹੋਰ ਭਾਸ਼ਾ ਬੋਲ ਰਿਹਾ ਸੀ, 'ਤੇ ਰੈਫ਼ਰੀ ਜਰਮਨ ਭਾਸ਼ਾ ਬੋਲ ਰਿਹਾ ਸੀ, ਰੈਫਲੀ ਨੂੰ ਲੱਗਾ ਕੈਪਟਨ ਮੈਨੂੰ ਭੈੜੀ ਭਾਸ਼ਾ ਬੋਲ ਰਿਹਾ ਹੈ, ਇਹਨੂੰ ਬਾਹਰ ਕੱਢਣਾ ਪੈਣਾ। ਪਰ ਰੈਫ਼ਰੀ ਕਿਵੇਂ ਸਮਝਾਉਂਦਾ ਅੱਠ ਮਿੰਟ ਮੈਚ ਰੁਕਿਆ ਰਹਿਆ। ਕੈਪਟਨ ਬਾਹਰ ਜਾਣ ਦਾ ਨਾਂ ਨਹੀਂ ਲੈ ਰਹਿਆਂ ਸੀ। ਦਰਸ਼ਕਾਂ ਬਾਹਰ ਆਪਣਾ ਰੌਲਾ ਪਾ ਰਹੇ ਸੀ। ਕੈਨ ਆਸਟਨ ਸਟੇਡੀਅਮ ਵਿੱਚ ਬੈਠ ਕੇ ਸਭ ਕੁਝ ਵੇਖ ਰਿਹਾ ਸੀ। ਸੋਚਦਾ ਸੀ ਬਹੁਤ ਗਲਤ ਹੋ ਰਿਹਾ ਹੈ। ਆਖਿਰ ਗਰਾਊਂਡ ਵਿੱਚ ਆ ਗਿਆ, ਕਿਸੇ ਤਰੀਕੇ ਨਾਲ ਅਰਜਨਟੀਨਾ ਕੈਪਟਨ ਨੂੰ ਸਮਝਾਉਣ ਵਿੱਚ ਸਫਲ ਹੋ ਗਿਆ। ਆਖ਼ਰ ਰਾਟੀਨ ਹੌਲੀ ਹੌਲੀ ਤੁਰਦਾ ਗਰਾਊਂਡ 'ਤੋਂ ਬਾਹਰ ਹੋ ਗਿਆ 'ਤੇ ਬਾਹਰ ਵਿਛਾਈ ਹੋਈ ਕਾਰਪੇਟ ਜਿਹੜੀ ਕੁਈਨ ਲਈ ਵਿਛਾਈ ਹੋਈ ਸੀ, ਉਸ ਉੱਪਰ ਬੈਠ ਗਿਆ। ਮੈਚ ਦੁਬਾਰਾ ਸ਼ੁਰੂ ਹੋਇਆ ਇੰਗਲੈਂਡ ਨੇ 1-0 ਨਾਲ ਜਿੱਤ ਲਿਆ। ਕੈਨ ਆਸਟਨ ਉਸ ਸ਼ਾਮ ਮੈਚ 'ਤੋਂ ਬਾਅਦ ਘਰ ਵਾਪਸ ਆ ਰਿਹਾ ਸੀ , 'ਤੇ ਮਨ ਵਿੱਚ ਬਾਬੀ ਜੈਕ 'ਤ ਰਾਟੀਨ ਵਾਰੇ ਸੋਚ ਰਿਹਾ ਸੀ। ਆਖ਼ਰ ਟਰੈਫਿਕ ਲਾਈਟਾਂ 'ਤੇ ਖੜ੍ਹੀ ਕਾਰ ਵਿੱਚ ਬੈਠੇ ਦੇ ਇਹ ਆਡੀਆਂ ਦਿਮਾਗ਼ ਵਿੱਚ ਆਇਆ। ਕਿਉਂ ਨੀ ਰੈਫ਼ਰੀ ਇਹ ਦੋ ਕਾਰਡ ਜੇਬ ਵਿੱਚ ਰੱਖ ਸਕਦਾ ? ਨਾ ਬੋਲੀ ਦੀ ਮੁਸ਼ਕਲ, ਨਾ ਕੋਈ ਝਗੜਾ, ਨਾ ਕੁਝ ਹੋਰ, ਕੈਨ ਨੇ ਇਹ ਆਡੀਆਂ ਆਪਣੀ ਘਰਵਾਲੀ ਨਾਲ ਸਾਂਝਾ ਕੀਤਾ, ਕੈਨ ਦੀ ਘਰਵਾਲੀ ਨੇ ਕੁਝ ਮਿੰਟਾਂ ਵਿੱਚ ਦੋ ਕਾਰਡ ਪੀਲਾ 'ਤੇ ਲਾਲ ਕੈਂਚੀ ਨਾਲ ਕੱਟ ਕੇ ਕੈਨ ਦੇ ਮੂਹਰੇ ਰੱਖ ਦਿੱਤੇ। ਸ਼ਾਇਦ ਕੋਈ ਯਕੀਨ ਨਾ ਕਰੇ ਪਹਿਲੇ ਦੋ ਕਾਰਡ , ਨਾ ਫ਼ੀਫ਼ਾ ਕਮੇਟੀ ਦੀ ਸਲਾਹ ਲਈ, ਨਾ ਕਿਸੇ ਹੋਰ ਦੀ , ਪਹਿਲੇ ਦੋ ਕਾਰਡ ਕਿਸੇ ਹੋਰ ਦੇ ਨਹੀਂ ਘਰ ਦੇ ਬਣਾਏ ਹੋਏ ਸੀ। ਇਹ ਨਵਾਂ ਆਡੀਆਂ ਫ਼ੁਟਬਾਲ ਵਿੱਚ ਆ ਗਿਆ, ਜਦੋਂ ਇਹ ਆਡੀਆਂ ਫ਼ੀਫ਼ਾ ਕਮੇਟੀ ਨੂੰ ਦੱਸਿਆ ਸਭ ਸਹਿਮਤ ਹੋ ਗਏ। ਅਗਲੇ ਵਰਲਡ ਕੱਪ ਵਿੱਚ ਜਿਹੜਾ 1970 ਵਿੱਚ ਮੈਕਸੀਕੋ ਹੋਣਾ ਸੀ। ਉੱਥੇ ਵਰਤਣ ਦੀ ਆਗਿਆ ਦੇ ਦਿੱਤੀ। ਹਰ ਰੈਫਲੀ ਇਹ ਦੋ ਕਾਰਡ ਆਪਣੀ ਜੇਬ ਵਿੱਚ ਪਾ ਕੇ ਗਰਾਊਂਡ ਵਿੱਚ ਵੜਦਾ। ਪਹਿਲਾਂ ਪੀਲਾ ਕਾਰਡ ਪਹਿਲੇ ਮੈਚ ਵਿੱਚ ਜਿਹੜਾ 31 ਮਈ 1970 ਨੂੰ ਉਪਨ ਮੈਚ ਵਿੱਚ 30 ਮਿੰਟ ਬਾਅਦ ਹੀ ਸੋਵੀਅਤ ਦੇ ਪਲੇਅਰ ਕਾਕੀ ਐਸਟਆਨੀ ਨੂੰ ਮਿਲਿਆ, ਫ਼ੁਟਬਾਲ ਦੀ ਹਿਸਟਰੀ ਵਿੱਚ ਇਹ ਪਹਿਲਾਂ ਕਾਰਡ ਸੀ। ਆਡੀਆਂ ਕੰਮ ਕਰਨ ਲੱਗਾ। ਅਗਲਾ ਵਰਲਡ ਕੱਪ ਜਰਮਨੀ ਵਿੱਚ ਖੇਡਿਆ ਗਿਆ। 14 ਜੂਨ 1974 ਨੂੰ ਲਾਲ ਕਾਰਡ ਸ਼ੁਰੂ ਹੋਇਆ। ਚਿੱਲੀ 'ਤੇ ਜਰਮਨੀ ਦਾ ਮੈਚ ਹੋਇਆ, ਚਿਲੀ ਦਾ ਪਲੇਅਰ ਕਾਰਲੋ ਕਾਸੱਲੀ ਨੂੰ ਹਿਸਟਰੀ ਵਿੱਚ ਟਿਰਕਿਸ ਦੇ ਰੈਫ਼ਰੀ ਨੇ ਲਾਲ ਕਾਰਡ ਦਿੱਤਾ। 1980 ਵਿੱਚ ਜਿਥੇ ਵੀ ਵਰਲਡ ਕੱਪ ਖੇਡਿਆ ਜਾਵੇਗਾ ਇਹ ਦੋਵੇਂ ਕਾਰਡ ਵਰਤੇ ਜਾਣਗੇ, ਇਹ ਫ਼ੀਫ਼ਾ ਕਮੇਟੀ ਨੇ ਇਸ ਫ਼ੈਸਲੇ 'ਤੇ ਮੋਹਰ ਲਗਾ ਦਿੱਤੀ। ਇਹਨਾਂ ਕਾਰਡਾਂ ਦੇ ਆਉਣ ਨਾਲ ਪਲੇਅਰ ਵਿੱਚ ਡਸਿਪਲਿਨ ਆ ਗਿਆ। ਇਹਨਾਂ ਕਾਰਡਾਂ ਨਾਲ ਫ਼ੁਟਬਾਲ ਵਿੱਚ ਜਿਥੇ ਬਦਲਾਅ ਆਇਆ ਉਥੇ ਬਹੁਤ ਮੈਚ ਬਦਲ ਦੇ ਵੇਖੇ। 2006 ਵਰਲਡ ਕੱਪ ਵਿੱਚ ਫਰਾਂਸ 'ਤੇ ਇਟਲੀ ਫਾਈਨਲ ਮੈਚ ਖੇਡ ਰਹੇ ਸੀ। ਦੋਵੇਂ ਟੀਮਾਂ ਬਹੁਤ ਹੀ ਟੱਫ ਸੀ। ਸਾਰੀ ਦੁਨੀਆ ਵੇਖ ਰਹੀ ਸੀ। ਮੈਚ ਵਾਧੂ ਸਮੇਂ ਵਿੱਚ ਖੇਡਿਆ ਜਾ ਰਿਹਾ ਸੀ। ਦੋਵੇਂ ਟੀਮਾਂ ਵਲੋਂ 1-1 ਗੋਲ ਸੀ ਕੁਝ ਮਿੰਟਾਂ ਦੀ ਖੇਡ ਬਚੀ ਸੀ, ਕਿਸੇ ਇੱਕ ਟੀਮ ਵਲੋਂ ਟਰਾਫੀ ਨੂੰ ਹੱਥ ਪੈਣ ਵਾਲਾਂ ਸੀ। ਫਰਾਂਸ ਦਾ ਮਹਾਨ ਖਿਡਾਰੀ ਜੀਡਾਨ ਦਾ ਇਟਲੀ ਦੇ ਪਲੇਅਰ ਮਾਰਕੋ ਮਡਰਾਸੀ ਨਾਲ ਗੱਲਾਂ ਗੱਲਾਂ ਵਿੱਚ ਝਗੜਾ ਹੋ ਗਿਆ। ਜੀਡਾਨ ਨੇ ਆਪਣਾ ਸਿਰ ਮਾਰਕੋ ਦੇ ਢਿੱਡ ਵਿੱਚ ਮਾਰਿਆ, ਖਿਡਾਰੀ ਥੱਲੇ ਡਿੱਗ ਪਿਆ। ਇਹ ਵੀ ਫ਼ੁਟਬਾਲ ਦੀ ਹਿਸਟਰੀ ਵਿੱਚ ਸ਼ਾਮਲ ਹੋਇਆ ਕਿ ਕਿਸੇ ਪਲੇਅਰ ਨੂੰ ਇੱਦਾਂ ਲਾਲ ਕਾਰਡ ਮਿਲਿਆ ਹੋਵੇ। ਕੈਨ ਆਸਟਨ ਸਾਰੀ ਉਮਰ ਫ਼ੁਟਬਾਲ ਨਾਲ ਜੁੜਿਆ ਰਿਹਾ ਆਖ਼ਰ 86 ਸਾਲ ਦੀ ਉਮਰ ਵਿੱਚ 2001 ਵਿੱਚ ਸੰਸਾਰ ਛੱਡ ਗਿਆ। ਫ਼ੀਫ਼ਾ ਕਮੇਟੀ ਅੱਜ ਵੀ ਕੈਨ ਆਸਟਨ ਦਾ ਧੰਨਵਾਦ ਕਰਦੀ ਨੇ, ਇੱਕ ਛੋਟੇ ਜਿਹੇ ਆਡੀਆਂ ਨੇ ਵਰਲਡ ਕੱਪ ਨੂੰ ਬਹੁਤ ਵੱਡਾ ਗਿਫਟ ਦਿੱਤਾ। ਇੱਕ ਛੋਟਾ ਜਿਹਾ ਪੇਪਰ ਲੜਾਈ ਝਗੜੇ 'ਤੋਂ ਬਗੈਰ ਕੁਝ ਸੈਕੰਡ ਵਿੱਚ ਮਸਲਿਆ ਦਾ ਹੱਲ ਕਰ ਦਿੰਦਾ ਹੈ। ਜਿਸਦਾ ਜਨਮ ਟਰੈਫਿਕ ਲਾਈਟਾਂ 'ਤੋਂ ਕਦੇ ਹੋਇਆ ਸੀ। ਜਿਹਨੇ ਫ਼ੁਟਬਾਲ ਵਿੱਚ ਬਹੁਤ ਕੁਝ ਬਦਲ ਦਿੱਤਾ। " ਭਾਵੇਂ ਅਸੀਂ ਸੰਸਾਰ ਤਾ ਨਹੀਂ ਬਦਲ ਸਕਦੇ , ਪਰ ਬਹੁਤ ਵਾਰ ਛੋਟੇ ਜਿਹੇ ਆਡੀਏ ਬਹੁਤ ਵਧੀਆ ਕੰਮ ਕਰ ਜਾਂਦੇ ਨੇ।"

# ਕਿੰਨੀ ਦੇਰ ਤੱਕ ਪੰਜਾਬੀ ਸਿਆਸੀ ਭਰਮਜਾਲ 'ਚ ਫਸੇ ਰਹਿਣਗੇ

ਗੁਰਮੀਤ ਸਿੰਘ ਪਲਾਹੀ
9815802070



ਕਿੰਨੀ ਦੇਰ ਤੱਕ ਪੰਜਾਬੀ ਸਿਆਸੀ ਭਰਮਜਾਲ ਦਾ ਸ਼ਿਕਾਰ ਹੁੰਦੇ ਰਹਿਣਗੇ ? ਕਿੰਨੀ ਦੇਰ ਤੱਕ ਪੰਜਾਬੀ ਗੁਮਰਾਹ ਹੁੰਦੇ ਰਹਿਣਗੇ ਅਤੇ ਸੱਚ ਨੂੰ ਪਛਾਣਨ ਲਈ ਹੋਰ ਕਿੰਨੀ ਦੇਰ ਲਾਉਣਗੇ ? ਪੰਜਾਬੀਆਂ 'ਤੇ ਹਮਲੇ ਸਿਆਸੀ ਵੀ ਹਨ, ਧਾਰਮਿਕ ਵੀ ਹਨ ਅਤੇ ਸੱਭਿਆਚਾਰਕ ਵੀ। ਉਹ ਦੇਸ਼ 'ਤੇ ਸਰਹੱਦੀ ਹਮਲਿਆਂ ਨੂੰ ਪਛਾੜਨ ਲਈ ਕਾਮਯਾਬ ਹਨ, ਉਹ ਦੇਸ਼ ਦੇ ਅੰਨ ਭੰਡਾਰ ਭਰਨ ਲਈ ਕਾਮਯਾਬ ਹਨ, ਉਹ ਦੇਸ਼ ਲਈ ਕੁਰਬਾਨੀਆਂ ਕਰਨ ਲਈ ਸਭ ਤੋਂ ਅੱਗੇ ਹਨ ਅਤੇ ਜਾਨਾਂ ਵਾਰਨ ਤੱਕ ਜਾਂਦੇ ਹਨ। ਪਰ ਸਵਾਲ ਪੈਦਾ ਹੁੰਦਾ ਹੈ ਕਿ ਆਪਣੇ ਹਿੱਤਾਂ ਦੀ ਰਾਖੀ ਲਈ 'ਪਗੜੀ ਸੰਭਾਲ ਜੱਟਾ' ਵਰਗੇ ਇਤਿਹਾਸਕ ਮੋਰਚੇ ਲਾਉਣ ਵਾਲੀ ਇਹ ਅਣਖੀ ਕੌਮ ਹੁਣ ਉਸ ਵੇਲੇ ਆਨਾ-ਕਾਨੀ ਕਿਉਂ ਕਰ ਰਹੀ ਹੈ, ਜਦੋਂ ਉਨ੍ਹਾਂ ਦਾ ਪਾਣੀ ਲੁੱਟਿਆ ਜਾ ਰਿਹਾ ਹੈ, ਉਨ੍ਹਾਂ ਦੀ ਰਾਜਧਾਨੀ ਚੰਡੀਗੜ੍ਹ ਖੋਹੀ ਗਈ ਹੈ, ਉਨ੍ਹਾਂ ਦੀ ਮਾਂ-ਬੋਲੀ ਪੰਜਾਬੀ ਨੂੰ ਹਾਸ਼ੀਏ 'ਤੇ ਧੱਕ ਕੇ ਤਹਿਸ-ਨਹਿਸ ਕੀਤਾ ਜਾ ਰਿਹਾ ਹੈ, ਅਤੇ ਉਨ੍ਹਾਂ ਦਾ ਅਮੀਰ ਸੱਭਿਆਚਾਰ ਤਬਾਹ ਕੀਤਾ ਜਾ ਰਿਹਾ ਹੈ ? ਉਨ੍ਹਾਂ 'ਤੇ ਚੌਤਰਫ਼ੇ ਧਾਰਮਿਕ ਹਮਲੇ ਹੋ ਰਹੇ ਹਨ, ਹਿੰਦੂ-ਸਿੱਖ ਦਾ ਰਵਾਇਤੀ ਪਾੜਾ ਪਾਉਣ ਦਾ ਕੋਝਾ ਯਤਨ ਹੋ ਰਿਹਾ ਹੈ ਤੇ ਆਪਣੀ ਮਿਹਨਤ ਦੇ ਸਿਰ 'ਤੇ ਜਿਊਣ ਵਾਲੇ ਪੰਜਾਬੀਆਂ ਨੂੰ ਸਿਆਸੀ ਮੁਫ਼ਤਖੋਰੀ ਦੀਆਂ ਰੇਵੜੀਆਂ ਵੰਡ ਕੇ ਆਲਸੀ ਤੇ ਮੁਥਾਜ ਬਣਾਇਆ ਜਾ ਰਿਹਾ ਹੈ।

ਸਿਆਸੀ ਪਾਰਟੀਆਂ ਸੂਬੇ ਪੰਜਾਬ ਦੇ ਵਿਕਾਸ ਦੀ ਜ਼ੋਰ-ਸ਼ੋਰ ਨਾਲ ਦੁਹਾਈ ਦੇ ਰਹੀਆਂ ਹਨ। ਦੇਸ਼ ਦਾ ਪ੍ਰਧਾਨ ਮੰਤਰੀ ਆਖਦਾ ਹੈ ਕਿ ਭਾਜਪਾ ਹੀ ਪੰਜਾਬ ਦਾ ਅਸਲ ਵਿਕਾਸ ਕਰਵਾ ਸਕਦੀ ਹੈ। ਉਹ ਪੰਜਾਬ ਫੇਰੀ ਦੌਰਾਨ ਸੂਬੇ ਲਈ 5,470 ਕਰੋੜ ਰੁਪਏ ਦੇ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਕਰਦਾ ਹੈ ਅਤੇ ਇਸ ਵਿੱਚ 'ਡਬਲ ਇੰਜਣ' ਸਰਕਾਰ ਦੀ ਵਕਾਲਤ ਕਰਦਾ ਹੈ। ਪਰ ਉਹ ਪੰਜਾਬ ਦੇ ਸਭ ਤੋਂ ਵੱਡੇ ਮਸਲੇ, ਯਾਨੀ ਪਾਣੀਆਂ ਦੇ ਸੰਕਟ ਦੀ ਗੱਲ ਨਹੀਂ ਕਰਦਾ। ਉਹ ਬੰਜਰ ਹੋ ਰਹੀ ਪੰਜਾਬ ਦੀ ਉਪਜਾਊ ਧਰਤੀ ਬਾਰੇ ਇੱਕ ਅੱਖਰ ਵੀ ਨਹੀਂ ਬੋਲਦਾ। ਉਹ ਕਿਸਾਨਾਂ ਦੇ ਮਸਲਿਆਂ- ਜਿਵੇਂ ਐੱਮ.ਐੱਸ.ਪੀ. ਦੀ ਕਾਨੂੰਨੀ ਗਾਰੰਟੀ ਅਤੇ ਸਵਾਮੀਨਾਥਨ ਰਿਪੋਰਟ ਲਾਗੂ ਕਰਨ ਦੇ ਹੱਲ ਲਈ ਕੋਈ ਗੱਲ ਨਹੀਂ ਕਰਦਾ। ਉਹ ਸਿਰਫ਼ ਅਕਾਲੀਆਂ, ਕਾਂਗਰਸੀਆਂ ਅਤੇ ਆਪ ਵਾਲਿਆਂ 'ਤੇ ਤਿੱਖੇ ਨਿਸ਼ਾਨੇ ਸਾਧਦਾ ਹੈ, ਸਿਆਸੀ ਸਟੇਜਾਂ 'ਤੇ ਬੱਲੇ-ਬੱਲੇ ਕਰਵਾਉਂਦਾ ਹੈ ਅਤੇ ਤੁਰਦਾ ਬਣਦਾ ਹੈ।

ਪ੍ਰਧਾਨ ਮੰਤਰੀ ਅਤੇ ਕੇਂਦਰੀ ਲੀਡਰਸ਼ਿਪ ਪੰਜਾਬੀ ਨੌਜਵਾਨਾਂ ਦੇ ਵੱਡੇ ਪੱਧਰ 'ਤੇ ਹੋ ਰਹੇ ਪ੍ਰਵਾਸ, ਨਸ਼ਿਆਂ ਦੇ ਗੰਭੀਰ ਗ੍ਰਸੇ ਜਾਣ ਅਤੇ ਪੰਜਾਬ ਦੀ ਸਿਰ ਚੜ੍ਹੇ ਲੱਖਾਂ ਕਰੋੜਾਂ ਦੇ ਆਰਥਿਕ ਕਰਜ਼ੇ ਦੀ ਸਥਿਤੀ ਦੀ ਕੋਈ ਗੱਲ ਨਹੀਂ ਕਰਦੀ। ਆਖਰ ਪੰਜਾਬੀਆਂ ਨੂੰ ਇਹਨਾਂ ਵੱਡੇ ਹਾਈਵੇਜ਼ ਦਾ ਕੀ ਲਾਭ, ਜੇ ਪੰਜਾਬ ਦੇ ਕਿਸਾਨਾਂ ਦੀਆਂ ਜ਼ਮੀਨਾਂ ਨੂੰ ਉਜਾੜ ਕੇ, ਉਨ੍ਹਾਂ ਦਾ ਸੀਨਾ ਪਾੜ ਕੇ ਕਾਰਪੋਰੇਟਾਂ ਦੇ ਹਿੱਤਾਂ ਲਈ ਇਹਨਾਂ ਸੜਕਾਂ ਨੂੰ ਉਸਾਰਿਆ ਜਾ ਰਿਹਾ ਹੈ ? ਪੰਜਾਬੀਆਂ ਨੂੰ ਕੀ ਲਾਹਾ ਅਧੁਨਿਕ ਰੇਲਵੇ ਸਟੇਸ਼ਨਾਂ ਦਾ, ਜੇਕਰ ਉਨ੍ਹਾਂ ਦੇ ਆਪਣੇ ਪਿੰਡਾਂ ਜਾਂ ਸ਼ਹਿਰਾਂ ਦੀਆਂ ਸੰਪਰਕ ਸੜਕਾਂ ਟੁੱਟੀਆਂ-ਫੁੱਟੀਆਂ ਅਤੇ ਖ਼ਸਤਾਹਾਲ ਹਨ ? ਆਖ਼ਰ ਉਸ ਆਮ ਨਾਗਰਿਕ ਨੂੰ ਉਸ ਉੱਪਰੋਂ-ਉੱਪਰੋਂ ਦਿਸਦੇ ਵਿਕਾਸ ਦਾ ਕੀ ਫਾਇਦਾ, ਜੇਕਰ ਉਸ ਨੂੰ ਰੁਜ਼ਗਾਰ ਨਹੀਂ ਮਿਲਦਾ, ਉਸ ਦੇ ਬੱਚੇ ਨੂੰ ਸਰਕਾਰੀ ਸਕੂਲਾਂ ਵਿੱਚ ਸਹੀ ਸਿੱਖਿਆ ਨਹੀਂ ਮਿਲਦੀ, ਅਤੇ ਬੁਨਿਆਦੀ ਸਿਹਤ ਸਹੂਲਤਾਂ ਉਸ ਦੇ ਪੱਲੇ ਨਹੀਂ ਪੈਂਦੀਆਂ ? ਜਦੋਂ ਇੱਕ ਆਮ ਪੰਜਾਬੀ ਇਹਨਾਂ ਬੁਨਿਆਦੀ ਸਹੂਲਤਾਂ ਦੀ ਪ੍ਰਾਪਤੀ ਲਈ ਆਪਣਾ ਝੱਗਾ-ਚੌੜ ਕਰਵਾਉਂਦਾ ਹੈ, ਆਪਣੀਆਂ ਬਚੀਆਂ-ਖੁਚੀਆਂ ਜ਼ਮੀਨਾਂ ਵੇਚਦਾ ਹੈ, ਘਰ ਗਿਰਵੀ ਰੱਖਦਾ ਹੈ ਅਤੇ ਬਾਅਦ ਵਿੱਚ ਕਰਜ਼ਾ ਨਾ ਚੁਕਾਉਣ ਦੀ ਸੂਰਤ ਵਿੱਚ ਛੱਤ ਦੇ ਸ਼ਤੀਰਾਂ ਜਾਂ ਪੱਖਿਆਂ ਨੂੰ ਜੱਫੇ ਪਾ ਕੇ ਖ਼ੁਦਕੁਸ਼ੀ ਕਰਨ ਲਈ ਮਜਬੂਰ ਹੋ ਜਾਂਦਾ ਹੈ।

ਗੱਲ ਇਕੱਲੇ ਪ੍ਰਧਾਨ ਮੰਤਰੀ ਅਤੇ ਭਾਜਪਾ ਦੀ ਨਹੀਂ ਹੈ, ਜਿਹੜੀ ਹਰ ਹਾਲ ਵਿੱਚ ਪੰਜਾਬ ਦੀ ਸੱਤਾ ਹਥਿਆਉਣਾ ਚਾਹੁੰਦੀ ਹੈ। ਕੇਂਦਰੀ ਹਾਕਮ ਹਰ ਹੀਲੇ ਪੰਜਾਬੀਆਂ ਦੀ ਖੇਤੀ ਅੰਦੋਲਨ ਵੇਲੇ ਦੀ ਇਤਿਹਾਸਕ ਪ੍ਰਾਪਤੀ ਦੀ ਹਉਮੈ ਨੂੰ ਭੰਨਣਾ ਚਾਹੁੰਦੇ ਹਨ। ਪੰਜਾਬ ਦੇ ਲੋਕਾਂ ਨੇ ਕਾਂਗਰਸ ਦੀਆਂ ਨਾਕਾਮੀਆਂ ਤੋਂ ਨਾਰਾਜ਼ ਹੁੰਦਿਆਂ ਅਤੇ ਅਕਾਲੀ ਦਲ ਦੇ ਰਵਾਇਤੀ ਪਰਿਵਾਰਵਾਦ ਤੋਂ ਪਾਸਾ ਵੱਟਦਿਆਂ, ਇੱਕ ਵੱਡੇ ਜਜ਼ਬਾਤੀ ਰੌਅ ਵਿੱਚ ਆਮ ਆਦਮੀ ਪਾਰਟੀ ਨੂੰ ਆਪਣੇ ਸੀਨੇ ਨਾਲ ਲਾ ਲਿਆ ਸੀ। ਇਹ ਇਨਕਲਾਬੀ ਬਦਲ ਇਸ ਆਸ ਨਾਲ ਲਿਆਂਦਾ ਗਿਆ ਸੀ ਕਿ ਇਹ ਪਾਰਟੀ ਉਨ੍ਹਾਂ ਦੇ ਦੁਖੜਿਆਂ ਦਾ ਹੱਲ ਕਰੇਗੀ, ਉਨ੍ਹਾਂ ਦੇ ਬੱਚਿਆਂ ਨੂੰ ਸੂਬੇ ਵਿੱਚ ਹੀ ਰੁਜ਼ਗਾਰ ਮਿਲੇਗਾ ਤੇ ਸੁੱਖ ਦਾ ਸਾਹ ਆਏਗਾ, ਭ੍ਰਿਸ਼ਟਾਚਾਰ ਸੂਬੇ ਵਿੱਚੋਂ ਜੜ੍ਹੋਂ ਖ਼ਤਮ ਹੋਵੇਗਾ, ਨਸ਼ਿਆਂ ਦੇ ਵਪਾਰੀ ਜੇਲ੍ਹਾਂ ਵਿੱਚ ਹੋਣਗੇ ਤੇ ਪਾਰਦਰਸ਼ੀ ਪ੍ਰਸ਼ਾਸਨ ਮਿਲੇਗਾ।

ਪੰਜਾਬ ਦੀ ਸਿਆਸਤ ਹਮੇਸ਼ਾ ਹੀ ਬਹੁਤ ਪੇਚੀਦਗੀ ਭਰਪੂਰ ਰਹੀ ਹੈ। ਪੰਜਾਬ ਨਾਲ ਸਦਾ ਦਿੱਲੀ ਦੇ ਸਿਆਸਤਦਾਨ ਗੰਧਲੀਆਂ ਖੇਡਾਂ ਖੇਡਦੇ ਰਹੇ ਹਨ। ਸੂਬੇ ਦੇ ਸਰੋਤਾਂ ਨੂੰ ਲੁੱਟਣ ਅਤੇ ਇੱਥੋਂ ਦੀ ਖੇਤਰੀ ਤਾਕਤ ਨੂੰ ਕਮਜ਼ੋਰ ਕਰਨ ਲਈ ਕੇਂਦਰੀ ਸਿਆਸਤ ਨੇ ਹਮੇਸ਼ਾ ਸਾਜ਼ਿਸ਼ਾਂ ਘੜੀਆਂ ਹਨ। ਪੰਜਾਬ ਉਨ੍ਹਾਂ ਖੇਡਾਂ ਦਾ ਸ਼ਿਕਾਰ ਹੁੰਦਾ ਰਿਹਾ ਹੈ ਅਤੇ ਮੌਜੂਦਾ ਦੌਰ ਵਿੱਚ ਵੀ ਹੋ ਰਿਹਾ ਹੈ। ਅਸੀਂ ਦੇਖਿਆ ਹੈ ਕਿ ਪੰਜਾਬ ਵਿੱਚ ਅੱਸੀ-ਨੱਬੇ ਦੇ ਦਹਾਕੇ ਦੀਆਂ ਗਰਮ ਲਹਿਰਾਂ ਦੌਰਾਨ ਹਜ਼ਾਰਾਂ ਨੌਜਵਾਨਾਂ ਦੇ ਫਰਜ਼ੀ ਮੁਕਾਬਲੇ ਹੋਏ- ਇਸ ਖ਼ੂਨੀ ਖੇਡ ਪਿੱਛੇ ਆਖਰ ਕਿਸ ਦਾ ਹੱਥ ਸੀ ? ਪੰਜਾਬ ਵਿੱਚ ਨਸ਼ਿਆਂ ਦਾ ਛੇਵਾਂ ਦਰਿਆ ਵਗਾਇਆ ਗਿਆ, ਜਿਸ ਨੇ ਲੱਖਾਂ ਘਰਾਂ ਦੇ ਚਿਰਾਗ ਬੁਝਾ ਦਿੱਤੇ-ਕੌਣ ਹਨ ਇਸ ਦੇ ਅਸਲ ਸਰਪ੍ਰਸਤ ? ਪੰਜਾਬ ਦੇ ਨੌਜਵਾਨਾਂ ਦੀ ਬੇਰੁਜ਼ਗਾਰੀ ਅਤੇ ਮਜਬੂਰਨ ਪ੍ਰਵਾਸ ਦਾ ਅਸਲ ਜ਼ਿੰਮੇਵਾਰ ਕੌਣ ਹੈ ? ਇਹਨਾਂ ਸਾਰੇ ਗੰਭੀਰ ਸਵਾਲਾਂ ਦੇ ਜਵਾਬ ਲੱਭਦਿਆਂ ਅਤੇ ਹੌਲੀ-ਹੌਲੀ ਜਾਗਰੂਕ ਹੁੰਦਿਆਂ, ਹੁਣ ਪੰਜਾਬੀ ਸਿਆਸੀ ਨੇਤਾਵਾਂ ਨਾਲ ਬੇਹੱਦ ਨਾਰਾਜ਼ ਹਨ, ਕਿਉਂਕਿ ਇਹ ਨੇਤਾ ਵੋਟਾਂ ਵੇਲੇ ਤਾਂ ਪੈਰਾਂ 'ਤੇ ਡਿੱਗਦੇ ਹਨ ਪਰ ਔਖੇ ਵੇਲਿਆਂ ਵਿੱਚ ਪੰਜਾਬ ਦੀ ਬਾਂਹ ਫੜਨ ਤੋਂ ਸਾਫ਼ ਮੁੱਕਰ ਜਾਂਦੇ ਹਨ।

ਜੇਕਰ ਪੰਜਾਬ ਦੀ ਜਨਸੰਖਿਆ ਦੇ ਅੰਕੜਿਆਂ 'ਤੇ ਨਜ਼ਰ ਮਾਰੀਏ, ਤਾਂ ਇੱਥੇ ਲਗਭਗ 58 ਫ਼ੀਸਦੀ ਸਿੱਖ ਆਬਾਦੀ ਹੈ, ਜਿਸ ਵਿੱਚੋਂ ਕਰੀਬ 60 ਫ਼ੀਸਦੀ ਜੱਟ ਸਿੱਖ ਹਨ। ਹਿੰਦੂ ਭਾਈਚਾਰੇ ਦੀ ਗਿਣਤੀ ਲਗਭਗ 40 ਫ਼ੀਸਦੀ ਹੈ। ਇਸ ਹਿੰਦੂ-ਸਿੱਖ ਆਬਾਦੀ ਦੇ ਅੰਦਰ ਹੀ ਲਗਭਗ 33 ਫ਼ੀਸਦੀ (ਭਾਵ ਤੀਜਾ ਹਿੱਸਾ) ਦਲਿਤ ਵੋਟ ਬੈਂਕ ਹੈ, ਜੋ ਕਿ ਪੂਰੇ ਦੇਸ਼ ਵਿੱਚ ਕਿਸੇ ਵੀ ਸੂਬੇ ਨਾਲੋਂ ਫ਼ੀਸਦੀ ਦੇ ਹਿਸਾਬ ਨਾਲ ਸਭ ਤੋਂ ਵੱਧ ਹੈ।

ਅੱਜ ਸਾਰੀਆਂ ਸਿਆਸੀ ਪਾਰਟੀਆਂ ਪੰਜਾਬੀਆਂ ਦੇ ਇਸ ਸਾਂਝੇ ਅਕਸ ਨੂੰ ਢਾਹ ਲਾ ਕੇ, ਉਨ੍ਹਾਂ ਨੂੰ ਧਰਮ ਅਤੇ ਜਾਤ ਦੇ ਨਾਂ 'ਤੇ ਵੰਡ ਕੇ ਵੋਟਾਂ ਹਥਿਆਉਣ ਦੇ ਸਸਤੇ ਚੱਕਰ ਵਿੱਚ ਹਨ। ਸਾਰੀਆਂ ਸਿਆਸੀ ਪਾਰਟੀਆਂ ਖ਼ਾਸ ਕਰਕੇ ਭਾਜਪਾ ਦਾ ਪੂਰਾ ਫੋਕਸ ਇਸ ਵੇਲੇ ਐੱਸ.ਸੀ. ਜਾਤੀ ਦੇ ਵੋਟ ਬੈਂਕ ਨੂੰ ਆਪਣੇ ਵੱਲ ਖਿੱਚਣ 'ਤੇ ਹੈ। ਦੋਆਬੇ ਦੇ ਚਾਰ ਪ੍ਰਮੁੱਖ ਜ਼ਿਲ੍ਹੇ-ਜਲੰਧਰ, ਕਪੂਰਥਲਾ, ਹੁਸ਼ਿਆਰਪੁਰ, ਅਤੇ ਨਵਾਂਸ਼ਹਿਰ (ਸ਼ਹੀਦ ਭਗਤ ਸਿੰਘ ਨਗਰ)-ਵਿੱਚ ਦਲਿਤ ਵੋਟਰ ਹੀ ਸਾਰੀਆਂ ਸਿਆਸੀ ਪਾਰਟੀਆਂ ਦੀ ਹਾਰ-ਜਿੱਤ ਤੈਅ ਕਰਦੇ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਡੇਰਾ ਸੱਚਖੰਡ ਬੱਲਾਂ ਵਿਖੇ ਜਾਣਾ ਇਸੇ ਰਣਨੀਤੀ ਦਾ ਹਿੱਸਾ ਸੀ, ਤਾਂ ਜੋ ਦੋਆਬੇ ਦੇ ਇਸ ਪ੍ਰਭਾਵਸ਼ਾਲੀ ਵੋਟ ਬੈਂਕ ਨੂੰ ਭਾਜਪਾ ਦੇ ਪੱਖ ਵਿੱਚ ਭੁਗਤਾਇਆ ਜਾ ਸਕੇ। ਉਨ੍ਹਾਂ ਨੇ ਡੇਰੇ ਦੇ ਸੰਤ ਨਿਰੰਜਨ ਦਾਸ ਨੂੰ ਵਿਸ਼ੇਸ਼ ਅਹਿਮੀਅਤ ਦੇ ਕੇ ਇਹ ਸਪਸ਼ਟ ਸੰਦੇਸ਼ ਦਿੱਤਾ ਹੈ ਕਿ ਉਹ ਹੁਣ ਡੇਰਾਵਾਦ ਦੇ ਸਹਾਰੇ ਪੰਜਾਬ ਦੀ ਸਿਆਸਤ ਵਿੱਚ ਪੈਰ ਜਮਾਉਣਾ ਚਾਹੁੰਦੇ ਹਨ।

ਇਤਿਹਾਸਕ ਤੌਰ 'ਤੇ ਪੰਜਾਬ ਦੀ ਦਲਿਤ ਵੋਟ ਜ਼ਿਆਦਾਤਰ ਕਾਂਗਰਸ ਦੇ ਪੱਖ ਵਿੱਚ ਭੁਗਤਦੀ ਰਹੀ ਹੈ, ਖਾਸ ਕਰਕੇ ਦੋਆਬੇ ਦੇ ਇਲਾਕੇ ਵਿੱਚ। ਪਰ ਪਿਛਲੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੇ ਇਸ ਵੋਟ ਬੈਂਕ ਵਿੱਚ ਵੱਡੀ ਸੰਨ੍ਹ ਲਾਈ ਅਤੇ ਇੱਥੇ ਆਪਣਾ ਸਿਆਸੀ ਆਧਾਰ ਮਜ਼ਬੂਤ ਕੀਤਾ। ਦੂਜੇ ਪਾਸੇ, ਸ਼੍ਰੋਮਣੀ ਅਕਾਲੀ ਦਲ ਅਤੇ ਬਸਪਾ ਦਾ ਗੱਠਜੋੜ ਵੀ ਇਸੇ ਵੋਟ ਨੂੰ ਹਾਸਲ ਕਰਨ ਲਈ ਹੱਥ-ਪੈਰ ਮਾਰਦਾ ਰਿਹਾ ਹੈ। ਉਂਜ, ਪੰਜਾਬ ਦੀ ਐੱਸ.ਸੀ. ਆਬਾਦੀ ਅਕਾਲੀਆਂ, ਗਰਮਖਿਆਲੀਆਂ, ਅਤੇ ਕਾਂਗਰਸ ਦੇ ਖੇਮਿਆਂ ਵਿੱਚ ਵੰਡੀ ਹੋਈ ਹੈ। ਜੇ ਗਣਿਤ ਸਮਝੀਏ ਤਾਂ ਦਲਿਤਾਂ ਦੀ ਕੁੱਲ 33 ਫ਼ੀਸਦੀ ਵੋਟ ਵਿੱਚੋਂ, ਸਿੱਖ ਦਲਿਤਾਂ ਦੀ ਹਿੱਸੇਦਾਰੀ ਬਹੁਤ ਵੱਡੀ ਹੈ, ਜੋ ਕਿ ਸਿਆਸਤ ਦਾ ਰੁਖ਼ ਬਦਲਣ ਦੇ ਸਮਰੱਥ ਹੈ।

ਸਿਆਸੀ ਪਾਰਟੀਆਂ, ਖ਼ਾਸ ਕਰਕੇ ਭਾਜਪਾ ਵੱਲੋਂ ਪੰਜਾਬੀਆਂ ਨੂੰ ਪਹਿਲਾਂ ਧਰਮ ਦੇ ਨਾਂ 'ਤੇ ਵੰਡਣਾ ਅਤੇ ਫਿਰ ਜਾਤ-ਪਾਤ ਦੀ ਵਰਗ-ਵੰਡ ਕਰਨਾ ਸੂਬੇ ਦੇ ਸਮਾਜਿਕ ਤਾਣੇ-ਬਾਣੇ ਲਈ ਬਹੁਤ ਘਾਤਕ ਸਿੱਧ ਹੋ ਰਿਹਾ ਹੈ। ਪਰ ਦੁਖਾਂਤ ਇਹ ਹੈ ਕਿ ਪੰਜਾਬੀਆਂ ਉੱਤੇ ਇਸ ਸਿਆਸੀ ਧਰੁਵੀਕਰਨ ਦਾ ਅਸਰ ਹੁਣ ਸਾਫ਼ ਦਿਖਣ ਲੱਗ ਪਿਆ ਹੈ। ਜੇਕਰ ਅਸੀਂ ਚੋਣ ਅੰਕੜਿਆਂ 'ਤੇ ਨਜ਼ਰ ਮਾਰੀਏ, ਤਾਂ 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਨੂੰ ਸਿਰਫ਼ 6.6 ਫ਼ੀਸਦੀ ਵੋਟਾਂ ਮਿਲੀਆਂ ਸਨ। ਲੇਕਿਨ 2024 ਦੀਆਂ ਲੋਕ ਸਭਾ ਚੋਣਾਂ ਵਿੱਚ, ਅਕਾਲੀ ਦਲ ਤੋਂ ਵੱਖ ਹੋ ਕੇ ਇਕੱਲਿਆਂ ਲੜਨ ਦੇ ਬਾਵਜੂਦ, ਭਾਜਪਾ ਦਾ ਵੋਟ ਬੈਂਕ ਉਛਾਲ ਮਾਰ ਕੇ 18.65 ਫ਼ੀਸਦੀ ਤੱਕ ਪਹੁੰਚ ਗਿਆ।

ਦੂਜੇ ਪਾਸੇ ਕਾਂਗਰਸ ਅਤੇ 'ਆਪ' ਨੂੰ ਲਗਭਗ 26-26 ਫ਼ੀਸਦੀ ਵੋਟਾਂ ਮਿਲੀਆਂ, ਜਦਕਿ ਸ਼੍ਰੋਮਣੀ ਅਕਾਲੀ ਦਲ ਸੁੰਘੜ ਕੇ 13.68 ਫ਼ੀਸਦੀ 'ਤੇ ਆ ਗਿਆ। ਇਸ ਦੇ ਨਾਲ ਹੀ, ਗਰਮਖਿਆਲੀ ਅਤੇ ਆਜ਼ਾਦ ਉਮੀਦਵਾਰਾਂ ਦੇ ਪੱਲੇ ਕੱਟੜ ਸਿੱਖ ਭਾਵਨਾਵਾਂ ਦੀਆਂ ਵੋਟਾਂ ਪਈਆਂ।

ਹੁਣ ਭਾਜਪਾ ਦੀ ਰਣਨੀਤੀ ਇਹ ਹੈ ਕਿ ਜੇਕਰ ਉਹ ਸੂਬੇ ਦੇ 40 ਫ਼ੀਸਦੀ ਹਿੰਦੂਆਂ ਵਿੱਚੋਂ 30 ਫ਼ੀਸਦੀ ਵੋਟਾਂ ਨੂੰ ਆਪਣੇ ਹੱਕ ਵਿੱਚ ਪੱਕਾ ਕਰ ਲਵੇ, ਅਤੇ ਨਾਲ ਹੀ ਵੱਖ-ਵੱਖ ਡੇਰਿਆਂ ਦੇ ਪ੍ਰਭਾਵ ਸਦਕਾ 10 ਤੋਂ 12 ਫ਼ੀਸਦੀ ਦਲਿਤ ਵੋਟ ਹਾਸਲ ਕਰ ਲਵੇ, ਤਾਂ ਉਹ ਹਿੰਦੂ-ਬਹੁਗਿਣਤੀ ਵਾਲੇ 55 ਵਿਧਾਨ ਸਭਾ ਚੋਣ ਖੇਤਰਾਂ ਵਿੱਚ ਇੱਕ ਮਜ਼ਬੂਤ ਸਿਆਸੀ ਸ਼ਕਤੀ ਬਣ ਕੇ ਉੱਭਰ ਸਕਦੀ ਹੈ। ਇਹ ਖੇਡ ਪੰਜਾਬ ਦੇ ਉੱਜਵਲ ਭਵਿੱਖ ਲਈ ਨਹੀਂ, ਸਗੋਂ ਸੱਤਾ ਹਥਿਆਉਣ ਲਈ ਖੇਡੀ ਜਾ ਰਹੀ ਹੈ।

ਪੰਜਾਬ ਸ਼ੁਰੂ ਤੋਂ ਹੀ ਦੇਸ਼ ਅੰਦਰ ਫੈਡਰਲਿਜ਼ਮ ਯਾਨੀ ਸੂਬਿਆਂ ਦੇ ਵੱਧ ਅਧਿਕਾਰਾਂ ਦਾ ਪਹਿਰੇਦਾਰ ਰਿਹਾ ਹੈ। ਪ੍ਰੰਤੂ ਅਜੋਕੇ ਸਮੇਂ ਕੇਂਦਰ ਸਰਕਾਰ ਵੱਲੋਂ ਸੂਬੇ ਦੇ ਅਧਿਕਾਰਾਂ 'ਤੇ ਲਗਾਤਾਰ ਡਾਕੇ ਮਾਰੇ ਜਾ ਰਹੇ ਹਨ। ਪੰਜਾਬ ਦੇ ਪੇਂਡੂ ਵਿਕਾਸ ਫੰਡ ਨੂੰ ਰੋਕਣਾ, ਬੀ.ਐੱਸ.ਐੱਫ. ਦਾ ਅਧਿਕਾਰ ਖੇਤਰ ਸਰਹੱਦ ਤੋਂ 50 ਕਿਲੋਮੀਟਰ ਤੱਕ ਵਧਾ ਕੇ ਸੂਬੇ ਦੀ ਕਾਨੂੰਨ ਵਿਵਸਥਾ ਵਿੱਚ ਦਖ਼ਲ ਦੇਣਾ, ਅਤੇ ਪੰਜਾਬ ਦੇ ਕੋਲੇ ਦੇ ਕੋਟੇ 'ਤੇ ਸ਼ਰਤਾਂ ਲਾਉਣੀਆਂ-ਇਹ ਸਭ ਇਸ ਗੱਲ ਦਾ ਪ੍ਰਮਾਣ ਹਨ ਕਿ ਪੰਜਾਬ ਨੂੰ ਆਰਥਿਕ ਤੌਰ 'ਤੇ ਕੰਗਾਲ ਕਰਕੇ ਗੋਡਿਆਂ ਭਾਰ ਲਿਆਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪੰਜਾਬੀ ਹਮੇਸ਼ਾ ਦੇਸ਼ ਦੇ ਅੰਨਦਾਤਾ ਰਹੇ ਹਨ, ਪਰ ਅੱਜ ਉਨ੍ਹਾਂ ਨੂੰ ਆਪਣੀ ਹੀ ਫ਼ਸਲ ਦੀ ਕੀਮਤ ਮੰਗਣ ਲਈ ਦਿੱਲੀ ਦੀਆਂ ਸਰਹੱਦਾਂ 'ਤੇ ਕੀਲੀਆਂ ਵਾਲੀਆਂ ਤਾਰਾਂ ਅਤੇ ਅੱਥਰੂ ਗੈਸ ਦੇ ਗੋਲਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਿਆਸੀ ਪਾਰਟੀਆਂ ਇਹਨਾਂ ਗੰਭੀਰ ਮਸਲਿਆਂ 'ਤੇ ਲੜਨ ਦੀ ਬਜਾਏ ਇੱਕ-ਦੂਜੇ ਨੂੰ ਨੀਵਾਂ ਦਿਖਾਉਣ ਵਿੱਚ ਮਸਰੂਫ਼ ਹਨ, ਜਿਸ ਕਾਰਨ ਆਮ ਪੰਜਾਬੀ ਖ਼ੁਦ ਨੂੰ ਬੇਸਹਾਰਾ ਮਹਿਸੂਸ ਕਰ ਰਹੇ ਹਨ।

ਪੰਜਾਬ ਅਤੇ ਇੱਥੋਂ ਦੇ ਵਸਨੀਕ ਭਾਵੇਂ ਕੁਝ ਸਮੇਂ ਲਈ ਜਜ਼ਬਾਤੀ ਹੋ ਕੇ ਸਿਆਸੀ ਗੁੰਮਰਾਹਕੁਨ ਪ੍ਰਚਾਰ ਦਾ ਸ਼ਿਕਾਰ ਹੋ ਸਕਦੇ ਹਨ, ਪਰ ਇਤਿਹਾਸ ਗਵਾਹ ਹੈ ਕਿ ਜਦੋਂ ਵੀ ਪੰਜਾਬ ਦੀ ਧਰਤੀ, ਇਸ ਦੀ ਮਾਂ-ਬੋਲੀ, ਸੱਭਿਆਚਾਰ ਅਤੇ ਅਣਖ 'ਤੇ ਵਾਰ ਹੋਇਆ ਹੈ, ਉਨ੍ਹਾਂ ਨੇ ਹਮੇਸ਼ਾ ਸਿਆਸੀ ਭਰਮਜਾਲ ਨੂੰ ਤੋੜ ਕੇ ਸੰਘਰਸ਼ਾਂ ਨੂੰ ਤਰਜੀਹ ਦਿੱਤੀ ਹੈ। ਪੰਜਾਬੀ ਹਮੇਸ਼ਾ ਜ਼ੁਲਮ ਅਤੇ ਹਾਕਮਾਂ ਦੇ ਦਾਬੇ ਵਿਰੁੱਧ ਹਿੱਕ ਤਾਣ ਕੇ ਖੜ੍ਹੇ ਹੋਏ ਹਨ। ਭਾਵੇਂ ਉਹ 1975 ਦੀ ਦੇਸ਼ ਵਿਆਪੀ ਐਮਰਜੈਂਸੀ ਦਾ ਦੌਰ ਹੋਵੇ, ਜਾਂ ਦਿੱਲੀ ਦੀਆਂ ਬਰੂਹਾਂ 'ਤੇ ਲੜਿਆ ਗਿਆ ਕਾਲੇ ਖੇਤੀ ਕਾਨੂੰਨਾਂ ਦਾ ਇਤਿਹਾਸਕ ਅੰਦੋਲਨ-ਪੰਜਾਬੀਆਂ ਲਈ ਹਮੇਸ਼ਾ ਨੈਤਿਕ ਕਦਰਾਂ-ਕੀਮਤਾਂ ਕਾਇਮ ਰੱਖੀਆਂ ਹਨ। ਉਹ ਆਪਣੇ ਹੱਕਾਂ ਲਈ ਮਰ-ਮਿਟਣ ਵਾਸਤੇ ਪੂਰੀ ਦੁਨੀਆ ਵਿੱਚ ਜਾਣੇ ਜਾਂਦੇ ਹਨ। ਪੰਜਾਬ ਦੇ ਲੋਕਾਂ ਨੇ ਬਹੁਤ ਔਖੇ ਅਤੇ ਕਾਲੇ ਸਮਿਆਂ ਵਿੱਚ ਵੀ ਆਪਣੇ ਹਿੰਦੂ-ਸਿੱਖ ਭਾਈਚਾਰੇ ਦੀ ਸਾਂਝ ਨੂੰ ਟੁੱਟਣ ਨਹੀਂ ਦਿੱਤਾ ਕੀ ਪੰਜਾਬੀ, ਸਿਆਸਤਦਾਨਾਂ ਦੇ ਧਰਮ ਅਤੇ ਜਾਤ ਦੇ ਪਾਏ ਜਾ ਰਹੇ ਭਰਮਜਾਲ ਵਿੱਚੋਂ ਬਾਹਰ ਨਿਕਲਣਗੇ ਅਤੇ ਕੀ ਉਹ ਪੰਜਾਬ ਦੇ ਉੱਜਵਲ, ਸਾਂਝੇ ਤੇ ਸੁਨਹਿਰੀ ਭਵਿੱਖ ਲਈ ਇੱਕਜੁੱਟ ਹੋ ਕੇ ਆਪਣੇ ਅੰਦਰਲੇ ਅਸਲ ਪੰਜਾਬੀ ਅਤੇ ਨੈਤਿਕ ਆਦਰਸ਼ਾਂ 'ਤੇ ਪਹਿਰਾ ਦੇਣਗੇ ?

# ਭਾਰਤੀ ਰੇਲਵੇ ਦਾ ਕੋਇਲੇ ਤੋਂ ਹਾਈਡ੍ਰੋਜਨ ਟਰੇਨ ਤੱਕ ਦਾ ਸਫ਼ਰ




**ਜਗਤਾਰ ਸਮਾਲਸਰ**
ਏਲਨਾਬਾਦ, ਸਿਰਸਾ ( ਹਰਿਆਣਾ)
ਸੰਪਰਕ 9467095953



17 ਜੁਲਾਈ 2026 ਨੂੰ ਹਰਿਆਣਾ ਦੇ ਜੀਂਦ ਰੇਲਵੇ ਸਟੇਸ਼ਨ ਤੋਂ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਭਾਰਤ ਦੀ ਪਹਿਲੀ ਹਾਈਡਰੋਜਨ ਰੇਲਗੱਡੀ ਨੂੰ ਰਵਾਨਾ ਕੀਤਾ ਗਿਆ। ਕੋਇਲੇ ਨਾਲ ਚੱਲਣ ਤੋਂ ਸ਼ੁਰੂ ਹੋਇਆ ਭਾਰਤੀ ਰੇਲ ਦਾ ਇਤਿਹਾਸ ਡੀਜ਼ਲ,ਬਿਜਲੀ ਅਤੇ ਹੁਣ ਹਾਈਡਰੋਜਨ ਟਰੇਨ ਤੱਕ ਪਹੁੰਚ ਚੁੱਕਾ ਹੈ। ਇਸ ਰੇਲ ਗੱਡੀ ਨੂੰ ਚਲਾਉਣ ਲਈ ਡੀਜ਼ਲ ਅਤੇ ਬਿਜਲੀ ਦੀ ਲੋਡ ਨਹੀ ਹੁੰਦੀ, ਇਸ ਨਾਲ ਨਾ ਧੂੰਆਂ ਪੈਦਾ ਹੁੰਦਾ ਹੈ ਅਤੇ ਨਾ ਹੀ ਸੁਆਹ ਪੈਦਾ ਹੁੰਦੀ ਹੈ। ਇਹ ਰੇਲ ਗੱਡੀ ਸਿਰਫ਼ ਪਾਣੀ ਛੱਡਦੀ ਹੈ। ਇਹ ਭਾਰਤ ਦੀ ਪਹਿਲੀ ਹਾਈਡ੍ਰੋਜਨ ਟ੍ਰੇਨ ਹੈ। ਜੀਂਦ ਅਤੇ ਸੋਨੀਪਤ ਵਿਚਕਾਰ 89 ਕਿਲੋਮੀਟਰ ਦੀ ਯਾਤਰਾ ਲਈ 2600 ਯਾਤਰੀਆਂ ਦੀ ਸਮਰੱਥਾ ਵਾਲੀ ਇਸ ਰੇਲਗੱਡੀ ਨੂੰ ਦੁਨੀਆ ਦੀਆਂ ਸਭ ਤੋਂ ਸ਼ਕਤੀਸ਼ਾਲੀ ਹਾਈਡ੍ਰੋਜਨ ਟ੍ਰੇਨਾਂ ਵਿੱਚੋਂ ਇੱਕ ਮੰਨਿਆ ਜਾਵੇਗਾ।

ਆਖਿਰ ਐਨੀ ਭਾਰੀ ਰੇਲ ਗੱਡੀ ਨੂੰ ਚਲਾਉਣ ਵਾਲੀ ਹਾਈਡ੍ਰੋਜਨ ਗੈਸ ਦੀ ਕਹਾਣੀ ਕੀ ਹੈ ਇਸ ਬਾਰੇ ਜਾਣਕਾਰੀ ਹਾਸਲ ਕਰਨਾ ਵੀ ਜਰੂਰੀ ਹੈ। ਦਰਅਸਲ ਹਾਈਡਰੋਜਨ ਗੈਸ ਦੀ ਕਹਾਣੀ ਲਗਭਗ ਢਾਈ ਸੌ ਸਾਲ ਪਹਿਲਾ ਲੰਦਨ ਦੀ ਇੱਕ ਪ੍ਰਯੋਗਸ਼ਾਲਾ ਵਿੱਚ ਸ਼ੁਰੂ ਹੋਈ ਸੀ। 1776 ਵਿੱਚ ਹੈਨਰੀ ਕੈਵੇਂਡਿਸ਼ ਨਾਮ ਦੇ ਇੱਕ ਵਿਗਿਆਨੀ ਨੇ ਜਦੋਂ ਜ਼ਿੰਕ ਧਾਤ ਨੂੰ ਤੇਜ਼ਾਬ ਵਿੱਚ ਡੁਬੋਇਆ ਤਾਂ ਅਚਾਨਕ ਬੁਲਬੁਲੇ ਉੱਠਣ ਲੱਗੇ। ਇਹ ਗੈਸ ਦੇ ਬੁਲਬੁਲੇ ਸਨ ਜਿਨ੍ਹਾਂ ਦੀ ਪਹਿਲਾ ਕਦੇ ਪਛਾਣ ਨਹੀਂ ਹੋਈ ਸੀ। ਜਦੋਂ ਕੈਵੇਂਡਿਸ਼ ਨੇ ਇਸ ਰੰਗਹੀਣ ਗੈਸ ਨੂੰ ਅੱਗ ਲਗਾਈ ਤਾਂ ਹਲਕੀ ਭਸਮ ਦੀ ਆਵਾਜ਼ ਨਾਲ ਪਾਣੀ ਦੀਆਂ ਬੂੰਦਾਂ ਬਣ ਗਈਆ। ਜਿਸ ਨਾਲ ਇਹ ਗੱਲ ਸਾਹਮਣੇ ਆਈ ਕਿ ਪਾਣੀ ਇੱਕਲਾ ਪਦਾਰਥ ਨਹੀਂ ਹੈ ਸਗੋਂ ਇਹ ਦੋ ਵੱਖ-ਵੱਖ ਗੈਸਾਂ ਹਾਈਡ੍ਰੋਜਨ ਅਤੇ ਆਕਸੀਜਨ ਤੋਂ ਮਿਲਕੇ ਬਣਿਆ ਹੈ। ਜੋ ਪਾਣੀ ਅਸੀਂ ਰੋਜ਼ਾਨਾ ਪੀਂਦੇ ਹਾਂ ਉਸ ਵਿੱਚ ਉਹੀ ਗੈਸ ਹੁੰਦੀ ਹੈ ਜਿਸ ਨਾਲ ਇਹ ਰੇਲ ਗੱਡੀ ਚੱਲਦੀ ਹੈ।

ਇਸ ਗੈਸ ਦੀ ਖੋਜ ਤੋਂ ਬਾਅਦ ਜਦੋਂ ਇਸਦਾ ਨਾਮ ਰੱਖਣ ਬਾਰੇ ਵਿਚਾਰ ਸ਼ੁਰੂ ਹੋਇਆ ਤਾਂ ਇੱਕ ਫਰਾਂਸੀਸੀ ਰਸਾਇਣ ਵਿਗਿਆਨੀ ਨੇ ਦੋ ਯੂਨਾਨੀ ਸ਼ਬਦਾਂ ਹਾਈਡ੍ਰੋ ਅਤੇ ਜੇਨਸ ਨੂੰ ਜੋੜ ਜਿਸਦਾ ਨਾਮ ਰੱਖਿਆ। ਹਾਈਡ੍ਰੋ ਦਾ ਅਰਥ ਹੈ ਪਾਣੀ ਅਤੇ ਜੇਨਸ ਦਾ ਅਰਥ ਹੈ ਪੈਦਾ ਹੋਇਆ। ਹਾਈਡ੍ਰੋਜਨ ਦਾ ਪੂਰਾ ਅਰਥ ਹੈ ਪਾਣੀ ਤੋਂ ਪੈਦਾ ਹੋਇਆ।

ਇਸਤੋਂ ਬਾਅਦ 1800 ਈਸਵੀ ਵਿੱਚ ਦੋ ਅੰਗਰੇਜ਼ੀ ਵਿਗਿਆਨੀਆਂ ਨੇ ਉਲਟਾ ਕਮਾਲ ਕਰ ਵਿਖਾਇਆ । ਉਨ੍ਹਾਂ ਨੇ ਪਾਣੀ ਵਿੱਚੋਂ ਬਿਜਲੀ ਦਾ ਕਰੰਟ ਲੰਘਾਕੇ ਇਸਨੂੰ ਹਾਈਡ੍ਰੋਜਨ ਅਤੇ ਆਕਸੀਜਨ ਗੈਸ ਵਿੱਚ ਵੰਡ ਦਿੱਤਾ। ਇਸ ਪ੍ਰਕਿਰਿਆ ਨੂੰ 'ਇਲੈਕਟ੍ਰੋਲਾਈਸਿਸ' ਕਿਹਾ ਜਾਂਦਾ ਹੈ। ਅੱਜ ਦੁਨੀਆ ਭਰ ਵਿੱਚ ਹਾਈਡ੍ਰੋਜਨ ਗੈਸ ਇਸੇ ਤਰ੍ਹਾਂ ਪੈਦਾ ਹੁੰਦੀ ਹੈ।

1838 ਈਸਵੀ ਵਿੱਚ ਇੱਕ ਰਸਾਇਣ ਵਿਗਿਆਨੀ ਨੇ ਖੋਜ ਕੀਤੀ ਕਿ ਹਾਈਡ੍ਰੋਜਨ ਅਤੇ ਆਕਸੀਜਨ ਨੂੰ ਮਿਲਾਉਣ ਨਾਲ ਨਾ ਸਿਰਫ਼ ਪਾਣੀ ਪੈਦਾ ਹੁੰਦਾ ਹੈ ਸਗੋਂ ਊਰਜਾ ਵੀ ਪੈਦਾ ਹੁੰਦੀ ਹੈ। ਇੰਗਲੈਂਡ ਦੇ ਵਿਗਿਆਨਕ ਅਤੇ ਜੱਜ ਵਿਲੀਅਮ ਗਰੋਵ ਨੇ ਇਸ ਸਿਧਾਂਤ ਤੇ ਆਧਾਰਿਤ ਇੱਕ ਅਸਲੀ ਮਸ਼ੀਨ ਬਣਾਈ, ਜਿਸਨੂੰ ਗੈਸ ਬੈਟਰੀ ਦਾ ਨਾਮ ਦਿੱਤਾ ਗਿਆ। ਇਸ ਯੰਤਰ ਨਾਲ ਹਾਈਡ੍ਰੋਜਨ ਊਰਜਾ ਨੂੰ ਬੈਟਰੀ ਵਿੱਚ ਸਟੋਰ ਕੀਤਾ ਗਿਆ। ਇਸ ਕਾਰਨ ਕਰਕੇ ਗਰੋਵ ਨੂੰ ਬਾਲਣ ਸੈੱਲ ਦਾ ਪਿਤਾਮਾ ਕਿਹਾ ਜਾਂਦਾ ਹੈ।

1937 ਵਿੱਚ ਹਾਈਡ੍ਰੋਜਨ ਗੈਸ ਨਾਲ ਭਰਿਆ ਹਿੰਡਨਬਰਗ ਨਾਮ ਦਾ ਇੱਕ ਵਿਸ਼ਾਲ ਹਵਾਈ ਜਹਾਜ਼ ਉਤਰਦੇ ਸਮੇਂ ਅਚਾਨਕ ਅੱਗ ਦੀਆਂ ਲਪਟਾਂ ਵਿੱਚ ਬਦਲ ਗਿਆ। ਹਿੰਡਨਬਰਗ ਹਾਦਸੇ ਨੇ 36 ਲੋਕਾਂ ਦੀ ਜਾਨ ਲੈ ਲਈ। ਜਿਸਤੋਂ ਬਾਅਦ ਹਾਈਡ੍ਰੋਜਨ ਗੈਸ ਨੂੰ ਜੋਖ਼ਮ ਭਰੀ ਮੰਨਿਆ ਜਾਣ ਲੱਗਿਆ।

ਦਰਅਸਲ ਹਾਈਡ੍ਰੋਜਨ ਇੱਕ ਬਹੁਤ ਹੀ ਹਲਕੀ ਗੈਸ ਹੈ। ਹਿੰਡਨਬਰਗ ਏਅਰਸ਼ਿਪ ਵਿੱਚ ਹਾਈਡ੍ਰੋਜਨ ਦੀ ਵਰਤੋਂ ਏਅਰਸ਼ਿਪ ਨੂੰ ਇੱਕ ਗੁਬਾਰੇ ਵਾਂਗ ਉੱਪਰ ਉਠਾਉਣ ਲਈ ਕੀਤੀ ਗਈ ਸੀ। ਕਿਸੇ ਕਾਰਨ ਕਰਕੇ ਏਅਰਸ਼ਿਪ ਦੇ ਪਿਛਲੇ ਹਿੱਸੇ ਨੂੰ ਅੱਗ ਲੱਗ ਗਈ। ਕਿਉਂਕਿ ਹਾਈਡ੍ਰੋਜਨ ਬਹੁਤ ਜ਼ਿਆਦਾ ਜਲਣਸ਼ੀਲ ਹੈ, ਇਸ ਲਈ ਸਾਰਾ ਏਅਰਸ਼ਿਪ ਸਕਿੰਟਾਂ ਵਿੱਚ ਸੜ ਗਿਆ। ਹਾਦਸੇ ਤੋਂ ਬਾਅਦ ਪੂਰਾ ਪ੍ਰੋਜੈਕਟ ਬੰਦ ਕਰ ਦਿੱਤਾ ਗਿਆ ਅਤੇ ਹਾਈਡ੍ਰੋਜਨ ਨੂੰ ਖਤਰਨਾਕ ਮੰਨਿਆ ਗਿਆ।

1973 ਵਿੱਚ ਫਿਰ ਇੱਕ ਨਵਾਂ ਮੋੜ ਆਇਆ ਜਦੋਂ ਮੱਧ ਪੂਰਬੀ ਦੇਸ਼ਾਂ ਨੇ ਅਚਾਨਕ ਤੇਲ ਸਪਲਾਈ ਬੰਦ ਕਰ ਦਿੱਤੀ। ਦੁਨੀਆ ਨੂੰ ਅਹਿਸਾਸ ਹੋਇਆ ਕਿ ਤੇਲ ਤੇ ਸਥਾਈ ਨਿਰਭਰਤਾ ਜੋਖਮ ਭਰੀ ਹੈ। ਇਸ ਦੌਰਾਨ ਹੀ ਹਾਈਡ੍ਰੋਜਨ ਨੂੰ ਇੱਕ ਬਦਲ ਵਜੋਂ ਗੰਭੀਰਤਾ ਨਾਲ ਵਿਚਾਰਿਆ ਜਾਣ ਲੱਗਾ। 1998 ਵਿੱਚ ਆਈਸਲੈਂਡ ਨਾਮ ਦੇ ਇੱਕ ਛੋਟੇ ਜਿਹੇ ਦੇਸ਼ ਨੇ ਐਲਾਨ ਕਰ ਦਿੱਤਾ ਕਿ ਉਹ 2030 ਤੱਕ ਦੁਨੀਆ ਦੀ ਪਹਿਲੀ ਪੂਰੀ ਤਰ੍ਹਾਂ ਹਾਈਡ੍ਰੋਜਨ-ਅਧਾਰਤ ਅਰਥਵਿਵਸਥਾ ਬਣੇਗਾ। ਜਰਮਨੀ ਨੇ 2018 ਵਿੱਚ ਦੁਨੀਆ ਦੀ ਪਹਿਲੀ ਵਪਾਰਕ ਹਾਈਡ੍ਰੋਜਨ ਯਾਤਰੀ ਰੇਲਗੱਡੀ ਲਾਂਚ ਕੀਤੀ ਸੀ। ਜਾਪਾਨ, ਚੀਨ ਅਤੇ ਅਮਰੀਕਾ ਨੇ ਵੀ ਹਾਈਡ੍ਰੋਜਨ ਰੇਲਗੱਡੀਆਂ ਲਾਂਚ ਕੀਤੀਆਂ ਹਨ।


17 ਜੁਲਾਈ 2026 ਨੂੰ ਲਾਂਚ ਕੀਤੀ ਗਈ ਭਾਰਤ ਦੀ ਪਹਿਲੀ ਹਾਈਡ੍ਰੋਜਨ ਰੇਲਗੱਡੀ ਜਰਮਨੀ ਦੀ ਅਸਲ ਹਾਈਡ੍ਰੋਜਨ ਰੇਲਗੱਡੀ ਨਾਲੋਂ ਲਗਭਗ ਪੰਜ ਗੁਣਾ ਲੰਬੀ ਹੈ। ਇਸ ਤਰ੍ਹਾਂ ਢਾਈ ਸੌ ਸਾਲ ਪਹਿਲਾਂ ਲੰਦਨ ਦੀ ਇੱਕ ਪ੍ਰਯੋਗਸ਼ਾਲਾ ਵਿੱਚ ਇੱਕ ਬੁਲਬੁਲੇ ਨਾਲ ਸ਼ੁਰੂ ਹੋਈ ਯਾਤਰਾ ਹੁਣ ਹਰਿਆਣਾ ਦੇ ਜੀਂਦ ਸਟੇਸ਼ਨ ਤੇ ਇੱਕ ਨਵੀਂ ਮੰਜ਼ਿਲ ਵੱਲ ਵਧੀ ਹੈ।

17 ਜੁਲਾਈ ਨੂੰ ਲਾਂਚ ਕੀਤੀ ਗਈ ਭਾਰਤ ਦੀ ਪਹਿਲੀ ਹਾਈਡਰੋਜਨ ਟਰੇਨ 89 ਕਿਲੋਮੀਟਰ ਲੰਬੇ ਜੀਂਦ-ਸੋਨੀਪਤ ਰੂਟ ਤੇ ਰੋਜ਼ਾਨਾ ਦੋ ਗੇੜ ਲਗਾਏਗੀ। ਜਿਸ ਵਿੱਚ ਲਗਭਗ 300 ਕਿਲੋਗ੍ਰਾਮ ਹਾਈਡ੍ਰੋਜਨ ਦੀ ਖਪਤ ਹੋਵੇਗੀ। ਟ੍ਰੇਨ ਵਿੱਚ ਕੁੱਲ 440 ਕਿਲੋਗ੍ਰਾਮ ਹਾਈਡ੍ਰੋਜਨ ਜਮਾਂ ਹੋਵੇਗੀ।

ਇੱਕ ਕਿਲੋਗ੍ਰਾਮ ਹਾਈਡ੍ਰੋਜਨ ਪੈਦਾ ਕਰਨ ਲਈ ਲਗਭਗ 50 ਯੂਨਿਟ ਬਿਜਲੀ ਦੀ ਲੋੜ ਹੁੰਦੀ ਹੈ। ਹਾਲਾਂਕਿ ਇੱਕ ਕਿਲੋਗ੍ਰਾਮ ਹਾਈਡ੍ਰੋਜਨ ਦੀ ਸ਼ਕਤੀ ਸਿਰਫ ਸਾਢੇ ਤਿੰਨ ਲੀਟਰ ਪੈਟਰੋਲ ਦੇ ਬਰਾਬਰ ਹੈ।

ਹਾਈਡ੍ਰੋਜਨ ਨੂੰ ਆਮ ਹਵਾ ਦੇ ਦਬਾਅ ਨਾਲੋਂ 200 ਤੋਂ 500 ਗੁਣਾ ਜ਼ਿਆਦਾ ਦਬਾਅ ਤੇ ਸਟੋਰ ਕੀਤਾ ਜਾਂਦਾ ਹੈ। ਇਸ ਲਈ ਰੇਲਵੇ ਨੇ ਜੀਂਦ ਵਿੱਚ ਇੱਕ ਵਿਸ਼ੇਸ਼ ਫਿਊਲ ਸਹੂਲਤ ਬਣਾਈ ਹੈ ਜੋ ਇੱਕ ਸਮੇਂ ਵਿੱਚ 3000 ਕਿਲੋਗ੍ਰਾਮ ਹਾਈਡ੍ਰੋਜਨ ਸਟੋਰ ਕਰ ਸਕਦੀ ਹੈ। ਇਸ ਫਿਊਲ ਕੇਂਦਰ ਦੇ ਨਾਲ ਇੱਕ ਚਿਲਰ ਪਲਾਂਟ ਵੀ ਲਗਾਇਆ ਗਿਆ ਹੈ ਜੋ ਹਾਈਡ੍ਰੋਜਨ ਨੂੰ ਮਾਈਨਸ 15 ਡਿਗਰੀ ਸੈਲਸੀਅਸ ਤੱਕ ਠੰਡਾ ਰੱਖਦਾ ਹੈ। ਇਸ ਤਾਪਮਾਨ ਤੇ ਹਾਈਡ੍ਰੋਜਨ ਤਰਲ ਬਣ ਜਾਂਦੀ ਹੈ, ਜਿਸ ਨਾਲ ਇਸਨੂੰ ਰੇਲਗੱਡੀਆਂ ਵਿੱਚ ਲੋਡ ਕਰਨਾ ਆਸਾਨ ਹੋ ਜਾਂਦਾ ਹੈ।

ਕੁੱਲ ਮਿਲਾਕੇ ਹਾਈਡ੍ਰੋਜਨ ਕੋਈ ਜਾਦੂ ਦੀ ਛੜੀ ਨਹੀਂ ਹੈ ਸਗੋਂ ਇੱਕ ਬਾਲਣ ਹੈ, ਜਿਸਦੇ ਫਾਇਦੇ ਅਤੇ ਚੁਣੌਤੀਆਂ ਦੋਵੇਂ ਹਨ। ਫਾਇਦਾ ਇਹ ਹੈ ਕਿ ਇਹ ਸਾੜਨ ਤੇ ਸਿਰਫ਼ ਪਾਣੀ ਛੱਡਦੀ ਹੈ ਜਿਸ ਨਾਲ ਕੋਈ ਪ੍ਰਦੂਸ਼ਣ ਨਹੀਂ ਹੁੰਦਾ। ਚੁਣੌਤੀ ਇਹ ਹੈ ਕਿ ਇਸਨੂੰ ਪੈਦਾ ਕਰਨਾ, ਸਟੋਰ ਕਰਨਾ ਅਤੇ ਟ੍ਰਾਂਸਪੋਰਟ ਕਰਨਾ ਆਸਾਨ ਨਹੀਂ ਹੈ। ਜੇਕਰ ਜੀਂਦ-ਸੋਨੀਪਤ ਰੂਟ ਤੇ ਇਹ ਪ੍ਰਯੋਗ ਸਫਲ ਹੁੰਦਾ ਹੈ ਤਾਂ ਦੇਸ਼ ਦੇ ਬਹੁਤ ਸਾਰੇ ਵਿਰਾਸਤੀ ਅਤੇ ਪਹਾੜੀ ਰੂਟਾਂ ਤੇ ਵੀ ਭਵਿੱਖ ਵਿੱਚ ਹਾਈਡ੍ਰੋਜਨ ਟਰੇਨਾਂ ਸ਼ੁਰੂ ਹੋ ਸਕਦੀਆਂ ਹਨ, ਜਿੱਥੇ ਬਿਜਲੀ ਦੀਆਂ ਲਾਈਨਾਂ ਬਣਾਉਣਾ ਮੁਸ਼ਕਲ ਹੈ। ਫਿਲਹਾਲ ਭਾਰਤ ਵੱਲੋਂ ਸ਼ੁਰੂ ਕੀਤੀ ਗਈ ਪਹਿਲੀ ਹਾਈਡਰੋਜਨ ਟਰੇਨ ਦਾ ਭਵਿੱਖ ਕੀ ਹੋਵੇਗਾ ਇਹ ਇਸ ਪਹਿਲੀ ਹਾਈਡ੍ਰੋਜਨ ਟਰੇਨ ਦੀ ਸਫਲਤਾ ਤੈਅ ਕਰੇਗੀ।



# • ਪੰਜਾਬੀ ਫ਼ਿਲਮ ਦਰਪਣ •

## ਏਅਰਟੈਲ ਡਿਸ਼ ਤੇ ਨਵਾਂ ਪੰਜਾਬੀ ਖ਼ਬਰ ਚੈਨਲ ਜੀਟੀਸੀ ਨਿਊਜ਼





ਪੰਜਾਬੀ ਵਿੱਚ ਪ੍ਰਸਿੱਧ ਪੁਰਾਣੀ ਕਹਾਵਤ ਕਿ ਕੁੱਬੇ ਦੇ ਕਿਸੇ ਮਾਰੀ ਲੱਤ ਓਸ ਦਾ ਕੁੱਬ ਨਿੱਕਲ ਗਿਆ ਤੇ ਓਹ ਸਿੱਧਾ ਤੁਰਨ ਲੱਗਾ। ਇੰਜ ਹੀ ਰਬਿੰਦਰ ਨਰਾਇਣਨ ਨੂੰ ਮੈਡਮ ਸੀਈਓ ਲਿਆਉਣ ਲਈ ਪੀਟੀਸੀ ਵਾਲਿਆਂ ਨੇ ਅਲਵਿਦਾ ਆਖੀ ਤੇ ਕਿੱਥੇ ਸੀਈਓ ਕਿੱਥੇ ਮਾਲਕ ਹਫਤੇ ਵਿੱਚ ਤਿੰਨ ਪੰਜਾਬੀ ਚੈਨਲ ਰਬਿੰਦਰ ਨਰਾਇਣਨ ਨੇ ਲਾਂਚ ਕਰ ਦਿੱਤੇ। ਜੀਟੀਸੀ ਪੰਜਾਬੀ ਤੇ ਜੀਟੀਸੀ ਨਿਊਜ਼ ਤੇ ਗੱਲ ਸਹੀ ਕਿ ਪੱਥਰ ਸਿੱਟ ਦੇਣ ਆਰ ਐਨ ਸਾਬ ਯਾਨੀ ਰਬਿੰਦਰ ਨਰਾਇਣਨ ਤਾਂ ਓਹ ਵੀ ਹੀਰਾ ਤੇ ਪੰਜਾਬੀ ਖਬਰਾਂ ਸਹੀ ਲਈ ਤਰਸਦੇ ਦਰਸ਼ਕ ਤਾਂ ਕਮਾਨ ਤੋਂ ਆਇਆ ਤੀਰ ਜੀਟੀਸੀ ਨਿਊਜ਼ ਜਿਸ ਦੀ ਲੁੱਕ ਗ਼ਜ਼ਬ ਫੋਟੋ ਸਾਫ਼ ਤੇ ਚੈਨਲ ਦੀਆਂ ਖਬਰਾਂ ਦਾ ਸੰਗੀਤ ਮਨਮੋਹਕ। ਫ਼ਿਰ ਮਸਾਲੇ ਵਾਲੀ ਬ੍ਰੇਕਿੰਗ ਨਿਊਜ਼ ਨਹੀਂ ਬਲ ਕਿ ਸ਼ੁੱਧ ਪੰਜਾਬੀ ਤੇ ਸਹੀ ਖ਼ਬਰ ਚੈਨਲ ਜੀਟੀਸੀ ਨਿਊਜ਼। ਦਿਨਾਂ ਵਿੱਚ ਹੀ ਏਅਰਟੈਲ ਡਿਸ਼ ਤੇ ਇਹ ਬਾਕੀ ਪੰਜਾਬੀ ਖਬਰ ਚੈਨਲਾਂ ਤੇ ਭਾਰੂ ਪਿਆ ਹੈ। ਪੈਸਾ ਨਹੀਂ ਲੋਕ ਹਿੱਤ ਪਹਿਲੇ ਤੇ ਹਿੱਟ ਨਿਊਜ਼ ਚੈਨਲ ਜੀਟੀਸੀ ਨਿਊਜ਼ ਬਣ ਰਿਹਾ ਹੈ ਨਵੇਂ ਸ਼ੋ ਵੀ ਜਲਦੀ ਇਸ ਤੇ ਆਉਣਗੇ।

## ਕਿਰਨ ਦਾ "ਗੋਰਾ ਰੰਗ" ਸ਼ੰਮੀ ਖਾਨ ਤੇ ਮੇਰੇ ਵਰ ਅਮਰਪਾਲ



ਅੱਜ ਕਲ ਗਾਇਕ ਜੋੜੀ ਸ਼ੰਮੀ ਖਾਨ ਤੇ ਕਿਰਨ ਰੰਧਾਵਾ ਦਾ ਗਾਣਾ "ਗੋਰਾ ਰੰਗ" ਗੋਰੇ ਰੰਗ ਦੀ ਤਰਾਂ ਪੂਰੇ ਜਲਵੇ ਦਿਖਾ ਰਿਹਾ ਹੈ। ਆਪਾਂ ਮਿਲੇ ਇਸ ਗੀਤ ਦੇ ਵੀ ਡੀ ਅਮਰਪਾਲ ਨੂੰ ਤਾਂ ਓਹਨਾਂ ਕਿਹਾ ਕਿ ਬਿਲਕੁਲ ਕੋਈ ਗੀਤ ਜਦ ਹਿੱਟ, ਚਰਚਿਤ ਹੋਏ ਤਦ ਪੂਰੀ ਟੀਮ ਨੂੰ ਲਾਭ ਹੁੰਦਾ ਹੈ ਤੇ ਸ਼ੰਮੀ ਖਾਨ ਨੂੰ ਅੱਛੇ ਸ਼ੋ ਮਿਲ ਰਹੇ ਨੇ ਤੇ ਕਿਰਨ ਦੀ ਗਾਇਕੀ ਨਿੱਖਰ ਕਿ ਸਾਹਵੇਂ ਆਈ ਹੈ। ਇਸ ਤਰਾਂ ਓਹਨਾਂ ਨੂੰ ਇਸ ਗਾਣੇ ਦੇ ਚਲਣ ਨਾਲ ਚਾਰ ਪੰਜ ਵੀਡੀਓ ਹੋਰ ਬਣਾਉਣ ਲਈ ਮਿਲੇ ਹਨ। ਇੱਕ ਵੀ ਡੀ ਦਾ ਗੀਤ ਚਲ ਜਾਣਾ ਓਸ ਦੀ ਤਕਦੀਰ ਹੀ ਬਦਲ ਦਿੰਦਾ ਹੈ। ਅਮਰਪਾਲ ਪੰਜਾਬੀ ਫ਼ਿਲਮਾਂ ਦੇ ਵੀ ਡਾਇਰੈਕਟਰ ਹਨ ਤੇ ਤਿੰਨ ਓਹਨਾਂ ਵੱਲੋਂ ਡਾਇਰੈਕਟ ਫ਼ਿਲਮਾਂ ਆਉਣ ਵਾਲੀਆਂ ਹਨ। ਅਮਰਪਾਲ ਦੇ ਕੰਮ ਥੀਏਟਰ ਦਾ ਤਜ਼ਰਬਾ ਤੇ ਰੇਡੀਓ ਦੇ ਪ੍ਰੋਗਰਾਮ ਆਏ ਹਨ ਤੇ ਨਾਲ ਹੀ ਦੂਰਦਰਸ਼ਨ ਤੇ ਕੀਤੇ ਕੰਮ ਦੇ ਤਜ਼ਰਬੇ ਨੇ ਓਸ ਨੂੰ ਕਾਮਯਾਬ ਡਾਇਰੈਕਟਰ ਬਣਾ ਦਿੱਤਾ ਹੈ।

## ਪਾਲੀਵੁੱਡ ਨੂੰ ਸਿਦਕ ਗਿੱਲ ਤੇ ਜਾਨਿਆ ਜੋਸ਼ੀ ਮਿਲ ਕਹਿਣਗੇ ਬੋਲ ਭਾਵੇਂ ਨਾ ਬੋਲ



ਕਾਰਜ ਗਿੱਲ ਜੀ ਨੂੰ ਵਧਾਈ ਦਿੰਦੀ ਨਾਇਕਾ ਜਾਨਿਆ ਆਖਦੀ ਏ ਬਹੁਤ ਵਧੀਆ ਫਿਲਮ ਨਾਲ ਪਾਲੀਵੁੱਡ ਵਿੱਚ ਓਹ ਆਪਣੇ ਬੇਟੇ ਸਿਦਕ ਗਿੱਲ ਨੂੰ ਲਾਂਚ ਕਰ ਰਹੇ ਹਨ। ਅਮਰਿੰਦਰ ਗਿੱਲ ਨੇ ਵੀ ਕਿਹਾ ਕਿ ਸਿਦਕ ਵਿੱਚ ਓਹਦੀ ਝਲਕ ਨਜ਼ਰ ਆਏਗੀ। ਕਾਰਜ ਗਿੱਲ ਨੇ ਆਪਣੇ ਸਪੁੱਤਰ ਸਿਦਕ ਗਿੱਲ ਨੂੰ ਸਿਨੇਮਾ ਲਈ ਤਿਆਰ ਕਰ ਲਾਂਚ ਕੀਤਾ ਹੈ। "ਬੋਲ ਭਾਵੇਂ ਨਾ ਬੋਲ ਦੀ ਨਾਇਕਾ ਜਾਨਿਆ ਜੋਸ਼ੀ ਅਨੁਸਾਰ ਸਿਦਕ ਨਾਲ ਉਸਦੀ ਜੋੜੀ ਜਚਦੀ ਹੈ। ਸਿਦਕ ਗਿੱਲ ਸ਼ਾਨਦਾਰ ਹੀਰੋ ਬਣ ਲੋਕ ਦਿਲਾਂ ਤੇ ਰਾਜ ਕਰਨ ਮੂਡ ਨਾਲ ਮਿਸ ਜੋਸ਼ੀ ਨੇ ਕਿਹਾ ਹੈ। ਦਰਸ਼ਨ ਸ਼ਰਮਾ ਨਿਰਮਾਤਾ ਵੀ ਸਿਦਕ ਗਿੱਲ ਨੂੰ ਭਵਿੱਖ ਦਾ ਸਟਾਰ ਆਖਦੇ ਹਨ। ਰਕੇਸ਼ ਧਵਨ ਫਿਲਮ ਦੇ ਨਿਰਦੇਸ਼ਕ ਹਨ। "ਬੋਲ ਭਾਵੇਂ ਨਾ ਬੋਲ" ਦੀ ਕਾਰਜਕਾਰੀ ਨਿਰਮਾਤਾ ਮਨੀਸ਼ਾ ਭੱਟ ਨੇ ਵੀ ਕਿਹਾ ਕਿ ਜਾਨਿਆ ਨਾਲ ਜੋੜੀ ਹਿੱਟ ਹੋਈ ਤਾਂ ਦੇਖਣਾ ਨਵੀਂ ਪਿਰਤ ਹੋਊ। ਗੁਰਪ੍ਰੀਤ ਪਲ੍ਹੇਰੀ ਨੇ ਫਿਲਮ ਦਾ ਕਨਸੈਪਟ ਤਿਆਰ ਕੀਤਾ ਹੈ ਤੇ ਕਾਰਜ ਗਿੱਲ, ਸਿਦਕ ਗਿੱਲ, ਜਾਨਿਆ, ਦਰਸ਼ਨ ਸ਼ਰਮਾ ਤੇ ਪੂਰੀ ਟੀਮ ਜਲਦੀ ਹੀ ਸਿਦਕ ਗਿੱਲ ਦੀ ਸੁਨਹਿਰੀ ਲਾਂਚ ਦੀ ਗਵਾਹ ਬਣੂੰ। ਇੰਡਸਟਰੀ ਨੂੰ ਇਸ ਜੋੜੀ ਸਿਦਕ ਗਿੱਲ ਤੇ ਜਾਨਿਆ ਜੋਸ਼ੀ ਤੋਂ ਨੇ ਬਹੁਤ ਆਸਾਂ ਉਮੀਦ ਤੇ ਹਿੱਟ ਜੋੜੀ ਹੋਣ ਦੀਆਂ ਉਮੀਦਾਂ ਆਸ ਖਰੀ ਰਹੇਗੀ ਜਾਨਿਆ ਤੇ ਸਿਦਕ ਗਿੱਲ ਦੀ ਜੋੜੀ।

## ਪ੍ਰਵਾਸੀ ਗੀਤਕਾਰ "ਡਾਲਰ" ਗੀਤ ਹਿੱਟ ਵਾਰੀ ਫ਼ਿਲਮਾਂ ਦੀ ਸੁਰਿੰਦਰ ਸ਼ੇਰਗਿੱਲ

ਯੂ ਐਸ ਏ ਰਹਿੰਦੇ ਪੰਜਾਬੀ ਪੁੱਤ



ਸੁਰਿੰਦਰ ਸਿੰਘ ਸ਼ੇਰਗਿੱਲ ਨੇ ਲਫਜ਼ ਓਹ ਲਿਖੇ ਨੇ ਲਿਖਦੇ ਨੇ ਜਿਹੜੇ ਸੌਖੇ ਤੇ ਲਫਜ਼ ਦੇ ਬਣੇ ਗੀਤ ਜਿਵੇਂ ਆਪਸੀ ਖ਼ਿਆਲਾਤ ਸਾਂਝੇ ਹੋ ਰਹੇ ਹੋਣ। ਸੁਰਿੰਦਰ ਸ਼ੇਰਗਿੱਲ ਦਾ ਲਿਖਿਆ ਅੱਜ ਕਲ ਗੀਤ "ਡਾਲਰ" ਗਾਇਕ ਗੁਰਬਖਸ਼ ਸ਼ੌਂਕੀ ਦੀ ਆਵਾਜ਼ ਵਿੱਚ ਵਧੀਆ ਜਾ ਰਿਹਾ ਹੈ। ਪ੍ਰਸਿੱਧ ਜਗਤ ਲਿਖਾਰੀ ਗੀਤ ਰਚੇਤਾ ਮੱਖਣ ਲੋਹਾਰ ਨੇ ਪੰਜਾਬ ਫੇਰੀ ਦੌਰਾਨ ਕਿਹਾ ਸੀ ਭਾਜੀ ਸੁਰਿੰਦਰ ਸ਼ੇਰਗਿੱਲ ਦੇ ਗੀਤ ਵੀ ਸੁਣਿਓ ਵੱਖਰੇ ਅਨੰਦ ਵਾਲੀ ਗੱਲ। ਜਸਵਿੰਦਰ ਸਿੰਘ ਵਾਲੀਆ ਦੀ ਗੁਣ ਗਾਵਾਂ ਪੀ ਐਸ ਫੀ ਚੋ ਸੁਰਿੰਦਰ ਸ਼ੇਰਗਿੱਲ ਦੀ ਪੇਸ਼ਕਸ਼ ਤੇ ਲਿਖਤ ਕਈ ਗੀਤ ਆਏ। ਸੁਰਿੰਦਰ ਸ਼ੇਰਗਿੱਲ ਦੀ ਪਤਨੀ ਨੂੰ ਹੁਣ ਲੋਕ ਮੁਬਾਰਕਾਂ ਦਿੰਦੇ ਨੇ ਕਿ ਜਿਸ ਗੀਤਕਾਰ ਸ਼ੇਰਗਿੱਲ ਦਾ ਨਾਮ ਅਮਰੀਕਾ ਤੋ ਬਾਅਦ ਇੰਡੀਆ ਕਨੇਡਾ ਵੀ ਜਾਨਿਆ ਪਹਿਚਾਣ ਵਾਲਾ ਬਣ ਰਿਹੈ ਓਸ ਸ਼ੇਰਗਿੱਲ ਦੇ ਜੀਵਨ ਦੀ ਡੋਰ ਨੂੰ ਮੁਬਾਰਕਾਂ। ਜਿਸ ਹਿਸਾਬ ਨਾਲ ਸੁਰਿੰਦਰ ਸ਼ੇਰਗਿੱਲ ਸਰਗਰਮ ਨੇ ਲੱਗਦਾ ਘਰ ਘਰ ਦੇ ਲੋਕ ਪ੍ਰਿਯ ਗੀਤਕਾਰ ਓਹ ਇੱਕ ਦੋ ਸਾਲ ਵਿੱਚ ਹੋਣਗੇ। ਇਸ ਤੋਂ ਬਾਅਦ ਹਰ ਗੀਤਕਾਰ ਦੀ ਨਜ਼ਰ ਰਹੇ ਕਿ ਫ਼ਿਲਮਾਂ ਲਈ ਗੀਤ ਲਿਖਣ ਦਾ ਮੌਕਾ ਓਸ ਨੂੰ ਮਿਲੇ ਤੇ ਇੱਕ ਦਿਨ ਸ਼ੇਰਗਿੱਲ ਦੀ ਇਹ ਤਮੰਨਾ ਵੀ ਹੋ ਜਾਏਗੀ ਪੂਰੀ।

## ਪੰਜਾਬ ਦੇ ਮਾਣ ਰਮੇਸ਼ ਨੂਸੀਵਾਲ/ ਪਾਲੀ ਦੇਤਵਾਲੀਆ ਤੇ ਸਰਗੁਨ ਮਹਿਤਾ



ਅੱਜ ਸਦਾਬਹਾਰ ਗਾਇਕ ਰਮੇਸ਼ ਨੂਸੀਵਾਲ ਨੂੰ ਓਸ ਦੇ ਸ਼ਾਨਦਾਰ ਗਾਇਕੀ ਕੈਰੀਅਰ ਤੇ ਹੈਪੀ ਬਰਥ ਡੇ ਲਈ ਸੰਗੀਤ ਨਗਰ ਤੋਂ ਵਧਾਈਆਂ ਮਿਲ ਰਹੀਆਂ ਹਨ। ਰਮੇਸ਼ ਜਿੱਥੇ ਗਾਇਕ ਨੇ ਓਥੇ ਓਹ ਡੀ ਡੀ ਪੰਜਾਬੀ ਦੇ ਵਰਾਇਟੀ ਸ਼ੋ "ਮਹਿਫ਼ਿਲ ਮਿੱਤਰਾਂ ਦੀ" ਦੇ ਸੁਖਦੇਵ ਉੱਪਲ ਨਾਲ ਮੇਕਰ ਵੀ ਨੇ ਤੇ ਦੂਜੇ ਪਾਸੇ ਪਰਿਵਾਰਕ ਗੀਤਾਂ ਲਈ ਅੱਤੀ ਸਤਿਕਾਰਤ ਗਾਇਕ ਦਾ ਐਨ ਆਰ ਆਈ ਸਰਵੇਖਣ ਐਵਾਰਡ ਪਾਲੀ ਦੀ ਝੋਲੀ ਹੈ ਤੇ ਵਿਦੇਸ਼ੀ ਸਰੋਤੇ ਮਹਿਸੂਸ ਕਰਦੇ ਨੇ ਕਿ ਪਾਲੀ ਦੇਤਵਾਲੀਆ ਦੀ ਪਰਿਵਾਰਕ ਗਾਇਕੀ ਸੇਵਾ ਅਨਮੋਲ ਹੈ ਤੇ ਹੁਣ ਬਿਊਟੀ ਕਵੀਨ ਸਟਾਰ ਪੰਜਾਬੀ ਸਿਨੇਮਾ ਸਰਗੁਨ ਮਹਿਤਾ ਨੂੰ ਬੈਸਟ ਨਾਇਕਾ ਪਾਲੀਵੁੱਡ ਦਾ "ਧੀਂ ਪੰਜਾਬ ਦੀ" ਬਣਦਾ ਹੈ। ਸਰਗੁਨ ਕੋਲ ਐਕਟਿੰਗ ਤੇ ਗਲੈਮਰ ਦਾ ਜਾਦੂ ਹੈ ਤੇ ਸਰਗੁਨ ਮਹਿਤਾ ਨਿਰਮਾਤਾ ਬਣ ਵੀ ਪਾਲੀਵੁੱਡ ਹੋਏ ਜਾਂ ਟੈਲੀਵੁਡ ਕਾਮਯਾਬੀ ਦੇ ਅਕਾਸ਼ ਤੇ ਹੈ। ਰਮੇਸ਼ ਨੇ ਕਿਹਾ ਕਿ ਨੂਸੀਵਾਲ ਪਿੰਡ ਤੋਂ ਚਲ ਵਿਸ਼ਵ ਪ੍ਰਸਿੱਧ ਬਣੇ ਸਭ ਜਨਤਾ ਦੀ ਮਿਹਰਬਾਨੀ ਤੇ ਪਾਲੀ ਦੇਤਵਾਲੀਆ ਸੰਤ ਇਨਸਾਨ ਬਹੁਤ ਹੀ ਨਰਮ ਦਿਲ ਪਰਿਵਾਰਕ ਗੀਤ ਗਾਉਂਦੇ ਤੇ ਲੋਕ ਨਜ਼ਰ ਦੇ ਨਾਇਕ ਹਨ ਜਦ ਕਿ ਸਰਗੁਣ ਮਹਿਤਾ ਪਾਲੀਵੁੱਡ



ਦੀ ਡ੍ਰੀਮ ਗਰਲ।

## ਬਣ ਗਈ ਗੱਲ ਫ਼ਿਲਮਾਂ ਦੀ ਲੱਗੀ ਰੌਣਕ ਦਲੇਰ ਮਹਿਤਾ


ਆਖਦੇ ਨੇ ਕਿਸਮਤ ਦਾ ਨਹੀਂ ਪਤੀ ਕਦ ਕੱਖ ਪਤੀ ਤੇ ਕਦ ਲੱਖ ਪਤੀ ਬਣਾ ਦੇਵੇ ਤੇ ਫਿਲਮ ਲਾਈਨ ਹੈ ਹੀ ਖੇਡ ਤਕਦੀਰਾਂ ਦੀ। ਕਲ ਤੱਕ ਦਲੇਰ ਮਹਿਤਾ ਸੰਘਰਸ਼ ਕਰ ਰਹੇ ਸਨ ਤੇ ਅੱਜ ਕਲ ਦੂਜੇ ਪੰਜਵੇਂ ਦਿਨ ਓਹ ਕਿਸੇ ਹਿੰਦੀ ਫਿਲਮ ਦੇ ਕਦੇ ਪੰਜਾਬੀ ਫ਼ਿਲਮ ਦੇ ਸੈੱਟ ਤੇ। ਕਦੇ ਮੋਹਾਲੀ ਕਦੇ ਮੁੰਬਈ ਤੇ ਕਦੇ ਸ਼ੋਰਟ ਫ਼ਿਲਮ ਤੇ ਕਦੇ ਵੀਡੀਓ ਕਰ ਰਹੇ ਹੁੰਦੇ ਹਨ। ਨਿੱਤ ਓਹਨਾਂ ਦੀ ਸੈੱਟ ਤੋਂ ਨਵੀਂ ਅੱਪਡੇਟ ਆਉਂਦੀ ਹੈ। ਦਰਸ਼ਕ ਜਾਣਦੇ ਨੇ ਕਿ "ਤਬਾਹੀ ਰਿਲੋਡਡ 'ਚ "ਸੋਢੀ ਸਾਬ" ਦਾ ਜਾਨਦਾਰ ਕਿਰਦਾਰ ਇਹਨਾਂ ਦਾ ਸੀ। ਜੇਕਰ ਕਿਤੇ ਓਹ ਫਿਲਮ ਚਲਦੀ ਤਾਂ ਦਲੇਰ ਬੀਜ਼ੀ ਹੁੰਦੇ ਸਭ ਨੇ ਕਿਹਾ ਤੇ ਆਖਿਰ ਸੱਤ ਅੱਠ ਮਹੀਨੇ ਬਾਅਦ ਇਹ ਅੱਛੀ ਖ਼ਬਰ ਕਿ ਦਲੇਰ ਮਹਿਤਾ ਕੋਲ ਵੈੱਬ ਸੀਰੀਜ਼, ਵੀਡੀਓ ਗੀਤ ਹਰਿਆਣਵੀ ਫ਼ਿਲਮਾਂ ਵੀ ਹਨ। ਰੱਬ ਖ਼ੈਰ ਕਰੇ ਇਸ ਸਾਲ ਦੇ ਅੰਤ ਤੱਕ ਸਟਾਰ ਕਲਾਕਾਰ ਹੋਣਗੇ ਦਲੇਰ ਮਹਿਤਾ। ਓਹਨਾਂ ਕਿਹਾ ਕਿ ਤਜ਼ਰਬਾ ਕਿਤੇ ਨਾ ਕਿਤੇ ਕੰਮ ਆਉਂਦਾ ਹੈ ਤੇ ਅੱਛੇ ਬਣੇ ਸੰਬੰਧ ਵੀ ਸਦਾ ਆਪਣਾ ਰੰਗ ਦਿਖਾ ਦਿੰਦੇ ਨੇ ਤੇ ਦਲੇਰ ਮਹਿਤਾ ਅੱਜ ਫਿਲਮ ਇੰਡਸਟਰੀ ਦੇ ਸਥਾਪਿਤ ਕਲਾਕਾਰ ਹਨ।

-ਅੰਮ੍ਰਿਤ ਪਵਾਰ

## ਜਦੋਂ ਡੁੱਲ੍ਹਦਾ ਖ਼ੂਨ ਸ਼ਹੀਦਾਂ ਦਾ ਤਕਦੀਰ ਬਦਲਦੀ ਕੌਮਾਂ ਦੀ, ਰੰਬੀਆਂ ਨਾਲ ਖੋਪਰ ਲਹਿੰਦੇ ਜਾਂ ਤਸਵੀਰ ਬਦਲਦੀ ਕੌਮਾਂ ਦੀ


# ਕੇਸਾਂ ਦੀ ਖਾਤਰ ਖੋਪਰੀ ਲੁਹਾਉਣ ਵਾਲੇ ਮਹਾਨ ਸ਼ਹੀਦ ਭਾਈ ਤਾਰੂ ਸਿੰਘ ਜੀ

ਲੇਖਕ – ਜਥੇਦਾਰ
ਮਹਿੰਦਰ ਸਿੰਘ ਯੂ ਕੇ
ਮੋਬਾਈਲ ਫੋਨ:
07989 927477



ਭਾਈ ਤਾਰੂ ਸਿੰਘ ਦੀ ਛੋਟੀ ਜਿਹੀ ਜ਼ਿਮੀਦਾਰੀ ਸੀ। ਇਨ੍ਹਾਂ ਦੇ ਪਿਤਾ ਭਾਈ ਜੋਧ ਸਿੰਘ ਸੂਬਾ ਸਰਹੰਦ ਦੀ ਫੌਜ ਨਾਲ ਲੜਦੇ ਹੋਏ ਮੁਕਤਸਰ ਦੀ ਲੜਾਈ ਵਿੱਚ ਸ਼ਹੀਦ ਹੋਏ ਸਨ। ਘਰ ਵਿੱਚ ਭਾਈ ਤਾਰੂ ਸਿੰਘ ਦੀ ਮਾਤਾ ਅਤੇ ਵਿਧਵਾ ਭੈਣ ਤਾਰੋ ਸੀ। ਭਜਨ ਬੰਦਗੀ, ਖੇਤਾਂ ਵਿੱਚ ਹੱਲ ਵਾਹ ਕੇ ਦਸਾਂ ਨਹੁੰਆਂ ਦੀ ਕਿਰਤ ਕਰਨੀ, ਆਪਣੀ ਆਮਦਨੀ ਨੂੰ ਲੋੜਵੰਦਾਂ ਨਾਲ ਵੰਡ ਛਕਣਾ ਭਾਈ ਤਾਰੂ ਸਿੰਘ ਦਾ ਨਿੱਤ ਦਾ ਕਰਮ ਸੀ। ਉਹ ਪੂਰਨ ਗੁਰਸਿੱਖ ਸਨ ਅਤੇ ਹਰ ਇਕ ਦੇ ਸਹਾਈ ਸਨ। ਮੁਸਲਮਾਨ ਭਾਈਚਾਰਾ ਵੀ ਭਾਈ ਤਾਰੂ ਸਿੰਘ ਦਾ ਬਹੁਤ ਸਤਿਕਾਰ ਕਰਦਾ ਸੀ। ਲਾਹੌਰੋਂ ਪੱਟੀ ਨੂੰ ਜਾਣ ਵਾਲੀ ਸੜਕ ਇਨ੍ਹਾਂ ਦੇ ਪਿੰਡ ਪੂਹਲਾ ਦੇ ਦੱਖਣ ਵੱਲ ਦੀ ਲੰਘਦੀ ਸੀ। ਰਾਤ ਬਰਾਤੇ ਰਾਹੀ ਪਾਂਧੀ ਇਸ ਦੇ ਘਰ ਹੀ ਆਣ ਕੇ ਟਿਕਦੇ, ਜਿਥੇ ਬਿਨਾਂ ਭੇਦਭਾਵ ਜਾਂ ਵਿਤਕਰੇ ਦੇ ਲੰਗਰ-ਪਾਣੀ ਤੇ ਮੰਜਾ ਬਿਸਤਰਾ ਮਿਲਦਾ। ਰਾਹੀ ਸਮਾਂ ਕੱਟਕੇ ਭਾਈ ਤਾਰੂ ਸਿੰਘ ਦਾ ਜਸ ਗਾਉਂਦੇ ਆਪਣੇ ਰਾਹ ਪੈਂਦੇ। ਇਸ ਸੇਵਾ ਭਾਵ ਨੇ ਭਾਈ ਤਾਰੂ ਸਿੰਘ ਦੀ ਸੋਭਾ ਦੂਰ-ਦੂਰ ਤੱਕ ਪਹੁੰਚਾ ਦਿੱਤੀ ਹੋਈ ਸੀ। ਇਨ੍ਹਾਂ ਦਾ ਘਰ, ਘਰ ਘਰ ਅੰਦਰਿ ਧਰਮਸਾਲ ਦਾ ਸਕਾਰ ਨਮੂਨਾ ਬਣਿਆ ਹੋਇਆ ਸੀ, ਜੋ ਹਰ ਲੋੜਵੰਦ ਮੁਸਾਫ਼ਰ ਵਾਸਤੇ ਹਰ ਸਮੇਂ ਖੁੱਲ੍ਹਾ ਰਹਿੰਦਾ ਸੀ।

ਭਾਈ ਤਾਰੂ ਸਿੰਘ ਨੇ ਵੀ ਭਾਈ ਮਨੀ ਸਿੰਘ ਜੀ ਦੀ ਜਥੇਦਾਰੀ ਵਿੱਚ ਅੰਮ੍ਰਿਤ ਛਕਿਆ ਸੀ। ਭਾਈ ਮਨੀ ਸਿੰਘ ਜੀ ਦੀ ਧਰਮ ਹੇਤ ਸ਼ਹੀਦੀ ਨੇ ਇਨ੍ਹਾਂ ਦੇ ਮਨ 'ਤੇ ਬੜਾ ਗਹਿਰਾ ਅਸਰ ਕੀਤਾ ਸੀ। ਜ਼ਕਰੀਆ ਖ਼ਾਨ, ਜਿਸ ਨੂੰ ਖ਼ਾਨ ਬਹਾਦਰ ਵੀ ਕਹਿੰਦੇ ਸਨ, ਉਹ 1726 ਈ: ਤੋਂ 1745 ਤੱਕ ਲਾਹੌਰ ਦਾ ਸੂਬੇਦਾਰ ਰਿਹਾ। ਦਿੱਲੀ ਦੇ ਬਾਦਸ਼ਾਹ ਬਹਾਦਰ ਸ਼ਾਹ ਦੇ ਵੇਲੇ ਤੋਂ ਸਿੰਘਾਂ ਦੇ ਕਤਲੇਆਮ ਦਾ ਫੁਰਮਾਨ ਜਾਰੀ ਹੋਇਆ ਸੀ, ਫ਼ਰਖ਼ਸੀਅਰ ਨੇ ਵੀ ਉਵੇਂ ਹੀ ਬਰਕਰਾਰ ਰੱਖਿਆ। ਪਹਿਲਾਂ ਤਾਂ ਰਾਠ ਸਿੰਘਾਂ ਜਿਨ੍ਹਾਂ ਨੇ ਹਕੂਮਤ ਵਿਰੁੱਧ ਹਥਿਆਰ ਚੁੱਕੇ ਹੋਏ ਸਨ, ਉਨ੍ਹਾਂ ਉੱਤੇ ਹੀ ਜ਼ਿਆਦਾ ਸਖ਼ਤੀ ਸੀ। ਪਰ ਇਹ ਰਾਜ ਕਰੇਗਾ ਖ਼ਾਲਸਾ ਦੇ ਨਿਸ਼ਾਨੇ ਦੀ ਪੂਰਤੀ ਲਈ ਗੁਰੀਲਾ ਜੰਗ ਲੜਨ ਵਾਲੇ ਰਾਠ ਸਿੰਘ ਹਕੂਮਤ ਦੇ ਕਾਬੂ ਨਹੀਂ ਸੀ ਆਉਂਦੇ। ਜਦ ਸਰਕਾਰ ਦੇ ਸੂਹੀਆਂ ਨੇ ਵੇਖਿਆ ਕਿ ਰਾਤ-ਬਰਾਤੇ ਲੁਕ ਛਿੱਪ ਕੇ ਵਾਹੀਵਾਨ ਧਰਮੀ ਸਿੰਘ ਇਨ੍ਹਾਂ ਸਿੰਘਾਂ ਨੂੰ ਸੰਘਣੀਆਂ



ਸ਼ਹੀਦ ਭਾਈ ਤਾਰੂ ਸਿੰਘ ਜੀ ਨੇ ਖੋਪਰੀ ਲੁਹਾ ਲਈ ਪਰ ਕੇਸ ਨਹੀਂ ਕੱਟਣ ਦਿੱਤੇ



ਭਾਈ ਸਾਹਿਬ ਦੇ ਸ਼ਹੀਦੀ ਸਥਾਨ ਤੇ ਉਹਨਾਂ ਦੀ ਯਾਦ 'ਚ ਲਾਹੌਰ ਵਿਖੇ ਬਣਿਆ ਸਥਾਨ

ਝਿੜੀਆਂ ਵਿੱਚ ਜਾ ਕੇ ਅੰਨ ਪਾਣੀ ਛਕਾ ਦਿੰਦੇ ਹਨ ਅਤੇ ਲੋੜ ਅਨੁਸਾਰ ਉਨ੍ਹਾਂ ਨੂੰ ਬਸਤਰ ਵੀ ਪਹੁੰਚਾ ਦਿੰਦੇ ਹਨ ਤਾਂ ਸਰਕਾਰੀ ਸੂਹੀਆਂ ਨੇ ਇਹ ਖ਼ਬਰਾਂ ਲਾਹੌਰ ਦੇ ਸੂਬੇਦਾਰ ਜ਼ਕਰੀਆ ਖ਼ਾਨ ਤੱਕ ਪਹੁੰਚਾਉਣੀਆਂ ਸ਼ੁਰੂ ਕਰ ਦਿੱਤੀਆਂ। ਜ਼ਕਰੀਆ ਖ਼ਾਨ ਨੇ ਹਰ ਪਿੰਡ ਦੇ ਨੰਬਰਦਾਰ, ਚੌਧਰੀ ਤੇ ਮੁਖ਼ਬਰਾਂ ਕੋਲੋਂ ਇਕ ਲਿਖਤ ਕਰਾ ਲਈ ਜੇ ਉਨ੍ਹਾਂ ਨੂੰ ਕਿਸੇ ਖੇਤੀ ਕਰਨ ਵਾਲੇ ਐਸੇ ਸਿੱਖ ਦਾ ਪਤਾ ਹੋਵੇ ਜੋ ਰਾਠ ਸਿੰਘਾਂ ਨੂੰ ਜੰਗਲਾਂ-ਬੇਲਿਆਂ ਜਾਂ ਝਿੜੀਆਂ ਵਿੱਚ ਜਾ ਕੇ ਲੰਗਰ ਛਕਾਉਂਦਾ ਹੈ ਤਾਂ ਫੌਰਨ ਉਸ ਦੀ ਇਤਲਾਹ ਲਾਹੌਰ ਪਹੁੰਚਾਈ ਜਾਵੇ। ਐਸਾ ਨਾ ਕਰਨ ਦੀ ਸੂਰਤ ਵਿੱਚ ਨੰਬਰਦਾਰਾਂ, ਚੌਧਰੀਆਂ ਤੇ ਮੁਖ਼ਬਰਾਂ ਨੂੰ ਜਿਹੜੇ ਸਰਕਾਰ ਕੋਲੋਂ ਪੈਸੇ ਲੈਂਦੇ ਹਨ ਉਨ੍ਹਾਂ ਨੂੰ ਵੀ ਸਖ਼ਤ ਸਜ਼ਾਵਾਂ ਦਿੱਤੀਆਂ ਜਾਣਗੀਆਂ। ਅਗਸਤ 1740 ਨੂੰ ਸੁੱਖਾ ਸਿੰਘ ਤੇ ਮਤਾਬ ਸਿੰਘ ਚੌਧਰੀ ਮੱਸੇ ਰੰਘੜ ਦਾ ਸਿਰ ਵੱਢ ਕੇ ਬੀਕਾਨੇਰ ਲੈ ਗਏ। ਮੱਸੇ ਰੰਘੜ ਦੇ ਪਰਿ-ਵਾਰ ਨੇ ਮੱਸੇ ਰੰਘੜ ਦੀ ਬਿਨਾਂ ਸਿਰ ਤੋਂ ਲੋਥ ਚੁੱਕ ਕੇ ਲਾਹੌਰ ਜਾ ਕੇ ਜ਼ਕਰੀਆ ਖ਼ਾਨ ਦੇ ਦਰਬਾਰ ਵਿੱਚ ਰੱਖੀ। ਜ਼ਕਰੀਆ ਖ਼ਾਨ ਵਾਸਤੇ ਤਾਂ ਇਹ ਘਟਨਾ ਪਰਲੋ ਆਉਣ ਦੇ ਬਰਾਬਰ ਸੀ। ਜ਼ਕਰੀਆ ਖ਼ਾਨ ਬਹੁਤ ਕ੍ਰੋਧਵਾਨ ਹੋਇਆ ਕਿਉਂਕਿ ਚੌਧਰੀ ਮੱਸੇ ਰੰਘੜ ਦਾ ਇਹ ਕਤਲ ਮੁਗਲੀਆ ਸਰਕਾਰ ਦੀ ਬੜੀ ਵੱਡੀ ਹਾਰ ਸੀ, ਉਨ੍ਹਾਂ ਦਾ ਇਕ ਉਘਾ ਥੰਮ੍ਹ ਸਰਕਾਰ ਦਾ ਹੁਕਮ ਪਾਲਦਾ ਹੋਇਆ ਇਤਨੇ ਸਖ਼ਤ ਪਹਿਰੇ ਦੇ ਬਾਵਜੂਦ ਸਿੰਘਾਂ ਹੱਥੋਂ ਕਤਲ ਹੋ ਗਿਆ, ਜਿਨ੍ਹਾਂ ਦਾ (ਸਿੰਘਾਂ ਦਾ) ਖੁਰਾ ਖੋਜ ਮਿਟਾਉਣ ਲਈ ਸਰਕਾਰ ਅੱਡੀ ਚੋਟੀ ਦਾ ਜ਼ੋਰ ਲਾ ਰਹੀ ਸੀ।

ਜ਼ਕਰੀਆ ਖ਼ਾਨ ਨੂੰ ਸਭ ਤੋਂ ਜ਼ਿਆਦਾ ਗੁੱਸਾ ਆ ਰਿਹਾ ਸੀ ਜਿਹੜੇ ਸਰਕਾਰ ਕੋਲੋਂ ਆਪਣੇ ਐਸ਼ੋ ਆਰਾਮ ਲਈ ਸਹੂਲਤਾਂ ਲੈ ਕੇ ਫੜਾਂ ਮਾਰਿਆ ਕਰਦੇ ਸਨ, ਅਸੀਂ ਰਾਠ ਸਿੰਘਾਂ ਨੂੰ ਆਪਣੇ ਇਲਾਕਿਆਂ ਦੇ ਨੇੜੇ-ਤੇੜੇ ਵੀ ਫੜਕਣ ਨਹੀਂ ਦਿੰਦੇ। ਜ਼ਕਰੀਆ ਖ਼ਾਨ ਨੇ ਇਲਾਕੇ ਦੇ ਸਾਰੇ ਉਹ ਚੌਧਰੀ ਅਤੇ ਮੁਖ਼ਬਰ ਲਾਹੌਰ ਸੱਦ ਲਏ, ਜਿਨ੍ਹਾਂ ਨੂੰ ਸਰਕਾਰ ਮੂੰਹੋਂ ਮੰਗੀਆਂ ਆਰਥਿਕ ਸਹੂਲਤਾਂ ਦਿੰਦੀ ਸੀ। ਜ਼ਕਰੀਆ ਖ਼ਾਨ ਨੇ ਸਾਰਿਆਂ ਨੂੰ ਮੂਧੇ ਪਾ ਕੇ ਖ਼ੂਬ ਜੁਤ ਵਰ੍ਹਾਇਆ। ਬੜਾ ਗਾਲੀ ਗਲੋਚ ਵੀ ਹੋਇਆ। ਜ਼ਕਰੀਆ ਖ਼ਾਨ ਨੇ ਅੱਖਾਂ ਵਿੱਚੋਂ ਅੱਗ ਵਰ੍ਹਾਉਂਦਿਆਂ ਚੌਧਰੀਆਂ ਤੇ ਮੁਖ਼ਬਰਾਂ ਨੂੰ ਆਖਿਆ ਜਾਂ ਤਾਂ ਮੱਸੇ ਦੇ ਕਾਤਲਾਂ ਨੂੰ ਫੜ੍ਹਾ ਦਿਉ ਨਹੀਂ ਤੇ ਉਸ ਦੇ ਖ਼ੂਨ ਦਾ ਬਦਲਾ ਤੁਹਾਡੇ ਸਿਰੋਂ ਪੂਰਾ ਹੋਵੇਗਾ, ਮੈਂ ਤੁਹਾਡੇ ਸਿਰ ਵੱਢਵਾ ਕੇ ਗਲੀਆਂ ਵਿੱਚ ਰੋਲਾਂਗਾ। ਜ਼ਕਰੀਆ ਖ਼ਾਨ, ਖ਼ਾਨ ਬਹਾਦਰ ਦਾ ਏਡਾ ਸਖ਼ਤ ਹੁਕਮ ਸੁਣਕੇ ਚੌਧਰੀਆਂ ਤੇ ਮੁਖ਼ਬਰਾਂ ਨੇ ਮੱਸੇ ਦੇ ਕਾਤਲ ਲੱਭਣ ਲਈ ਦਿਨ ਰਾਤ ਇਕ ਕਰ ਦਿੱਤਾ। ਜੰਡਿਆਲੇ ਦਾ ਹਰ ਭਗਤ ਨਿਰੰਜਨੀਆਂ ਜੋ ਸਿੰਘਾਂ ਦਾ ਬੜਾ ਦੋਖੀ ਸੀ। ਉਸ ਨੇ ਇਸ ਕਤਲ ਦੀ ਸੂਹ ਕੱਢਕੇ ਲਾਹੌਰ ਜ਼ਕਰੀਆ ਖ਼ਾਨ ਪਾਸ ਜਾ ਕੇ ਚੁਗਲੀ ਕੀਤੀ ਸੀ ਕਿ ਮੱਸੇ ਦੇ ਕਾਤਲ ਮਤਾਬ ਸਿੰਘ ਮੀਰਾਂ-ਕੋਟੀਆਂ ਤੇ ਸੁੱਖਾ ਸਿੰਘ ਮਾੜੀ ਕੰਬੋਕੀ ਵਾਲਾ ਹਨ ਅਤੇ ਉਹ ਤਾਰੂ ਸਿੰਘ ਪੂਹਲੇ ਵਾਲੇ ਕੋਲ ਰਾਤ-ਬਰਾਤੇ ਆ ਕੇ ਲੰਗਰ ਛਕਦੇ ਹਨ। ਹਰਿ ਭਗਤ ਨਿਰੰਜਨੀਏ ਦੀ ਮੁਖ਼ਬਰੀ ਕਰਨ ਕਰਕੇ ਹੀ ਮੱਸੇ ਰੰਘੜ ਨੂੰ ਕਰਨੀ ਦਾ ਫਲ ਭੁਗਤਾਉਣ ਵਾਲੇ ਮਹਿਤਾਬ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਲਾਹੌਰ ਜੇਲ੍ਹ ਵਿੱਚ ਜ਼ਕਰੀਆ ਖ਼ਾਨ ਨੇ ਡੱਕਿਆ ਹੋਇਆ ਸੀ ਤੇ ਹੁਣ ਫਿਰ ਚਾਰ ਸਾਲ ਬਾਅਦ ਹਰਿ ਭਗਤ ਨਿਰੰਜਨੀਆ ਭਾਈ ਤਾਰੂ ਸਿੰਘ ਪੂਹਲੇ ਦੀ ਸ਼ਿਕਾਇਤ ਲੈ ਕੇ ਫਿਰ ਲਾਹੌਰ ਜ਼ਕਰੀਆ ਖ਼ਾਨ ਕੋਲ ਪਹੁੰਚਾ। ਅਸੀਂ ਉਪਰ ਜ਼ਿਕਰ ਕਰ ਆਏ ਹਾਂ ਕਿ ਜ਼ਕਰੀਆ ਖ਼ਾਨ ਦੀਆਂ ਗਸ਼ਤੀ ਫੌਜਾਂ ਰਾਠ ਸਿੰਘਾਂ ਨੂੰ ਫੜਨ ਲਈ ਪਿੰਡਾਂ ਵਿੱਚ ਹਰਲ-ਹਰਲ ਕਰਦੀਆਂ ਫਿਰਦੀਆਂ ਸਨ ਤੇ ਇਨ੍ਹਾਂ ਨੂੰ ਚੈਨ ਨਾਲ ਕਿਤੇ ਟਿਕਣ ਨਹੀਂ ਸਨ ਦਿੰਦੀਆਂ ਤੇ ਰਾਠ ਸਿੰਘ ਸਰਕਾਰ ਨੂੰ ਸੁੱਖ ਦੀ ਨੀਂਦੇ ਨਹੀਂ ਸਨ ਸੌਣ ਦਿੰਦੇ। ਰਾਠ ਸਿੰਘ ਕਦੀ-ਕਦਾਈਂ ਪੈਦਲ ਜਾਂ ਘੋੜ-ਚੜ੍ਹੇ ਥੋੜ੍ਹੇ ਚਿਰ ਲਈ ਰਾਤ ਬਰਾਤੇ ਭਾਈ ਤਾਰੂ ਸਿੰਘ ਦੇ ਖੇਤਾਂ ਤੋਂ ਥੋੜ੍ਹੀ ਦੂਰ ਸੰਘਣੀ ਝਿੜੀ ਵਿੱਚ ਆਣ ਟਿਕਦੇ। ਇਹ ਰਾਠ ਸਿੰਘ ਆਮ ਤੌਰ 'ਤੇ ਮਾਝੇ ਦਿਆਂ ਜੰਗਲਾਂ ਬੇਲਿਆਂ ਵਿੱਚ ਵਿਚਰਦੇ ਸਨ। ਜਦੋਂ ਕਦੇ ਪੰਜ-ਪੰਜ, ਦਸ-ਦਸ ਸਿੰਘ ਰਾਤ ਕਟਣ ਲਈ ਇਸ ਝਿੜੀ ਵਿੱਚ ਆ ਜਾਂਦੇ ਤਾਂ ਭਾਈ ਤਾਰੂ ਸਿੰਘ ਘਰੋਂ ਲੰਗਰ ਤਿਆਰ ਕਰਕੇ ਇਨ੍ਹਾਂ ਰਾਠ ਸਿੰਘਾਂ ਨੂੰ ਛਕਾ ਦਿੰਦਾ ਸੀ, ਕੱਪੜੇ ਲੀੜੇ ਦੀ ਸਹਾਇਤਾ ਕਰ ਦਿੰਦਾ ਸੀ। ਭਾਈ ਤਾਰੂ ਸਿੰਘ ਜੀ ਬਿਨਾਂ ਵਿਤਕਰੇ ਸਮੂਹ ਮਨੁੱਖ ਮਾਤਰ ਨੂੰ ਪਿਆਰ ਕਰਨ ਵਾਲਾ ਸੀ। ਰਾਠ ਸਿੰਘਾਂ ਲਈ ਤਾਂ ਉਸ ਦੇ ਦਿਲ ਵਿੱਚ ਵਿਸ਼ੇਸ਼ ਪ੍ਰੇਮ ਸੀ। ਭਾਈ ਸਾਹਿਬ ਸਮਝਦੇ ਸਨ ਕਿ ਰਾਠ ਸਿੰਘ ਪੰਥ ਦੀ ਆਨ ਸ਼ਾਨ ਪੰਜਾਬ ਨੂੰ ਮੁਗਲਾਂ ਤੇ ਅਫ਼ਗਾਨਾਂ ਤੋਂ ਅਜ਼ਾਦ ਕਰਾਉਣ ਲਈ ਜਾਨਾਂ ਦੀ ਬਾਜੀ ਲਾ ਕੇ ਜੂਝ ਰਹੇ ਹਨ। ਇਨ੍ਹਾਂ ਦੀ ਸੇਵਾ ਅਸਲ ਸੇਵਾ ਹੈ ਤੇ ਮੇਰੇ ਲਈ ਏਹੋ ਬੰਦਗੀ ਹੈ ਇਨ੍ਹਾਂ ਦੀ ਸੇਵਾ ਵਿੱਚ ਜੇ ਜਾਨ ਵੀ ਲੇਖੇ ਲੱਗ ਜਾਵੇ ਤਾਂ ਮੇਰੇ ਵੱਡੇ ਭਾਗ ਹੋਣਗੇ। ਇਹ ਨਿਰੰਜਨੀਆ ਆਕਲ ਦਾਸ ਤਾਂ ਸਿੱਖਾਂ ਦਾ ਕੱਟੜ ਵੈਰੀ, ਦੂਜਾ ਜ਼ਕਰੀਆ ਖ਼ਾਨ ਦੀ ਹਿੱਕ ਦਾ ਵਾਲ ਬਣਿਆ ਬੈਠਾ ਸੀ। ਇਸ ਆਕਲ ਦਾਸ ਨਿਰੰਜਨੀਏ ਨੇ ਸਿੱਖਾਂ ਦੇ ਮੁਕੰਮਲ ਖ਼ਾਤਮੇ ਲਈ ਜ਼ਕਰੀਆ ਖ਼ਾਨ ਨਾਲੋਂ ਵੀ ਵੱਧ ਅੱਤ ਚੁੱਕੀ ਹੋਈ ਸੀ। ਭਾਈ ਤਾਰੂ ਸਿੰਘ ਦੀ ਸੋਭਾ ਦੀ ਭਿਣਖ ਇਸ ਦੇ ਕੰਨੀ ਵੀ ਪੈ ਚੁੱਕੀ ਸੀ। ਪਰ ਇਹ ਕੋਈ ਬਹਾਨਾ ਭਾਲਦਾ ਸੀ ਤੇ ਉਹ ਬਹਾਨਾ ਉਸ ਨੂੰ ਮਿਲ ਗਿਆ ਜਦੋਂ ਭਾਈ ਤਾਰੂ ਸਿੰਘ ਨੇ ਇਕ ਗਰੀਬ ਮਾਛੀ ਰਹੀਮ ਬਖ਼ਸ਼ ਦੀ ਧੀ ਨੂੰ ਪੱਟੀ ਦੇ ਫੌਜਦਾਰ ਜਾਫ਼ਰ ਬੇਗ ਦੇ ਚੁੰਗਲ ਵਿੱਚੋਂ ਛੁਡਾਉਣ ਲਈ ਝਿੜੀ ਵਿੱਚ ਟਿਕੇ ਹੋਏ ਰਾਠ ਸਿੰਘਾਂ ਨੂੰ ਬੇਨਤੀ ਕੀਤੀ ਤੇ ਉਨ੍ਹਾਂ ਨੇ ਪੱਟੀ ਦੇ ਜਾਫ਼ਰ ਬੇਗ ਨੂੰ ਕਤਲ ਕਰਕੇ ਗਰੀਬ ਮਾਛੀ ਰਹੀਮ ਬਖ਼ਸ਼ ਦੀ ਧੀ ਸਲਮਾ ਨੂੰ ਉਸ ਦੇ ਚੁੰਗਲ ਵਿੱਚੋਂ ਛੁਡਵਾ ਕੇ ਰਹੀਮ ਬਖ਼ਸ਼ ਦੇ ਹਵਾਲੇ ਕੀਤਾ ਅਤੇ ਕੋਲੋਂ ਖਰਚ ਤੇ ਘੋੜਾ ਦੇ ਕੇ ਪਿਉ ਧੀ ਨੂੰ ਜ਼ਕਰੀਆਂ ਦੀਆਂ ਨਜ਼ਰਾਂ ਤੋਂ ਦੂਰ ਜਾਣ ਲਈ ਤੋਰ ਦਿੱਤਾ। ਆਕਲ ਦਾਸ ਕੋਲ ਭਾਈ ਤਾਰੂ ਸਿੰਘ ਦੀ ਜ਼ਕਰੀਆ ਖ਼ਾਨ ਕੋਲ ਸ਼ਿਕਾਇਤ ਕਰਨ ਦਾ ਇਦੂੰ ਵਧੀਆ ਮੌਕਾ ਹੋਰ ਕੀ ਹੋ ਸਕਦਾ ਸੀ।

**ਵਿਸ਼ੇਸ਼ ਨੋਟ:**- ਭਾਈ ਤਾਰੂ ਸਿੰਘ ਜੀ ਦੀ ਗ੍ਰਿਫ਼ਤਾਰੀ ਅਤੇ ਸ਼ਹਾਦਤ ਕਿਵੇਂ ਹੋਈ, ਅਗਲੇ ਹਫ਼ਤੇ ਪੜ੍ਹੋ

ਚਲਦਾ –

# ਨੌਵੀਂ 'ਚ ਪੜ੍ਹਦੇ ਸਿੱਖ ਬੱਚੇ ਦਾ ਝੂਠਾ ਪੁਲਿਸ ਮੁਕਾਬਲਾ...

**ਰਣਜੀਤ ਸਿੰਘ ਦਮਦਮੀ ਟਕਸਾਲ**
**ਪ੍ਰਧਾਨ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ**



ਖਾੜਕੂਵਾਦ ਨੂੰ ਖ਼ਤਮ ਕਰਨ ਦੀ ਆੜ ਹੇਠ ਭਾਰਤ ਸਰਕਾਰ ਦੇ ਹੁਕਮ 'ਤੇ ਪੰਜਾਬ ਪੁਲੀਸ ਨੇ ਹਜ਼ਾਰਾਂ ਬੇਦੋਸ਼ੇ ਸਿੱਖ ਨੌਜਵਾਨਾਂ ਨੂੰ ਘਰਾਂ, ਖੇਤਾਂ ਅਤੇ ਦੁਕਾਨਾਂ 'ਚੋਂ ਚੁੱਕ ਕੇ ਝੂਠੇ ਪੁਲੀਸ ਮੁਕਾਬਲਿਆਂ 'ਚ ਮਾਰ ਮੁਕਾਇਆ। ਉਹਨੀਂ ਦਿਨੀਂ ਸਿੱਖ ਜਵਾਨੀ ਦੇ ਖ਼ੂਨ ਨਾਲ਼ ਹੋਲੀ ਖੇਡ ਕੇ ਆਪਣੇ ਮੋਢਿਆਂ 'ਤੇ ਸਟਾਰ, ਫੀਤੀਆਂ ਅਤੇ ਮੈਡਲ ਲਗਵਾਉਣ ਤੇ ਇਨਾਮ ਪ੍ਰਾਪਤ ਕਰਨ ਲਈ ਪੁਲੀਸ ਅਫ਼ਸਰਾਂ 'ਚ ਦੌੜ ਲੱਗੀ ਹੋਈ ਸੀ। ਪੁਲੀਸ ਇੱਕ ਖੂੰਖਾਰ ਜਾਨਵਰਾਂ ਦਾ ਰੂਪ ਧਾਰਨ ਕਰ ਚੁੱਕੀ ਸੀ। ਰਿਆਲੀ ਪਿੰਡ ਦਾ ਇੱਕ ਨੌਜਵਾਨ ਗੁਰਦੇਵ ਸਿੰਘ ਸੋਨਾ ਜੋ ਅਜੇ ਨੌਵੀਂ ਕਲਾਸ 'ਚ ਪੜ੍ਹਦਾ ਸੀ, 14 ਕੁ ਸਾਲ ਉਮਰ ਸੀ, ਉਸ ਦੇ ਅਜੇ ਦਾੜ੍ਹੀ ਵੀ ਨਹੀਂ ਸੀ ਫੁੱਟੀ ਪਰ ਪੁਲੀਸ ਨੇ ਉਸ ਨੂੰ ਆਪਣੇ ਜ਼ੁਲਮ ਦਾ ਸ਼ਿਕਾਰ ਬਣਾ ਲਿਆ ਤੇ ਉਸ ਨੂੰ ਇੱਕ ਖਤਰਨਾਕ ਖਾੜਕੂ ਕਹਿ ਕੇ ਝੂਠੇ ਪੁਲੀਸ ਮੁਕਾਬਲੇ 'ਚ ਸ਼ਹੀਦ ਕਰ ਦਿੱਤਾ। ਜਦ ਮੈਂ ਜ਼ਿਲ੍ਹਾ ਗੁਰਦਾਸਪੁਰ ਦੀ ਤਹਿਸੀਲ ਬਟਾਲਾ ਦੇ ਪਿੰਡ ਰਿਆਲੀ ਕਲਾਂ 'ਚ ਸ਼ਹੀਦਾਂ ਦਾ ਇਤਿਹਾਸ ਲਿਖਣ ਗਿਆ ਤਾਂ ਮੇਰੀ ਮੁਲਾਕਾਤ ਭਾਈ ਗੁਰਦੇਵ ਸਿੰਘ ਸੋਨਾ ਦੇ ਪਿਤਾ ਸ. ਲੱਖਾ ਸਿੰਘ ਨਾਲ ਹੋਈ ਤੇ ਉਹਨਾਂ ਨੇ ਭੁੱਬਾਂ ਮਾਰ ਰੋਂਦੇ ਹੋਏ ਦਰਦਭਰੀ ਗਾਥਾ ਮੈਨੂੰ ਸੁਣਾਈ।

ਉਹਨਾਂ ਦੱਸਿਆ ਕਿ 17 ਜੁਲਾਈ 1989 ਨੂੰ ਸਾਡੇ ਘਰ ਪੁਲੀਸ ਆਈ ਤੇ ਥਾਣੇਦਾਰ ਅਜਾਇਬ ਸਿਹੁੰ ਤੇ ਕਿਰਪਾਲ ਸਿਹੁੰ ਮੇਰੀ ਘਰਵਾਲੀ ਨੂੰ ਮੰਦਾ ਬੋਲਣ ਲਗ ਪਏ। ਜਦ ਮੈਂ ਅੱਗੇ ਹੋਇਆ ਤਾਂ ਅਜਾਇਬ ਸਿਹੁੰ ਕਹਿੰਦਾ ਕਿ "ਸੋਨਾ ਕਿੱਥੇ ਐ ?" ਅਸੀਂ ਕਿਹਾ "ਕੀ ਹੋਇਆ ਜਨਾਬ।" ਕਹਿੰਦਾ "ਹੁਣੀਂ ਪੇਸ਼ ਕਰਾਓ ਉਹਨੂੰ।" ਮੈਂ ਸੋਨੇ ਨੂੰ ਆਵਾਜ਼ ਮਾਰੀ, ਓਦੋਂ ਅਸੀਂ ਝੋਨਾ ਲਾ ਰਹੇ ਸੀ ਤੇ ਏਨੇ ਚਿਰ ਨੂੰ ਮੇਰੀ ਬੇਟੀ ਉਹਨਾਂ ਵਾਸਤੇ ਪਾਣੀ ਲੈ ਕੇ ਆਈ ਤੇ ਅਜਾਇਬ ਸਿਹੁੰ ਨੇ ਉਹਨੂੰ ਗੁੱਤੋਂ ਫੜ ਲਿਆ ਤੇ ਪਾਣੀ ਵਗਾਹ ਕੇ ਮਾਰਿਆ। ਉਹ ਸਾਡੇ ਸਾਹਮਣੇ ਸੋਨੇ ਨੂੰ ਜੀਪ 'ਚ ਬਿਠਾ ਕੇ ਲੈ ਗਏ। ਅਸੀਂ ਸਮਝਿਆ ਕਿ ਪੁੱਛ-ਗਿੱਛ ਕਰ ਕੇ ਹੁਣੀਂ ਜਾਂ ਸਵੇਰੇ ਛੱਡ ਦੇਣਗੇ। ਪਰ ਬਾਅਦ 'ਚ ਸੋਨੇ ਨੂੰ ਬਟਾਲੇ ਦੇ ਬੀਕੋ ਬੁੱਚੜਖਾਨੇ ਅਤੇ ਅੰਮ੍ਰਿਤਸਰ ਦੇ ਮਾਲ ਮੰਡੀ ਬੁੱਚੜਖਾਨੇ ਲਿਜਾ ਕੇ ਘੋਰ ਤਸੀਹੇ ਦਿੱਤੇ ਗਏ, ਉਸ ਬੱਚੇ ਦੇ ਨਹੁੰ ਵੀ ਖਿੱਚ ਦਿੱਤੇ। ਪਿਤਾ ਨੇ ਦੱਸਿਆ ਕਿ ਮੈਂ ਸੋਨੇ ਨੂੰ ਛੁਡਾਉਣ ਦੀ ਬਹੁਤ ਕੋਸ਼ਿਸ਼ ਕੀਤੀ। ਮੈਂ ਕਈ ਵਾਰ ਐੱਸ.ਐੱਸ.ਪੀ. ਗੋਬਿੰਦ ਰਾਮ ਨੂੰ ਮਿਲਣ ਗਿਆ ਪਰ ਉਹ ਕਹਿੰਦਾ ਕਿ "ਅਸੀਂ ਤਾਂ ਰਿਆਲੀ ਪਿੰਡ ਦਾ ਕੋਈ ਮੁੰਡਾ ਫੜਿਆ ਹੀ ਨਹੀਂ।"

ਫਿਰ ਮੈਂ ਪਿੰਡ ਦੇ ਬ੍ਰਾਹਮਣਾਂ ਨੂੰ ਵੀ ਇਕੱਠਿਆਂ ਕਰਕੇ ਥਾਣੇ ਅਤੇ ਐੱਸ.ਐੱਸ.ਪੀ. ਦੇ ਦਫ਼ਤਰ ਲੈ ਕੇ ਗਿਆ ਪਰ ਕਿਸੇ ਨੇ ਸਾਡੀ ਇੱਕ ਨਾ ਸੁਣੀ। ਤੇ ਇੱਕ ਥਾਣੇਦਾਰ ਸਾਨੂੰ ਕਹਿੰਦਾ "ਚੁੱਪ ਕਰਕੇ ਇੱਥੋਂ ਚਲੇ ਜਾਓ, ਨਹੀਂ ਤਾਂ ਤੁਹਾਨੂੰ ਵੀ ਚੁੱਕ ਕੇ ਅੰਦਰ ਕਰ ਦੂੰ।" ਅਸੀਂ ਪ੍ਰਤਾਪ ਸਿੰਘ ਬਾਜਵਾ ਤੇ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਤੇ ਕਈ ਹੋਰ ਲੀਡਰਾਂ ਨੂੰ ਵੀ ਮਿਲੇ ਪਰ ਪੁਲੀਸ ਕੋਈ ਹੱਥ-ਪੱਲਾ ਹੀ ਨਹੀਂ ਸੀ ਫੜਾਉਂਦੀ। ਸ. ਲੱਖਾ ਸਿੰਘ ਕਹਿੰਦੇ ਕਿ "ਜੇ ਮੇਰੇ ਪੁੱਤ ਦਾ ਕੋਈ ਕਸੂਰ ਹੁੰਦਾ ਜਾਂ ਖਾੜਕੂਆਂ ਨਾਲ ਰਲੇ ਹੋਣ ਦੀ ਜਾਂ ਓਹਦੀ ਕੋਈ ਐਹੋ ਜਿਹੀ ਗੱਲ ਹੁੰਦੀ, ਉਸ ਕੋਲ ਕੋਈ ਹਥਿਆਰ ਹੁੰਦਾ ਤਾਂ ਮੈਂ ਉਹਨੂੰ ਆਪ ਹੀ ਆਸੇ-ਪਾਸੇ ਕਰ ਦਿੰਦਾ ਪਰ ਉਹ ਤਾਂ ਵਿਚਾਰਾਂ ਬੜਾ ਭੋਲਾ ਸੀ। ਬੁੱਚੜਖਾਨਿਆਂ 'ਚ ਘੋਰ ਤਸੀਹੇ ਦੇਣ ਤੋਂ ਬਾਅਦ ਸੋਨੇ ਨੂੰ ਪੁਲੀਸ ਉਸ ਦੇ ਨਾਨਕਿਆਂ ਦੇ ਪਿੰਡ ਸੂਰੋਂ ਪੱਡਾ ਲੈ ਗਈ। ਉਸ ਦਿਨ ਮਾਮਾ ਜੀ ਅਤੇ ਨਾਨਾ ਜੀ ਤਾਂ ਘਰ ਨਹੀਂ ਸਨ। ਪੁਲੀਸ ਵਾਰ-ਵਾਰ ਕਹੀ ਜਾਵੇ ਕਿ ਹਥਿਆਰਾਂ ਬਾਰੇ ਦੱਸ। ਪਰ ਸੋਨੇ ਕੋਲ ਕੁਝ ਹੈ ਹੀ ਨਹੀਂ ਸੀ, ਨਾ ਉਸ ਨੂੰ ਕੁਝ ਪਤਾ ਸੀ।

ਫਿਰ ਪੁਲੀਸ ਆਪ ਹੀ ਘਰ ਦੀ ਤਲਾਸ਼ੀ ਕਰਨ ਲਗ ਪਈ ਤੇ ਜਦ ਉਸ ਪੁਰਾਣੇ ਜਿਹੇ ਘਰ ਦੇ ਇੱਕ ਕਮਰੇ ਦਾ ਜਿੰਦਰਾ ਤੋੜਿਆ ਤਾਂ ਪੁਲੀਸ ਦੇ ਭੂੰਡਾਂ ਦੀ ਖੱਖਰ ਲੜ ਗਈ। ਜਿਸ ਤੋਂ ਗੁੱਸੇ 'ਚ ਆ ਕੇ ਪੁਲੀਸ ਨੇ ਸੋਨੇ ਦੀ ਮਾਮੀ ਦੇ ਸਾਹਮਣੇ ਦਰਖ਼ਤ ਤੋਂ ਇੱਕ ਡਾਹਣਾ ਤੋੜਿਆ ਤੇ ਸੋਨੇ ਨੂੰ ਕੁੱਟ-ਕੁੱਟ ਕੇ ਓਥੇ ਹੀ ਅੱਧ-ਮੋਇਆ ਕਰ ਦਿੱਤਾ ਤੇ ਗੱਡੀ 'ਚ ਸੁੱਟ ਲਿਆ। ਫਿਰ 24 ਜੁਲਾਈ 1989 ਦੀ ਰਾਤ ਨੂੰ ਵਡਾਲਾ ਗ੍ਰੰਥੀਆਂ ਕੋਲ ਸੂਏ ਦੇ ਪੁਲ਼ ਉੱਤੇ ਉਸ ਨੂੰ ਇੱਕ ਝੂਠੇ ਪੁਲੀਸ ਮੁਕਾਬਲੇ 'ਚ ਪਿੰਡ ਰਿਆਲੀ ਦੇ ਹੀ ਇੱਕ ਜੁਝਾਰੂ ਭਾਈ ਕੰਵਲਜੀਤ ਸਿੰਘ ਛਿੰਦਾ ਨਾਲ ਸ਼ਹੀਦ ਕਰ ਦਿੱਤਾ ਤੇ ਫਿਰ ਅਖ਼ਬਾਰਾਂ 'ਚ ਭਾਈ ਗੁਰਦੇਵ ਸਿੰਘ ਸੋਨਾ ਨੂੰ ਅਣਪਛਾਤਾ ਕਰਾਰ ਦੇ ਦਿੱਤਾ।





ਸ. ਲੱਖਾ ਸਿੰਘ ਕਹਿੰਦੇ ਕਿ "ਸਾਡੇ ਪੁੱਤ ਦੀ ਤਾਂ ਸਾਨੂੰ ਲਾਸ਼ ਵੀ ਨਾ ਮਿਲੀ। ਉਹ ਮੇਰੇ ਨਾਲ ਖੇਤਾਂ 'ਚ ਕੰਮ ਕਰਵਾਉਂਦਾ ਸੀ, ਪੱਠੇ ਲਿਆਉਂਦਾ ਸੀ, ਮੇਰੇ ਨਾਲ ਹੀ ਸੌਂਦਾ ਸੀ, ਉਹਨੇ ਤਾਂ ਕਦੇ ਚਿੜੀ ਵੀ ਨਹੀਂ ਸੀ ਮਾਰੀ ਪਰ ਜ਼ਾਲਮਾਂ ਨੇ ਉਸ ਨੂੰ ਖਤਰਨਾਕ ਦਹਿਸ਼ਤਗਰਦ ਐਲਾਨ ਦਿੱਤਾ ਤੇ ਸਾਡਾ ਹੀਰੇ ਵਰਗਾ ਪੁੱਤ ਸਾਡੇ ਤੋਂ ਖੋਹ ਲਿਆ। ਫਿਰ ਅਸੀਂ ਪੁਲੀਸ ਉੱਤੇ ਵਕੀਲ ਰਾਜਵਿੰਦਰ ਸਿੰਘ ਬੈਂਸ ਰਾਹੀਂ ਕੇਸ ਵੀ ਕੀਤਾ ਜਿਸ ਦੀ ਸੁਣਵਾਈ ਚਲਦੀ ਰਹੀ। ਪਰ ਪੁਲੀਸ ਨੇ ਸਾਨੂੰ ਬੜਾ ਪ੍ਰੇਸ਼ਾਨ ਕੀਤਾ, ਸਾਡੇ ਉੱਤੇ ਬੜਾ ਦਬਾਅ ਬਣਾਇਆ, ਰੋਜ਼-ਰੋਜ਼ ਸਾਈਨ ਕਰਨ ਲਈ ਥਾਣੇ ਬੁਲਾ ਲਿਆ ਜਾਂਦਾ, ਕਦੇ ਪੁਲੀਸ ਘਰੇ ਆ ਕੇ ਬੈਠੀ ਰਹਿੰਦੀ, ਰਾਜ਼ੀਨਾਮੇ ਲਈ ਕਹਿੰਦੇ ਜਿਸ ਤੋਂ ਮੈਂ ਬਹੁਤ ਤੰਗ ਆਇਆ ਅਤੇ ਉੱਤੋਂ ਕੇਸ ਦੀ ਪੈਰਵਾਈ ਕਰਨ ਵਾਲੇ ਮੇਰੇ ਜਵਾਈ ਦਾ ਪਾਸਪੋਰਟ ਵੀ ਸਰਕਾਰ ਨੇ ਇਸੇ ਕਾਰਨ ਰੋਕ ਦਿੱਤਾ। ਜਿਸ ਤੋਂ ਬਾਅਦ ਅਸੀਂ ਕੇਸ ਹੀ ਵਾਪਸ ਲੈ ਲਿਆ ਕਿ ਹੁਣ ਪੁੱਤ ਤਾਂ ਵਾਪਸ ਮਿਲਣਾ ਨਹੀਂ, ਤੇ ਨਾ ਹੀ ਅਦਾਲਤਾਂ 'ਚੋਂ ਇਨਸਾਫ਼ ਮਿਲਣਾ ਹੈ, ਬਸ ਖੱਜਲ-ਖੁਆਰੀ ਹੀ ਹੈ ਜਿੰਨੀ ਮਰਜੀ ਝੱਲੀ ਜਾਓ। ਪੰਜਾਬ ਵਿੱਚ ਅਨੇਕਾਂ ਸ਼ਹੀਦਾਂ ਦੇ ਪਰਿਵਾਰਾਂ ਦੀ ਅਜਿਹੀ ਦਾਸਤਾਨ ਹੈ।

# ਭਾਰਤ ਬਰਤਾਨੀਆ ਵਪਾਰ ਮੁਕਤ ਸਮਝੌਤਾ ਲਾਗੂ ਹੋਇਆ

ਗਲਾਸਗੋ,(ਹਰਜੀਤ ਦੁਸਾਂਝ ਪੁਆਦੜਾ) - ਭਾਰਤ ਅਤੇ ਬਰਤਾਨੀਆ (ਯੂਕੇ) ਵਿਚਕਾਰ ਹੋਇਆ ਵਿਆਪਕ ਆਰਥਿਕ ਅਤੇ ਵਪਾਰ ਸਮਝੌਤਾ (Comprehensive Economic and Trade Agreement & CETA) 15 ਜੁਲਾਈ 2026 ਤੋਂ ਅਧਿਕਾਰਤ ਤੌਰ ਫ਼ਰਸਤੁੋਤੇ ਲਾਗੂ ਹੋ ਗਿਆ ਹੈ। ਇਸ ਇਤਿਹਾਸਕ ਸਮਝੌਤੇ ਨਾਲ ਦੋਵਾਂ ਦੇਸ਼ਾਂ ਵਿਚਕਾਰ ਵਪਾਰ, ਨਿਵੇਸ਼ ਅਤੇ ਆਰਥਿਕ ਸਹਿਯੋਗ ਨੂੰ ਨਵੀਂ ਦਿਸ਼ਾ ਮਿਲਣ ਦੀ ਉਮੀਦ ਹੈ। ਇਹ ਸਮਝੌਤਾ ਪੂਰੇ ਯੂਨਾਈਟਿਡ ਕਿੰਗਡਮ, ਜਿਸ ਵਿੱਚ ਸਕਾਟਲੈਂਡ, ਇੰਗਲੈਂਡ, ਵੇਲਜ਼ ਅਤੇ ਉੱਤਰੀ ਆਇਰਲੈਂਡ ਸ਼ਾਮਲ ਹਨ, ਤੇ ਲਾਗੂ ਹੋਵੇਗਾ। ਇਸ ਨਾਲ ਭਾਰਤੀ ਅਤੇ ਬਰਤਾਨਵੀ ਕਾਰੋਬਾਰਾਂ ਲਈ ਨਵੇਂ ਬਾਜ਼ਾਰਾਂ ਦੇ ਦਰਵਾਜ਼ੇ ਖੁੱਲ੍ਹਣਗੇ ਅਤੇ ਦੋਵਾਂ ਦੇਸ਼ਾਂ ਦੇ ਉਦਯੋਗਾਂ ਨੂੰ ਵੱਡਾ ਲਾਭ ਮਿਲੇਗਾ। ਸਮਝੌਤੇ ਤਹਿਤ ਭਾਰਤ ਦੇ ਲਗਭਗ 99 ਫ਼ੀਸਦੀ ਨਿਰਯਾਤ ਨੂੰ ਯੂਕੇ ਦੇ ਬਾਜ਼ਾਰ ਵਿੱਚ ਡਿਊਟੀ-ਮੁਕਤ ਜਾਂ ਰਿਆਇਤੀ ਪਹੁੰਚ ਮਿਲੇਗੀ। ਇਸ ਨਾਲ ਕੱਪੜਾ ਉਦਯੋਗ, ਇੰਜੀਨੀਅਰਿੰਗ ਸਮਾਨ, ਫਾਰਮਾਸਿਊਟੀਕਲ, ਸਮੁੰਦਰੀ ਉਤਪਾਦ, ਚਮੜਾ ਅਤੇ ਰਤਨ-ਗਹਿਣਿਆਂ ਦੇ ਨਿਰਯਾਤ ਵਿੱਚ ਵਾਧੇ ਦੀ ਸੰਭਾਵਨਾ ਹੈ। ਦੂਜੇ ਪਾਸੇ ਯੂਕੇ ਦੇ ਵਿਸਕੀ, ਆਟੋਮੋਬਾਈਲ ਅਤੇ ਹੋਰ ਉਤਪਾਦਾਂ ਨੂੰ ਵੀ ਭਾਰਤੀ ਬਾਜ਼ਾਰ ਵਿੱਚ ਬਿਹਤਰ ਪਹੁੰਚ ਮਿਲੇਗੀ। ਵਪਾਰ ਮਾਹਿਰਾਂ ਦਾ ਮੰਨਣਾ ਹੈ ਕਿ ਇਸ ਸਮਝੌਤੇ ਨਾਲ ਦੋਵਾਂ ਦੇਸ਼ਾਂ ਵਿਚਕਾਰ ਦੋਪੱਖੀ ਵਪਾਰ ਵਿੱਚ ਮਹੱਤਵਪੂਰਨ ਵਾਧਾ ਹੋਵੇਗਾ, ਨਵੇਂ ਨਿਵੇਸ਼ ਆਉਣਗੇ ਅਤੇ ਹਜ਼ਾਰਾਂ ਰੁਜ਼ਗਾਰ ਦੇ ਮੌਕੇ ਪੈਦਾ ਹੋਣਗੇ। ਸਕਾਟਲੈਂਡ ਦੇ ਖੁਰਾਕ, ਪੇਅ ਪਦਾਰਥ (ਵਿਸਕੀ, ਜੂਸ, ਸਾਫਟ ਡ੍ਰਿੰਕ, ਚਾਹ, ਕੌਫ਼ੀ ਆਦਿ) ਨਵੀਨਤਾ, ਵਿੱਤੀ ਟੈਕਨੋਲੋਜੀ, ਸਿੱਖਿਆ ਅਤੇ ਸਾਫ਼ ਉਰਜਾ ਖੇਤਰਾਂ ਨੂੰ ਵੀ ਇਸ ਦਾ ਵਿਸ਼ੇਸ਼ ਲਾਭ ਮਿਲਣ ਦੀ ਉਮੀਦ ਹੈ।

# "ਸੁਬਰਾਮਨੀਅਮ ਨੇ ਟਰੰਪ ਪ੍ਰਸ਼ਾਸਨ ਦੇ ਪਾਕਿਸਤਾਨ ਅਤੇ ਪਾਕਿਸਤਾਨੀ ਫੌਜ ਮੁਖੀ ਫੀਲਡ ਮਾਰਸ਼ਲ ਅਸੀਮ ਮੁਨੀਰ ਨਾਲ ਸਬੰਧਾਂ 'ਤੇ ਵੀ ਚਿੰਤਾ ਪ੍ਰਗਟ ਕੀਤੀ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) - ਡੈਮੋਕਰੈਟਿਕ ਕਾਂਗਰਸਮੈਨ ਸੁਹਾਸ ਸੁਬਰਾਮਨੀਅਮ ਨੇ ਟਰੰਪ ਪ੍ਰਸ਼ਾਸਨ 'ਤੇ ਭਾਰਤ ਨਾਲ ਸਬੰਧਾਂ ਨੂੰ ਨੁਕਸਾਨ ਪਹੁੰਚਾਉਣ ਦਾ ਦੋਸ਼ ਲਗਾਇਆ ਹੈ ਤੇ ਕਿਹਾ ਹੈ ਕਿ ਟੈਰਿਫ ਅਤੇ ਹੋਰ ਕਾਰਵਾਈਆਂ ਨੇ ਦੋਵਾਂ ਦੇਸ਼ਾਂ ਵਿਚਕਾਰ ਰਣਨੀਤਕ ਭਾਈਵਾਲੀ ਨੂੰ ਅੱਗੇ ਵਧਾਉਣ ਵਿਚ ਮਦਦ ਨਹੀਂ ਕੀਤੀ । ਉਨਾਂ ਇਕ ਸਮਾਗਮ ਵਿਚ ਬੋਲਦਿਆਂ ਕਿਹਾ ਹੈ ਕਿ ਇਸ ਪ੍ਰਸ਼ਾਸਨ ਦੀ ਵਿਦੇਸ਼ ਨੀਤੀ ਪੂਰੀ ਤਰ੍ਹਾਂ ਫੇਲ• ਰਹੀ ਹੈ ਅਤੇ ਉਨ੍ਹਾਂ ਨੇ ਅਮਰੀਕਾ-ਭਾਰਤ ਸਬੰਧਾਂ ਨੂੰ ਬੁਰੀ ਤਰਾਂ ਪ੍ਰਭਾਵਿਤ ਕੀਤਾ ਹੈ । ਸੁਬਰਾਮਨੀਅਮ ਨੇ ਹੋਰ ਕਿਹਾ ਕਿ ਤਾਨਾਸ਼ਾਹਾਂ ਨੂੰ ਛੱਡ ਕੇ ਦੁਨੀਆ ਭਰ ਵਿਚ ਸਾਡੇ ਸਬੰਧ ਖਰਾਬ ਹੋਏ ਹਨ। ਸੁਬਰਾਮਨੀਅਮ ਨੇ ਕਿਹਾ ਕਿ ਵਿਦੇਸ਼ ਨੀਤੀ ਪ੍ਰਤੀ ਟਰੰਪ ਪ੍ਰਸ਼ਾਸਨ ਦੀ ਪਹੁੰਚ ਵਿਚ ਇਕਸਾਰਤਾ ਦੀ ਘਾਟ ਹੈ। ਉਨਾਂ ਜ਼ੋਰ ਦੇ ਕੇ ਕਿਹਾ ਕਿ ਵਾਸ਼ਿੰਗਟਨ ਨੂੰ ਨਵੀਂ ਦਿੱਲੀ ਨਾਲ ਇੱਕ ਮਜ਼ਬੂਤ ਭਾਈਵਾਲੀ ਬਣਾਈ ਰੱਖਣੀ ਚਾਹੀਦੀ ਹੈ ਅਤੇ ਵਿਸ਼ਵ ਵਿਆਪੀ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਆਪਣੇ ਸਹਿਯੋਗੀਆਂ ਨਾਲ ਮਿਲ ਕੇ ਕੰਮ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ "ਸਾਨੂੰ ਇਹ ਯਕੀਨੀ ਬਣਾਉਣਾ ਪਵੇਗਾ ਕਿ ਅਸੀਂ ਆਪਣੇ ਸਹਿਯੋਗੀਆਂ ਨਾਲ ਮਿਲ ਕੇ ਦੁਨੀਆ ਦੀਆਂ ਸਭ ਤੋਂ ਵੱਡੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਕੰਮ ਕਰ ਰਹੇ ਹਾਂ।"ਸੁਬਰਾਮਨੀਅਮ ਨੇ ਟਰੰਪ ਪ੍ਰਸ਼ਾਸਨ ਦੇ ਪਾਕਿਸਤਾਨ ਅਤੇ ਪਾਕਸਤਿਾਨੀ ਫੌਜ ਮੁਖੀ ਫੀਲਡ ਮਾਰਸ਼ਲ ਅਸੀਮ ਮੁਨੀਰ ਨਾਲ ਸਬੰਧਾਂ 'ਤੇ ਵੀ ਚਿੰਤਾ ਪ੍ਰਗਟ ਕੀਤੀ।

– ਲੇਖਕ –
ਗਿਆਨੀ
ਗੁਰਦਿੱਤ ਸਿੰਘ



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਕਿਸ਼ਤ-52

# ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ

**ਗੁਰੂ ਨਾਨਕ ਦੇਵ ਜੀ ਨੇ ਅਵਤਾਰ ਪ੍ਰਸਤੀ ਨੂੰ ਕਿਸੇ ਰੂਪ ਵਿੱਚ ਹੀ ਪ੍ਰਵਾਨ ਨਹੀਂ ਕੀਤਾ । ਉਹ ਇਕ ਪ੍ਰਮੇਸ਼ਰ ਦੇ ਭਗਤ ਸਨ, ਕਿਸੇ ਅਵਤਾਰ ਨੂੰ, ਕਿਸੇ ਦਰਵੇਸ਼, ਔਲੀਏ, ਪੈਗੰਬਰ ਨੂੰ ਆਪਣਾ ਅਰਾਧਯ ਜਾਂ ਆਪਣੇ ਚਿੰਤਨ ਦਾ ਅਧਾਰ ਨਹੀਂ ਬਣਾਇਆ । ਗੁਰੂ ਨਾਨਕ ਜੀ ਨੇ ਜਿਸ ਨਿਰੰਜਨ ਦੀ ਭਗਤੀ ਪ੍ਰਗਟਾਈ, ਅਤੇ ਪ੍ਰਚਾਰੀ, ਉਸ ਨਿਰੰਕਾਰੀ ਭਗਤੀ ਦੇ ਵੈਸ਼ਨਵ ਪੰਥੀ ਸੁਰਗੁਣਵਾਦੀ ਲੋਕ ਵਿਰੋਧੀ ਸਨ । ਇਸ ਪਾਸਿਉਂ ਝਾਤੀ ਮਾਰੀਏ ਕਿਸੇ ਭਗਤਮਾਲਾ ਵਿੱਚ ਗੁਰੂ ਸਾਹਿਬਾਨ ਨੂੰ ਭਗਤਾਂ ਵਿੱਚ ਸ਼ਾਮਿਲ ਕਰਨਾ ਠੀਕ ਹੀ ਨਹੀਂ ਸੀ, ਕਿਉਂਕਿ ਗੁਰੂ ਨਾਨਕ ਭਗਤ ਨਹੀਂ, ਗੁਰੂ ਸਨ । ਅਵਤਾਰਵਾਦੀ ਨਹੀਂ, ਨਿਰੰਕਾਰਵਾਦੀ ਸਨ ।**

ਇਸ ਕਾਵਿ ਟੁਕੜੀ ਵਿੱਚ ਕਬੀਰ ਜੀ ਗੁਰੂ ਨਾਨਕ ਜੀ ਨੂੰ ਭਾਈ ਦਾ ਸੰਬੋਧਨ ਕਰਕੇ ਲਿਖਿਆ ਹੈ। ਜਬ ਤੇ ਹਮ ਤੋਂ ਬਿਛਰੇ ਭਾਈ। ਨਾਲ ਹੀ ਲਿਖਿਆ ਗੁਰੂ ਜੀ ਨੇ ਨਿਰੰਜਨ ਚੀਨਿਆ ਸੀ। ਕਬੀਰ ਜੀ ਜੇ ਮਿਲੇ ਸੀ, ਉਪਦੇਸ਼ ਦੇਣ ਵਾਲੇ ਕਿਵੇਂ ਬਣ ਗਏ ?

ਸੁਵਾਲ ਜੁਆਬ ਵਿੱਚ ਗੁਰੂ ਨਾਨਕ ਜੀ ਨੂੰ ਇਸ ਲਈ ਧੰਨ ਕਿਹਾ ਹੈ, ਜਿਨ੍ਹਾਂ ਕਲਜੁਗ ਵਿੱਚ ਜਨਮ ਧਾਰਕੇ ਦੁਨੀਆਂ ਤਾਰੀ। ਇਕ ਥਾਂ ਲਿਖਿਆ ਹੈ ਗੁਰੂ ਨਾਨਕ ਜੀ ਕੀ ਦੇਹੀ ਦਿਵਯ ਰੂਪ ਹੋ ਗਈ ਥੀ ਜਹਾਂ ਜਾਤੇ ਥੇ ਸਾਥੀਉਂ ਕੋ ਨਾਲ ਉਡਾਕਰ ਲੇ ਜਾਤੇ ਥੇ।

ਕਬੀਰ ਸਾਗਰ ਨੂੰ ਮੁੱਖ ਰੱਖਕੇ ਇਕ 1797 ਸਫ਼ੇ ਦਾ ਗ੍ਰੰਥ ਕਬੀਰ ਮਨਸੂਰ ਇਸ ਸਦੀ ਤੋਂ ਪਹਿਲਾਂ 1888 ਦਾ ਛਪਿਆ ਮਿਲਦਾ ਹੈ। ਇਸ ਗ੍ਰੰਥ ਤੋਂ ਕਬੀਰ ਜੀ ਬਾਰੇ ਗ੍ਰੰਥ ਲਿਖਣ ਦੀ ਰੀਤ ਅਰੰਭ ਹੋਈ ਮੰਨੀ ਜਾਂਦੀ ਹੈ। ਕਬੀਰ ਬੋਧ ਸਾਗਰ ਵਿੱਚ ਕਬੀਰ ਜੀ ਵੱਲੋਂ ਸਭ ਨੂੰ ਬੋਧ ਕਰਾਉਣਾ ਇਤਿਹਾਸ ਅਤੇ ਸੋਚ ਸਮਝ ਤੋਂ ਉਪਰ ਦੀ ਗੱਲ ਹੈ। ਰਾਮਾਨੰਦ ਸਵਾਮੀ ਨੂੰ ਭੀ ਜਿਸ ਤੋਂ ਕਬੀਰ ਜੀ ਭਗਤੀ ਵੱਲ ਪ੍ਰੇਰਿਤ ਹੋਏ ਸਨ ਕਬੀਰ ਬੋਧ ਕਰਾਉਣ ਦੀ ਵਾਰਤਾ ਲਿਖੀ ਹੈ। ਇਹੋ ਨਹੀਂ ਉਨ੍ਹਾਂ ਦੇ ਚੋਦਾਂ ਪੀੜ੍ਹੀਆਂ ਪਹਿਲਾਂ ਹੋਏ, ਰਾਮਾਨੁਜ ਨੂੰ ਬਾਰ੍ਹਵੀਂ ਵਾਰ, ਬੋਧ ਕਰਾਉਣ ਦੀ ਕਥਾ ਭੀ ਘੜ ਮਾਰੀ ਹੈ। ਫਿਰ ਭੀ ਗ੍ਰੰਥ ਦੇ ਮੰਗਲਾਚਰਨ ਵਾਲੀਆਂ ਪੰਕਤੀਆਂ ਪੜ੍ਹਨਯੋਗ ਹਨ:

ਧੰਨ ਸਤਿ ਗੁਰੂ ਸਤਿ ਪੁਰਖ ਸਤਿਨਾਮ ਇਹ ਧੀਰ।

ਲੇਖਕ ਸਤਿਨਾਮ ਰਾਹੀਂ ਸਤਿਪੁਰਖ ਕਬੀਰ ਨੂੰ ਸਥਿਰਤਾ ਪ੍ਰਾਪਤ ਹੋਈ ਮੰਨਦਾ ਹੈ।

ਘੜੀ ਗਈ ਕਥਾ ਦੀ ਮੁੱਖ ਕਲਪਨਾ ਹੈ, ਗੁਰੂ ਨਾਨਕ ਜੀ ਨੇ ਜਦੋਂ ਦਰਿਆ (ਵੇਂਈ) ਵਿੱਚ ਟੁੱਭੀ ਮਾਰੀ ਜਿੰਦ-ਕਬੀਰ ਜੀ ਤਦੋਂ ਉਥੇ ਦੈਵੀ ਸਰੂਪ ਵਿੱਚ ਜਾਕੇ ਮਿਲੇ। ਇਹ ਵੀ ਲਿਖਿਆ ਹੈ: ਕਬੀਰ ਸਾਹਿਬ 1575 ਵਿੱਚ ਅੰਤਰਧਯਾਨ ਕਰ ਗਏ, ਪਰ ਨਾਨਕ ਸਾਹਿਬ ਅਪਨਾ ਧਰਮ ਪ੍ਰਚਲਤ ਕਰਤੇ ਹੁਏ ਸਤਿਪੁਰਖ ਕੀ ਭਗਤੀ ਕਾ ਉਪਦੇਸ਼ ਕਰਤੇ ਫਿਰੇ (ਸਫ਼ਾ 648) ਹੋਰ ਵੀ ਕਈ ਮਨੋਰੰਜਕ ਕਥਾਵਾਂ ਰਚਕੇ ਕਬੀਰ ਜੀ ਦੇ ਗੁਰੂ ਨਾਨਕ ਨਾਲ ਮੇਲ ਕਰਾਏ ਹਨ। ਇਹ ਠੀਕ ਹੈ, ਗੁਰੂ ਨਾਨਕ ਅਤੇ ਕਬੀਰ ਜੀ ਪੰਜਾਹ ਸਾਲ ਦੇ ਕਰੀਬ ਸਮਕਾਲੀ ਰਹੇ। ਮੇਲ ਹੋਣ ਦੇ ਭੀ ਪ੍ਰਮਾਣ ਇਤਿਹਾਸਕ ਗ੍ਰੰਥਾਂ ਵਿੱਚੋਂ ਮਿਲਦੇ ਹਨ। ਕੌਣ ਕਿਸ ਤੋਂ ਪ੍ਰਭਾਵਿਤ ਹੋਇਆ, ਇਸ ਦੇ ਪ੍ਰਮਾਣ ਗੁਰਬਾਣੀ ਅਤੇ ਕਬੀਰ ਜੀ ਦੀ ਆਪਣੀ ਬਾਣੀ ਵਿੱਚੋਂ ਦੇਖੇ ਜਾ ਸਕਦੇ ਹਨ। ਜਿਸਦੇ ਵਿਸ਼ਲੇਸ਼ਣ ਤੋਂ ਪਤਾ ਚੱਲਦਾ ਹੈ, ਕਬੀਰ ਜੀ ਅਜਿਹੇ ਗੁਰੂ ਦੀ ਕ੍ਰਿਪਾ ਤੋਂ ਸਦਕੜੇ ਸਨ, ਜਿਸ ਗੁਰੂ ਤੋਂ ਸਤਿਨਾਮ ਦੀ ਪ੍ਰਾਪਤੀ ਹੋਈ। ਉਸੇ ਸਤਿਨਾਮ ਤੋਂ ਕਬੀਰ ਮਨਸੂਰ ਗ੍ਰੰਥ ਦਾ ਅਰੰਭ ਕੀਤਾ ਗਿਆ। ਦੇਖਣ ਵਾਲੀ ਗੱਲ ਹੈ, ਧਰਮ ਦਾਸ (ਕਬੀਰ ਜੀ ਦੇ ਪਹਿਲੇ ਮੁੱਖ ਚੇਲੇ) ਦੇ ਨਾਂ ਉੱਤੇ ਰਚੇ ਗਏ ਗ੍ਰੰਥ ਵਿੱਚ ਭੀ ਸਤਿ-ਨਾਮ ਦੇ ਜਾਪ ਦੀ ਧੁਨੀ ਥਾਂ ਥਾਂ ਗੂੰਜਦੀ ਹੈ:

ਘਰ ਘਰ ਦੇਖੇ ਬੋਧ ਵਿਚਾਰਾ।
ਸਤਿਨਾਮ ਸਬਿ ਠੌਰ ਉਚਾਰਾ। (ਸਫ਼ਾ 121)
ਸਤਿਨਾਮ ਕੋ ਪ੍ਰਾਪਤ ਪਰਮ ਹੰਸ ਘਰ ਕੋ ਚਲੇ। (ਬੋਧ ਸਾਗਰ ਨਵਮਾਂ ਮਣਕਾ)

ਕਬੀਰ ਪੰਥੀ, ਜਾਂ ਕੋਈ ਹੋਰ, ਇਹ ਦੱਸੇ ਸ੍ਰੀ ਕਬੀਰ ਜੀ ਅੰਤ ਸਮੇਂ ਜਿਸ ਸਤਿਨਾਮ ਦਾ ਜਾਪ ਕਰਦੇ ਹੋਏ ਨਿਜਧਾਮ ਨੂੰ ਗਏ, ਉਹ ਸਤਿਨਾਮ ਕਿਥੋਂ ਪ੍ਰਾਪਤ ਹੋਇਆ ਸੀ? ਜਦ ਕਿ ਪ੍ਰਚੱਲਿਤ ਧਾਰਨਾ ਹੈ ਕਿ ਰਾਮਾਨੰਦ ਜੀ ਨੇ ਉਨ੍ਹਾਂ ਨੂੰ ਰਾਮ ਮੰਤਰ ਦਿੱਤਾ ਸੀ।

ਪ੍ਰਸਿੱਧ ਮਾਨਤਾ ਹੈ ਧਰਮ ਦਾਸ ਕਬੀਰ ਜੀ ਦੇ ਅਜਿਹੇ ਉੱਤਰਧਿਕਾਰੀ ਸਨ, ਜਿਨ੍ਹਾਂ ਨੂੰ ਕਬੀਰ ਜੀ ਨੇ ਚਲਾਣੇ ਸਮੇਂ ਆਪਣੀ ਸਿੱਖਿਆ ਦੇ ਪ੍ਰਚਾਰ ਲਈ ਮੁਖੀ ਥਾਪਿਆ, ਅਤੇ ਦੀਖਿਆ ਸਤਿਨਾਮ ਦੀ ਦਿੱਤੀ ਸੀ। ਉਸ ਸਤਿਨਾਮ ਦੀ ਜਿਸ ਬਾਰੇ ਕਬੀਰ ਜੀ ਦਾ ਕਥਨ ਹੈ:

ਸਤਿਨਾਮ ਸਤਿਗੁਰ ਤੇ ਪਾਇਆ
ਮਨ ਮਹਿ ਭਇਆ ਅਨੰਦ।
ਪੂਰਨ ਗੁਰ ਨਾਨਕ ਗੁਰੂ
ਕਿੰਚਤ ਰਾਮਾਨੰਦ।
(ਪੁਰਾਤਨ ਜਨਮ ਸਾਖੀ ਸਫ਼ਾ 134)


ਇਸ ਪ੍ਰਸੰਗ ਵਿੱਚ ਸਾਡਾ ਧਰਮ ਦਾਸ ਦੀ ਰਚਨਾ ਦਾ ਨਾਮ ਲਿਆਉਣ ਦਾ ਖਾਸ ਕਾਰਨ ਹੈ, ਕਿ ਕਬੀਰ ਜੀ ਦਾ ਪਹਿਲਾ ਚੇਲਾ ਧਰਮ ਦਾਸ, ਗੁਰੂ ਨਾਨਕ ਅਤੇ ਕਬੀਰ ਜੀ ਦਾ ਮੇਲ ਹੋਇਆ ਮੰਨਦਾ ਹੈ। ਗੁਰੂ ਨਾਨਕ ਜੀ ਦਾ ਆਤਮਿਕ ਮੰਡਲ ਵਿੱਚ ਕੀ ਸਥਾਨ ਸੀ ਅਤੇ ਕਬੀਰ ਜੀ ਦਾ ਕੀ ਪਦ ਹੈ ਸੀ, ਇਸ ਦਾ ਨਿਰਣੈ ਇਕ ਹੋਰ ਪ੍ਰਾਚੀਨ ਪ੍ਰਮਾਣਿਤ ਸਮੱਗਰੀ ਕਰਦੀ ਹੈ। ਦਾਦੂ ਪੰਥੀਆਂ ਨੂੰ ਕਬੀਰ ਪੰਥੀ ਆਪਣੇ ਪੰਥ ਤੋਂ ਪ੍ਰਭਾਵਿਤ ਦੱਸਦੇ ਹਨ। ਮਹਾਤਮਾ ਦਾਦੂ ਜੀ ਅਤੇ ਉਨ੍ਹਾਂ ਦੇ ਜਾਂ ਨਸ਼ੀਨਾਂ ਦੇ ਪੁਰਾਤਨ ਗ੍ਰੰਥਾਂ ਤੋਂ ਗੁਰੂ ਨਾਨਕ ਜੀ ਦਾ ਕੀ ਸਥਾਨ ਸੀ ਅਤੇ ਕਬੀਰ ਜੀ ਦਾ ਕੀ ਦਰਜਾ ਸੀ ਇਸ ਦਾ ਪਤਾ ਚੱਲਦਾ ਹੈ:

ਭਗਤ ਮਾਲਾ ਦੇ ਨਾਮ ਹੇਠਾਂ ਅਤੇ ਇਹੋ ਜਿਹੀਆਂ ਹੋਰ ਜਿੰਨੀਆਂ ਵੀ ਪੋਥੀਆਂ ਲਿਖੀਆਂ ਗਈਆਂ ਹਨ, ਉਨ੍ਹਾਂ ਵਿੱਚ ਮੁੱਖ ਰੂਪ ਵਿੱਚ ਅਵਤਾਰਵਾਦੀ ਵੈਸ਼ਣਵ ਭਗਤਾਂ ਦਾ ਵਰਨਣ ਹੈ, ਭਗਤ ਮਾਲਾ ਗ੍ਰੰਥ ਲਿਖਣ ਵਾਲੇ ਬਹੁਤੇ ਵੈਸ਼ਣਵ ਪੰਥੀ ਸਨ। ਭਗਤਮਾਲਾ ਲੇਖਕਾਂ ਨੇ ਪੌਰਾਣਕ ਸਮਿਆਂ ਤੋਂ ਚੱਲੇ ਆਉਂਦੇ ਪ੍ਰਸਿੱਧ ਨਾਂਵਾਂ ਵਾਲੀਆਂ ਹਸਤੀਆਂ ਦਾ ਵਿਰਤਾਂਤ ਲਿਖਕੇ ਆਪਣੇ ਮੱਤ ਅਤੇ ਗ੍ਰੰਥਾਂ ਦੀ ਮਹੱਤਤਾ ਖੂਬ ਬਣਾਈ ਹੈ।

ਲਿਖੀਆਂ ਗਈਆਂ ਵੈਸ਼ਣਵ ਭਗਤਮਾਲਾਵਾਂ ਵਿੱਚ ਗੁਰੂ ਨਾਨਕ ਸਾਹਿਬ ਅਤੇ ਦਸਾਂ ਗੁਰੂਆਂ ਵਿੱਚੋਂ ਕਿਸੇ ਭੀ ਗੁਰੂ ਸਾਹਿਬ ਦਾ ਜ਼ਿਕਰ ਤੱਕ ਨਹੀਂ ਕੀਤਾ ਗਿਆ। ਹਾਲਾਂਕਿ ਪਹਿਲੀਆਂ ਭਗਤਮਾਲਾ ਅਤੇ ਭਗਤਾਂ ਦੀਆਂ ਪਰਚੀਆਂ ਲਿਖਣ ਦਾ ਸਮਾਂ ਗੁਰੂ ਨਾਨਕ ਜੀ ਦੇ ਤਤਕਾਲ ਪਿੱਛੋਂ ਦਾ ਹੈ। ਅਨੰਤਦਾਸ ਦੀ ਪਰਚਈ ਦਾ ਸਮਾਂ 1645 ਸੰਮਤ ਦਾ ਹੈ। ਭਗਤਮਾਲਾ ਨਾਭਾ ਜੀ ਦਾ 1640 ਤੋਂ 1660 ਤੱਕ ਦਾ ਸਮਾਂ ਮੰਨਿਆ ਜਾਂਦਾ ਹੈ।

ਭਗਤਮਾਲਾ ਗ੍ਰੰਥਾਂ ਦੇ ਲੇਖਕਾਂ ਨੇ ਇਕ ਪੱਖੋਂ ਇੰਝ ਕਰਕੇ ਠੀਕ ਹੀ ਕੀਤਾ ਹੈ। ਗੁਰੂ ਨਾਨਕ ਸਾਹਿਬ ਦਾ ਧਰਮ-ਪੰਥ, ਪ੍ਰਮੇਸ਼ਵਰ ਦੀ ਭਗਤੀ ਦਾ ਤਾਂ ਨਿਸ਼ਚੇ ਹੀ ਹੈ। ਪ੍ਰੰਤੂ ਵੈਸ਼ਣਵ ਅਵਤਾਰਵਾਦੀਆਂ ਦੀ ਭਗਤ ਪ੍ਰਣਾਲੀ ਵਿੱਚ ਲਿਆਉਣ ਵਾਲਾ ਬਿਲਕੁੱਲ ਨਹੀਂ ਸੀ, ਦੂਜੇ ਪਾਸਿਉਂ ਦੇਖਿਆ ਜਾਵੇ ਭਗਤੀ ਮੱਤ ਖੜ੍ਹਾ ਹੀ ਅਵਤਾਰਵਾਦ ਦੇ ਸਿਧਾਂਤ ਉੱਤੇ ਹੈ। ਜੁਗਾਂ ਜੁਗਾਂ ਦੇ ਰਾਜਿਆਂ ਨੂੰ ਅਵਤਾਰ ਬਣਾਇਆ ਗਿਆ ਹੈ। ਪ੍ਰਮੇਸ਼ਰੀ ਗੁਣਾਂ ਦੇ ਮਾਲਕ ਦਰਸਾਕੇ ਭਗਤਾਂ ਵੱਲੋਂ ਰੱਬ ਬਣਾਕੇ ਗੁਣਗਾਨ ਕੀਤੇ ਜਾਂਦੇ ਰਹੇ ਹਨ। ਜੁਗਹ ਜੁਗਹ ਕੇ ਰਾਜੇ ਕੀਏ ਗਾਵਹਿ ਕਰਿ ਅਵਤਾਰੀ॥ (ਆਸਾ ਮ.3, 423)

ਭਗਤੀ ਮੱਤ ਦਾ ਮੂਲ ਗੀਤਾ ਵਿੱਚ ਆਇਆ ਇਕ ਸਲੋਕ ਹੈ। ਜਿਸ ਵਿੱਚ ਕਿਹਾ ਗਿਆ ਹੈ, ਜਦੋਂ ਜਦੋਂ ਇਸ ਸੰਸਾਰ ਵਿੱਚ ਗਲਾਨੀ ਫੈਲਦੀ ਹੈ, ਉਸ ਦੇ ਵਿਨਾਸ਼ ਲਈ ਵਿਸ਼ਨੂੰ ਅਵਤਾਰ ਧਾਰਕੇ




ਭਗਤਾਂ ਦੀ ਸਹਾਇਤਾ ਕਰਦਾ ਹੈ।

ਯਦਾ ਯਦਹਿ ਧਰਮਸਯ
ਗਲਾਨਿ ਭਵਤਿ, ਭਾਰਤ:
ਅਭਯੁਥਾਨਮ ਧਰਮਸਯ
ਤਦ ਤਮਾਨੰ ਸਿਰਜਾਮਯੰਹੇ॥

ਗੁਰੂ ਨਾਨਕ ਦੇਵ ਜੀ ਨੇ ਅਵਤਾਰ ਪ੍ਰਸਤੀ ਨੂੰ ਕਿਸੇ ਰੂਪ ਵਿੱਚ ਹੀ ਪ੍ਰਵਾਨ ਨਹੀਂ ਕੀਤਾ। ਉਹ ਇਕ ਪ੍ਰਮੇਸ਼ਰ ਦੇ ਭਗਤ ਸਨ, ਕਿਸੇ ਅਵਤਾਰ ਨੂੰ, ਕਿਸੇ ਦਰਵੇਸ਼, ਔਲੀਏ, ਪੈਗੰਬਰ ਨੂੰ ਆਪਣਾ ਅਰਾਧਯ ਜਾਂ ਆਪਣੇ ਚਿੰਤਨ ਦਾ ਅਧਾਰ ਨਹੀਂ ਬਣਾਇਆ। ਗੁਰੂ ਨਾਨਕ ਜੀ ਨੇ ਜਿਸ ਨਿਰੰਜਨ ਦੀ ਭਗਤੀ ਪ੍ਰਗਟਾਈ, ਅਤੇ ਪ੍ਰਚਾਰੀ, ਉਸ ਨਿਰੰਕਾਰੀ ਭਗਤੀ ਦੇ ਵੈਸ਼ਨਵ ਪੰਥੀ ਸੁਰਗੁਣਵਾਦੀ ਲੋਕ ਵਿਰੋਧੀ ਸਨ। ਇਸ ਪਾਸਿਉਂ ਝਾਤੀ ਮਾਰੀਏ ਕਿਸੇ ਭਗਤਮਾਲਾ ਵਿੱਚ ਗੁਰੂ ਸਾਹਿਬਾਨ ਨੂੰ ਭਗਤਾਂ ਵਿੱਚ ਸ਼ਾਮਿਲ ਕਰਨਾ ਠੀਕ ਹੀ ਨਹੀਂ ਸੀ, ਕਿਉਂਕਿ ਗੁਰੂ ਨਾਨਕ ਭਗਤ ਨਹੀਂ, ਗੁਰੂ ਸਨ। ਅਵਤਾਰਵਾਦੀ ਨਹੀਂ, ਨਿਰੰਕਾਰਵਾਦੀ ਸਨ।

ਜਿਨ੍ਹਾਂ ਭਗਤਾਂ ਦੀ ਬਾਣੀ ਗੁਰੂ ਗ੍ਰੰਥ ਵਿੱਚ ਹੈ, ਉਨ੍ਹਾਂ ਵਿੱਚੋਂ ਕਬੀਰ, ਰਵਿਦਾਸ, ਸੈਣ, ਪੀਪਾ ਆਦਿਕ ਕੁਝ ਭਗਤਾਂ ਦਾ ਭਗਤਮਾਲਾ ਵਿੱਚ ਜ਼ਿਕਰ ਇਸ ਲਈ ਹੈ ਕਿ ਉਹ ਪਹਿਲਾਂ ਵੈਸ਼ਣਵ ਪੰਥੀ ਭਗਤ ਸਨ, ਕੁਝ ਰਾਮਾਨੰਦ ਦੇ ਚੇਲੇ ਬਣਕੇ ਭਗਤੀ ਵਿੱਚ ਪ੍ਰਵਿਰਤ ਹੋਏ ਸੀ। ਜੋ ਪਿੱਛੋਂ ਸਮੇਤ ਰਾਮਾਨੰਦ ਦੇ, ਨਿਰੰਜਨ, ਪ੍ਰਮੇਸ਼ਵਰ ਅਵਿਨਾਸ਼ੀ ਦੀ ਭਗਤੀ ਦੇ ਧਾਰਨੀ ਬਣੇ।

ਗੁਰੂ ਨਾਨਕ ਜੀ ਨੇ ਨਿਰੰਕਾਰੀ ਭਗਤੀ ਦਾ ਸੱਚਾ ਧਰਮ ਚਲਾਇਆ। ਕਬੀਰ ਜੀ ਨੇ ਅਤਵਾਰਵਾਦੀ ਵੈਸ਼ਣਵ ਭਗਤੀ, ਜਿਸ ਵਿੱਚ ਉਹ ਪਹਿਲਾਂ ਰੁੱਝੇ ਰਹੇ, ਛੱਡ ਕੇ ਗੁਰਮਤਿ ਨੂੰ ਧਾਰਨ ਕੀਤਾ। ਜਿਨ੍ਹਾਂ ਹੋਰ ਮਹਾਂਪੁਰਸ਼ਾਂ ਨੇ ਇਸ ਨਿਰੰਕਾਰ ਭਗਤੀ ਨੂੰ ਦਿਰੜਾਇਆ, ਉਨ੍ਹਾਂ ਵਿੱਚੋਂ ਗੁਰੂ ਨਾਨਕ ਜੀ ਅਤੇ ਉਨ੍ਹਾਂ ਦੀ ਗੁਰ ਗੱਦੀ ਉੱਤੇ ਬਿਰਾਜੇ ਸਤਿਗੁਰ ਸਨ। ਇਨ੍ਹਾਂ ਤੋਂ ਇਲਾਵਾ ਦੂਜੀ ਪ੍ਰਥਾ ਦੇ ਮੁਖੀਆਂ ਵਿੱਚ ਕਬੀਰ ਜੀ, ਤੀਜੇ ਦਾਦੂ ਜੀ, ਚੌਥੇ ਸਨ ਜਗਜੀਵਨ, ਜਿਨ੍ਹਾਂ ਸਤਿਨਾਮੀ ਪੰਥ ਭੀ ਚਲਾਇਆ।

ਚਲਦਾ......

# ਦਿੱਲੀ ਵਿਦਿਆਰਥੀ ਅੰਦੋਲਨ 'ਤੇ ਦਿਲਜੀਤ ਦੋਸਾਂਝ ਦੀ ਪ੍ਰਤੀਕਿਰਿਆ, ਵਿਦਿਆਰਥੀਆਂ ਦੀਆਂ ਮੰਗਾਂ ਸੁਣਨ ਦੀ ਕੀਤੀ ਅਪੀਲ




ਚੰਡੀਗੜ੍ਹ: ਪੰਜਾਬੀ ਗਾਇਕ ਅਤੇ ਅਦਾਕਾਰ ਦਿਲਜੀਤ ਦੋਸਾਂਝ ਨੇ ਦਿੱਲੀ ਵਿੱਚ ਵਿਦਿਆਰਥੀਆਂ ਦੇ ਪ੍ਰਦਰਸ਼ਨ ਦੌਰਾਨ ਹੋਈ ਪੁਲੀਸ ਕਾਰਵਾਈ 'ਤੇ ਆਪਣੀ ਪ੍ਰਤੀਕਿਰਿਆ ਦਿੱਤੀ ਹੈ। ਸੋਸ਼ਲ ਮੀਡੀਆ 'ਤੇ ਸਾਂਝੇ ਕੀਤੇ ਸੰਦੇਸ਼ ਵਿੱਚ ਉਨ੍ਹਾਂ ਵਿਦਿਆਰਥੀਆਂ ਨਾਲ ਸਖ਼ਤੀ ਨਾ ਵਰਤਣ ਦੀ ਅਪੀਲ ਕਰਦਿਆਂ ਕਿਹਾ ਕਿ ਨੌਜਵਾਨਾਂ ਦੀਆਂ ਗੱਲਾਂ ਨੂੰ ਧਿਆਨ ਨਾਲ ਸੁਣਿਆ ਜਾਣਾ ਚਾਹੀਦਾ ਹੈ। ਦਿਲਜੀਤ ਦੋਸਾਂਝ ਨੇ ਆਪਣੇ ਸੰਦੇਸ਼ ਵਿੱਚ ਕਿਹਾ ਕਿ ਜੇਕਰ ਆਪਣੀ ਰਾਇ ਰੱਖਣ ਕਾਰਨ ਉਨ੍ਹਾਂ ਨੂੰ ਦੁਬਾਰਾ ਆਲੋਚਨਾ ਦਾ ਸਾਹਮਣਾ ਕਰਨਾ ਪਵੇ ਤਾਂ ਵੀ ਉਹ ਲੋਕਾਂ ਦੀ ਆਵਾਜ਼ ਦੇ ਨਾਲ ਖੜ੍ਹੇ ਰਹਿਣਗੇ। ਉਨ੍ਹਾਂ ਇਹ ਵੀ ਕਿਹਾ ਕਿ ਲੋਕਾਂ ਦੀ ਆਵਾਜ਼ ਦਾ ਸਤਿਕਾਰ ਹੋਣਾ ਚਾਹੀਦਾ ਹੈ ਅਤੇ ਸੰਵਾਦ ਰਾਹੀਂ ਮਸਲਿਆਂ ਦਾ ਹੱਲ ਲੱਭਣਾ ਬਿਹਤਰ ਹੈ।ਜ਼ਿਕਰਯੋਗ ਹੈ ਕਿ ਸੰਸਦ ਵੱਲ ਮਾਰਚ ਕਰ ਰਹੇ ਵਿਦਿਆਰਥੀਆਂ ਨੂੰ ਰੋਕਣ ਦੌਰਾਨ ਪੁਲੀਸ ਵੱਲੋਂ ਕੀਤੀ ਗਈ ਕਾਰਵਾਈ ਤੋਂ ਬਾਅਦ ਇਸ ਮਾਮਲੇ 'ਤੇ ਸਿਆਸੀ ਅਤੇ ਸਮਾਜਿਕ ਪ੍ਰਤੀਕਿਰਿਆਵਾਂ ਸਾਹ-ਮਣੇ ਆ ਰਹੀਆਂ ਹਨ। ਕਈ ਆਗੂਆਂ ਅਤੇ ਜਨਤਕ ਸ਼ਖ਼ਸੀਅਤਾਂ ਨੇ ਵੀ ਵਿਦਿਆਰਥੀਆਂ ਦੀਆਂ ਮੰਗਾਂ 'ਤੇ ਸ਼ਾਂਤੀਪੂਰਨ ਢੰਗ ਨਾਲ ਵਿਚਾਰ ਕਰਨ ਦੀ ਅਪੀਲ ਕੀਤੀ ਹੈ।

ਦਿਲਜੀਤ ਦੋਸਾਂਝ ਪਹਿਲਾਂ ਵੀ ਕਿਸਾਨ ਅੰਦੋਲਨ ਸਮੇਤ ਵੱਖ-ਵੱਖ ਸਮਾਜਿਕ ਮੁੱਦਿਆਂ 'ਤੇ ਆਪਣੀ ਰਾਇ ਜ਼ਾਹਰ ਕਰਦੇ ਰਹੇ ਹਨ ਅਤੇ ਇਸ ਵਾਰ ਵੀ ਉਨ੍ਹਾਂ ਨੇ ਨੌਜਵਾਨਾਂ ਦੀਆਂ ਚਿੰਤਾਵਾਂ ਨੂੰ ਗੰਭੀਰਤਾ ਨਾਲ ਸੁਣਨ ਦੀ ਲੋੜ 'ਤੇ ਜ਼ੋਰ ਦਿੱਤਾ ਹੈ।

# ਢੰਗ ਮਨਚੰਦੇ ਦੇ



ਤੇਜਿੰਦਰ ਮਨਚੰਦਾ ਪ੍ਰਦੇਸੀ
rajinder.pardesi7@gmail.com




# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ 'ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....


**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

**ਹੁਣ ਤੁਸੀਂ ਕੀ ਕਰਨਾ ਹੈ?**

**ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।**

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**

ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ। 4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ 'ਤੇ ਡਿਸਕਾਊਂਟ ਦਿੰਦੇ ਹਾਂ।




ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ

PANJAB TIMES, Bridle Gate Lane, Alvaston, Derby, DE24 0QW, U.K.
Email:panjabtimes@gmail.com, www.panjabtimes.uk
WhatsApp No. 07966 388 388

## ਆਓ ਹੇਠਾਂ ਦਿੱਤੇ ਅੱਖਰਾਂ ਨੂੰ ਪੜ੍ਹਨਾ ਤੇ ਲਿਖਣਾ ਸਿਖੀਏ...

| | |
|---|---|
| ਗੱਲ | Conversation |
| ਕਹਾਵਤ | Saying |
| ਅਹਿਸਾਸ | Feelings |
| ਪ੍ਰੇਮ | Love |
| ਵੈਰ | Enemity |
| ਹੈਰਾਨੀ | Amazement |
| ਲਾਲਚ | Greed |
| ਜੋਸ਼ | Excitement |
| ਹਮਦਰਦੀ | Sympathy |
| ਹਿੰਮਤ | Courage |
| ਡਰਪੋਕ | Coward |
| ਦੁੱਖ | Pain/Grief |
| ਉਦਾਸ | Sad |
| ਫ਼ਲ ਅਤੇ ਸਬਜ਼ੀਆਂ | Fruits And Vegetables |
| ਸੇਬ | Apple |
| ਕੇਲਾ | Banana |
| ਨਾਸ਼ਪਾਤੀ | Pear |
| ਅੰਗੂਰ | Grapes |
| ਅੰਬ | Mango |
| ਸੰਗਤਰਾ | Orange |
| ਟਮਾਟਰ | Tomato |
| ਨਿੰਬੂ | Lemon |
| ਗਾਜਰ | Carrot |
| ਗੋਭੀ ਦਾ ਫੁੱਲ | Cauliflower |
| ਆਲੂ | Potato |
| ਮਟਰ | Peas |

Sikhya - Gurmukhi vi V1.1

# ਈਰਾਨ-ਅਮਰੀਕਾ ਜੰਗ ਦੀ ਦੂਜੀ ਲਹਿਰ: ਮੱਧ-ਪੂਰਬ ਵਿੱਚ ਵਧਿਆ ਮਹਾਂ-ਜੁੱਧ ਦਾ ਖ਼ਤਰਾ

**✪ ਫੌਰਐਵਰ ਵਾਰ' ਦਾ ਨਵਾਂ ਦੌਰ,ਅਮਰੀਕਾ-ਈਰਾਨ ਟਕਰਾਅ ਨੇ ਦੁਨੀਆ ਭਰ ਵਿਚ ਮਚਾਈ ਹਲਚਲ ✪ ਤੇਲ ਦੀਆਂ ਕੀਮਤਾਂ ਵਿਚ ਉਛਾਲ, ਗਲੋਬਲ ਖੁਰਾਕ ਸੰਕਟ ਦਾ ਸਕਦਾ ਏ ✪ ਕੀ ਰੁਕੇਗੀ ਜੰਗ ਜਾਂ ਪੈਦਾ ਹੋਵੇਗਾ 'ਕਦੇ ਨਾ ਖ਼ਤਮ ਹੋਣ ਵਾਲਾ ਸੰਕਟ'?**



## ਨਿਊਜ਼ ਵਿਸ਼ਲੇਸ਼ਣ

ਬਲਵਿੰਦਰ ਪਾਲ ਸਿੰਘ ਪ੍ਰੋਫੈਸਰ
9815700916




ਅਮਰੀਕਾ ਅਤੇ ਈਰਾਨ ਵਿਚਾਲੇ ਤਣਾਅ ਇੱਕ ਵਾਰ ਫਿਰ ਇੱਕ ਵਿਆਪਕ ਜੰਗ ਦਾ ਰੂਪ ਧਾਰਨ ਕਰ ਚੁੱਕਾ ਹੈ। 17 ਜੂਨ 2026 ਨੂੰ ਦੋਵਾਂ ਦੇਸ਼ਾਂ ਵਿਚਾਲੇ ਹੋਏ ਸਮਝੌਤੇ ਤੋਂ ਬਾਅਦ ਜਿਸ ਸ਼ਾਂਤੀ ਦੀ ਉਮੀਦ ਜਤਾਈ ਜਾ ਰਹੀ ਸੀ, ਉਹ ਸਥਿਰ ਨਹੀਂ ਰਹਿ ਸਕੀ। ਅਮਰੀਕਾ ਵਲੋਂ ਈਰਾਨ 'ਤੇ ਲਗਾਤਾਰ 10 ਰਾਤਾਂ ਤੋਂ ਹਵਾਈ ਹਮਲੇ ਕੀਤੇ ਜਾ ਰਹੇ ਹਨ, ਜਦੋਂ ਕਿ ਈਰਾਨ ਨੇ ਵੀ ਖਾੜੀ ਦੇਸ਼ਾਂ ਵਿੱਚ ਸਥਿਤ ਅਮਰੀਕੀ ਫੌਜੀ ਅੱਡਿਆਂ ਅਤੇ ਤੇਲ ਦੇ ਜਹਾਜ਼ਾਂ ਨੂੰ ਨਿਸ਼ਾਨਾ ਬਣਾ ਕੇ ਜਵਾਬੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਇਹ ਜੰਗ ਦੁਬਾਰਾ ਕਿਉਂ ਸ਼ੁਰੂ ਹੋਈ?-ਜੂਨ ਮਹੀਨੇ ਵਿੱਚ ਹੋਇਆ ਸਮਝੌਤਾ ਬਹੁਤ ਹੀ ਕਮਜ਼ੋਰ ਨੀਂਹ 'ਤੇ ਟਿਕਿਆ ਹੋਇਆ ਸੀ। ਸਮਝੌਤੇ ਦੀ ਧਾਰਾ 5 ਅਨੁਸਾਰ ਈਰਾਨ ਨੇ ਸਮੁੰਦਰੀ ਜਹਾਜ਼ਾਂ ਦੀ ਸੁਰੱਖਿਅਤ ਲੰਘਾਉਣ ਵਿੱਚ ਮਦਦ ਕਰਨੀ ਸੀ। ਪਰ ਜਦੋਂ ਓਮਾਨ ਅਤੇ ਅਮਰੀਕਾ ਨੇ ਓਮਾਨ ਦੇ ਤੱਟ ਦੇ ਨੇੜੇ ਇੱਕ ਨਵਾਂ ਅਸਥਾਈ ਸਮੁੰਦਰੀ ਰਸਤਾ ਬਣਾਇਆ, ਤਾਂ ਈਰਾਨ ਨੇ ਇਸ ਨੂੰ ਆਪਣੀ ਸੰਪ੍ਰਭੂਤਾ ਵਿੱਚ ਦਖਲ ਮੰਨਿਆ ਅਤੇ ਉੱਥੋਂ ਲੰਘਣ ਵਾਲੇ ਜਹਾਜ਼ਾਂ 'ਤੇ ਰੋਕ ਲਗਾਉਣੀ ਸ਼ੁਰੂ ਕਰ ਦਿੱਤੀ। ਈਰਾਨ ਦਾ ਮੰਨਣਾ ਸੀ ਕਿ ਸਮਝੌਤੇ ਅਧੀਨ ਉਸ ਦੀਆਂ ਤੇਲ ਬਰਾਮਦਾਂ 'ਤੇ ਰੋਕਾਂ ਹਟਾਈਆਂ ਜਾਣਗੀਆਂ, ਪਰ ਅਮਰੀਕਾ ਨੇ ਪਾਬੰਦੀਆਂ ਨੂੰ ਹੋਰ ਵਧਾ ਦਿੱਤਾ ਹੈ। ਸਮਝੌਤੇ ਦੇ ਬਾਵਜੂਦ ਇਜ਼ਰਾਈਲ ਵਲੋਂ ਲੇਬਨਾਨ ਵਿੱਚ ਫੌਜੀ ਕਾਰਵਾਈਆਂ ਜਾਰੀ ਰਹੀਆਂ, ਜਿਸ ਕਾਰਨ ਈਰਾਨ ਅਤੇ ਉਸ ਦੇ ਸਹਿਯੋਗੀਆਂ (ਜਿਵੇਂ ਹੂਤੀ ਵਿਦਰੋਹੀਆਂ) ਨੇ ਰੈੱਡ ਸੀ (ਲਾਲ ਸਾਗਰ) ਅਤੇ ਖਾੜੀ ਖੇਤਰ ਵਿੱਚ ਦੁਬਾਰਾ ਹਮਲੇ ਸ਼ੁਰੂ ਕਰ ਦਿੱਤੇ।

ਤਾਜ਼ੀਆਂ ਖ਼ਬਰਾਂ ਅਨੁਸਾਰ ਕਿੰਨਾ ਨੁਕਸਾਨ ਹੋਇਆ?-ਜੰਗ ਦੇ ਇਸ ਤਾਜ਼ਾ ਦੌਰ ਵਿੱਚ ਵੱਡੇ ਪੱਧਰ 'ਤੇ ਜਾਨੀ ਅਤੇ ਮਾਲੀ ਨੁਕਸਾਨ ਹੋਇਆ ਹੈ। ਜੌਰਡਨ ਅਤੇ ਇਰਾਕ ਵਿੱਚ ਈਰਾਨੀ ਡਰੋਨ ਅਤੇ ਮਿਜ਼ਾਈਲ ਹਮਲਿਆਂ ਵਿੱਚ ਘੱਟੋ-ਘੱਟ 17 ਅਮਰੀਕੀ ਫੌਜੀ ਮਾਰੇ ਜਾ ਚੁੱਕੇ ਹਨ (ਜਿਨ੍ਹਾਂ ਵਿੱਚ ਟੈਕਸਾਸ ਦੀ 19 ਸਾਲਾ ਇਸਾਬੇਲਾ ਗੋਂਜ਼ਾਲੇਸ ਅਤੇ ਹਵਾਈ ਦੇ 25 ਸਾਲਾ ਟਾਇਲਰ ਫੀਹਾਨ ਸ਼ਾਮਲ ਹਨ)। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਚੇਤਾਵਨੀ ਦਿੱਤੀ ਹੈ ਕਿ "ਹਰ ਅਮਰੀਕੀ ਫੌਜੀ ਦੀ ਮੌਤ ਦੀ ਈਰਾਨ ਨੂੰ ਭਾਰੀ ਕੀਮਤ ਚੁਕਾਉਣੀ ਪਵੇਗੀ।"

ਅਮਰੀਕੀ ਹਵਾਈ ਹਮਲਿਆਂ ਨੇ ਈਰਾਨ ਦੇ ਸੈਨਿਕ ਅੱਡਿਆਂ ਤੋਂ ਇਲਾਵਾ ਪੁਲਾਂ, ਪਾਵਰ ਗਰਿੱਡਾਂ ਅਤੇ ਸੰਚਾਰ ਪ੍ਰਣਾਲੀਆਂ ਨੂੰ ਨਿਸ਼ਾਨਾ ਬਣਾਇਆ ਹੈ। ਦੂਜੇ ਪਾਸੇ ਈਰਾਨ ਨੇ ਕੁਵੈਤ, ਬਹਿਰੀਨ ਅਤੇ ਜੌਰਡਨ ਵਿੱਚ ਅਮਰੀਕੀ ਮਿਜ਼ਾਈਲ ਡਿਫੈਂਸ ਪ੍ਰਣਾਲੀਆਂ ਅਤੇ ਪਾਣੀ ਸਾਫ਼ ਕਰਨ ਵਾਲੇ ਪਲਾਂਟਾਂ ਤੇ ਹਮਲੇ ਕੀਤੇ ਹਨ।

ਹੋਰਮੁਜ਼ ਦੇ ਲਾਂਘੇ ਵਿੱਚ ਕਈ ਤੇਲ ਦੇ ਟੈਂਕਰਾਂ ਨੂੰ ਮਿਜ਼ਾਈਲਾਂ ਨਾਲ ਉਡਾਇਆ ਗਿਆ ਹੈ, ਜਿਸ ਕਾਰਨ ਕਈ ਜਹਾਜ਼ਾਂ ਨੂੰ ਅੱਗ ਲੱਗ ਗਈ ਅਤੇ ਸਮੁੰਦਰੀ ਆਵਾਜਾਈ ਠੱਪ ਹੋ ਕੇ ਰਹਿ ਗਈ ਹੈ।

ਕਿਸ ਨੂੰ ਫਾਇਦਾ ਹੋਵੇਗਾ ਅਤੇ ਕਿਸ ਨੂੰ ਨੁਕਸਾਨ?-ਜੰਗ ਵਿੱਚ ਸ਼ਾਮਲ ਦੋਵੇਂ ਦੇਸ਼ (ਅਮਰੀਕਾ ਅਤੇ ਈਰਾਨ) ਅਤੇ ਖਾੜੀ ਦੇਸ਼ (ਸਾਊਦੀ ਅਰਬ, ਯੂ.ਏ.ਈ., ਕੁਵੈਤ, ਕਤਰ) ਸਭ ਤੋਂ ਵੱਡੇ ਘਾਟੇ ਵਿੱਚ ਹਨ। ਈਰਾਨ ਦੀ ਅਰਥਵਿਵਸਥਾ ਤਬਾਹ ਹੋ ਰਹੀ ਹੈ, ਉਸ ਦੇ ਸੁਪਰੀਮ ਲੀਡਰ ਅਲੀ ਖਾਮੇਨੇਈ ਦੀ ਮੌਤ ਤੋਂ ਬਾਅਦ ਦੇਸ਼ ਵਿੱਚ ਅਸਥਿਰਤਾ ਹੈ, ਅਤੇ ਖਾੜੀ ਦੇਸ਼ਾਂ ਦੀ ਸੁਰੱਖਿਆ ਤੇ ਸੈਰ-ਸਪਾਟਾ ਖ਼ਤਰੇ ਵਿੱਚ ਪੈ ਗਿਆ ਹੈ।

ਕਿਸ ਨੂੰ ਫਾਇਦਾ ਮਿਲ ਸਕਦਾ ਹੈ?-ਖਾੜੀ ਵਿੱਚ ਵਪਾਰਕ ਰਸਤੇ ਬੰਦ ਹੋਣ ਨਾਲ ਤੁਰਕੀ ਇੱਕ ਮਹੱਤਵਪੂਰਨ ਵਿਕਲਪਿਕ ਵਪਾਰਕ ਅਤੇ ਫੌਜੀ ਕੇਂਦਰ ਵਜੋਂ ਉੱਭਰ ਰਿਹਾ ਹੈ ਖ਼ਾੜੀ ਦੇਸ਼ ਅਮਰੀਕਾ 'ਤੇ ਆਪਣੀ ਪੂਰੀ ਨਿਰਭਰਤਾ ਘਟਾਉਣ ਲਈ ਪਾਕਿਸਤਾਨ ਨਾਲ ਫੌਜੀ ਅਤੇ ਸੁਰੱਖਿਆ ਸਮਝੌਤਿਆਂ ਲਈ ਗੱਲਬਾਤ ਕਰ ਰਹੇ ਹਨ। ਮੱਧ-ਪੂਰਬ ਵਿੱਚ ਅਮਰੀਕਾ ਦੇ ਉਲਝਣ ਨਾਲ ਚੀਨ ਨੂੰ ਆਪਣਾ ਕੂਟਨੀਤਕ ਅਤੇ ਆਰਥਿਕ ਪ੍ਰਭਾਵ ਵਧਾਉਣ ਦਾ ਮੌਕਾ ਮਿਲ ਰਿਹਾ ਹੈ।

ਵਿਸ਼ਵ ਵਿੱਚ ਕੀ ਵੱਡੀਆਂ ਤਬਦੀਲੀਆਂ ਆਈਆਂ?-ਹੋਰਮੁਜ਼ ਦੇ ਲਾਂਘੇ ਤੋਂ ਦੁਨੀਆ ਦਾ 20% ਤੇਲ ਲੰਘਦਾ ਹੈ। ਇਸ ਰਸਤੇਦੇ ਬੰਦ ਹੋਣ ਕਾਰਣ ਬ੍ਰੈਂਟ ਕਰੂਡ ਤੇਲ ਦੀ ਕੀਮਤ 86 ਡਾਲਰ ਪ੍ਰਤੀ ਬੈਰਲ ਤੋਂ ਪਾਰ ਹੋ ਗਈ ਹੈ, ਅਤੇ ਅਮਰੀਕਾ ਵਿੱਚ ਪੈਟਰੋਲ ਦੀ ਕੀਮਤ 4 ਡਾਲਰ ਪ੍ਰਤੀ ਗੈਲਨ ਤੱਕ ਪਹੁੰਚ ਗਈ ਹੈ।

ਹੋਰਮੁਜ਼ ਦੇ ਲਾਂਘੇ ਦੇ ਬੰਦ ਹੋਣ ਕਾਰਨ ਰਸਾਇਣਕ ਖਾਦਾਂ ਦੀ ਸਪਲਾਈ ਰੁਕ ਗਈ ਹੈ, ਜਿਸ ਨਾਲ ਸੰਸਾਰ ਭਰ ਵਿੱਚ ਖੇਤੀਬਾੜੀ ਦੀ ਲਾਗਤ ਵਧ ਗਈ ਹੈ। ਸੰਯੁਕਤ ਰਾਸ਼ਟਰ ਅਨੁਸਾਰ ਸੋਮਾਲੀਆ ਅਤੇ ਅਫ਼ਗਾਨਿਸਤਾਨ ਵਰਗੇ ਗਰੀਬ ਦੇਸ਼ਾਂ ਵਿੱਚ ਲੱਖਾਂ ਲੋਕ ਭੁੱਖਮਰੀ ਦਾ ਸ਼ਿਕਾਰ ਹੋ ਰਹੇ ਹਨ।

ਸਮੁੰਦਰੀ ਜਹਾਜ਼ਾਂ ਲਈ "ਵਾਰ-ਰਿਸਕ" ਬੀਮਾ ਇੰਨਾ ਮਹਿੰਗਾ ਹੋ ਗਿਆ ਹੈ ਕਿ ਕੰਪਨੀਆਂ ਨੇ ਖਾੜੀ ਦੇਸ਼ਾਂ ਵਿੱਚ ਜਹਾਜ਼ ਭੇਜਣੇ ਘਟਾ ਦਿੱਤੇ ਹਨ, ਜਿਸ ਨਾਲ ਗਲੋਬਲ ਸਪਲਾਈ ਚੇਨ ਪ੍ਰਭਾਵਿਤ ਹੋਈ ਹੈ।

ਕੀ ਇਹ ਜੰਗ ਰੁਕੇਗੀ? ਮਾਹਿਰਾਂ ਦੀ ਰਾਏ-ਮਾਹਿਰਾਂ ਦਾ ਮੰਨਣਾ ਹੈ ਕਿ ਇਹ ਜੰਗ ਜਲਦੀ ਖ਼ਤਮ ਹੋਣ ਵਾਲੀ ਨਹੀਂ ਹੈ, ਸਗੋਂ ਇਹ ਇੱਕ "ਕਦੇ ਨਾ ਖ਼ਤਮ ਹੋਣ ਵਾਲੀ ਜੰਗ" ਵਿੱਚ ਬਦਲ ਰਹੀ ਹੈ। ਵਿਦੇਸ਼ੀ ਮਾਹਿਰਾਂ ਅਨੁਸਾਰ ਇਹ ਪਰੰਪਰਾਗਤ ਜੰਗ (ਜਿਵੇਂ ਇਰਾਕ ਜਾਂ ਅਫ਼ਗਾਨਿਸਤਾਨ 'ਤੇ ਕਬਜ਼ਾ) ਵਰਗੀ ਨਹੀਂ ਹੈ। ਇਹ ਹਵਾਈ ਹਮਲਿਆਂ, ਸਾਈਬਰ ਹਮਲਿਆਂ, ਪਾਬੰਦੀਆਂ ਅਤੇ ਸਮੁੰਦਰੀ ਘੇਰਾਬੰਦੀ ਰਾਹੀਂ ਲੜੀ ਜਾ ਰਹੀ ਹੈ। ਭਾਵੇਂ ਓਮਾਨ ਅਤੇ ਪਾਕਿਸਤਾਨ ਰਾਹੀਂ ਪਰਦੇ ਦੇ ਪਿੱਛੇ ਗੱਲਬਾਤ ਚੱਲ ਰਹੀ ਹੈ, ਪਰ ਦੋਵਾਂ ਪੱਖਾਂ ਦੇ ਮਨੋਰਥ ਇੱਕ-ਦੂਜੇ ਦੇ ਉਲਟ ਹਨ। ਅਮਰੀਕਾ ਈਰਾਨ ਦੇ ਪਰਮਾਣੂ ਪ੍ਰੋਗਰਾਮ ਅਤੇ ਹੋਰਮੁਜ਼ 'ਤੇ ਉਸ ਦਾ ਕੰਟਰੋਲ ਖ਼ਤਮ ਕਰਨਾ ਚਾਹੁੰਦਾ ਹੈ, ਜਦੋਂ ਕਿ ਈਰਾਨ ਇਸ ਕੰਟਰੋਲ ਨੂੰ ਆਪਣੀ ਸੁਰੱਖਿਆ ਲਈ ਸਭ ਤੋਂ ਵੱਡਾ ਹਥਿਆਰ ਮੰਨਦਾ ਹੈ।

ਮਾਹਿਰਾਂ ਅਨੁਸਾਰ ਸਭ ਤੋਂ ਵੱਡਾ ਖ਼ਤਰਾ ਇਹ ਹੈ ਕਿ ਜੇਕਰ ਕੋਈ ਇੱਕ ਮਿਜ਼ਾਈਲ ਗਲਤੀ ਨਾਲ ਵੱਡੀ ਗਿਣਤੀ ਵਿੱਚ ਆਮ ਨਾਗਰਿਕਾਂ ਜਾਂ ਕਿਸੇ ਵੱਡੇ ਅਮਰੀਕੀ ਅੱਡੇ 'ਤੇ ਡਿੱਗਦੀ ਹੈ, ਤਾਂ ਇਹ ਸੀਮਤ ਜੰਗ ਇੱਕ ਪੂਰਨ ਖੇਤਰੀ ਮਹਾਂ-ਜੁੱਧ ਵਿੱਚ ਬਦਲ ਸਕਦੀ ਹੈ।

## ਮੱਧ ਪੂਰਬ ਦਾ ਨਵਾਂ ਜੰਗੀ ਦੌਰ: ਅਮਰੀਕਾ ਦੀ ਅਸਫ਼ਲਤਾ ਅਤੇ ਕੂਟਨੀਤੀ ਦੀ ਲੋੜ

ਮੱਧ ਪੂਰਬ ਵਿੱਚ ਅਮਰੀਕਾ, ਈਰਾਨ ਅਤੇ ਯਮਨ ਦੇ ਹੂਥੀ ਬਾਗੀਆਂ ਵਿਚਾਲੇ ਵਧਦਾ ਜਾ ਰਿਹਾ ਹਿੰਸਕ ਸੰਘਰਸ਼ ਇੱਕ ਵਾਰ ਫਿਰ ਵਿਸ਼ਵ ਸ਼ਾਂਤੀ ਲਈ ਵੱਡੀ ਚੁਣੌਤੀ ਬਣ ਕੇ ਉਭਰਿਆ ਹੈ। ਹੋਰਮੁਜ਼ ਦੀ ਖਾੜੀ ਵਿੱਚ ਤਣਾਅ, ਸਮੁੰਦਰੀ ਰਸਤਿਆਂ ਦੀ ਨਾਕਾਬੰਦੀ ਅਤੇ ਡਰੋਨ/ਮਿਸਾਈਲ ਹਮਲਿਆਂ ਨੇ ਪੂਰੀ ਦੁਨੀਆ ਦੀ ਆਰਥਿਕਤਾ ਨੂੰ ਅਸਥਿਰ ਕਰ ਦਿੱਤਾ ਹੈ। ਇਸ ਗੰਭੀਰ ਮੁੱਦੇ 'ਤੇ ਅੰਤਰਰਾਸ਼ਟਰੀ ਵਿਸ਼ਲੇਸ਼ਕ ਸਰਗੇਈ ਪੋਲੇਤਾਏਵ ਨੇ ਆਰਟੀ ਇੰਟਰਨੈਸ਼ਨਲ ਜ਼ੋ ਰੂਸ ਦੀ ਸਰਕਾਰੀ ਅਖ਼ਬਾਰ ਹੈ ਵਿਚ ਮੱਧ ਪੂਰਬ ਦੀ ਮੌਜੂਦਾ ਜੰਗ ਦੇ ਮੁੱਖ ਪਹਿਲੂਆਂ ਉਪਰ ਚਰਚਾ ਕਰਦਿਆਂ ਲਿਖਿਆ ਹੈ ਕਿ ਅਮਰੀਕਾ ਅਤੇ ਈਰਾਨ ਦੋਵੇਂ ਹੀ ਇੱਕ-ਦੂਜੇ ਨੂੰ ਰਣਨੀਤਕ ਤੌਰ 'ਤੇ ਪੂਰੀ ਤਰ੍ਹਾਂ ਹਰਾਉਣ ਵਿੱਚ ਅਸਮਰੱਥ ਹਨ। ਦੋਵਾਂ ਵਿਚਾਲੇ ਹੋਏ ਪਿਛਲੇ ਸਮਝੌਤੇ ਸਿਰਫ਼ ਅਸਥਾਈ ਰਾਹਤ ਸਨ, ਕੋਈ ਸਥਾਈ ਹੱਲ ਨਹੀਂ ਸੀ।

ਲੇਖਕ ਅਨੁਸਾਰ ਜੰਗ ਤੋਂ ਪਹਿਲਾਂ ਦੇ ਅੰਦਾਜ਼ੇ ਅਸਲ ਜੰਗ ਦੀ ਚੁਣੌਤੀ ਨੂੰ ਨਹੀਂ ਮਾਪ ਸਕਦੇ। ਇਸ ਜੰਗ ਨੇ "ਇਰਾਨੀ ਨੇਤਾਵਾਂ ਦੇ ਕਤਲਾਂ" ਅਤੇ "ਹੋਰਮੁਜ਼ ਦੀ ਖਾੜੀ ਨੂੰ ਬੰਦ ਕਰਨ" ਵਰਗੀਆਂ ਖਤਰਨਾਕ ਘਟਨਾਵਾਂ ਨੂੰ ਸਧਾਰਨ ਗੱਲ) ਬਣਾ ਦਿੱਤਾ ਹੈ।

ਲੇਖਕ ਅਨੁਸਾਰ ਜਿਵੇਂ ਪਹਿਲੀ ਵਿਸ਼ਵ ਜੰਗ ਵੇਲੇ ਉਦਯੋਗਿਕ ਕ੍ਰਾਂਤੀ ਨੇ ਹਥਿਆਰ ਬਦਲੇ ਸਨ, ਉਵੇਂ ਹੀ ਅੱਜ ਆਰਟੀਫਿਸ਼ੀਅਲ ਇੰਟੈਲੀਜੈਂਸ ਅਤੇ ਸਸਤੇ 'ਸ਼ਾਹੀਦ ਡਰੋਨਾਂ' ਨੇ ਜੰਗ ਦੇ ਨਿਯਮ ਬਦਲ ਦਿੱਤੇ ਹਨ। ਇਸੇ ਕਰਕੇ ਅਮਰੀਕਾ ਆਪਣੇ ਹਵਾਈ ਹਮਲਿਆਂ ਨਾਲ ਵੀ ਈਰਾਨ ਵਿੱਚ 'ਸੱਤਾ ਬਦਲ' ਕਰਨ ਵਿੱਚ ਨਾਕਾਮ ਰਿਹਾ ਹੈ। ਸਪਸ਼ਟ ਹੈ ਕਿ ਫ਼ੌਜੀ ਸ਼ਕਤੀ ਦਾ ਹੰਕਾਰ ਕਿਸੇ ਮਸਲੇ ਦਾ ਹੱਲ ਨਹੀਂ ਹੋ ਸਕਦਾ; ਸਥਾਈ ਸ਼ਾਂਤੀ ਸਿਰਫ਼ ਬਰਾਬਰੀ ਵਾਲੀ ਕੂਟਨੀਤੀ ਨਾਲ ਹੀ ਸੰਭਵ ਹੈ।

ਸਚਾਈ ਇਹੀ ਹੈ ਕਿ ਬੰਬਾਰੀ ਅਤੇ ਸਮੁੰਦਰੀ ਨਾਕਾਬੰਦੀ ਨਾਲ ਨਾ ਤਾਂ ਅਮਰੀਕਾ ਆਪਣਾ ਦਬਦਬਾ ਕਾਇਮ ਕਰ ਸਕਦਾ ਹੈ ਅਤੇ ਨਾ ਹੀ ਈਰਾਨ ਆਪਣੇ ਆਪ ਨੂੰ ਸੁਰੱਖਿਅਤ ਰੱਖ ਸਕਦਾ ਹੈ। ਲੇਖਕ ਸਰਗੇਈ ਪੋਲੇਤਾਏਵ ਦਾ ਇਹ ਦਾਅਵਾ ਬਿਲਕੁਲ ਸਹੀ ਹੈ ਕਿ ਜਦੋਂ ਤੱਕ ਵਿਸ਼ਵ ਦੀਆਂ ਮੁੱਖ ਸ਼ਕਤੀਆਂ ਅਤੇ ਸੰਯੁਕਤ ਰਾਸ਼ਟਰ ਗੰਭੀਰਤਾ ਨਾਲ ਦਖਲ ਨਹੀਂ ਦਿੰਦੇ, ਉਦੋਂ ਤੱਕ ਇਹ 'ਜੰਗ ਅਤੇ ਜੰਗਬੰਦੀ' ਦਾ ਅਸੰਤੁਲਿਤ ਚੱਕਰ ਚੱਲਦਾ ਰਹੇਗਾ। ਅਮਰੀਕਾ ਅਤੇ ਈਰਾਨ ਦੋਵਾਂ ਨੂੰ ਆਪਣੀ ਜ਼ਿੱਦ ਛੱਡ ਕੇ ਪਰਮਾਣੂ ਪ੍ਰੋਗਰਾਮ ਅਤੇ ਖੇਤਰੀ ਸੁਰੱਖਿਆ ਵਰਗੇ ਮੁੱਖ ਮੁੱਦਿਆਂ 'ਤੇ ਸਥਾਈ ਸਮਝੌਤੇ ਵੱਲ ਵਧਣਾ ਚਾਹੀਦਾ ਹੈ, ਤਾਂ ਜੋ ਵਿਸ਼ਵ ਅਰਥਵਿਵਸਥਾ ਅਤੇ ਮਾਨਵਤਾ ਨੂੰ ਵੱਡੇ ਤਬਾਹੀ ਤੋਂ ਬਚਾਇਆ ਜਾ ਸਕੇ।

# ਗੁਰੂ ਸਾਹਿਬਾਨ ਨਾਲ ਸੰਬੰਧਿਤ ਗੁਰਦੁਆਰਾ ਸਾਹਿਬਾਨ ਦਾ ਇਤਿਹਾਸ

# ਗੁਰਦੁਆਰਾ ਕੋਸ਼

-ਡਾ: ਜਸਬੀਰ ਸਿੰਘ ਸਰਨਾ
-ਦਿਲਜੀਤ ਸਿੰਘ ਬੇਦੀ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**4. ਗੁਰਦੁਆਰਾ ਮਾਈ ਭਿਰਾਈ:**

ਸਿੱਖ ਤਵਾਰੀਖ ਮੁਤਾਬਿਕ ਜਦੋਂ ਗੁਰੂ ਨਾਨਕ ਸਾਹਿਬ ਨੇ ਗੁਰੂ ਅੰਗਦ ਸਾਹਿਬ ਨੂੰ ਗੁਰਗੱਦੀ ਲਈ ਚੁਣਿਆ ਤਾਂ ਗੁਰੂ ਅੰਗਦ ਸਾਹਿਬ ਖਡੂਰ ਸਾਹਿਬ ਆ ਗਏ। ਗੁਰੂ ਸਾਹਿਬ ਕੁਝ ਸਮੇਂ ਲਈ ਇਕਾਂਤ ਵਿੱਚ ਰਹਿਣਾ ਚਾਹੁੰਦੇ ਸਨ। ਗੁਰੂ ਸਾਹਿਬ ਆਪਣੇ ਘਰ ਨਾ ਗਏ ਅਤੇ ਮਾਈ ਭਿਰਾਈ ਦੇ ਘਰ ਵਿੱਚ, ਇਕ ਛੋਟੇ ਜਿਹੇ ਬੰਦ ਕਮਰੇ ਵਿੱਚ ਰਹੇ। ਜਦੋਂ ਸੰਗਤਾਂ ਨਵੇਂ ਗੁਰੂ ਨੂੰ ਵੇਖਣ ਲਈ ਕਰਤਾਰਪੁਰ ਪੁੱਜੀਆਂ ਤਾਂ ਫਿਰ ਬਾਬਾ ਬੁੱਢਾ ਜੀ ਦੀ ਅਗਵਾਈ ਵਿੱਚ ਖਡੂਰ ਸਾਹਿਬ ਆ ਗਈਆਂ। ਬਾਬਾ ਬੁੱਢਾ ਜੀ ਨੇ ਸੋਚਿਆ ਕਿ ਗੁਰੂ ਅੰਗਦ ਸਾਹਿਬ ਬੁਰਾ ਨਾ ਮਨਾਉਣ ਇਸ ਲਈ ਉਨ੍ਹਾਂ ਮਾਈ ਭਿਰਾਈ ਦੇ ਕਮਰੇ ਦੀ ਦੀਵਾਰ ਵਿੱਚ ਇਕ ਸੁਰਾਖ਼ ਕੀਤਾ ਅਤੇ ਗੁਰੂ ਸਾਹਿਬ ਦੇ ਦਰਸ਼ਨ ਕਰਕੇ ਨਿਹਾਲ ਹੋ ਗਏ। ਬਾਬਾ ਬੁੱਢਾ ਜੀ ਨੇ ਗੁਰੂ ਸਾਹਿਬ ਅੱਗੇ ਬੇਨਤੀ ਕੀਤੀ ਕਿ ਸੰਗਤਾਂ ਦਰਸ਼ਨਾਂ ਲਈ ਤਾਂਘ ਰਹੀਆਂ ਹਨ ਤਾਂ ਗੁਰੂ ਸਾਹਿਬ ਨੇ ਕਮਰੇ ਤੋਂ ਬਾਹਰ ਆ ਕੇ ਸੰਗਤਾਂ ਨੂੰ ਦਰਸ਼ਨ ਦਿੱਤੇ।

ਗੁਰਦੁਆਰੇ ਦੀ ਨਵੀਂ ਇਮਾਰਤ 1980 ਵਿੱਚ ਬਣੀ ਹੈ। ਹਾਲ ਦੇ ਅੰਦਰ ਇਕ ਪਾਸੇ ਸੰਗਮਰਮਰ ਦਾ ਪ੍ਰਕਾਸ਼ ਅਸਥਾਨ ਬਣਿਆ ਹੋਇਆ ਹੈ। ਹਾਲ ਦੇ ਉਪਰ ਤਿੰਨ ਮੰਜ਼ਲਾਂ ਬਣੀਆਂ ਹਨ, ਜਿਨ੍ਹਾਂ ਉਪਰ ਚਿੱਟੇ ਦੁੱਧ ਵਰਗੇ ਗੁੰਬਦ ਦੂਰੋਂ ਨਜ਼ਰ ਆਉਂਦੇ ਹਨ।

**5. ਗੁਰਦੁਆਰਾ ਮੱਲ ਅਖਾੜਾ:**

ਇਹ ਗੁਰਦੁਆਰਾ ਪਿੰਡ ਉੱਤਰੀ ਸਿਰੇ ਵੱਲ ਹੈ, ਉਸ ਥਾਂ ਦੀ ਨਿਸ਼ਾਨਦੇਹੀ ਕਰਦਾ ਹੈ, ਜਿਥੇ ਗੁਰੂ ਅੰਗਦ ਸਾਹਿਬ ਪਿੰਡ ਦੇ ਬਾਲਕਾਂ ਨੂੰ ਮੱਲ ਯੁੱਧ ਦੀ ਸਿੱਖਿਆ ਵਿੱਚ ਨਿਪੁੰਨ ਕਰਦੇ ਸਨ। ਇਥੇ ਗੁਰੂ ਸਾਹਿਬ ਬੱਚਿਆਂ ਨੂੰ ਗੁਰਮੁਖੀ ਅੱਖਰ ਵੀ ਸਿਖਾਉਂਦੇ ਸਨ। ਅੱਜ ਕੱਲ੍ਹ ਇਥੇ ਬਾਲਕਾਂ/ਨੌਜਵਾਨਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਕਰਨ ਦੀ ਸਿੱਖਿਆ ਦਿੱਤੀ ਜਾਂਦੀ ਹੈ। ਅਜੋਕੀ ਗੁਰਦੁਆਰਾ ਇਮਾਰਤ ਵਿੱਚ ਇਕ ਗੁੰਬਦਦਾਰ ਮੁਰੱਬਾ ਹਾਲ ਹੈ, ਜੋ ਦੀਵਾਰੀ ਅਹਾਤੇ ਵਿੱਚ ਹੈ।


**6. ਗੁਰਦੁਆਰਾ ਬੜ੍ਹਾ ਸਾਹਿਬ ਗੁਰੂ ਅਮਰਦਾਸ ਸਾਹਿਬ:**

ਇਹ ਗੁੰਬਦਨੁਮਾ ਕਮਰੇ ਵਾਲਾ ਗੁਰ-ਦੁਆਰਾ ਹੈ, ਜੋ ਸੰਗਮਰਮਰ ਵਿੱਚ ਬਣਿਆ ਹੈ। ਇਹ ਉਹ ਥਾਂ ਹੈ, ਜਿਥੇ ਗੁਰੂ ਅਮਰ-ਦਾਸ ਜੀ ਨਾਮ ਸਿਮਰਨ ਕਰਦੇ ਸਨ।

ਇਨ੍ਹਾਂ ਸਾਰਿਆਂ ਗੁਰਦੁਆਰਿਆਂ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਨਾਮਜ਼ਦ ਕਮੇਟੀ ਰਾਹੀਂ ਕਰਦੀ ਹੈ। ਇਹ ਗੁਰਦੁਆਰਾ ਨੋਟੀਫਾਈਡ ਹੈ ਅਤੇ ਗੁਰਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਹੈ।

**ਪੁਸਤਕ ਸੂਚੀ:-**

1. ਕਾਨ੍ਹ ਸਿੰਘ ਨਾਭਾ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990
2. ਹਰਬੰਸ ਸਿੰਘ (ਸੰ.)- ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ ਦੂਜੀ, ਪਟਿਆਲਾ, 1996
3. ਤਾਰਾ ਸਿੰਘ- ਸ੍ਰੀ ਗੁਰੂ ਤੀਰਥ ਸੰਗ੍ਰਹਿ, ਕਨਖੱਲ, 1975
4. ਦਿਲਗੀਰ, ਐਚ.ਐਸ. ਡਾ.- ਦੀ ਸਿੱਖ ਰੈਫਰੈਂਸ ਬੁੱਕ, ਕੈਨੇਡਾ, 1997



ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਖਰਕ ਭੂਰਾ

## ਖਰਕ

ਪਾਕਿਸਤਾਨ ਦੇ ਜ਼ਿਲ੍ਹਾ ਲਾਹੌਰ ਦਾ ਇਕ ਪਿੰਡ ਖਰਕ ਹੈ, ਜੋ ਰੇਲਵੇ ਸਟੇਸ਼ਨ ਅਟਾਰੀ ਤੋਂ 5 ਕਿਲੋਮੀਟਰ ਦੱਖਣ ਦਿਸ਼ਾ ਵੱਲ ਹੈ। ਇਸ ਪਿੰਡ ਤੋਂ ਪੂਰਬ ਵੱਲ ਅੱਧਾ ਕਿਲੋਮੀਟਰ ਦੂਰ ਗੁਰੂ ਹਰਿਗੋਬਿੰਦ ਸਾਹਿਬ ਦਾ ਇਤਿਹਾਸਕ ਅਸਥਾਨ ਗੁਰਦੁਆਰਾ ਬੇਰੀ ਸਾਹਿਬ, ਪਾਤਸ਼ਾਹੀ ਛੇਵੀਂ ਸੁਸ਼ੋਭਿਤ ਹੈ। ਗੁਰੂ ਸਾਹਿਬ ਨੇ ਪਢਾਣੇ ਪਿੰਡ ਤੋਂ ਆ ਕੇ ਇਥੇ ਬੇਰੀ ਨਾਲ ਆਪਣਾ ਘੋੜਾ ਬੰਨ੍ਹਿਆ ਸੀ। ਇਸ ਬੇਰੀ ਤੋਂ 25 ਕਦਮਾਂ ਉੱਤੇ ਗੁਰੂ ਸਾਹਿਬ ਦੇ ਬੈਠਣ ਦੀ ਥਾਂ ਦਮਦਮਾ ਸਾਹਿਬ ਕਰਕੇ ਪ੍ਰਸਿੱਧ ਹੈ। ਉਹ ਖੂਹ ਵੀ ਮੌਜੂਦ ਹੈ, ਜਿਥੇ ਗੁਰੂ ਸਾਹਿਬ ਨੇ ਪਾਣੀ ਪੀਤਾ ਸੀ। ਖਰਕ ਪਿੰਡ ਅੱਜ ਵੀ ਬਾਣਾ ਬਰਕੀ ਵਿੱਚ ਆਉਂਦਾ ਹੈ। ਇਸ ਗੁਰਦੁਆਰੇ ਵਿੱਚ ਰੋਜ਼ਾਨਾ ਪ੍ਰਕਾਸ਼ ਅਤੇ ਕੀਰਤਨ ਦਾ ਪ੍ਰਵਾਹ ਚੱਲਦਾ ਸੀ। ਪੋਹ ਸੁਦੀ ਸੱਤ ਨੂੰ ਭਾਰੀ ਜੋੜ-ਮੇਲਾ ਹੁੰਦਾ ਸੀ। ਅੱਜ ਕੱਲ੍ਹ ਗੁਰੂ ਸਾਹਿਬ ਦੀ ਇਹ ਯਾਦਗਾਰ ਅਲੋਪ ਹੋ ਚੁੱਕੀ ਹੈ ਅਤੇ ਉਸ ਥਾਂ ਰੁੱਖਾਂ ਦਾ ਕੇਵਲ ਇਕ ਝੁੰਡ ਨਜ਼ਰੀਂ ਆਉਂਦਾ ਹੈ।

ਪੁਸਤਕ ਸੂਚੀ:-

1. ਕਾਨ੍ਹ ਸਿੰਘ ਨਾਭਾ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990
2. ਇਕਬਾਲ ਕੇਸਰ- ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਕ ਪਵਿੱਤਰ ਅਸਥਾਨ, ਲਾਹੌਰ, 1998

## ਖਰਕ ਭੂਰਾ

ਹਰਿਆਣਾ ਦੇ ਜ਼ਿਲ੍ਹਾ ਜੀਂਦ ਵਿੱਚ ਪਿੰਡ ਖਰਕ ਭੂਰਾ ਹੈ। ਜੀਂਦ ਦਾ ਅਕਸ਼ਾਂਸ਼ 290-18 ਅਤੇ ਰੇਖਾਂਸ਼ ਦੇਸ਼ਾਂਤਰ 760-19 ਹੈ। ਗੁਰੂ ਤੇਗ ਬਹਾਦਰ ਸਾਹਿਬ ਧਮਧਾਨ ਤੋਂ ਜੀਂਦ ਜਾਣ ਸਮੇਂ ਇਸ ਪਿੰਡ, ਇਕ ਰਾਤ ਠਹਿਰੇ ਸਨ। ਪਿੰਡ ਦੀ ਪੂਰਬੀ ਦਿਸ਼ਾ ਵੱਲ ਇਤਿਹਾਸਕ ਅਸਥਾਨ ਗੁਰਦੁਆਰਾ ਮੰਜੀ ਸਾਹਿਬ ਨੌਵੀਂ ਪਾਤਸ਼ਾਹੀ ਬਣਿਆ ਹੋਇਆ ਹੈ। ਇਸ ਗੁਰਦੁਆਰੇ ਵਿੱਚ ਇਕ ਛੋਟਾ ਜਿਹਾ ਕਮਰਾ ਅਤੇ ਵਿੱਚਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ। ਗੁਰਦੁਆਰੇ ਉਪਰ ਗੁੰਬਦ ਬਣਿਆ ਹੈ। ਅਜੋਕੇ ਸਮਿਆਂ ਵਿੱਚ ਵੱਡੇ ਦੀਵਾਨਾਂ ਲਈ ਗੁਰਦੁਆਰੇ ਨਾਲ ਹੀ ਇਕ ਦੀਵਾਨ ਹਾਲ ਅਤੇ ਇਕ ਵਰਾਂਡਾ ਬਣਾਇਆ ਗਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੁੱਚਾ ਪ੍ਰਬੰਧ ਸੰਭਾਲਦੀ ਹੈ। ਇਹ ਗੁਰਦੁਆਰਾ ਐਕਟ ਦੇ ਸੈਕਸ਼ਨ 85 ਅਧੀਨ ਹੈ। ਮੁਕਾਮੀ ਕਮੇਟੀ ਹੀ ਗ੍ਰੰਥੀ ਸਿੰਘ ਨਿਯੁਕਤ ਕਰਦੀ ਹੈ, ਜੋ ਗੁਰਦੁਆਰੇ ਨਾਲ ਲੱਗੀ 75 ਏਕੜ ਜ਼ਮੀਨ ਦਾ ਪ੍ਰਬੰਧ ਤੇ ਰੱਖਵਾਲੀ ਕਰਦਾ ਹੈ।

ਪੁਸਤਕ ਸੂਚੀ:-

1. ਕਾਨ੍ਹ ਸਿੰਘ ਨਾਭਾ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990

## ਖਰਾਹਟ

ਪਾਕਿਸਤਾਨ ਦੇ ਜ਼ਿਲ੍ਹਾ ਸਹਾਈਵਾਲ ਅਤੇ ਤਹਿਸੀਲ ਪਾਕਪਟਨ ਵਿੱਚ ਇਕ ਪਿੰਡ ਖਰਾਹਟ ਆਉਂਦਾ ਹੈ। ਇਹ ਪਿੰਡ ਰੇਲਵੇ ਸਟੇਸ਼ਨ ਪਾਕਪਟਨ ਤੋਂ ਨੈਰਤ ਕੋਣ 18 ਕਿਲੋਮੀਟਰ ਦੂਰ ਹੈ। ਇਸ ਪਿੰਡ ਵਿੱਚ ਗੁਰੂ ਨਾਨਕ ਸਾਹਿਬ ਨੇ ਆਪਣੇ ਮੁਬਾਰਕ ਕਦਮ ਪਾਏ ਹਨ। ਗੁਰੂ ਸਾਹਿਬ ਦੀ ਯਾਦ ਵਿੱਚ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ। 1947 ਤੋਂ ਬਾਅਦ ਇਹ ਗੁਰਦੁਆਰਾ ਬੰਦ ਪਿਆ ਹੈ।

ਪੁਸਤਕ ਸੂਚੀ:-

1. ਕਾਨ੍ਹ ਸਿੰਘ ਨਾਭਾ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ ਛਾਪ, 1990

## ਖੜਕ

ਪੰਜਾਬ ਦੇ ਜ਼ਿਲ੍ਹਾ ਪਟਿਆਲਾ ਵਿੱਚ ਇਕ ਪਿੰਡ ਖੜਕ ਆਉਂਦਾ ਹੈ, ਜੋ ਧਮਧਾਨ ਤੋਂ 18 ਕਿਲੋਮੀਟਰ ਦੱਖਣ ਦਿਸ਼ਾ ਵੱਲ ਹੈ। ਇਹ ਪਿੰਡ ਨਾਭਾ ਤੋਂ 10 ਕਿਲੋਮੀਟਰ ਦੀ ਦੂਰੀ 'ਤੇ ਹੈ। ਇਸ ਪਿੰਡ ਵਿੱਚ ਗੁਰੂ ਤੇਗ ਬਹਾਦਰ ਸਾਹਿਬ ਬਾਂਗਰ ਦੇਸ਼ ਨੂੰ ਕ੍ਰਿਤਾਰਥ ਕਰਦੇ ਹੋਏ ਇਕ ਬੋਹੜ ਹੇਠ ਬਿਰਾਜੇ ਸਨ। ਇਹ ਬੋਹੜ ਦਾ ਦਰਖ਼ਤ ਅਜੇ ਵੀ ਸੁਰੱਖਿਅਤ ਹੈ। ਗੁਰੂ ਸਾਹਿਬ ਦੀ ਯਾਦ ਵਿੱਚ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ। ਗੁਰਦੁਆਰੇ ਦਾ ਪ੍ਰਬੰਧ ਮੁਕਾਮੀ ਪਿੰਡ ਦੀ ਕਮੇਟੀ ਕਰਦੀ ਹੈ।

ਪੁਸਤਕ ਸੂਚੀ:-

1. ਕਾਨ੍ਹ ਸਿੰਘ ਨਾਭਾ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ ਛਾਪ- 1990

## ਖਾਦਰੀ

ਪਾਕਿਸਤਾਨ ਦੇ ਨਨਕਾਣਾ ਸਾਹਿਬ ਵਿੱਚ ਸ਼ੇਖੂਪੁਰਾ ਦੀ ਹਦੂਦ ਅੰਦਰ ਪਿੰਡ ਖਾਦਰੀ ਹੈ। ਇਸ ਨਗਰ ਵਿੱਚ ਗੁਰੂ ਅਰਜਨ ਸਾਹਿਬ ਬਿਰਾਜੇ ਸਨ। ਗੁਰੂ ਸਾਹਿਬ ਦੀ ਯਾਦ ਵਿੱਚ ਗੁਰਦੁਆਰਾ ਸਾਹਿਬ ਬਣਿਆ ਹੈ। ਮਹਾਨ ਕੋਸ਼ ਦੇ ਭਾਈ ਕਾਨ੍ਹ ਸਿੰਘ ਨਾਭਾ ਨੇ ਇਸ ਦੀ ਪੁਸ਼ਟੀ ਕੀਤੀ ਹੈ। ਇਸ ਗੁਰਦੁਆਰੇ ਬਾਰੇ ਬਹੁਤੀ ਜਾਣਕਾਰੀ ਹਾਸਲ ਨਹੀਂ ਹੋ ਸਕੀ।

## ਖਾਨ ਛੱਪੜੀ (ਛਾਪੜੀ)

ਖਾਨ ਛੱਪੜੀ ਪਿੰਡ ਨੂੰ ਆਮ ਤੌਰ 'ਤੇ ਛੱਪੜੀ ਵੀ ਆਖਦੇ ਹਨ। ਇਸ ਦਾ ਅਸਲੀ ਨਾਂ ਖਾਨਪੁਰ ਸੀ। ਇਹ ਇਕ ਛੋਟਾ ਜਿਹਾ ਪਿੰਡ ਹੈ, ਜੋ ਪੰਜਾਬ ਦੇ ਪਹਿਲਾਂ ਜ਼ਿਲ੍ਹਾ ਅੰਮ੍ਰਿਤਸਰ ਅਤੇ ਅੱਜ-ਕੱਲ੍ਹ ਨਵੇਂ ਬਣੇ ਜ਼ਿਲ੍ਹਾ ਤਰਨ ਤਾਰਨ ਵਿੱਚ ਗੋਇੰਦਵਾਲ ਸਾਹਿਬ ਦੇ ਪੱਛਮ ਵੱਲ 8 ਕਿਲੋਮੀਟਰ ਦੂਰ ਹੈ। ਇਸ ਪਿੰਡ ਵਿੱਚ ਗੁਰੂ ਅੰਗਦ ਸਾਹਿਬ, ਗੁਰੂ ਅਮਰਦਾਸ ਸਾਹਿਬ, ਗੁਰੂ ਅਰਜਨ ਸਾਹਿਬ ਅਤੇ ਗੁਰੂ ਹਰਿਗੋਬਿੰਦ ਸਾਹਿਬ ਬਿਰਾਜੇ ਹਨ। ਗੋਇੰਦਵਾਲ ਸਾਹਿਬ ਦਾ ਅਕਸ਼ਾਂਸ਼ 310-22 ਅਤੇ ਰੇਖਾਂਸ਼ ਦੇਸ਼ਾਂਤਰ 750-9 ਹੈ।

ਗੁਰੂ ਅੰਗਦ ਸਾਹਿਬ ਦੇ ਸਮੇਂ ਜਦੋਂ ਗੁਰੂ ਜੀ ਖਡੂਰ ਸਾਹਿਬ ਵਿੱਚ ਸਨ ਤਾਂ ਖੁਸ਼ਕ-ਸਾਲੀ/ਔੜ ਆਪਣੇ ਸਿਖ਼ਰ 'ਤੇ ਪਿੰਡ ਵਿੱਚ ਸੀ। ਇਕ ਯੋਗੀ ਜੋ ਆਪਣੇ ਆਪ ਨੂੰ ਕਰਾਮਾਤੀ ਸ਼ਕਤੀਆਂ ਦਾ ਮਾਲਕ ਸਮਝਦਾ ਸੀ, ਗੁਰੂ ਅੰਗਦ ਸਾਹਿਬ ਦੇ ਵੱਧਦੇ ਤੇਜ-ਪ੍ਰਤਾਪ ਨੂੰ ਨਾ ਸਹਾਰ ਸਕਿਆ। ਉਸ ਨੇ ਪਿੰਡ ਵਾਸੀਆਂ ਨੂੰ ਆਖਿਆ ਕਿ ਇਸ ਗੁਰੂ ਨੂੰ ਪਿੰਡ ਵਿੱਚੋਂ ਕੱਢ ਦਿਉ ਅਤੇ ਮੈਂ ਤੁਹਾਨੂੰ ਮੀਂਹ ਵਰਸਾਉਣ ਦੀ ਕਰਾਮਾਤ ਕਰਕੇ ਦੱਸਾਂਗਾ। ਜਦੋਂ ਪਿੰਡ ਵਾਸੀਆਂ ਨੇ ਗੁਰੂ ਸਾਹਿਬ ਨੂੰ ਯੋਗੀ ਦੀ ਕਰਾਮਾਤ ਬਾਰੇ ਦੱਸਿਆ ਤਾਂ ਗੁਰੂ ਸਾਹਿਬ ਨੇ ਬਚਨ ਕੀਤਾ, ਮੀਂਹ ਅਤੇ ਖੁਸ਼ਕ ਸਾਲੀ ਰੱਬ ਦੇ ਹੁਕਮ ਅਨੁਸਾਰ ਹੈ। ਗੁਰੂ ਅੰਗਦ ਸਾਹਿਬ ਨੇ ਭਾਈ ਬੁੱਢਾ ਜੀ ਸਮੇਤ ਖਡੂਰ ਸਾਹਿਬ ਛੱਡ ਕੇ, ਖ਼ਾਨਪੁਰ ਦੀ ਟਿੱਬੀ 'ਤੇ ਆਰਜ਼ੀ ਮੁਕਾਮ ਕੀਤਾ। ਜਦੋਂ ਖਡੂਰ ਸਾਹਿਬ ਵਿੱਚ ਬਾਰਸ਼ ਨਾ ਹੋਈ ਤੇ ਲੋਕੀ ਯੋਗੀ ਦੇ ਅਲੋਚਕ ਬਣ ਗਏ। ਇਸ ਸਮੇਂ ਦੌਰਾਨ ਬਾਬਾ (ਗੁਰੂ) ਅਮਰਦਾਸ ਸਾਹਿਬ ਜੋ ਗੋਇੰਦਵਾਲ ਸਾਹਿਬ ਵਿੱਚ ਸਨ, ਖਡੂਰ ਆ ਗਏ।

ਬਾਕੀ ਅਗਲੇ ਹਫ਼ਤੇ ਪੜ੍ਹੋ

# ਅਮਰੀਕਾ ਵਿਚੋਂ ਭਾਰਤੀਆਂ ਦੇ ਦੇਸ਼ ਨਿਕਾਲੇ ਦੀ ਤਿਆਰੀ

# 18,000 ਨਿਸ਼ਾਨੇ 'ਤੇ; ਵਿਦੇਸ਼ ਮੰਤਰਾਲੇ ਨੇ ਵੀ ਜਾਰੀ ਕੀਤੇ ਅੰਕੜੇ

ਖਾਸ ਖਬਰ

## ✪ ਕੈਲੀਫੋਰਨੀਆ ਅਤੇ ਐੱਲ ਪਾਸੋ ਵਿਚ ਬਣੇ ਮੈਗਾ ਡਿਟੈਂਸ਼ਨ ਸੈਂਟਰ



ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦੇਸ਼ ਵਿੱਚੋਂ ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੂੰ ਬਾਹਰ ਕੱਢਣ ਲਈ ਇੱਕ ਬਹੁਤ ਹੀ ਸਖ਼ਤ ਅਤੇ ਵੱਡੀ ਡਿਪੋਰਟੇਸ਼ਨ (ਦੇਸ਼ ਨਿਕਾਲਾ) ਮੁਹਿੰਮ ਵਿੱਢਣ ਦੀ ਪੂਰੀ ਤਿਆਰੀ ਕਰ ਲਈ ਹੈ। ਇਸ ਵਾਰ ਟਰੰਪ ਪ੍ਰਸ਼ਾਸਨ ਦੇ ਰਾਡਾਰ 'ਤੇ ਅਮਰੀਕਾ ਵਿੱਚ ਬਿਨਾਂ ਦਸਤਾਵੇਜ਼ਾਂ ਦੇ ਰਹਿ ਰਹੇ 18,000 ਭਾਰਤੀ ਆ ਚੁੱਕੇ ਹਨ। ਇਸ ਸਖ਼ਤ ਇਮੀਗ੍ਰੇਸ਼ਨ ਨੀਤੀ ਦੇ ਤਹਿਤ ਹੁਣ ਇਨ੍ਹਾਂ ਭਾਰਤੀਆਂ ਨੂੰ ਦੇਸ਼ ਵਿੱਚੋਂ ਕੱਢਣ ਦੀ ਪ੍ਰਕਿਰਿਆ ਤੇਜ਼ ਕਰ ਦਿੱਤੀ ਗਈ ਹੈ।

ਟਰੰਪ ਪ੍ਰਸ਼ਾਸਨ ਵੱਲੋਂ ਇਸ ਵਾਰ ਵੀ ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੂੰ ਉਨ੍ਹਾਂ ਦੇ ਦੇਸ਼ ਵਾਪਸ ਭੇਜਣ ਲਈ ਫ਼ੌਜੀ ਜਹਾਜ਼ਾਂ ਦੀ ਵਰਤੋਂ ਕੀਤੀ ਜਾ ਰਹੀ ਹੈ, ਜੋ ਕਿ ਟਰੰਪ ਦੀ ਸਖ਼ਤ ਇਮੀਗ੍ਰੇਸ਼ਨ ਨੀਤੀ ਦਾ ਸਭ ਤੋਂ ਚਰਚਿਤ ਅਤੇ ਖ਼ੌਫ਼ਨਾਕ ਚਿਹਰਾ ਬਣ ਚੁੱਕੀ ਹੈ। ਇਸ ਵਾਰ ਕਾਰਵਾਈ ਇੰਨੀ ਸਖ਼ਤ ਹੈ ਕਿ ਫੜੇ ਗਏ ਪ੍ਰਵਾਸੀਆਂ ਨੂੰ ਨਾ ਤਾਂ ਕੋਈ ਅਪੀਲ ਕਰਨ, ਨਾ ਕੋਈ ਦਲੀਲ ਦੇਣ ਅਤੇ ਨਾ ਹੀ ਵਕੀਲ ਕਰਨ ਦਾ ਮੌਕਾ ਦਿੱਤਾ ਜਾ ਰਿਹਾ ਹੈ। ਅਮਰੀਕਾ ਦੀ 'ਆਈ.ਸੀ.ਈ.' ਦੀਆਂ ਟੀਮਾਂ ਵੱਲੋਂ ਵੱਖ-ਵੱਖ ਰਾਜਾਂ ਵਿੱਚ ਲਗਾਤਾਰ ਛਾਪੇਮਾਰੀ ਕੀਤੀ ਜਾ ਰਹੀ ਹੈ।

ਡਿਪੋਰਟ ਕੀਤੇ ਜਾਣ ਵਾਲੇ ਲੱਖਾਂ ਪ੍ਰਵਾਸੀਆਂ ਨੂੰ ਅਮਰੀਕਾ ਤੋਂ ਜਹਾਜ਼ਾਂ ਚੜ੍ਹਾਉਣ ਤੱਕ ਕਿੱਥੇ ਰੱਖਿਆ ਜਾਵੇ, ਇਹ ਟਰੰਪ ਪ੍ਰਸ਼ਾਸਨ ਲਈ ਇੱਕ ਵੱਡੀ ਚੁਣੌਤੀ ਸੀ। ਇਸ ਦੇ ਹੱਲ ਲਈ ਪ੍ਰਸ਼ਾਸਨ ਨੇ ਇੱਕ ਵੱਡਾ ਕਦਮ ਚੁੱਕਿਆ ਹੈ। ਟਰੰਪ ਪ੍ਰਸ਼ਾਸਨ ਨੇ ਟੈਕਸਾਸ ਦੇ ਐੱਲ ਪਾਸੋ ਵਿੱਚ ਇੱਕ ਅਤੇ ਕੈਲੀਫੋਰਨੀਆ ਵਿੱਚ ਦੋ ਵੱਡੇ ਵੇਅਰਹਾਊਸ ਖਰੀਦੇ ਹਨ। ਇਨ੍ਹਾਂ ਵੇਅਰਹਾਊਸਾਂ ਨੂੰ ਖਰੀਦਣ ਅਤੇ ਉਨ੍ਹਾਂ ਨੂੰ ਤਿਆਰ ਕਰਨ 'ਤੇ ਕਰੀਬ 16,500 ਕਰੋੜ ਰੁਪਏ ਖਰਚ ਕੀਤੇ ਗਏ ਹਨ। ਇਨ੍ਹਾਂ ਵੇਅਰਹਾਊਸਾਂ ਨੂੰ ਹੁਣ ਆਧੁਨਿਕ 'ਡਿਟੈਂਸ਼ਨ ਸੈਂਟਰਾਂ' (ਨਜ਼ਰਬੰਦੀ ਕੇਂਦਰਾਂ) ਵਿੱਚ ਬਦਲ ਦਿੱਤਾ ਗਿਆ ਹੈ ਅਤੇ ਇਸ ਦਾ ਕੰਟਰੋਲ 'ਆਈ.ਸੀ.ਈ.' ਦੇ ਹਵਾਲੇ ਕਰ ਦਿੱਤਾ ਗਿਆ ਹੈ।

ਮੌਜੂਦਾ ਸਥਿਤੀ: ਇਨ੍ਹਾਂ ਸੈਂਟਰਾਂ ਵਿੱਚ ਇਸ ਵੇਲੇ ਕਰੀਬ 12,000 ਪ੍ਰਵਾਸੀਆਂ ਨੂੰ ਰੱਖਿਆ ਜਾ ਰਿਹਾ ਹੈ, ਜਿੱਥੋਂ ਉਨ੍ਹਾਂ ਦੇ ਕਾਗਜ਼ਾਤਾਂ ਦੀ ਜਾਂਚ ਪੂਰੀ ਕਰਕੇ ਸਿੱਧਾ ਉਨ੍ਹਾਂ ਦੇ ਦੇਸ਼ਾਂ ਨੂੰ ਡਿਪੋਰਟ ਕੀਤਾ ਜਾਵੇਗਾ।

### ਕੀ ਹੈ ਟਰੰਪ ਦੀ ਇਮੀਗ੍ਰੇਸ਼ਨ ਪਾਲਿਸੀ (ਨੀਤੀ)?

ਡੋਨਾਲਡ ਟਰੰਪ ਦੀ 'ਮਾਸ ਡਿਪੋਰਟੇਸ਼ਨ' ਨੀਤੀ ਦੇ ਮੁੱਖ ਤੱਤ ਹੇਠ ਲਿਖੇ ਹਨ:

* ਅਮਰੀਕਾ ਵਿੱਚ ਗ਼ੈਰ-ਕਾਨੂੰਨੀ ਤਰੀਕੇ ਨਾਲ (ਜਿਵੇਂ ਕਿ ਮੈਕਸੀਕੋ ਬਾਰਡਰ ਜਾਂ 'ਡੰਕੀ' ਰੂਟ ਰਾਹੀਂ) ਦਾਖਲ ਹੋਣ ਵਾਲਿਆਂ ਪ੍ਰਤੀ ਕੋਈ ਨਰਮੀ ਨਹੀਂ ਵਰਤੀ ਜਾਵੇਗੀ।

* ਕਾਨੂੰਨੀ ਪ੍ਰਕਿਰਿਆਵਾਂ ਅਤੇ ਲੰਬੀਆਂ ਅਦਾਲਤੀ ਸੁਣਵਾਈਆਂ ਨੂੰ ਬਾਈਪਾਸ ਕਰਕੇ ਸਿੱਧਾ ਫ਼ੌਜੀ ਜਹਾਜ਼ਾਂ ਰਾਹੀਂ ਵਾਪਸ ਭੇਜਣਾ।

ਸਹਿਯੋਗ ਨਾ ਕਰਨ ਵਾਲੇ ਦੇਸ਼ਾਂ 'ਤੇ ਸਖ਼ਤੀ: ਟਰੰਪ ਨੇ ਸਾਫ਼ ਚੇਤਾਵਨੀ ਦਿੱਤੀ ਹੈ ਕਿ ਜਿਹੜੇ ਦੇਸ਼ ਆਪਣੇ ਗ਼ੈਰ-ਕਾਨੂੰਨੀ ਨਾਗਰਿਕਾਂ ਨੂੰ ਵਾਪਸ ਲੈਣ ਤੋਂ ਨਾਂਹ ਕਰਨਗੇ, ਉਨ੍ਹਾਂ 'ਤੇ ਭਾਰੀ ਵਪਾਰਕ ਟੈਰਿਫ਼ ਲਗਾਏ ਜਾਣਗੇ ਜਾਂ ਵਪਾਰ ਬੰਦ ਕਰ ਦਿੱਤਾ ਜਾਵੇਗਾ।

### ਭਾਰਤ ਸਰਕਾਰ ਦਾ ਅੰਕੜਾ ਅਤੇ ਰੁਖ਼

ਇਸ ਪੂਰੇ ਮਾਮਲੇ 'ਤੇ ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਵੀ ਜੂਨ 2026 ਵਿੱਚ ਅਧਿਕਾਰਤ ਅੰਕੜੇ ਸਾਂਝੇ ਕੀਤੇ ਸਨ, ਜਿਸ ਮੁਤਾਬਕ:

ਸਾਲ 2025: ਅਮਰੀਕਾ ਨੇ 3,567 ਭਾਰਤੀ ਨਾਗਰਿਕਾਂ ਨੂੰ ਡਿਪੋਰਟ ਕਰਕੇ ਭਾਰਤ ਵਾਪਸ ਭੇਜਿਆ ਸੀ।

ਸਾਲ 2026 (ਜੂਨ ਤੱਕ): ਇਸ ਸਾਲ ਦੇ ਪਹਿਲੇ 5-6 ਮਹੀਨਿਆਂ ਵਿੱਚ ਹੀ 1,076 ਭਾਰਤੀਆਂ ਨੂੰ ਡਿਪੋਰਟ ਕੀਤਾ ਜਾ ਚੁੱਕਾ ਹੈ।

ਭਾਰਤ ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਉਹ ਕਾਨੂੰਨੀ ਪ੍ਰਵਾਸ (ਦੇ ਪੱਖ ਵਿੱਚ ਹੈ ਪਰ ਗ਼ੈਰ-ਕਾਨੂੰਨੀ ਇਮੀਗ੍ਰੇਸ਼ਨ ਨੂੰ ਰੋਕਣ ਲਈ ਦੋਵੇਂ ਦੇਸ਼ ਮਿਲ ਕੇ ਕੰਮ ਕਰ ਰਹੇ ਹਨ। ਨਾਗਰਿਕਤਾ ਦੀ ਪੁਸ਼ਟੀ ਹੋਣ ਤੋਂ ਬਾਅਦ ਭਾਰਤ ਆਪਣੇ ਨਾਗਰਿਕਾਂ ਨੂੰ ਵਾਪਸ ਲੈਣ ਲਈ ਤਿਆਰ ਹੈ।

ਟਰੰਪ ਪ੍ਰਸ਼ਾਸਨ ਦੀ ਇਸ ਸਖ਼ਤੀ ਕਾਰਨ ਅਮਰੀਕਾ ਵਿੱਚ ਬਿਨਾਂ ਦਸਤਾਵੇਜ਼ਾਂ ਦੇ ਰਹਿ ਰਹੇ ਹਜ਼ਾਰਾਂ ਭਾਰਤੀਆਂ ਦੇ ਸਿਰ 'ਤੇ ਡਿਪੋਰਟੇਸ਼ਨ ਦੀ ਤਲਵਾਰ ਲਟਕ ਗਈ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਫ਼ੌਜੀ ਜਹਾਜ਼ਾਂ ਰਾਹੀਂ ਵਾਪਸੀ ਦੀਆਂ ਉਡਾਣਾਂ ਹੋਰ ਵਧ ਸਕਦੀਆਂ ਹਨ।

# ਵੀਜ਼ਾ ਮਿਲਣ ਤੋਂ ਪਹਿਲਾਂ ਹੀ ਕਈ ਬਜ਼ੁਰਗਾਂ ਨੇ ਦੁਨੀਆ ਨੂੰ ਕਿਹਾ ਅਲਵਿਦਾ

## ਆਸਟਰੇਲੀਆ ਦੀ ਵੀਜ਼ਾ ਨੀਤੀ 'ਤੇ ਉੱਠੇ ਗੰਭੀਰ ਸਵਾਲ ✪ ਆਖ਼ਰੀ ਮੁਲਾਕਾਤ ਨੂੰ ਤਰਸੇ ਮਾਪੇ, ਵੀਜ਼ੇ ਦੀ ਲੰਬੀ ਉਡੀਕ ਵਿਚ 2300 ਬਜ਼ੁਰਗਾਂ ਦੀ ਮੌਤ

ਖਾਸ ਖਬਰ

ਆਸਟਰੇਲੀਆ ਵਿੱਚ ਰਹਿ ਰਹੇ ਹਜ਼ਾਰਾਂ ਪਰਵਾਸੀ ਪਰਿਵਾਰਾਂ ਲਈ ਆਪਣੇ ਬਜ਼ੁਰਗ ਮਾਪਿਆਂ ਨੂੰ ਆਪਣੇ ਕੋਲ ਬੁਲਾਉਣ ਦਾ ਸੁਪਨਾ ਹੁਣ ਇੱਕ ਅਸਹਿ ਮਾਨਸਿਕ ਅਤੇ ਭਾਵਨਾਤਮਕ ਤ੍ਰਾਸਦੀ ਬਣਦਾ ਜਾ ਰਿਹਾ ਹੈ। ਵੀਜ਼ਾ ਪ੍ਰਕਿਰਿਆ ਵਿੱਚ ਹੋ ਰਹੀ ਅੰਨ੍ਹੀ ਦੇਰੀ ਕਾਰਨ ਕਈ ਪਰਿਵਾਰਾਂ ਦੇ ਬਜ਼ੁਰਗ ਮਾਪੇ ਆਸਟਰੇਲੀਆ ਦੀ ਧਰਤੀ 'ਤੇ ਪੈਰ ਰੱਖਣ ਅਤੇ ਆਪਣੇ ਬੱਚਿਆਂ ਨੂੰ ਆਖ਼ਰੀ ਵਾਰ ਮਿਲਣ ਦੀ ਉਡੀਕ ਵਿੱਚ ਹੀ ਇਸ ਦੁਨੀਆ ਤੋਂ ਰੁਖ਼ਸਤ ਹੋ ਗਏ ਹਨ। ਇਸ ਦਰਦਨਾਕ ਸਥਿਤੀ ਨੇ ਹੁਣ ਪਰਵਾਸੀ ਭਾਈਚਾਰੇ ਵਿੱਚ ਭਾਰੀ ਰੋਸ ਪੈਦਾ ਕਰ ਦਿੱਤਾ ਹੈ ਅਤੇ ਲੋਕ ਸਵਾਲ ਚੁੱਕ ਰਹੇ ਹਨ ਕਿ ਕੀ ਵੀਜ਼ਿਆਂ ਦੀ ਇਹ ਲੰਮੀ ਉਡੀਕ ਆਸਟਰੇਲੀਆ ਸਰਕਾਰ ਦਾ ਇੱਕ ਗ਼ੈਰ-ਮਨੁੱਖੀ ਅਤੇ ਵਹਿਸ਼ੀਆਨਾ ਰਵੱਈਆ ਨਹੀਂ ਹੈ?

15 ਤੋਂ 33 ਸਾਲ ਤੱਕ ਦਾ ਲੰਮਾ ਇੰਤਜ਼ਾਰ-ਆਸਟਰੇਲੀਆ ਦੇ ਗ੍ਰਹਿ ਮਾਮਲੇ ਵਿਭਾਗ ਦੇ ਆਪਣੇ ਅੰਕੜੇ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਇਹ ਸਿਸਟਮ ਕਿੰਨਾ ਸੁਸਤ ਹੋ ਚੁੱਕਾ ਹੈ। ਰਿਪੋਰਟਾਂ ਮੁਤਾਬਕ ਆਮ ਮਾਪੇ ਵੀਜ਼ਾ (Non-Contributory Parent Visa) ਲਈ ਅੰਦਾਜ਼ਨ ਉਡੀਕ ਸਮਾਂ 33 ਸਾਲ ਤੱਕ ਪਹੁੰਚ ਚੁੱਕਾ ਹੈ। ਮੋਟੀ ਰਕਮ ਜਮ੍ਹਾਂ ਕਰਵਾਉਣ ਦੇ ਬਾਵਜੂਦ ਇਸ ਵੀਜ਼ੇ ਲਈ ਵੀ 15 ਸਾਲ ਤੱਕ ਦਾ ਸਮਾਂ ਲੱਗ ਰਿਹਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਇਸ ਵੀਜ਼ੇ ਲਈ ਸਰਕਾਰ ਵੱਲੋਂ ਕਰੀਬ 50,000 ਆਸਟਰੇਲੀਆਈ ਡਾਲਰ (ਲਗਭਗ 27-28 ਲੱਖ ਰੁਪਏ) ਫੀਸ ਵਜੋਂ ਲਏ ਜਾਂਦੇ ਹਨ, ਜੋ ਕਿ 'ਨਾ-ਵਾਪਸ ਮੋੜਨ ਯੋਗ' ਹੁੰਦੀ ਹੈ। ਲੱਖਾਂ ਰੁਪਏ ਖ਼ਰਚਣ ਤੋਂ ਬਾਅਦ ਵੀ ਪਰਿਵਾਰਾਂ ਨੂੰ ਡੇਢ ਦਹਾਕੇ ਤੱਕ ਸਿਰਫ਼ ਇੰਤਜ਼ਾਰ ਹੀ ਮਿਲਦਾ ਹੈ।

1.5 ਲੱਖ ਅਰਜ਼ੀਆਂ ਬਕਾਇਆ; ਉਡੀਕ ਕਰਦਿਆਂ 2300 ਬਿਨੈਕਾਰਾਂ ਦੀ ਹੋਈ ਮੌਤ-ਹਾਲੀਆ ਰਿਪੋਰਟਾਂ ਮੁਤਾਬਕ ਪਿਛਲੇ ਸਿਰਫ਼ 3 ਸਾਲਾਂ ਦੇ ਅੰਦਰ 2,300 ਦੇ ਕਰੀਬ ਬਿਨੈਕਾਰ (ਮਾਪੇ) ਆਪਣੇ ਬੱਚਿਆਂ ਨੂੰ ਮਿਲਣ ਦੀ ਆਸ ਦਿਲ ਵਿੱਚ ਲਏ ਹੀ ਸੰਸਾਰ ਤੋਂ ਚਲੇ ਗਏ। ਕਈ ਮਾਮਲਿਆਂ ਵਿੱਚ ਬਜ਼ੁਰਗਾਂ ਨੇ ਆਪਣੇ ਜੀਵਨ ਸਾਥੀ ਨੂੰ ਗੁਆ ਦਿੱਤਾ ਅਤੇ ਆਖ਼ਰੀ ਸਮੇਂ ਉਹ ਆਪਣੇ ਬੱਚਿਆਂ ਦਾ ਮੂੰਹ ਤੱਕ ਨਹੀਂ ਦੇਖ ਸਕੇ। ਇਸ ਵੇਲੇ ਕਰੀਬ 1.5 ਲੱਖ ਮਾਪੇ ਵੀਜ਼ਾ ਅਰਜ਼ੀਆਂ ਫਾਈਲਾਂ ਦੇ ਢੇਰ ਹੇਠਾਂ ਦੱਬੀਆਂ ਹੋਈਆਂ ਹਨ। ਸਰਕਾਰ ਵੱਲੋਂ ਹਰ ਸਾਲ ਜਾਰੀ ਕੀਤੇ ਜਾਣ ਵਾਲੇ ਵੀਜ਼ਿਆਂ ਦਾ ਕੋਟਾ ਇੰਨਾ ਘੱਟ ਹੈ ਕਿ ਇਸ ਰਫ਼ਤਾਰ ਨਾਲ ਮੌਜੂਦਾ ਅਰਜ਼ੀਆਂ ਦਾ ਨਿਪਟਾਰਾ ਹੋਣਾ ਅਸੰਭਵ ਜਾਪਦਾ ਹੈ।

ਆਸਟਰੇਲੀਆ ਦੀ ਆਰਥਿਕਤਾ ਅਤੇ ਸਮਾਜ ਵਿੱਚ ਵੱਡਾ ਯੋਗਦਾਨ ਪਾਉਣ ਵਾਲੇ ਪਰਵਾਸੀ ਭਾਈਚਾਰੇ ਵਿੱਚ ਇਸ ਵੇਲੇ ਸਰਕਾਰ ਖ਼ਿਲਾਫ਼ ਤਿੱਖੀ ਨਾਰਾਜ਼ਗੀ ਹੈ। ਭਾਈਚਾਰੇ ਦੇ ਆਗੂਆਂ ਅਤੇ ਮਾਈਗਰੇਸ਼ਨ ਮਾਹਿਰਾਂ ਦਾ ਕਹਿਣਾ ਹੈ ਕਿ ਕਿਸੇ ਵੀ ਸੱਭਿਅਕ ਦੇਸ਼ ਦੀ ਸਰਕਾਰ ਲਈ ਪਰਿਵਾਰਾਂ ਨੂੰ ਇਸ ਤਰ੍ਹਾਂ ਵਿਛੋੜ ਕੇ ਰੱਖਣਾ ਕਿਸੇ ਮਾਨਸਿਕ ਜ਼ੁਲਮ ਤੋਂ ਘੱਟ ਨਹੀਂ ਹੈ।

ਪ੍ਰਵਾਸੀ ਭਾਈਚਾਰੇ ਦਾ ਕਹਿਣਾ ਹੈ ਕਿ ਵੀਜ਼ਾ ਕੋਟਾ ਵਧਾਇਆ ਜਾਵੇ। ਹਰ ਸਾਲ ਮਾਪੇ ਵੀਜ਼ਿਆਂ ਲਈ ਨਿਰਧਾਰਤ ਸੀਟਾਂ ਦੀ ਗਿਣਤੀ ਵਿੱਚ ਤੁਰੰਤ ਵੱਡਾ ਵਾਧਾ ਕੀਤਾ ਜਾਵੇ। ਬਜ਼ੁਰਗਾਂ ਦੀ ਉਮਰ ਨੂੰ ਮੁੱਖ ਰੱਖਦਿਆਂ ਅਰਜ਼ੀਆਂ ਦਾ ਨਿਪਟਾਰਾ ਫਾਸਟ-ਟ੍ਰੈਕ 'ਤੇ ਕੀਤਾ ਜਾਵੇ। ਪਰਿਵਾਰਕ ਮਿਲਾਪ ਨੂੰ ਇੱਕ ਬੁਨਿਆਦੀ ਮਨੁੱਖੀ ਅਧਿਕਾਰ ਮੰਨਿਆ ਜਾਵੇ, ਨਾ ਕਿ ਸਿਰਫ਼ ਇੱਕ ਕਮਾਈ ਦਾ ਜ਼ਰੀਆ।

ਜੇਕਰ ਆਸਟਰੇਲੀਆ ਸਰਕਾਰ ਨੇ ਆਪਣੀਆਂ ਵੀਜ਼ਾ ਨੀਤੀਆਂ ਵਿੱਚ ਤੁਰੰਤ ਸੁਧਾਰ ਨਾ ਕੀਤਾ, ਤਾਂ ਪਰਿਵਾਰਾਂ ਦੇ ਟੁੱਟਣ ਅਤੇ ਆਪਣੇ ਪਿਆਰਿਆਂ ਨੂੰ ਆਖ਼ਰੀ ਵਾਰ ਨਾ ਮਿਲ ਸਕਣ ਦਾ ਇਹ ਦਰਦਨਾਕ ਸਿਲਸਿਲਾ ਇਵੇਂ ਹੀ ਜਾਰੀ ਰਹੇਗਾ, ਜੋ ਕਿ ਇੱਕ ਵਿਕਸਿਤ ਦੇਸ਼ ਦੇ ਮੱਥੇ 'ਤੇ ਵੱਡਾ ਕਲੰਕ ਹੈ।

# 2027 ਚੋਣਾਂ ਲਈ ਅਕਾਲੀ ਦਲ ਸਰਗਰਮ

## ✪ ਚੋਣ ਮਨੋਰਥ ਪੱਤਰ ਕਮੇਟੀ ਗਠਿਤ; 'ਆਪ' ਸਰਕਾਰ ਖ਼ਿਲਾਫ਼ ਚਾਰਜਸ਼ੀਟ ਲਿਆਉਣ ਦਾ ਫੈਸਲਾ

ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਨੇ ਸਾਲ 2027 ਵਿੱਚ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਲਈ ਅਜੇ ਤੋਂ ਹੀ ਕਮਰ ਕੱਸ ਲਈ ਹੈ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਹੋਈ ਕੋਰ ਕਮੇਟੀ ਅਤੇ ਹਲਕਾ ਇੰਚਾਰਜਾਂ ਦੀ ਅਹਿਮ ਮੀਟਿੰਗ ਵਿੱਚ 2027 ਦੀਆਂ ਚੋਣਾਂ ਵਾਸਤੇ ਚੋਣ ਮਨੋਰਥ ਪੱਤਰ ਤਿਆਰ ਕਰਨ ਲਈ ਇੱਕ ਵਿਸ਼ੇਸ਼ ਕਮੇਟੀ ਗਠਿਤ ਕਰਨ ਦਾ ਫੈਸਲਾ ਕੀਤਾ ਗਿਆ ਹੈ। ਪਾਰਟੀ ਨੇ ਐਲਾਨ ਕੀਤਾ ਕਿ ਉਹ ਇਸ ਚੋਣ ਮਨੋਰਥ ਪੱਤਰ ਨੂੰ ਇੱਕ 'ਕਾਨੂੰਨੀ ਦਸਤਾਵੇਜ਼' ਮੰਨੇਗੀ ਅਤੇ ਸਰਕਾਰ ਬਣਨ ਦੇ ਤੁਰੰਤ ਬਾਅਦ ਪਹਿਲੀ ਹੀ ਕੈਬਨਿਟ ਮੀਟਿੰਗ ਵਿੱਚ ਇਸ ਨੂੰ ਲਾਗੂ ਕੀਤਾ ਜਾਵੇਗਾ।

ਇਸ ਦੇ ਨਾਲ ਹੀ, ਅਕਾਲੀ ਦਲ ਨੇ ਪੰਜਾਬ ਦੀ ਮੌਜੂਦਾ ਆਮ ਆਦਮੀ ਪਾਰਟੀ (ਆਪ) ਸਰਕਾਰ ਖ਼ਿਲਾਫ਼ ਇੱਕ 'ਚਾਰਜਸ਼ੀਟ' ਤਿਆਰ ਕਰਨ ਦਾ ਫੈਸਲਾ ਕੀਤਾ ਹੈ। ਇਸ ਚਾਰਜਸ਼ੀਟ ਰਾਹੀਂ ਪਾਰਟੀ ਲੋਕਾਂ ਸਾਹਮਣੇ ਇਹ ਪੋਲ੍ਹ ਖੋਲ੍ਹੇਗੀ ਕਿ ਕਿਸ ਤਰ੍ਹਾਂ 'ਆਪ' ਸਰਕਾਰ ਨੇ ਪੰਜਾਬ ਦੇ ਸਰੋਤਾਂ ਨੂੰ ਲੁੱਟਿਆ ਹੈ ਅਤੇ ਸੂਬੇ ਦੀ ਕਾਨੂੰਨ ਵਿਵਸਥਾ ਤੇ ਅਰਥਚਾਰੇ ਨੂੰ ਤਬਾਹ ਕੀਤਾ ਹੈ।



'ਆਪਣਾ ਪੰਜਾਬ ਆਪ ਬਚਾਈਏ' ਮੁਹਿੰਮ ਦੀ ਸ਼ੁਰੂਆਤ-ਮੀਟਿੰਗ ਦੇ ਫੈਸਲਿਆਂ ਬਾਰੇ ਜਾਣਕਾਰੀ ਦਿੰਦਿਆਂ ਪਾਰਟੀ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਦੱਸਿਆ ਕਿ ਪੰਜਾਬ ਵਿੱਚ ਹੜ੍ਹਾਂ ਕਾਰਨ ਹੋਈ ਫ਼ਸਲਾਂ ਅਤੇ ਘਰਾਂ ਦੀ ਤਬਾਹੀ ਦੇ ਮੱਦੇਨਜ਼ਰ ਪਾਰਟੀ 'ਆਪਣਾ ਪੰਜਾਬ ਆਪ ਬਚਾਈਏ' ਮੁਹਿੰਮ ਸ਼ੁਰੂ ਕਰਨ ਜਾ ਰਹੀ ਹੈ। ਡਾ. ਚੀਮਾ ਨੇ ਦੋਸ਼ ਲਾਇਆ ਕਿ 'ਆਪ' ਸਰਕਾਰ ਪਿਛਲੇ ਸਾਲ ਦੇ ਹੜ੍ਹਾਂ ਤੋਂ ਕੋਈ ਸਬਕ ਸਿੱਖਣ ਵਿੱਚ ਨਾਕਾਮ ਰਹੀ ਹੈ ਅਤੇ ਨਾ ਹੀ ਕਿਸਾਨਾਂ ਨੂੰ ਕੋਈ ਮੁਆਵਜ਼ਾ ਦਿੱਤਾ ਗਿਆ ਹੈ।

24 ਜੁਲਾਈ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਨਿਕਲੇਗੀ 'ਵਹੀਰ-ਅਕਾਲੀ ਦਲ ਨੇ ਐਲਾਨ ਕੀਤਾ ਕਿ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਲੀਡਰਸ਼ਿਪ ਹੇਠ ਉਲੀਕੇ ਗਏ ਧਾਰਮਿਕ ਪ੍ਰੋਗਰਾਮਾਂ ਵਿੱਚ ਵੱਧ-ਚੜ੍ਹ ਕੇ ਹਿੱਸਾ ਲਵੇਗਾ। 24 ਜੁਲਾਈ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਇੱਕ 'ਵਹੀਰ' (ਧਾਰਮਿਕ ਯਾਤਰਾ) ਸ਼ੁਰੂ ਹੋਵੇਗੀ, ਜੋ ਸ੍ਰੀ ਤਲਵੰਡੀ ਸਾਬੋ ਹੁੰਦੀ ਹੋਈ ਸ੍ਰੀ ਆਨੰਦਪੁਰ ਸਾਹਿਬ ਪਹੁੰਚੇਗੀ। ਇਸ ਦਾ ਮਕਸਦ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕੀਤੀ ਗਈ ਕਥਿਤ ਬੇਅਦਬੀ ਅਤੇ ਧਾਰਮਿਕ ਗੁਨਾਹਾਂ ਨੂੰ ਸੰਗਤ ਸਾਹਮਣੇ ਬੇਨਕਾਬ ਕਰਨਾ ਹੈ।

ਸਿਆਸੀ ਕਾਨਫਰੰਸਾਂ: ਅਕਾਲੀ ਦਲ ਵੱਲੋਂ 15 ਅਗਸਤ ਨੂੰ ਸ਼ਹੀਦ ਕਰਨੈਲ ਸਿੰਘ ਈਸੜੂ, 20 ਅਗਸਤ ਨੂੰ ਸ਼ਹੀਦ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਸ਼ਹੀਦੀ ਦਿਹਾੜੇ ਅਤੇ ਰੱਖੜ ਪੁੰਨਿਆ ਦੇ ਮੌਕੇ ਬਾਬਾ ਬਕਾਲਾ ਵਿਖੇ ਵਿਸ਼ਾਲ ਕਾਨਫਰੰਸਾਂ ਕੀਤੀਆਂ ਜਾਣਗੀਆਂ।

ਕੇਂਦਰ ਸਰਕਾਰ ਨੂੰ ਅਪੀਲ-ਅਕਾਲੀ ਦਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਪੰਜਾਬ ਦੌਰੇ ਦੌਰਾਨ ਕਰਤਾਰਪੁਰ ਸਾਹਿਬ ਲਾਂਘੇ ਦੇ ਨਾਲ-ਨਾਲ ਵਪਾਰ ਲਈ ਵਾਹਗਾ ਸਰਹੱਦ ਖੋਲ੍ਹਣ ਦਾ ਐਲਾਨ ਕਰਨ। ਇਸ ਤੋਂ ਇਲਾਵਾ, ਪੰਜਾਬ ਦੇ ਵਿਕਾਸ, ਸਰਹੱਦੀ ਇਲਾਕਿਆਂ ਲਈ ਵਿਸ਼ੇਸ਼ ਪੈਕੇਜ ਅਤੇ ਸਮਰਥਨ ਮੁਲ ਦੀ ਕਾਨੂੰਨੀ ਗਾਰੰਟੀ ਦੇਣ ਦੀ ਵੀ ਮੰਗ ਕੀਤੀ ਗਈ।

# ਬੇਅਦਬੀ ਮਾਮਲੇ 'ਚ ਇਨਸਾਫ਼ ਕਿਉਂ ਨਹੀਂ ?

## ✪ ਗਿਆਨੀ ਹਰਪ੍ਰੀਤ ਸਿੰਘ ਨੇ ਪੰਜਾਬ ਸਰਕਾਰ ਨੂੰ ਘੇਰਿਆ

ਅੰਮ੍ਰਿਤਸਰ-ਅਕਾਲੀ ਦਲ ਪੁਨਰ-ਸੁਰਜੀਤ' ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਬੇਅਦਬੀ, ਬਹਿਬਲ ਕਲਾਂ ਅਤੇ ਕੋਟਕਪੂਰਾ ਗੋਲੀਕਾਂਡ ਮਾਮਲਿਆਂ ਵਿੱਚ ਹੋ ਰਹੀ ਦੇਰੀ ਨੂੰ ਲੈ ਕੇ ਮੌਜੂਦਾ 'ਆਪ' ਸਰਕਾਰ ਸਣੇ ਪਿਛਲੀਆਂ ਅਕਾਲੀ ਅਤੇ ਕਾਂਗਰਸ ਸਰਕਾਰਾਂ 'ਤੇ ਤਿੱਖੇ ਨਿਸ਼ਾਨੇ ਸਾਧੇ ਹਨ। ਉਨ੍ਹਾਂ ਸਵਾਲ ਚੁੱਕਿਆ ਕਿ ਹਰ ਵਾਰ ਨਵੀਂ ਵਿਸ਼ੇਸ਼ ਜਾਂਚ ਟੀਮ ਬਣਾ ਕੇ ਸਿਰਫ਼ ਸੰਮਨ ਹੀ ਜਾਰੀ ਕੀਤੇ ਜਾ ਰਹੇ ਹਨ, ਜੋ ਕਿ ਇਨਸਾਫ਼ ਵਿੱਚ ਦੇਰੀ ਕਰਨ ਵਰਗਾ ਹੈ। ਜਦੋਂ ਪੁਰਾਣੀਆਂ ਸਿਟਾਂ ਦੀਆਂ ਪਹਿਲਾਂ ਹੀ ਰਿਪੋਰਟਾਂ ਦੇ ਚੁੱਕੀਆਂ ਹਨ, ਤਾਂ ਸਰਕਾਰ ਨੂੰ ਉਨ੍ਹਾਂ ਦੇ ਆਧਾਰ 'ਤੇ ਤੁਰੰਤ ਕਾਰਵਾਈ ਕਰਨੀ ਚਾਹੀਦੀ ਹੈ। ਉਨ੍ਹਾਂ ਦੋਸ਼ ਲਾਇਆ ਕਿ 2015 ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਚੋਰੀ ਹੋਣ ਅਤੇ ਬੇਅਦਬੀ ਦੌਰਾਨ ਜਿਨ੍ਹਾਂ ਵਿਅਕਤੀਆਂ ਦੇ ਨਾਮ ਸਾਹਮਣੇ ਆਏ ਸਨ, ਉਨ੍ਹਾਂ ਤੋਂ ਪੁੱਛਗਿੱਛ ਨਹੀਂ ਕੀਤੀ ਗਈ। ਇਸ ਦੇ ਉਲਟ, ਗ੍ਰੰਥੀ ਦੇ ਪਰਿਵਾਰ ਅਤੇ ਅੰਮ੍ਰਿਤਧਾਰੀ ਸਿੱਖ ਨੌਜਵਾਨਾਂ ਨੂੰ ਤੰਗ-ਪ੍ਰੇਸ਼ਾਨ ਕੀਤਾ ਗਿਆ। ਉਨਾਂ ਕਿਹਾ ਕਿ ਇਹ ਮਾਮਲਾ ਸਿੱਖ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ ਨਾਲ ਜੁੜਿਆ ਹੋਇਆ ਹੈ, ਇਸ ਲਈ ਪੰਜਾਬ ਸਰਕਾਰ ਨੂੰ ਬਿਨਾਂ ਕਿਸੇ ਦੇਰੀ ਦੇ ਅਸਲ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕਰਕੇ ਇਨਸਾਫ਼ ਯਕੀਨੀ ਬਣਾਉਣਾ ਚਾਹੀਦਾ ਹੈ।



# ਫਿਲਮ 'ਸਤਲੁਜ' 'ਤੇ ਪਾਬੰਦੀ ਦਾ ਅਨੋਖਾ ਵਿਰੋਧ

## ✪ ਨਾਭਾ ਦੇ ਪਿੰਡ ਥੂਹੀ ਵੱਲੋਂ ਨਿਰਮਾਤਾ ਦੀ ਮਦਦ ਲਈ ਗੁਰਦੁਆਰਾ ਸਾਹਿਬ ਵਿਚ ਲਗਾਈ ਗੋਲਕ

## ✪ ਪਿੰਡ ਵਾਸੀਆਂ ਨੇ ਸਿਨੇਮਾ ਟਿਕਟ ਦੇ ਪੈਸੇ ਫਿਲਮ ਨਿਰਮਾਤਾ ਨੂੰ ਭੇਜਣ ਦਾ ਲਿਆ ਫੈਸਲਾ

ਨਾਭਾ-ਨਾਭਾ ਦੇ ਨੇੜਲੇ ਪਿੰਡ ਥੂਹੀ ਦੇ ਵਸਨੀਕਾਂ ਨੇ ਵਿਵਾਦਾਂ ਵਿੱਚ ਘਿਰੀ ਫਿਲਮ 'ਸਤਲੁਜ' ਦੇ ਨਿਰਮਾਤਾ ਦੀ ਆਰਥਿਕ ਮਦਦ ਅਤੇ ਹਮਾਇਤ ਲਈ ਪਿੰਡ ਦੇ ਇਤਿਹਾਸਕ ਗੁਰਦੁਆਰਾ ਸਾਹਿਬ ਦੀ ਬਾਹਰੀ ਹਦੂਦ ਵਿੱਚ ਇੱਕ ਵਿਸ਼ੇਸ਼ ਗੋਲਕ ਲਗਾਈ ਹੈ। ਪਿੰਡ ਵਾਸੀਆਂ ਨੇ ਫਿਲਮ 'ਤੇ ਲੱਗੀ ਪਾਬੰਦੀ ਦਾ ਵਿਰੋਧ ਕਰਦਿਆਂ ਆਪਣੀ-ਆਪਣੀ ਸਿਨੇਮਾ ਟਿਕਟ ਦੇ ਪੈਸੇ ਇਸ ਗੋਲਕ ਰਾਹੀਂ ਨਿਰਮਾਤਾ ਨੂੰ ਭੇਜਣ ਦਾ ਫੈਸਲਾ ਕੀਤਾ ਹੈ।

ਪੰਚਾਇਤ ਮੈਂਬਰ ਅਮਰੀਕ ਸ਼ਰਮਾ ਅਤੇ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਦਲਵੀਰ ਸਿੰਘ ਅਨੁਸਾਰ, ਫਿਲਮ 'ਤੇ ਪਾਬੰਦੀ ਕਾਰਨ ਨਿਰਮਾਤਾ ਨੂੰ ਹੋਣ ਵਾਲੇ ਵਿੱਤੀ ਨੁਕਸਾਨ ਦੀ ਭਰਪਾਈ ਲਈ ਇਹ ਛੋਟਾ ਜਿਹਾ ਯਤਨ ਕੀਤਾ ਗਿਆ ਹੈ, ਤਾਂ ਜੋ ਭਵਿੱਖ ਵਿੱਚ ਕੋਈ ਅਜਿਹੇ ਗੰਭੀਰ ਵਿਸ਼ਿਆਂ 'ਤੇ ਫਿਲਮ ਬਣਾਉਣ ਤੋਂ ਨਿਰਾਸ਼ ਨਾ ਹੋਵੇ। ਇਹ ਗੋਲਕ ਇੱਕ ਮਹੀਨੇ ਲਈ ਲਗਾਈ ਗਈ ਹੈ, ਜਿਸ ਵਿੱਚ ਪਹਿਲੇ ਦਿਨ ਹੀ ਲੋਕਾਂ ਨੇ 10 ਤੋਂ 200 ਰੁਪਏ ਤੱਕ ਦੀ ਰਾਸ਼ੀ ਪਾਈ।




ਪਿੰਡ ਵਾਸੀਆਂ ਨੇ ਫਿਲਮ ਦੇ ਮੁੱਖ ਅਦਾਕਾਰ ਦਿਲਜੀਤ ਦੋਸਾਂਝ ਅਤੇ ਨਿਰਮਾਤਾ ਹਨੀ ਤਰੇਹਨ ਦੇ ਜਜ਼ਬੇ ਦੀ ਸ਼ਲਾਘਾ ਕੀਤੀ। 10 ਜੁਲਾਈ ਨੂੰ ਪਿੰਡ ਵਿੱਚ ਇਸ ਫਿਲਮ ਦੀ ਪ੍ਰੋਜੈਕਟਰ ਰਾਹੀਂ ਸਕ੍ਰੀਨਿੰਗ ਕੀਤੀ ਗਈ ਸੀ, ਜਿਸ ਦਾ ਲੋਕਾਂ ਦੇ ਮਨਾਂ 'ਤੇ ਡੂੰਘਾ ਪ੍ਰਭਾਵ ਪਿਆ। ਅਗਲੇ ਹਫ਼ਤੇ ਫਿਰ ਫਿਲਮ ਦਿਖਾਈ ਜਾਵੇਗੀ।

ਹਿੰਦੀ ਭਾਸ਼ਾ ਵਿੱਚ ਬਣੀ ਇਹ ਫਿਲਮ ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ ਦੇ ਜੀਵਨ ਅਤੇ ਪੰਜਾਬ ਦੇ ਦੁਖਾਂਤ (ਖਾੜਕੂਵਾਦ ਦੇ ਦੌਰ ਅਤੇ ਪੁਲਿਸ ਤਸ਼ੱਦਦ) 'ਤੇ ਅਧਾਰਿਤ ਹੈ। ਇਜਾਜ਼ਤ ਨਾ ਮਿਲਣ ਕਾਰਨ ਇਹ ਫਿਲਮ 3 ਸਾਲਾਂ ਤੋਂ ਸਿਨੇਮਾ ਘਰਾਂ ਵਿੱਚ ਰਿਲੀਜ਼ ਨਹੀਂ ਹੋ ਸਕੀ ਅਤੇ ਓਟੀਟੀ ਪਲੇਟਫਾਰਮ (ਜੀ5) 'ਤੇ ਆਉਣ ਦੇ ਦੋ ਦਿਨ ਬਾਅਦ ਹੀ ਹਟਾ ਦਿੱਤੀ ਗਈ ਸੀ।

ਹਾਲਾਂਕਿ, ਲੋਕਾਂ ਵੱਲੋਂ ਡਾਊਨਲੋਡ ਕਰਕੇ ਇਸ ਨੂੰ ਪਿੰਡ-ਪਿੰਡ ਸਕ੍ਰੀਨਾਂ ਲਗਾ ਕੇ ਦੇਖਿਆ ਜਾ ਰਿਹਾ ਹੈ।

# ਸਰੀ ਵਿਚ ਰਾਣਾ ਗੁਰਜੀਤ ਦੇ ਕੁੜਮ ਦੇ ਘਰ 'ਤੇ ਅੰਨ੍ਹੇਵਾਹ ਫਾਇਰਿੰਗ

ਕੈਨੇਡਾ-ਇੱਥੋਂ ਦੇ ਸਰੀ ਸਥਿਤ ਕਲੋਵਰਡੇਲ ਏਰੀਏ ਵਿੱਚ ਇੱਕ ਨਾਮੀ ਡਿਵੈਲਪਰ ਦੇ ਘਰ 'ਤੇ ਅਣਪਛਾਤੇ ਲੋਕਾਂ ਵੱਲੋਂ ਅੰਨ੍ਹੇਵਾਹ ਗੋਲੀਆਂ ਚਲਾਈਆਂ ਗਈਆਂ। ਇਹ ਘਟਨਾ ਇਲਾਕੇ ਦੀ ਪ੍ਰਮੁੱਖ ਸ਼ਖ਼ਸੀਅਤ ਤੇ ਡਿਵੈਲਪਰ ਪਾਲ ਗਿੱਲ ਦੇ ਘਰ ਵਾਪਰੀ। ਪਾਲ ਗਿੱਲ ਪੰਜਾਬ ਦੇ ਸਾਬਕਾ ਮੰਤਰੀ ਤੇ ਵਿਧਾਇਕ ਰਾਣਾ ਗੁਰਜੀਤ ਸਿੰਘ ਦੇ ਕੁੜਮ ਅਤੇ ਸੁਲਤਾਨਪੁਰ ਤੋਂ ਆਜ਼ਾਦ ਵਿਧਾਇਕ ਰਣਇੰਦਰ ਸਿੰਘ ਦੇ ਸਹੁਰਾ ਸਾਹਿਬ ਹੈ। ਸੂਤਰਾਂ ਮੁਤਾਬਕ ਇਸ ਗੋਲੀਬਾਰੀ ਪਿੱਛੇ ਸਾਢੇ ਤਿੰਨ ਕਰੋੜ ਰੁਪਏ ਦੀ ਫਿਰੌਤੀ ਮੰਗੇ ਜਾਣ ਦਾ ਮਾਮਲਾ ਹੈ, ਜਿਸ ਨੂੰ ਦੇਣ ਤੋਂ ਪਾਲ ਗਿੱਲ ਨੇ ਨਾਂਹ ਕਰ ਦਿੱਤੀ ਸੀ। ਇਸ ਗੋਲੀਬਾਰੀ ਦੌਰਾਨ ਕਿਸੇ ਦੇ ਵੀ ਜ਼ਖ਼ਮੀ ਹੋਣ ਦੀ ਕੋਈ ਖ਼ਬਰ ਨਹੀਂ ਹੈ। ਪੁਲਿਸ ਵੱਲੋਂ ਵੱਖ-ਵੱਖ ਐਂਗਲਾਂ ਤੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਉੱਚ ਸਿੱਖਿਆ ਦੇ ਭਗਵੇਂਕਰਨ ਦਾ ਕੁਹਾੜਾ

**✪ ਜਾਮੀਆ ਤੇ ਜੇ.ਐੱਨ.ਯੂ. ਦੀ ਲੋਕਤੰਤਰੀ ਪਛਾਣ ਨੂੰ ਬਦਲਣ ਦੀਆਂ ਕੋਸ਼ਿਸ਼ਾਂ ਤੇਜ਼ ✪ ਯੂਨੀਵਰਸਿਟੀਆਂ ਵਿਚ ਭੈਅ ਤੇ ਖਾਮੋਸ਼ੀ ਦਾ ਮਾਹੌਲ, ਅਧਿਆਪਕਾਂ ਤੇ ਵਿਦਿਆਰਥੀਆਂ ਦੇ ਅਧਿਕਾਰਾਂ ਦਾ ਘਾਣ ✪ ਦਲਿਤਾਂ ਅਤੇ ਪੱਛੜਿਆਂ ਵਿਰੁੱਧ ਬਿਆਨਬਾਜ਼ੀ ਦੇ ਗੰਭੀਰ ਅਸਰ**

ਭਾਰਤ ਦੀ ਆਜ਼ਾਦੀ ਦੇ ਸੰਗਰਾਮ ਦੌਰਾਨ ਬਸਤੀਵਾਦੀ ਸ਼ਾਸਨ ਦੇ ਵਿਰੁੱਧ 'ਇੱਕ-ਇੱਕ ਪੱਥਰ ਅਤੇ ਇੱਕ-ਇੱਕ ਕੁਰਬਾਨੀ' ਦੇ ਸਿਧਾਂਤ 'ਤੇ ਖੜ੍ਹੀ ਕੀਤੀ ਗਈ ਇਤਿਹਾਸਕ ਸੰਸਥਾ ਜਾਮੀਆ ਮਿਲੀਆ ਇਸਲਾਮੀਆ ਭਗਵੇਂ ਹਮਲਿਆਂ ਤੇ ਅਜਿਹੇ ਅੰਦਰੂਨੀ ਬਦਲਾਅ ਦੀ ਗਵਾਹ ਬਣ ਰਹੀ ਹੈ, ਜਿਸ ਨੇ ਦੇਸ਼ ਦੇ ਸਿੱਖਿਆ ਸ਼ਾਸਤਰੀਆਂ, ਬੁੱਧੀਜੀਵੀਆਂ ਅਤੇ ਵਿਦਿਆਰਥੀ ਜਗਤ ਨੂੰ ਡੂੰਘੀ ਚਿੰਤਾ ਵਿੱਚ ਪਾ ਦਿੱਤਾ ਹੈ। ਦੇਸ਼ ਦੇ ਪ੍ਰਮੁੱਖ ਉੱਚ ਸਿੱਖਿਆ ਅਦਾਰਿਆਂ ਵਿੱਚੋਂ ਆ ਰਹੀਆਂ ਖ਼ਬਰਾਂ ਮੁਤਾਬਕ, ਯੂਨੀਵਰਸਿਟੀਆਂ ਦੀ ਲੋਕਤੰਤਰੀ, ਬਹੁਲਵਾਦੀ ਅਤੇ ਆਲੋਚਨਾਤਮਕ ਸੋਚ ਦੀ ਵਿਰਾਸਤ ਨੂੰ ਯੋਜਨਾਬੱਧ ਤਰੀਕੇ ਨਾਲ ਕਮਜ਼ੋਰ ਕਰਨ ਦੇ ਸੰਘ ਪਰਿਵਾਰ ਉਪਰ ਗੰਭੀਰ ਦੋਸ਼ ਲੱਗ ਰਹੇ ਹਨ। ਇਸ ਵਿਚਾਰਧਾਰਕ ਟਕਰਾਅ ਦੀ ਸਭ ਤੋਂ ਪ੍ਰਤੱਖ ਮਿਸਾਲ 28 ਅਪ੍ਰੈਲ, 2026 ਨੂੰ ਦੇਖਣ ਨੂੰ ਮਿਲੀ, ਜਦੋਂ ਰਾਸ਼ਟਰੀ ਸਵੈਮ ਸੇਵਕ ਸੰਘ ਦੀ 100ਵੀਂ ਵਰ੍ਹੇਗੰਢ ਦੇ ਜਸ਼ਨਾਂ ਦੇ ਹਿੱਸੇ ਵਜੋਂ ਜਾਮੀਆ ਕੈਂਪਸ ਦੇ ਅੰਦਰ 'ਯੁਵਾ ਕੁੰਭ' ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਦੌਰਾਨ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਵੱਲੋਂ ਦਿੱਤੇ ਗਏ ਜਨਤਕ ਬਿਆਨਾਂ ਨੇ ਦੇਸ਼ ਭਰ ਵਿੱਚ ਇੱਕ ਨਵਾਂ ਵਿਵਾਦ ਛੇੜ ਦਿੱਤਾ ਹੈ।

ਕੌਣ ਅਤੇ ਕਿਸ ਤਰ੍ਹਾਂ ਬਦਲ ਰਿਹਾ ਹੈ ਜਾਮੀਆ ਦੀ ਪਛਾਣ ?-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੇ ਕਾਰਜਕਾਲ ਦੌਰਾਨ ਉੱਚ ਸਿੱਖਿਆ ਸੰਸਥਾਵਾਂ ਦੇ ਕੀਤੇ ਜਾ ਰਹੇ ਪੁਨਰਗਠਨ ਦੇ ਸੰਦਰਭ ਵਿੱਚ, ਆਲੋਚਕਾਂ ਅਤੇ ਵਿਦਿਆਰਥੀ ਜਥੇਬੰਦੀਆਂ ਦਾ ਦੋਸ਼ ਹੈ ਕਿ ਯੂਨੀਵਰਸਿਟੀ ਪ੍ਰਸ਼ਾਸਨ ਅਤੇ ਸੱਜੇ-ਪੱਖੀ ਤਾਕਤਾਂ ਦੇ ਗਠਜੋੜ ਦੁਆਰਾ ਇਸ ਦੀ ਮੂਲ ਪਛਾਣ ਨੂੰ ਬਦਲਿਆ ਜਾ ਰਿਹਾ ਹੈ।

'ਯੁਵਾ ਕੁੰਭ' ਦੌਰਾਨ ਵਾਈਸ ਚਾਂਸਲਰ ਨੇ ਬਿਆਨ ਦਿੱਤਾ ਸੀ ਕਿ ''ਸਾਡੇ ਡੀ ਐੱਨ ਏ ਵਿੱਚ ਮਹਾਦੇਵ ਦਾ ਡੀ ਐੱਨ ਏ ਹੈ।'' ਇਸ ਦੇ ਨਾਲ ਹੀ ਉਨ੍ਹਾਂ ਇਹ ਵੀ ਕਿਹਾ, ''ਅਸੀਂ ਸਮਾਜਵਾਦ, ਪੂੰਜੀਵਾਦ ਅਤੇ ਗਾਂਧੀਵਾਦ ਸਭ ਦੇਖ ਲਿਆ, ਹੁਣ ਸਾਨੂੰ ਸਨਾਤਨਵਾਦ ਨੂੰ ਦੇਖਣਾ ਪਵੇਗਾ ਤੇ ਇੱਕ ਮੌਕਾ ਇਸ ਨੂੰ ਵੀ ਦੇਣਾ ਪਵੇਗਾ।''

ਯੂਨੀਵਰਸਿਟੀਆਂ ਦੇ ਜਮਹੂਰੀ ਅਧਿਕਾਰਾਂ ਦਾ ਘਾਣ-ਇਹ ਵਿਚਾਰਧਾਰਕ ਕਬਜ਼ਾ ਅਤੇ ਦਮਨ ਸਿਰਫ਼ ਇੱਕ ਸੰਸਥਾ ਤੱਕ ਸੀਮਤ ਨਹੀਂ ਹੈ, ਬਲਕਿ ਦੇਸ਼ ਦੀਆਂ ਦੋ ਸਭ ਤੋਂ ਪ੍ਰਮੁੱਖ ਯੂਨੀਵਰਸਿਟੀਆਂ-ਜਾਮੀਆ ਮਿਲੀਆ ਇਸਲਾਮੀਆ ਅਤੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ-ਸੰਘ ਪਰਿਵਾਰ ਦਾ ਮੁੱਖ ਨਿਸ਼ਾਨਾ ਬਣੀਆਂ ਹਨ।

ਜਾਮੀਆ ਮਿਲੀਆ ਇਸਲਾਮੀਆ ਦੀ ਵਿਰਾਸਤ ਦਾ ਸੰਸਥਾਗਤ ਦਮਨ -ਸੀ.ਏ.ਏ.-ਐੱਨ.ਆਰ.ਸੀ ਵਿਰੋਧੀ ਅੰਦੋਲਨ ਦੌਰਾਨ, ਆਪਣੇ ਵਿਦਿਆਰਥੀਆਂ ਦੇ ਜਮਹੂਰੀ ਅਤੇ ਨਾਗਰਿਕ ਅਧਿਕਾਰਾਂ ਦੀ ਰੱਖਿਆ ਕਰਨ ਦੀ ਬਜਾਏ, ਪ੍ਰਸ਼ਾਸਨ ਖੁਦ ਪ੍ਰਦਰਸ਼ਨਕਾਰੀਆਂ ਨੂੰ ਬੇਰਹਿਮੀ ਨਾਲ ਦਬਾਉਣ ਦੀ ਪ੍ਰਕਿਰਿਆ ਦਾ ਹਿੱਸਾ ਬਣਿਆ।

ਯੂਨੀਵਰਸਿਟੀ ਦੀ ਖੁਦਮੁਖਤਿਆਰੀ ਦੀ ਆਵਾਜ਼ ਮੰਨੀ ਜਾਂਦੀ 'ਜਾਮੀਆ ਟੀਚਰਜ਼ ਐਸੋਸੀਏਸ਼ਨ' ਨੂੰ ਪ੍ਰਸ਼ਾਸਨ ਵੱਲੋਂ ਭੰਗ ਕਰ ਦਿੱਤਾ ਗਿਆ ਸੀ (ਹਾਲਾਂਕਿ ਬਾਅਦ ਵਿੱਚ ਦਿੱਲੀ ਹਾਈ ਕੋਰਟ ਨੇ ਇਸ ਫੈਸਲੇ ਨੂੰ ਰੱਦ ਕਰਕੇ ਰਾਹਤ ਦਿੱਤੀ)। ਮੌਜੂਦਾ ਨੀਤੀਆਂ ਦੀ ਆਲੋਚਨਾ ਕਰਨ ਵਾਲੇ ਜੇ.ਟੀ.ਏ. ਦੇ ਪ੍ਰਧਾਨ ਅਤੇ ਸੋਸ਼ਲ ਵਰਕ ਵਿਭਾਗ ਦੇ ਇੱਕ ਪ੍ਰੋਫੈਸਰ ਨੂੰ ਮੁਅੱਤਲ ਕਰ ਦਿੱਤਾ ਗਿਆ। ਪ੍ਰਦਰਸ਼ਨ ਕਰਨ ਵਾਲੇ ਕਈ ਵਿਦਿਆਰਥੀਆਂ ਨੂੰ ਮੁਅੱਤਲ ਕੀਤਾ ਗਿਆ, ਹਿਰਾਸਤ ਵਿੱਚ ਲਿਆ ਗਿਆ ਅਤੇ ਉਨ੍ਹਾਂ ਵਿਰੁੱਧ ਐੱਫ. ਆਈ. ਆਰ. ਦਰਜ ਕੀਤੀਆਂ ਗਈਆਂ।

ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਬੌਧਿਕ ਪਤਨ ਦਾ ਦੌਰ-ਬੌਧਿਕ ਚਿੰਤਨ ਦੇ ਗੜ੍ਹ ਮੰਨੇ ਜਾਣ ਵਾਲੇ ਜੇ.ਐੱਨ.ਯੂ. ਵਿੱਚ ਵੀ ਇਹੋ ਜਿਹਾ ਪੈਟਰਨ ਸਾਹਮਣੇ ਆ ਰਹੀ ਹੈ। ਹਾਲ ਹੀ ਵਿੱਚ ਜੇ.ਐੱਨ.ਯੂ. ਦੇ ਵਾਈਸ ਚਾਂਸਲਰ ਦੁਆਰਾ ਦਲਿਤਾਂ, ਪੱਛੜੀਆਂ ਸ਼੍ਰੇਣੀਆਂ ਅਤੇ ਆਦਿਵਾਸੀਆਂ ਵਿਰੁੱਧ ਦਿੱਤੇ ਗਏ ਵਿਵਾਦਿਤ ਬਿਆਨਾਂ ਨੇ ਯੂਨੀਵਰਸਿਟੀ ਦੇ ਅਕਾਦਮਿਕ ਅਤੇ ਉਸਾਰੂ, ਪ੍ਰਗਤੀਸ਼ੀਲ ਮਾਹੌਲ ਨੂੰ ਭਾਰੀ ਸੱਟ ਮਾਰੀ ਹੈ।

ਪ੍ਰਗਤੀਸ਼ੀਲ ਬੁੱਧੀਜੀਵੀਆਂ ਦਾ ਮੰਨਣਾ ਹੈ ਕਿ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਰਗੇ ਉੱਚ ਕੋਟੀ ਦੇ ਖੋਜ ਕੇਂਦਰ, ਜੋ ਆਪਣੀ ਪ੍ਰਗਤੀਸ਼ੀਲ ਸੋਚ ਲਈ ਪੂਰੀ ਦੁਨੀਆ ਵਿੱਚ ਜਾਣੇ ਜਾਂਦੇ ਹਨ, ਉਨ੍ਹਾਂ ਦਾ ਅਕਾਦਮਿਕ ਮਿਆਰ ਅਜਿਹੇ ਬਿਆਨਾਂ ਨਾਲ ਡਿੱਗਦਾ ਹੈ। ਜਦੋਂ ਵਾਈਸ ਚਾਂਸਲਰ ਵੱਲੋਂ ਕਿਸੇ ਖਾਸ ਵਰਗ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ, ਤਾਂ ਯੂਨੀਵਰਸਿਟੀ ਦੀ ਕੌਮਾਂਤਰੀ ਸਾਖ ਨੂੰ ਵੱਡੀ ਸੱਟ ਵੱਜਦੀ ਹੈ।

ਬੁੱਧੀਜੀਵੀਆਂ ਮੁਤਾਬਕ ਅਜਿਹੇ ਬਿਆਨਾਂ ਨਾਲ ਕੈਂਪਸ ਦੇ ਅੰਦਰ ਦਲਿਤ ਅਤੇ ਪੱਛੜੇ ਵਿਦਿਆਰਥੀਆਂ ਪ੍ਰਤੀ ਜਾਤੀਵਾਦੀ ਟਿੱਪਣੀਆਂ ਅਤੇ ਅਪ੍ਰਤੱਖ ਭੇਦਭਾਵ ਨੂੰ ਸੰਸਥਾਗਤ ਪ੍ਰਵਾਨਗੀ ਮਿਲਣ ਲੱਗਦੀ ਹੈ। ਇਹ ਕਦਮ ਯੂਨੀਵਰਸਿਟੀਆਂ 'ਤੇ ਵਿਚਾਰਧਾਰਕ ਕਬਜ਼ੇ ਨੂੰ ਮੁਮਕਿਨ ਬਣਾਉਣ, ਅਕਾਦਮਿਕ ਜਗਤ ਵਿੱਚ ਸੱਜੇ-ਪੱਖੀ ਸੰਘੀ ਕਾਡਰ ਦੀ ਭਰਤੀ ਕਰਨ ਅਤੇ ਸਰਕਾਰੀ ਯੂਨੀਵਰਸਿਟੀਆਂ ਵਿੱਚ ਨਵ-ਉਦਾਰਵਾਦ ਨੂੰ ਉਤਸ਼ਾਹਿਤ ਕਰਨ ਦੀ ਨੀਤੀ ਦਾ ਹਿੱਸਾ ਹਨ।

ਚਿੰਤਕਾਂ ਦਾ ਕਹਿਣਾ ਹੈ ਕਿ ਇਹ ਬਿਆਨਬਾਜ਼ੀ ਕੋਈ ਇਤਫ਼ਾਕ ਨਹੀਂ ਹੈ, ਬਲਕਿ ਇੱਕ ਸੋਚੀ-ਸਮਝੀ ਰਣਨੀਤੀ ਦਾ ਹਿੱਸਾ ਹੈ। ਇਸ ਦਾ ਮਕਸਦ ਰਾਖਵੇਂਕਰਨ ਦੀ ਨੀਤੀ ਨੂੰ ਨੈਤਿਕ ਤੌਰ 'ਤੇ ਕਮਜ਼ੋਰ ਕਰਨਾ ਹੈ। ਸੱਜੇ-ਪੱਖੀ ਵਿਚਾਰਧਾਰਾ ਦੇ ਤਹਿਤ ਇਹ ਦਰਸਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਹਾਸ਼ੀਏ 'ਤੇ ਪਏ ਵਰਗਾਂ ਦੇ ਲੋਕ ''ਯੋਗਤਾ'' ਦੇ ਮਿਆਰ 'ਤੇ ਪੂਰੇ ਨਹੀਂ ਉਤਰਦੇ, ਜੋ ਕਿ ਸੰਵਿਧਾਨ ਦੇ ਸਮਾਨਤਾ ਦੇ ਅਧਿਕਾਰ 'ਤੇ ਸਿੱਧਾ ਹਮਲਾ ਹੈ।

ਅਰਥਸ਼ਾਸਤਰੀਆਂ ਤੇ ਸਮਾਜਿਕ ਚਿੰਤਕਾਂ ਅਨੁਸਾਰ, ਯੂਨੀਵਰਸਿਟੀਆਂ 'ਤੇ ਵਿਚਾਰਧਾਰਕ ਕਬਜ਼ਾ ਕਰਨ ਦੇ ਨਾਲ-ਨਾਲ ਸਿੱਖਿਆ ਦਾ ਨਿੱਜੀਕਰਨ ਕੀਤਾ ਜਾ ਰਿਹਾ ਹੈ ਅਤੇ ਫੀਸਾਂ ਵਧਾਈਆਂ ਜਾ ਰਹੀਆਂ ਹਨ। ਜਦੋਂ ਦਲਿਤ ਤੇ ਪੱਛੜੇ ਵਰਗ ਬਿਆਨਬਾਜ਼ੀ ਕਾਰਨ ਕੈਂਪਸਾਂ ਵਿੱਚੋਂ ਬਾਹਰ ਹੋਣਗੇ ਜਾਂ ਡਰ ਕੇ ਚੁੱਪ ਕਰ ਜਾਣਗੇ, ਤਾਂ ਸਿੱਖਿਆ ਦੇ ਵਪਾਰੀਕਰਨ ਦਾ ਵਿਰੋਧ ਕਰਨ ਵਾਲੀ ਸਭ ਤੋਂ ਮਜ਼ਬੂਤ ਆਵਾਜ਼ ਆਪਣੇ ਆਪ ਖ਼ਤਮ ਹੋ ਜਾਵੇਗੀ।

ਦਹਿਸ਼ਤ ਅਤੇ ਖਾਮੋਸ਼ੀ ਦਾ ਕੈਂਪਸ ਸੰਸਕ੍ਰਿਤੀ 'ਤੇ ਅਸਰ-ਕੁਝ ਸਾਲ ਪਹਿਲਾਂ ਤੱਕ, ਜਦੋਂ ਵੀ ਦੇਸ਼ ਜਾਂ ਯੂਨੀਵਰਸਿਟੀ ਦੇ ਤਾਣੇ-ਬਾਣੇ 'ਤੇ ਕੋਈ ਹਮਲਾ ਹੁੰਦਾ ਸੀ, ਤਾਂ ਫੈਕਲਟੀ (ਅਧਿਆਪਕ) ਅਤੇ ਵਿਦਿਆਰਥੀ ਫੁੱਟਪਾਊ ਰਾਜਨੀਤੀ ਵਿਰੁੱਧ ਇੱਕਜੁੱਟ ਹੋ ਕੇ ਖੜ੍ਹੇ ਹੁੰਦੇ ਸਨ। ਪਰ ਅੱਜ ਇਹ ਏਕਤਾ ਗਾਇਬ ਨਜ਼ਰ ਆ ਰਹੀ ਹੈ। ਮੁਅੱਤਲੀ ਅਤੇ ਨੌਕਰੀ ਜਾਣ ਦੇ ਡਰ ਕਾਰਨ ਅਧਿਆਪਕ ਵਰਗ ਵਿੱਚ ਇੱਕ ਚਿੰਤਾਜਨਕ ਚੁੱਪੀ ਪਸਰ ਗਈ ਹੈ।

ਪ੍ਰੋਫੈਸਰ ਅਪੂਰਵਾਨੰਦ ਦਾ ਕਹਿਣਾ ਹੈ ਕਿ ਰਬਿੰਦਰਨਾਥ ਟੈਗੋਰ ਨੇ ਕਦੇ ਜਾਮੀਆ ਨੂੰ 'ਭਾਰਤ ਦੇ ਸਭ ਤੋਂ ਪ੍ਰਗਤੀਸ਼ੀਲ ਵਿਦਿਅਕ ਅਦਾਰਿਆਂ ਵਿੱਚੋਂ ਇੱਕ' ਕਿਹਾ ਸੀ। ਮਹਾਤਮਾ ਗਾਂਧੀ ਨੇ ਇੱਕ ਸਮੇਂ ਜਾਮੀਆ ਨੂੰ ਗੰਭੀਰ ਵਿੱਤੀ ਸੰਕਟ ਵਿੱਚੋਂ ਕੱਢਣ ਲਈ ਖੁਦ ਦੇਸ਼ ਵਿਆਪੀ ਸਮਰਥਨ ਜੁਟਾਇਆ ਸੀ - ਜਦਕਿ ਅੱਜ ਉਸੇ ਕੈਂਪਸ ਵਿੱਚ ਉਸ ਸੰਘ ਦਾ ਸ਼ਤਾਬਦੀ ਸਮਾਰੋਹ ਮਨਾਇਆ ਜਾ ਰਿਹਾ ਹੈ ਜਿਸ ਦੇ ਸਹਿਯੋਗੀਆਂ 'ਤੇ ਗਾਂਧੀ ਦੀ ਹੱਤਿਆ ਦੇ ਦੋਸ਼ ਲੱਗੇ ਸਨ।

ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਦਸੰਬਰ 1947 ਵਿੱਚ ਇਲਾਹਾਬਾਦ ਯੂਨੀਵਰਸਿਟੀ ਵਿੱਚ ਭਾਸ਼ਣ ਦਿੰਦਿਆਂ ਇੱਕ ਇਤਿਹਾਸਕ ਚੇਤਾਵਨੀ ਦਿੱਤੀ ਸੀ: ''ਜਦੋਂ ਯੂਨੀਵਰਸਿਟੀਆਂ 'ਤੰਗ ਨਜ਼ਰ ਕੱਟੜਤਾ ਅਤੇ ਛੋਟੇ-ਮੋਟੇ ਮਕਸਦਾਂ ਦਾ ਅੱਡਾ' ਬਣ ਜਾਂਦੀਆਂ ਹਨ ਤਾਂ ਉਹ ਉਸਾਰੂ ਕਾਰਜ ਕਰਨਾ ਬੰਦ ਕਰ ਦਿੰਦੀਆਂ ਹਨ।''

ਉਨ੍ਹਾਂ ਕਿਹਾ ਕਿ ਅੱਜ ਭਾਰਤ ਦੇ ਉੱਚ ਸਿੱਖਿਆ ਦੇ ਖੇਤਰ ਵਿੱਚ ਉਹੀ ਲੋਕਤੰਤਰੀ ਅਤੇ ਆਜ਼ਾਦ ਨਜ਼ਰੀਆ ਤੇਜ਼ੀ ਨਾਲ ਕਮਜ਼ੋਰ ਪੈ ਰਿਹਾ ਹੈ ਜਿਸ ਦੀ ਕਲਪਨਾ ਆਜ਼ਾਦੀ ਦੇ ਪਰਵਾਨਿਆਂ ਨੇ ਕੀਤੀ ਸੀ। ਪਰ ਇਹਨਾਂ ਤਮਾਮ ਪ੍ਰਸ਼ਾਸਨਿਕ ਸਖ਼ਤੀਆਂ, ਡਰ ਦੇ ਮਾਹੌਲ ਅਤੇ ਔਖਿਆਈਆਂ ਦੇ ਬਾਵਜੂਦ, ਯੂਨੀਵਰਸਿਟੀਆਂ ਦਾ ਵਿਦਿਆਰਥੀ ਵਰਗ ਆਪਣੇ ਸਮੂਹਕ ਸੰਘਰਸ਼ ਰਾਹੀਂ ਜਾਮੀਆ ਅਤੇ ਜੇ.ਐੱਨ.ਯੂ. ਦੀ ਅਸਹਿਮਤੀ ਅਤੇ ਪ੍ਰਗਤੀਸ਼ੀਲ ਸੋਚ ਦੀ ਵਿਰਾਸਤ ਨੂੰ ਕਾਇਮ ਰੱਖਣ ਲਈ ਮੈਦਾਨ ਵਿੱਚ ਡਟਿਆ ਹੋਇਆ ਹੈ।

## ਸੰਘ ਪਰਿਵਾਰ ਯੂਨੀਵਰਸਿਟੀਆਂ ਉਪਰ ਕਬਜ਼ਾ ਕਿਉਂ ਕਰਨਾ ਚਾਹੁੰਦਾ ਹੈ ?

ਬੁੱਧੀਜੀਵੀਆਂ, ਸਮਾਜ ਸ਼ਾਸਤਰੀਆਂ ਅਤੇ ਸਿੱਖਿਆ ਸ਼ਾਸਤਰੀਆਂ ਦੇ ਵਿਸ਼ਲੇਸ਼ਣ ਮੁਤਾਬਕ, ਸੰਘ ਪਰਿਵਾਰ ਵੱਲੋਂ ਉੱਚ ਸਿੱਖਿਆ ਅਦਾਰਿਆਂ ਉੱਪਰ ਕਬਜ਼ਾ ਕਰਨ ਦੇ ਪਿੱਛੇ ਹੇਠ ਲਿਖੇ ਮੁੱਖ ਕਾਰਨ ਹਨ:

* ਸੰਘ ਪਰਿਵਾਰ ਦੇ ਸੱਭਿਆਚਾਰਕ ਰਾਸ਼ਟਰਵਾਦ (ਹਿੰਦੂਤਵ) ਦੇ ਏਜੰਡੇ ਨੂੰ ਦੇਸ਼ ਵਿੱਚ ਪੂਰੀ ਤਰ੍ਹਾਂ ਲਾਗੂ ਕਰਨ ਲਈ ਇਹ ਜ਼ਰੂਰੀ ਹੈ ਕਿ ਨਵੀਂ ਪੀੜ੍ਹੀ ਦੀ ਸੋਚ ਨੂੰ ਬਦਲਿਆ ਜਾਵੇ।
* ਯੂਨੀਵਰਸਿਟੀਆਂ ਸਰਕਾਰ ਦੀਆਂ ਗਲਤ ਨੀਤੀਆਂ ਅਤੇ ਫੁੱਟਪਾਊ ਰਾਜਨੀਤੀ ਵਿਰੁੱਧ ਸਭ ਤੋਂ ਤਿੱਖੀ ਆਵਾਜ਼ ਬੁਲੰਦ ਕਰਦੀਆਂ ਹਨ (ਜਿਵੇਂ ਜਾਮੀਆ ਦਾ ਸੀਏਏ-ਐਨਆਰਸੀ ਅੰਦੋਲਨ)। ਸੰਘ ਚਾਹੁੰਦਾ ਹੈ ਕਿ ਕੈਂਪਸਾਂ ਵਿੱਚੋਂ ਸਵਾਲ ਪੁੱਛਣ ਦੀ ਸੰਸਕ੍ਰਿਤੀ ਖ਼ਤਮ ਹੋਵੇ ਤਾਂ ਜੋ ਸੱਤਾ ਨੂੰ ਕੋਈ ਬੌਧਿਕ ਚੁਣੌਤੀ ਨਾ ਮਿਲੇ।
* ਆਪਣੀ ਸਿਆਸੀ ਹੋਂਦ ਨੂੰ ਸਹੀ ਸਾਬਤ ਕਰਨ ਲਈ ਯੂਨੀਵਰਸਿਟੀਆਂ ਦੇ ਸਿਲੇਬਸ (ਪਾਠਕ੍ਰਮ) ਨੂੰ ਬਦਲ ਕੇ, ਵਿਗਿਆਨਕ ਅਤੇ ਤਰਕਸ਼ੀਲ ਸੋਚ ਦੀ ਥਾਂ 'ਸਨਾਤਨਵਾਦ' ਜਾਂ ਮਿਥਿਹਾਸਕ ਗੌਰਵ ਨੂੰ ਸਥਾਪਿਤ ਕਰਨਾ ਇਸ ਰਣਨੀਤੀ ਦਾ ਵੱਡਾ ਹਿੱਸਾ ਹੈ।
* ਜਦੋਂ ਸਰਕਾਰੀ ਯੂਨੀਵਰਸਿਟੀਆਂ ਦੇ ਲੋਕਤੰਤਰੀ ਢਾਂਚੇ ਨੂੰ ਕਮਜ਼ੋਰ ਕਰ ਦਿੱਤਾ ਜਾਵੇਗਾ, ਤਾਂ ਫੀਸਾਂ ਵਿੱਚ ਵਾਧਾ ਕਰਨਾ, ਗਰੀਬ, ਦਲਿਤ ਤੇ ਪੱਛੜੇ ਵਿਦਿਆਰਥੀਆਂ ਨੂੰ ਉੱਚ ਸਿੱਖਿਆ ਤੋਂ ਵਾਂਝੇ ਕਰਨਾ ਅਤੇ ਸਿੱਖਿਆ ਨੂੰ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਨਾ ਸੌਖਾ ਹੋ ਜਾਵੇਗਾ।
* ਇਤਿਹਾਸਕ ਤੌਰ 'ਤੇ ਪ੍ਰਮੁੱਖ ਸਿੱਖਿਆ ਅਦਾਰਿਆਂ ਵਿੱਚ ਖੱਬੇ-ਪੱਖੀ, ਉਦਾਰਵਾਦੀ ਤੇ ਪ੍ਰਗਤੀਸ਼ੀਲ ਵਿਚਾਰਧਾਰਾ ਦਾ ਦਬਦਬਾ ਰਿਹਾ ਹੈ। ਯੂਨੀਵਰਸਿਟੀਆਂ ਦੇ ਸਿਖਰਲੇ ਅਹੁਦਿਆਂ 'ਤੇ ਆਪਣੇ ਪੱਖ ਦੇ ਲੋਕਾਂ ਨੂੰ ਬਿਠਾ ਕੇ ਸੰਘ ਅਕਾਦਮਿਕ ਜਗਤ ਵਿੱਚ ਆਪਣੀ ਪੈਂਠ ਮਜ਼ਬੂਤ ਕਰਨਾ ਚਾਹੁੰਦਾ ਹੈ।

ਸੰਘ ਪਰਿਵਾਰ ਦਾ ਮਕਸਦ ਸਿਰਫ਼ ਪ੍ਰਸ਼ਾਸਨ ਚਲਾਉਣਾ ਨਹੀਂ, ਬਲਕਿ ਭਾਰਤ ਦੀ ਬਹੁ-ਸੱਭਿਆਚਾਰਕ, ਧਰਮ-ਨਿਰਪੱਖ ਅਤੇ ਜਮਹੂਰੀ ਪਛਾਣ ਨੂੰ ਬਦਲ ਕੇ ਇੱਕ ਅਜਿਹੀ ਨਵੀਂ ਪੀੜ੍ਹੀ ਤਿਆਰ ਕਰਨਾ ਹੈ ਜੋ ਸੱਤਾ ਦੇ ਏਜੰਡੇ 'ਤੇ ਸਵਾਲ ਚੁੱਕਣ ਦੀ ਬਜਾਏ ਉਸ ਦੀ ਅਨੁਯਾਈ ਬਣੇ।

# ਟਰੰਪ ਪ੍ਰਸ਼ਾਸਨ ਦਾ ਸਖਤ ਫੈਸਲਾ, ਅਮਰੀਕਾ ਵਿਚ ਸਟੂਡੈਂਟ ਵੀਜ਼ਾ ਨਿਯਮਾਂ ਵਿਚ ਬਦਲਾਅ

## ✪ ਪੀਆਰ ਤੇ ਪੜ੍ਹਾਈ ਦਾ ਸੁਪਨਾ ਦੇਖਣ ਵਾਲਿਆਂ ਨੂੰ ਝਟਕਾ; ਹੁਣ ਸਿਰਫ਼ 4 ਸਾਲ ਹੀ ਰਹਿ ਸਕਣਗੇ ਵਿਦੇਸ਼ੀ ਵਿਦਿਆਰਥੀ ✪ ਗ੍ਰੀਨ ਕਾਰਡ ਲਈ 1 ਕਰੋੜ ਦੇ ਬਾਂਡ ਦੀ ਤਿਆਰੀ

ਖਾਸ ਖਬਰ

ਅਮਰੀਕਾ ਵਿੱਚ ਪੜ੍ਹਾਈ ਕਰਨ ਅਤੇ ਉੱਥੇ ਪੱਕੇ ਹੋਣ ਦਾ ਸੁਪਨਾ ਦੇਖ ਰਹੇ ਲੱਖਾਂ ਵਿਦੇਸ਼ੀ ਵਿਦਿਆਰਥੀਆਂ ਅਤੇ ਪ੍ਰਵਾਸੀਆਂ ਨੂੰ ਟਰੰਪ ਪ੍ਰਸ਼ਾਸਨ ਨੇ ਇੱਕ ਬਹੁਤ ਵੱਡਾ ਝਟਕਾ ਦਿੱਤਾ ਹੈ। ਪ੍ਰਸ਼ਾਸਨ ਵੱਲੋਂ ਸਟੂਡੈਂਟ ਵੀਜ਼ਾ ਨਿਯਮਾਂ ਵਿੱਚ ਇਤਿਹਾਸਕ ਬਦਲਾਅ ਕੀਤੇ ਗਏ ਹਨ ਅਤੇ ਇਸ ਦੇ ਨਾਲ ਹੀ ਗ੍ਰੀਨ ਕਾਰਡ (ਪੀ.ਆਰ.) ਲੈਣ ਦੇ ਚਾਹਵਾਨਾਂ ਲਈ ਇੱਕ ਬਹੁਤ ਹੀ ਸਖ਼ਤ ਵਿੱਤੀ ਨਿਯਮ ਲਿਆਉਣ ਦੀ ਤਿਆਰੀ ਕੀਤੀ ਜਾ ਰਹੀ ਹੈ। ਇਸ ਖ਼ਬਰ ਨੇ ਖਾਸ ਕਰਕੇ ਭਾਰਤੀ ਅਤੇ ਪੰਜਾਬੀ ਵਿਦਿਆਰਥੀਆਂ ਤੇ ਪੇਸ਼ੇਵਰਾਂ ਦੀ ਚਿੰਤਾ ਵਧਾ ਦਿੱਤੀ ਹੈ।

ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ ਨੇ ਦਹਾਕਿਆਂ ਪੁਰਾਣੀ ਵਿਵਸਥਾ ਨੂੰ ਪੂਰੀ ਤਰ੍ਹਾਂ ਖ਼ਤਮ ਕਰ ਦਿੱਤਾ ਹੈ। ਪਹਿਲਾਂ ਵਿਦਿਆਰਥੀ ਜਦੋਂ ਤੱਕ ਆਪਣੀ ਪੜ੍ਹਾਈ ਜਾਰੀ ਰੱਖਦੇ ਸਨ, ਉਹ ਬਿਨਾਂ ਕਿਸੇ ਵੀਜ਼ਾ ਰੀਨਿਊਅਲ ਦੇ ਅਣਮਿੱਥੇ ਸਮੇਂ ਲਈ ਅਮਰੀਕਾ ਵਿੱਚ ਰਹਿ ਸਕਦੇ ਸਨ।

ਹੁਣ ਵਿਦੇਸ਼ੀ ਵਿਦਿਆਰਥੀ ਅਮਰੀਕਾ ਵਿੱਚ ਵੱਧ ਤੋਂ ਵੱਧ 4 ਸਾਲ ਹੀ ਰਹਿ ਸਕਣਗੇ। ਜੇਕਰ ਕਿਸੇ ਵਿਦਿਆਰਥੀ ਦੀ ਪੜ੍ਹਾਈ, ਰਿਸਰਚ ਜਾਂ ਥੀਸਿਸ (ਖੋਜ ਪੱਤਰ) 4 ਸਾਲਾਂ ਵਿੱਚ ਪੂਰਾ ਨਹੀਂ ਹੁੰਦਾ, ਤਾਂ ਉਸ ਨੂੰ ਅਮਰੀਕਾ ਵਿੱਚ ਹੋਰ ਸਮਾਂ ਰਹਿਣ ਲਈ ਉੱਥੋਂ ਦੇ ਇਮੀਗ੍ਰੇਸ਼ਨ ਵਿਭਾਗ ਕੋਲ ਵੀਜ਼ਾ ਵਧਾਉਣ ਲਈ ਅਪਲਾਈ ਕਰਨਾ ਪਵੇਗਾ। ਇਸ ਪ੍ਰਕਿਰਿਆ ਵਿੱਚ ਸਖ਼ਤ ਬਾਇਓਮੈਟ੍ਰਿਕ ਜਾਂਚ, ਬੈਕਗ੍ਰਾਊਂਡ ਵੈਰੀਫਿਕੇਸ਼ਨ ਅਤੇ ਫ੍ਰਾਡ ਸਕ੍ਰੀਨਿੰਗ ਹੋਵੇਗੀ, ਜਿਸ ਕਾਰਨ ਸਮਾਂ




ਵਧਾਉਣਾ ਹੁਣ ਬੇਹੱਦ ਮੁਸ਼ਕਲ ਹੋ ਜਾਵੇਗਾ।

ਪਹਿਲਾਂ ਪੜ੍ਹਾਈ ਪੂਰੀ ਹੋਣ ਤੋਂ ਬਾਅਦ ਵਿਦਿਆਰਥੀਆਂ ਨੂੰ ਅਮਰੀਕਾ ਛੱਡਣ, ਕਿਸੇ ਹੋਰ ਕੋਰਸ ਵਿੱਚ ਦਾਖਲਾ ਲੈਣ ਜਾਂ ਵੀਜ਼ਾ ਕੈਟਾਗਰੀ ਬਦਲਣ ਲਈ 60 ਦਿਨਾਂ ਦਾ ਸਮਾਂ (ਗ੍ਰੇਸ ਪੀਰੀਅਡ) ਮਿਲਦਾ ਸੀ। ਟਰੰਪ ਪ੍ਰਸ਼ਾਸਨ ਨੇ ਇਸ ਨੂੰ ਘਟਾ ਕੇ ਸਿਰਫ਼ 30 ਦਿਨ ਕਰ ਦਿੱਤਾ ਹੈ।

### ਅਮਰੀਕਾ ਨੇ ਕਿਉਂ ਬਦਲੇ ਇਹ ਨਿਯਮ ?

ਸਰਕਾਰ ਦਾ ਮੰਨਣਾ ਹੈ ਕਿ ਕਈ ਵਿਦੇਸ਼ੀ ਵਿਦਿਆਰਥੀ ਇੱਕ ਤੋਂ ਬਾਅਦ ਇੱਕ ਨਵੇਂ ਕੋਰਸਾਂ ਵਿੱਚ ਦਾਖਲਾ ਲੈ ਕੇ ਸਾਲਾਂ ਬੱਧੀ ਗੈਰ-ਕਾਨੂੰਨੀ ਤੌਰ 'ਤੇ ਅਮਰੀਕਾ ਵਿੱਚ ਟਿਕੇ ਰਹਿੰਦੇ ਸਨ। ਸਰਕਾਰ ਹੁਣ ਹਰ ਇੱਕ ਵਿਦੇਸ਼ੀ ਨਾਗਰਿਕ ਦੇ ਅਮਰੀਕਾ ਵਿੱਚ ਰਹਿਣ ਦੀ ਮਿਆਦ 'ਤੇ ਸਖ਼ਤ ਨਿਗਰਾਨੀ ਰੱਖਣਾ ਚਾਹੁੰਦੀ ਹੈ। ਇਹ ਨਵਾਂ ਨਿਯਮ ਫੈਡਰਲ ਰਜਿਸਟਰ ਵਿੱਚ ਪ੍ਰਕਾਸ਼ਿਤ ਹੋਣ ਦੇ 60 ਦਿਨਾਂ ਬਾਅਦ ਪ੍ਰਭਾਵੀ ਹੋ ਜਾਵੇਗਾ। ਖਾਸ ਗੱਲ ਇਹ ਹੈ ਕਿ ਜਿਹੜੇ ਵਿਦਿਆਰਥੀ ਪਹਿਲਾਂ ਹੀ ਅਮਰੀਕਾ ਵਿੱਚ ਰਹਿ ਰਹੇ ਹਨ, ਉਹ ਵੀ ਆਪਣੇ ਆਪ ਇਸ 4 ਸਾਲ ਦੀ ਸੀਮਾ ਦੇ ਦਾਇਰੇ ਵਿੱਚ ਆ ਜਾਣਗੇ।

### ਗ੍ਰੀਨ ਕਾਰਡ ਦੇ ਚਾਹਵਾਨਾਂ ਲਈ 1 ਕਰੋੜ ਰੁਪਏ ਦਾ ਵੱਡਾ ਝਟਕਾ

ਸਟੂਡੈਂਟ ਵੀਜ਼ਾ ਤੋਂ ਇਲਾਵਾ, ਟਰੰਪ ਪ੍ਰਸ਼ਾਸਨ ਅਮਰੀਕਾ ਵਿੱਚ ਸਥਾਈ ਨਿਵਾਸ ਯਾਨੀ ਗ੍ਰੀਨ ਕਾਰਡ ਦੀ ਉਡੀਕ ਕਰ ਰਹੇ ਲੋਕਾਂ ਲਈ ਇੱਕ ਨਵਾਂ ਪਾਇਲਟ ਪ੍ਰੋਗਰਾਮ ਲਿਆ ਰਿਹਾ ਹੈ। ਇਸ ਨਿਯਮ ਦੇ ਤਹਿਤ ਕੁਝ ਖਾਸ ਬਿਨੈਕਾਰਾਂ ਨੂੰ ਵੀਜ਼ਾ ਮਨਜ਼ੂਰ ਹੋਣ ਤੋਂ ਪਹਿਲਾਂ 1,00,000 ਡਾਲਰ (ਲਗਭਗ 1 ਕਰੋੜ ਰੁਪਏ) ਦੀ ਵਿੱਤੀ ਗਾਰੰਟੀ (ਬਾਂਡ) ਜਮ੍ਹਾ ਕਰਵਾਉਣੀ ਪੈ ਸਕਦੀ ਹੈ।

ਇਹ ਰਕਮ ਪੱਕੇ ਤੌਰ 'ਤੇ ਜ਼ਬਤ ਨਹੀਂ ਹੋਵੇਗੀ। ਜਦੋਂ ਉਹ ਵਿਅਕਤੀ ਅਮਰੀਕਾ ਦਾ ਪੱਕਾ ਨਾਗਰਿਕ ਬਣ ਜਾਵੇਗਾ, ਤਾਂ ਇਹ 1 ਲੱਖ ਡਾਲਰ ਉਸ ਨੂੰ ਵਾਪਸ ਕਰ ਦਿੱਤੇ ਜਾਣਗੇ। ਇਹ ਬਾਂਡ ਰਾਸ਼ੀ ਅਮਰੀਕਾ ਵਿੱਚ ਰਹਿ ਰਹੇ ਪਰਿਵਾਰਕ ਮੈਂਬਰ ਵੀ ਜਮ੍ਹਾ ਕਰਵਾ ਸਕਦੇ ਹਨ। ਪਹਿਲੇ ਪੜਾਅ ਵਿੱਚ ਇਹ ਨਿਯਮ ਕੁਝ ਚੋਣਵੇਂ ਦੇਸ਼ਾਂ 'ਤੇ ਲਾਗੂ ਹੋਵੇਗਾ, ਜਿਨ੍ਹਾਂ ਦੀ ਸੂਚੀ ਅਜੇ ਜਨਤਕ ਨਹੀਂ ਕੀਤੀ ਗਈ।

### ਭਾਰਤੀ ਅਤੇ ਪੰਜਾਬੀ ਵਿਦਿਆਰਥੀਆਂ 'ਤੇ ਕੀ ਪ੍ਰਭਾਵ ਪਵੇਗਾ ?

ਇਨ੍ਹਾਂ ਦੋਵਾਂ ਨਿਯਮਾਂ ਦਾ ਸਭ ਤੋਂ ਵੱਡਾ ਅਤੇ ਸਿੱਧਾ ਅਸਰ ਭਾਰਤੀਆਂ 'ਤੇ ਪੈਣ ਦੀ ਸੰਭਾਵਨਾ ਹੈ। ਜਿਹੜੇ ਭਾਰਤੀ ਵਿਦਿਆਰਥੀ ਲੰਬੇ ਸਮੇਂ ਦੇ ਕੋਰਸ (ਜਿਵੇਂ ਕਿ ਪੀਐੱਚ.ਡੀ. ਜਾਂ ਦੋਹਰੀ ਡਿਗਰੀਆਂ) ਕਰਨਾ ਚਾਹੁੰਦੇ ਹਨ, ਉਨ੍ਹਾਂ ਲਈ ਹੁਣ 4 ਸਾਲਾਂ ਬਾਅਦ ਵੀਜ਼ਾ ਵਧਾਉਣਾ ਇੱਕ ਗੁੰਝਲਦਾਰ ਅਤੇ ਤਣਾਅਪੂਰਨ ਪ੍ਰਕਿਰਿਆ ਹੋਵੇਗੀ।

ਗ੍ਰੇਸ ਪੀਰੀਅਡ 60 ਦਿਨਾਂ ਤੋਂ ਘਟਾ ਕੇ 30 ਦਿਨ ਕਰਨ ਨਾਲ ਵਿਦਿਆਰਥੀਆਂ ਕੋਲ ਪੜ੍ਹਾਈ ਖ਼ਤਮ ਹੁੰਦਿਆਂ ਹੀ ਨੌਕਰੀ ਲੱਭਣ ਜਾਂ ਅੱਗੇ ਦੀ ਤਿਆਰੀ ਲਈ ਬਹੁਤ ਘੱਟ ਸਮਾਂ ਬਚੇਗਾ।

ਜੇਕਰ ਗ੍ਰੀਨ ਕਾਰਡ ਲਈ 1 ਕਰੋੜ ਰੁਪਏ ਦਾ ਬਾਂਡ ਨਿਯਮ ਭਾਰਤ 'ਤੇ ਵੀ ਲਾਗੂ ਹੁੰਦਾ ਹੈ, ਤਾਂ ਐੱਚ-1ਬੀ ਵਰਕ ਵੀਜ਼ਾ 'ਤੇ ਸਾਲਾਂ ਤੋਂ ਪੀ.ਆਰ. ਦੀ ਉਡੀਕ ਕਰ ਰਹੇ ਲੱਖਾਂ ਮੱਧ-ਵਰਗੀ ਭਾਰਤੀ ਪੇਸ਼ੇਵਰਾਂ ਲਈ 1 ਕਰੋੜ ਰੁਪਏ ਦਾ ਪ੍ਰਬੰਧ ਕਰਨਾ ਇੱਕ ਬਹੁਤ ਵੱਡੀ ਚੁਣੌਤੀ ਬਣ ਜਾਵੇਗਾ।

ਅਮਰੀਕਾ ਜਾਣ ਦੇ ਚਾਹਵਾਨ ਪੰਜਾਬੀ ਅਤੇ ਭਾਰਤੀ ਵਿਦਿਆਰਥੀਆਂ ਨੂੰ ਹੁਣ ਬਦਲਦੇ ਵੀਜ਼ਾ ਨਿਯਮਾਂ ਨੂੰ ਧਿਆਨ ਵਿੱਚ ਰੱਖ ਕੇ ਅਤੇ ਠੋਸ ਵਿੱਤੀ ਤੇ ਵਿੱਦਿਅਕ ਰਣਨੀਤੀ ਦੇ ਨਾਲ ਹੀ ਆਪਣੀ ਤਿਆਰੀ ਕਰਨੀ ਹੋਵੇਗੀ।

# ਖਾਲੜਾ ਦੇ ਕਾਤਲਾਂ ਨੂੰ ਸਜ਼ਾ ਅਕਾਲੀ ਸਰਕਾਰ ਦੀ ਬਦੌਲਤ ਮਿਲੀ

## ✪ ਵਿਰੋਧੀ ਕਰ ਰਹੇ ਨੇ ਕੂੜ ਪ੍ਰਚਾਰ: ਸੁਖਬੀਰ ਬਾਦਲ

ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਵਿਰੋਧੀ ਪਾਰਟੀਆਂ 'ਤੇ ਤਿੱਖਾ ਨਿਸ਼ਾਨਾ ਸਾਧਦਿਆਂ ਕਿਹਾ ਹੈ ਕਿ ਪਾਰਟੀ ਨੂੰ ਬਦਨਾਮ ਕਰਨ ਲਈ ਸਿਆਸੀ ਹਿੱਤਾਂ ਤਹਿਤ ਕੂੜ ਪ੍ਰਚਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਮਨੁੱਖੀ ਅਧਿਕਾਰ ਕਾਰਕੁਨ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੇ ਕਾਤਲਾਂ ਨੂੰ ਸਜ਼ਾ ਦਿਵਾਉਣ ਵਿੱਚ ਅਕਾਲੀ ਦਲ ਦੀ ਸਰਕਾਰ ਨੇ ਅਹਿਮ ਭੂਮਿਕਾ ਨਿਭਾਈ ਸੀ।

ਮੁੱਖ ਗਵਾਹ ਨੂੰ ਦਿੱਤੀ ਸੁਰੱਖਿਆ, ਤਾਂ ਹੀ ਮਿਲੀ ਸਜ਼ਾ-ਸੁਖਬੀਰ ਸਿੰਘ ਬਾਦਲ ਨੇ ਅਤੀਤ ਦਾ ਹਵਾਲਾ ਦਿੰਦਿਆਂ ਦੱਸਿਆ ਕਿ "1997 ਵਿੱਚ ਜਦੋਂ ਸੂਬੇ ਵਿੱਚ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਬਣੀ, ਤਾਂ ਉਸ ਦੌਰਾਨ ਇਸ ਕੇਸ ਦੇ ਇਕਲੌਤੇ ਅਤੇ ਮੁੱਖ ਗਵਾਹ ਐਸਪੀਓ ਕੁਲਦੀਪ ਸਿੰਘ ਬੁੱਚੜੇ ਨੂੰ ਪੂਰੀ ਪੁਲਿਸ ਸੁਰੱਖਿਆ ਮੁਹੱਈਆ ਕਰਵਾਈ ਗਈ ਸੀ। ਉਨ੍ਹਾਂ ਕਿਹਾ ਕਿ ਕੁਲਦੀਪ ਸਿੰਘ ਬੁੱਚੜੇ ਨੇ ਕਾਂਗਰਸ ਸਰਕਾਰ ਦੇ ਦਬਾਅ ਹੇਠ ਬਿਆਨ ਨਹੀਂ ਦਿੱਤਾ ਸੀ, ਪਰ ਅਕਾਲੀ ਦਲ ਦੀ ਸਰਕਾਰ ਨੇ ਉਸ ਨੂੰ ਹੌਸਲਾ ਅਤੇ ਸੁਰੱਖਿਆ ਦਿੱਤੀ। ਇਸੇ ਸੁਰੱਖਿਅਤ ਮਾਹੌਲ ਸਦਕਾ ਉਹ ਅਦਾਲਤ ਵਿੱਚ ਬਿਆਨ ਦਰਜ ਕਰਵਾ ਸਕਿਆ, ਜਿਸ ਦੇ ਨਤੀਜੇ ਵਜੋਂ ਦੋਸ਼ੀ ਪੁਲਿਸ ਅਫ਼ਸਰਾਂ ਨੂੰ ਸਜ਼ਾ ਮਿਲਣੀ ਸੰਭਵ ਹੋਈ।"

ਭਾਈ ਖਾਲੜਾ ਅਕਾਲੀ ਦਲ ਦੇ ਮੈਂਬਰ ਸਨ-ਵਿਰੋਧੀਆਂ ਨੂੰ ਘੇਰਦਿਆਂ ਸੁਖਬੀਰ ਬਾਦਲ ਨੇ ਸਪੱਸ਼ਟ ਕੀਤਾ ਕਿ ਭਾਈ ਜਸਵੰਤ ਸਿੰਘ ਖਾਲੜਾ ਖੁਦ ਅਕਾਲੀ ਦਲ ਦੇ ਮਨੁੱਖੀ ਅਧਿਕਾਰ ਵਿੰਗ ਦੇ ਜਨਰਲ ਸਕੱਤਰ ਸਨ। ਉਨ੍ਹਾਂ ਨੇ ਤਤਕਾਲੀ ਬੇਅੰਤ ਸਿੰਘ (ਕਾਂਗਰਸ) ਸਰਕਾਰ ਦੇ ਸਮੇਂ ਸਿੱਖ ਨੌਜਵਾਨਾਂ ਦੇ ਝੂਠੇ ਮੁਕਾਬਲਿਆਂ ਅਤੇ ਕਤਲਾਂ ਦੇ ਮਾਮਲੇ ਨੂੰ



ਨਿਡਰਤਾ ਨਾਲ ਬੇਨਕਾਬ ਕੀਤਾ ਸੀ। ਜਦੋਂ ਭਾਈ ਖਾਲੜਾ ਨੂੰ ਅਗਵਾ ਕੀਤਾ ਗਿਆ, ਤਾਂ ਅਕਾਲੀ ਦਲ ਨੇ ਇਸ ਮੁੱਦੇ ਨੂੰ ਤੁਰੰਤ ਚੁੱਕਿਆ ਅਤੇ ਸੁਪਰੀਮ ਕੋਰਟ ਨੂੰ ਚਿੱਠੀ ਲਿਖ ਕੇ ਦਖ਼ਲ ਦੇਣ ਦੀ ਮੰਗ ਕੀਤੀ ਸੀ।

ਕਾਂਗਰਸ ਅਤੇ 'ਆਪ' 'ਤੇ ਦੋਸ਼ੀਆਂ ਨੂੰ ਬਚਾਉਣ ਦੇ ਦੋਸ਼-ਅਕਾਲੀ ਦਲ ਦੇ ਪ੍ਰਧਾਨ ਨੇ ਕਾਂਗਰਸ ਅਤੇ ਆਮ ਆਦਮੀ ਪਾਰਟੀ 'ਤੇ ਗੰਭੀਰ ਦੋਸ਼ ਲਗਾਉਂਦਿਆਂ ਕਿਹਾ ਕਿ ਇਨ੍ਹਾਂ ਸਰਕਾਰਾਂ ਨੇ ਹਮੇਸ਼ਾ ਖਾਲੜਾ ਦੇ ਕਾਤਲਾਂ ਨੂੰ ਰਿਹਾਅ ਕਰਵਾਉਣ ਦੇ ਯਤਨ ਕੀਤੇ ਹਨ।

ਕਾਂਗਰਸ 'ਤੇ ਵਾਰ: 2017 ਵਿੱਚ ਕਾਂਗਰਸ ਸਰਕਾਰ ਨੇ ਦੋਸ਼ੀ ਪੁਲਿਸ ਅਫ਼ਸਰਾਂ ਦੀ ਸਮੇਂ ਤੋਂ ਪਹਿਲਾਂ ਰਿਹਾਈ ਲਈ ਅਰਜ਼ੀ ਦਾਇਰ ਕੀਤੀ ਸੀ। ਪੰਜਾਬ ਦੇ ਲੋਕ ਕਦੇ ਵੀ ਕਾਂਗਰਸ 'ਤੇ ਭਰੋਸਾ ਨਹੀਂ ਕਰਨਗੇ, ਜਿਸ ਨੇ ਸਿੱਖ ਕੌਮ 'ਤੇ ਹਮਲੇ ਕੀਤੇ ਹਨ।

ਸੁਖਬੀਰ ਬਾਦਲ ਨੇ ਕਿਹਾ ਕਿ ਬੇਅਦਬੀ ਦੇ ਮਾਮਲਿਆਂ ਵਿੱਚ ਅਕਾਲੀ ਦਲ ਦੇ ਕਿਸੇ ਵੀ ਵਰਕਰ ਨੂੰ ਦੋਸ਼ੀ ਨਹੀਂ ਪਾਇਆ ਗਿਆ, ਜਦਕਿ ਆਮ ਆਦਮੀ ਪਾਰਟੀ ਦਾ ਇੱਕ ਵਿਧਾਇਕ ਇਸ ਵਿੱਚ ਦੋਸ਼ੀ ਠਹਿਰਾਇਆ ਗਿਆ ਹੈ।

# ਅਮਰੀਕਾ ਵਿੱਚ ਸਾਈਕਲੋਸਪੋਰਾ ਕੀਟਾਣੂ ਦਾ ਕਹਿਰ

ਹੈਲਥ ਨਿਊਜ਼

## ✪ ਪਲੇਟ ਵਿੱਚ ਰੱਖਿਆ ਸਲਾਦ ਬਣਿਆ ਜ਼ਹਿਰ, 3,000 ਤੋਂ ਵੱਧ ਲੋਕ ਬਿਮਾਰ ✪ ਸਾਵਧਾਨ !

## ਬਿਨਾਂ ਧੋਤਾ ਸਲਾਦ ਖਾਣ ਨਾਲ ਫੈਲ ਰਹੀ ਭਿਆਨਕ ਬਿਮਾਰੀ; ਅਮਰੀਕਾ ਦੇ 31 ਰਾਜਾਂ ਵਿੱਚ ਹਾਹਾਕਾਰ

ਅਮਰੀਕਾ ਵਿੱਚ ਇੰਨੀਂ ਦਿਨੀਂ ਸਾਈਕਲੋਸਪੋਰਾ ਨਾਮ ਦੇ ਇੱਕ ਬਹੁਤ ਹੀ ਬਾਰੀਕ ਪਰਜੀਵੀ (ਕੀਟਾਣੂ) ਨੇ ਸਿਹਤ ਅਧਿਕਾਰੀਆਂ ਦੀ ਚਿੰਤਾ ਵਧਾ ਦਿੱਤੀ ਹੈ। ਇਸ ਇਨਫੈਕਸ਼ਨ (ਛੂਤ ਦੀ ਬਿਮਾਰੀ) ਕਾਰਨ ਦੇਸ਼ ਦੇ 31 ਰਾਜਾਂ ਵਿੱਚ ਹਜ਼ਾਰਾਂ ਲੋਕ ਬਿਮਾਰ ਹੋ ਚੁੱਕੇ ਹਨ। ਇਸ ਬਿਮਾਰੀ ਤੋਂ ਪੀੜਤ ਲੋਕਾਂ ਨੂੰ ਤੇਜ਼ ਦਸਤ, ਉਲਟੀ, ਜੀ ਕੱਚਾ ਹੋਣਾ, ਪੇਟ ਵਿੱਚ ਗੰਭੀਰ ਦਰਦ ਅਤੇ ਕਮਜ਼ੋਰੀ ਵਰਗੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।



ਸਿਹਤ ਮਾਹਿਰਾਂ ਦਾ ਕਹਿਣਾ ਹੈ ਕਿ ਅਸਲ ਮਰੀਜ਼ਾਂ ਦੀ ਗਿਣਤੀ ਸਰਕਾਰੀ ਅੰਕੜਿਆਂ ਨਾਲੋਂ ਕਿਤੇ ਵੱਧ ਹੋ ਸਕਦੀ ਹੈ। ਅਜਿਹੀ ਸਥਿਤੀ ਵਿੱਚ ਇਹ ਜਾਣਨਾ ਬਹੁਤ ਜ਼ਰੂਰੀ ਹੈ ਕਿ ਇਹ ਬਿਮਾਰੀ ਕੀ ਹੈ, ਇਹ ਕਿਵੇਂ ਫੈਲਦੀ ਹੈ, ਇਸ ਦੇ ਲੱਛਣ ਕੀ ਹਨ ਅਤੇ ਇਸ ਤੋਂ ਬਚਣ ਦੇ ਕੀ ਤਰੀਕੇ ਹਨ।

ਕੀ ਹੈ ਸਾਈਕਲੋਸਪੋਰਾ ਅਤੇ ਇਹ ਕਿਵੇਂ ਫੈਲਦਾ ਹੈ ?-ਸਾਈਕਲੋਸਪੋਰਾ ਇੱਕ ਬਹੁਤ ਹੀ ਛੋਟਾ ਕੀਟਾਣੂ ਜਾਂ ਪਰਜੀਵੀ ਹੈ, ਜੋ ਨੰਗੀ ਅੱਖ ਨਾਲ ਦਿਖਾਈ ਨਹੀਂ ਦਿੰਦਾ। ਇਹ ਦੂਸ਼ਿਤ (ਗੰਦੇ) ਭੋਜਨ ਜਾਂ ਪਾਣੀ ਰਾਹੀਂ ਇਨਸਾਨ ਦੇ ਸਰੀਰ ਵਿੱਚ ਦਾਖਲ ਹੁੰਦਾ ਹੈ। ਇਹ ਖਾਸ ਤੌਰ 'ਤੇ ਸਲਾਦ, ਧਨੀਆ, ਤੁਲਸੀ, ਰਸਭਰੀ (ਬੇਰੀਆਂ) ਅਤੇ ਮਟਰ ਵਰਗੀਆਂ ਤਾਜ਼ੀਆਂ ਸਬਜ਼ੀਆਂ ਅਤੇ ਫਲਾਂ ਦੇ ਉੱਪਰ ਪਾਇਆ ਜਾਂਦਾ ਹੈ। ਜਦੋਂ ਕੋਈ ਵਿਅਕਤੀ ਇਹਨਾਂ ਸਬਜ਼ੀਆਂ ਜਾਂ ਫਲਾਂ ਨੂੰ ਬਿਨਾਂ ਚੰਗੀ ਤਰ੍ਹਾਂ ਧੋਤੇ ਜਾਂ ਸਾਫ਼ ਕੀਤੇ ਖਾਂਦਾ ਹੈ, ਤਾਂ ਉਹ ਇਸ ਬਿਮਾਰੀ ਦਾ ਸ਼ਿਕਾਰ ਹੋ ਜਾਂਦਾ ਹੈ। ਇੱਕ ਰਾਹਤ ਦੀ ਗੱਲ ਇਹ ਹੈ ਕਿ ਇਹ ਬਿਮਾਰੀ ਇੱਕ ਇਨਸਾਨ ਤੋਂ ਦੂਜੇ ਇਨਸਾਨ ਵਿੱਚ ਸਿੱਧੀ (ਛੂਹਣ ਜਾਂ ਨੇੜੇ ਬੈਠਣ ਨਾਲ) ਨਹੀਂ ਫੈਲਦੀ, ਸਗੋਂ ਸਿਰਫ਼ ਗੰਦਾ ਖਾਣਾ ਖਾਣ ਜਾਂ ਗੰਦਾ ਪਾਣੀ ਪੀਣ ਨਾਲ ਹੀ ਹੁੰਦੀ ਹੈ।

ਅਮਰੀਕਾ ਵਿੱਚ ਕਿਉਂ ਵਧ ਰਹੇ ਹਨ ਮਾਮਲੇ ?-ਅਮਰੀਕਾ ਦੇ 31 ਰਾਜਾਂ ਵਿੱਚ ਹੁਣ ਤੱਕ 3,000 ਤੋਂ ਵੱਧ ਮਾਮਲੇ ਸਾਹਮਣੇ ਆ ਚੁੱਕੇ ਹਨ। ਡਾਕਟਰਾਂ ਦਾ ਮੰਨਣਾ ਹੈ ਕਿ ਬਿਮਾਰ ਲੋਕਾਂ ਦੀ ਅਸਲ ਸੰਖਿਆ ਇਸ ਤੋਂ ਵੀ ਕਿਤੇ ਵੱਧ ਹੋ ਸਕਦੀ ਹੈ, ਕਿਉਂਕਿ ਹਰ ਬਿਮਾਰ ਵਿਅਕਤੀ ਹਸਪਤਾਲ ਜਾ ਕੇ ਆਪਣੀ ਜਾਂਚ ਨਹੀਂ ਕਰਵਾਉਂਦਾ।

ਆਮ ਤੌਰ 'ਤੇ ਅਮਰੀਕਾ ਵਿੱਚ ਹਰ ਸਾਲ ਇਸ ਬਿਮਾਰੀ ਦੇ 1,000 ਤੋਂ 2,000 ਮਾਮਲੇ ਹੀ ਦੇਖੇ ਜਾਂਦੇ ਹਨ, ਪਰ ਇਸ ਵਾਰ ਇਹ ਅੰਕੜਾ ਸਾਰੇ ਰਿਕਾਰਡ ਤੋੜ ਚੁੱਕਾ ਹੈ। ਸਿਹਤ ਮਾਹਿਰ ਇਸ ਨੂੰ ਦੇਸ਼ ਦੇ ਇਤਿਹਾਸ ਦਾ ਸਭ ਤੋਂ ਵੱਡਾ ਸਾਈਕਲੋਸਪੋਰਾ ਪ੍ਰਕੋਪ ਮੰਨ ਰਹੇ ਹਨ ਅਤੇ ਇਸ ਦੇ ਮੁੱਖ ਕਾਰਨਾਂ ਦਾ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੇ ਹਨ।

ਇਨਫੈਕਸ਼ਨ ਦੇ ਮੁੱਖ ਲੱਛਣ ਕੀ ਹਨ ?-ਜਦੋਂ ਇਹ ਕੀਟਾਣੂ ਸਰੀਰ ਦੇ ਅੰਦਰ ਜਾਂਦਾ ਹੈ, ਤਾਂ ਤੁਰੰਤ ਬਿਮਾਰੀ ਦਾ ਪਤਾ ਨਹੀਂ ਲੱਗਦਾ। ਆਮ ਤੌਰ 'ਤੇ ਇੱਕ ਤੋਂ ਦੋ ਹਫ਼ਤਿਆਂ ਬਾਅਦ ਇਸ ਦੇ ਲੱਛਣ ਦਿਖਾਈ ਦੇਣ ਲੱਗਦੇ ਹਨ। ਮਰੀਜ਼ ਨੂੰ ਹੇਠ ਲਿਖੀਆਂ ਸਮੱਸਿਆਵਾਂ ਹੋ ਸਕਦੀਆਂ ਹਨ:

- ਤੇਜ਼ ਅਤੇ ਵਾਰ-ਵਾਰ ਦਸਤ ਲੱਗਣਾ
- ਜੀ ਕੱਚਾ ਹੋਣਾ ਜਾਂ ਉਲਟੀਆਂ ਆਉਣੀਆਂ
- ਪੇਟ ਵਿੱਚ ਤੇਜ਼ ਮਰੋੜ ਅਤੇ ਦਰਦ ਹੋਣਾ
- ਭੁੱਖ ਬਿਲਕੁਲ ਖ਼ਤਮ ਹੋ ਜਾਣੀ
- ਸਰੀਰ ਵਿੱਚ ਲਗਾਤਾਰ ਥਕਾਵਟ ਅਤੇ ਬਹੁਤ ਜ਼ਿਆਦਾ ਕਮਜ਼ੋਰੀ ਮਹਿਸੂਸ ਹੋਣੀ
- ਕਈ ਮਰੀਜ਼ਾਂ ਨੂੰ ਇਸ ਦੇ ਨਾਲ ਤੇਜ਼ ਬੁਖਾਰ ਵੀ ਹੋ ਸਕਦਾ ਹੈ।

ਛੋਟੇ ਬੱਚਿਆਂ, ਬਜ਼ੁਰਗਾਂ ਅਤੇ ਜਿਨ੍ਹਾਂ ਲੋਕਾਂ ਦੀ ਬਿਮਾਰੀਆਂ ਨਾਲ ਲੜਨ ਦੀ ਸ਼ਕਤੀ ਕਮਜ਼ੋਰ ਹੁੰਦੀ ਹੈ, ਉਨ੍ਹਾਂ ਲਈ ਇਹ ਬਿਮਾਰੀ ਜ਼ਿਆਦਾ ਖ਼ਤਰਨਾਕ ਹੈ। ਅਜਿਹੇ ਲੋਕਾਂ ਦੇ ਸਰੀਰ ਵਿੱਚ ਪਾਣੀ ਦੀ ਭਾਰੀ ਕਮੀ ਸਕਦੀ ਹੈ। ਜੇਕਰ ਸਮੇਂ ਸਿਰ ਇਲਾਜ ਨਾ ਮਿਲੇ, ਤਾਂ ਇਹ ਬਿਮਾਰੀ ਕਈ ਮਹੀਨਿਆਂ ਤੱਕ ਪ੍ਰੇਸ਼ਾਨ ਕਰ ਸਕਦੀ ਹੈ।

ਬਿਮਾਰੀ ਦੀ ਜਾਂਚ ਅਤੇ ਇਲਾਜ ਕੀ ਹੈ ?-ਸਾਈਕਲੋਸਪੋਰਾ ਦੀ ਪੁਸ਼ਟੀ ਕਰਨ ਲਈ ਡਾਕਟਰ ਮਲ ਦੀ ਜਾਂਚ (ਸਟੂਲ ਟੈਸਟ) ਕਰਦੇ ਹਨ। ਜਾਂਚ ਤੋਂ ਬਾਅਦ ਡਾਕਟਰ ਲੋੜ ਮੁਤਾਬਕ ਐਂਟੀਬਾਇਓਟਿਕ (ਜੀਵਾਣੂ ਨਾਸ਼ਕ) ਦਵਾਈਆਂ ਦਿੰਦੇ ਹਨ, ਜਿਸ ਨਾਲ ਇਹ ਬਿਮਾਰੀ ਜਲਦੀ ਠੀਕ ਹੋ ਜਾਂਦੀ ਹੈ।

ਬਹੁਤ ਸਾਰੇ ਲੋਕ ਬਿਨਾਂ ਜਾਂਚ ਕਰਵਾਏ ਘਰ ਵਿੱਚ ਹੀ ਦੇਸੀ ਨੁਸਖਿਆਂ ਨਾਲ ਠੀਕ ਹੋਣ ਦੀ ਉਡੀਕ ਕਰਦੇ ਰਹਿੰਦੇ ਹਨ, ਜਿਸ ਕਾਰਨ ਅਸਲ ਮਰੀਜ਼ਾਂ ਦੀ ਗਿਣਤੀ ਦਾ ਸਹੀ ਪਤਾ ਨਹੀਂ ਲੱਗ ਪਾਉਂਦਾ। ਡਾਕਟਰਾਂ ਅਨੁਸਾਰ, ਜੇਕਰ ਸਰੀਰ ਵਿੱਚ ਪਾਣੀ ਦੀ ਕਮੀ ਹੋਣ ਲੱਗੇ ਤਾਂ ਤੁਰੰਤ ਹਸਪਤਾਲ ਜਾ ਕੇ ਇਲਾਜ ਸ਼ੁਰੂ ਕਰਵਾਉਣਾ ਚਾਹੀਦਾ ਹੈ।

## ਅੰਮ੍ਰਿਤਸਰ ਸਰਹੱਦ 'ਤੇ ਹੈਰੋਇਨ ਤੇ ਹਥਿਆਰਾਂ ਦੀ ਰਿਕਾਰਡ ਤੋੜ ਰਿਕਵਰੀ, 6 ਮਹੀਨਿਆਂ 'ਚ ਟੁੱਟੇ ਪਿਛਲੇ ਸਾਰੇ ਰਿਕਾਰਡ

ਅੰਮ੍ਰਿਤਸਰ-ਭਾਰਤ-ਪਾਕਿਸਤਾਨ ਸਰਹੱਦ 'ਤੇ ਸੁਰੱਖਿਆ ਏਜੰਸੀਆਂ (ਬੀਐਸਐਫ ਅਤੇ ਪੰਜਾਬ ਪੁਲਸ) ਦੀ ਸਖ਼ਤੀ ਦੇ ਬਾਵਜੂਦ ਡਰੋਨਾਂ ਰਾਹੀਂ ਨਸ਼ੇ ਅਤੇ ਹਥਿਆਰਾਂ ਦੀ ਤਸਕਰੀ ਤੇਜ਼ੀ ਨਾਲ ਵਧੀ ਹੈ। ਚਾਲੂ ਸਾਲ 2026 ਦੇ ਪਹਿਲੇ 6 ਮਹੀਨਿਆਂ ਵਿੱਚ ਹੀ ਬੀ.ਐੱਸ.ਐੱਫ. ਨੇ ਰਿਕਾਰਡ ਤੋੜ 600 ਕਿਲੋ ਹੈਰੋਇਨ ਜ਼ਬਤ ਕੀਤੀ ਹੈ, ਜੋ ਕਿ ਪਿਛਲੇ ਪੂਰੇ ਸਾਲਾਂ (2025 ਵਿੱਚ 428 ਕਿਲੋ ਅਤੇ 2024 ਵਿੱਚ 283 ਕਿਲੋ) ਦੇ ਮੁਕਾਬਲੇ ਕਿਤੇ ਜ਼ਿਆਦਾ ਹੈ। ਸਰਹੱਦੀ ਪਿੰਡਾਂ ਵਿੱਚ ਦਿਨ-ਦਿਹਾੜੇ ਡਰੋਨ ਉੱਡਦੇ ਦੇਖੇ ਜਾ ਰਹੇ ਹਨ। ਸਮੱਗਲਰਾਂ ਵੱਲੋਂ ਜਿੱਥੇ ਰਾਡਾਰ ਤੋਂ ਬਚਣ ਲਈ 'ਮਿੰਨੀ ਡਰੋਨ' ਵਰਤੇ ਜਾ ਰਹੇ ਹਨ, ਉੱਥੇ ਹੀ 15 ਕਿਲੋ ਤੱਕ ਭਾਰ ਚੁੱਕਣ ਵਾਲੇ ਵੱਡੇ 'ਹੈਕਸਾਕਾਪਟਰ' ਵੀ ਉਡਾਏ ਜਾ ਰਹੇ ਹਨ। ਪਿਛਲੇ 6 ਮਹੀਨਿਆਂ ਵਿੱਚ 155 ਡਰੋਨ, 168 ਪਿਸਤੌਲ/ਏ.ਕੇ.-47, 1355 ਕਾਰਤੂਸ ਅਤੇ 2 ਗ੍ਰਨੇਡ ਬਰਾਮਦ ਕੀਤੇ ਜਾ ਚੁੱਕੇ ਹਨ, ਜਿਸ ਦੀ ਵਰਤੋਂ ਪੰਜਾਬ ਵਿੱਚ ਗੈਂਗਵਾਰ ਅਤੇ ਅਸ਼ਾਂਤੀ ਫੈਲਾਉਣ ਲਈ ਹੋਣੀ ਸੀ। ਰੋਜ਼ਗਾਰ ਦੀ ਘਾਟ ਕਾਰਨ ਸਮੱਗਲਰ ਸਰਹੱਦੀ ਇਲਾਕਿਆਂ ਦੇ 16 ਤੋਂ 25 ਸਾਲ ਦੇ ਨੌਜਵਾਨਾਂ ਨੂੰ ਪੈਸੇ ਦਾ ਲਾਲਚ ਦੇ ਕੇ ਇਸ ਦਲਦਲ ਵਿੱਚ ਫਸਾ ਰਹੇ ਹਨ। ਇਸ ਸਾਲ ਹੁਣ ਤੱਕ 177 ਭਾਰਤੀ ਸਮੱਗਲਰਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ, ਜੋ ਕਿ ਪਿਛਲੇ ਸਾਲ ਦੇ ਕੁੱਲ ਅੰਕੜੇ (161 ਸਮੱਗਲਰ) ਨੂੰ ਪਾਰ ਕਰ ਗਿਆ ਹੈ। ਹਾਲ ਹੀ ਵਿੱਚ ਬੀਐਸਐਫ ਅਤੇ ਪੰਜਾਬ ਪੁਲਸ ਦੇ ਉੱਚ ਅਧਿਕਾਰੀਆਂ (ਡੀਜੀਪੀ ਗੌਰਵ ਯਾਦਵ ਸਮੇਤ) ਵੱਲੋਂ ਐਂਟੀ-ਡਰੋਨ ਤਕਨੀਕ 'ਤੇ ਇੱਕ ਵਿਸ਼ੇਸ਼ ਵਰਕਸ਼ਾਪ ਵੀ ਕੀਤੀ ਗਈ ਸੀ, ਪਰ ਇਸ ਦੇ ਬਾਵਜੂਦ ਸਰਹੱਦ ਪਾਰੋਂ ਡਰੋਨਾਂ ਦੀ ਹਰਕਤ ਬੇਕਾਬੂ ਨਜ਼ਰ ਆ ਰਹੀ ਹੈ।



## ਧੀ ਨੂੰ ਵਿਦੇਸ਼ ਭੇਜਣ ਲਈ ਹੋਮ ਲੋਨ ਦਿਵਾਉਣ ਦੇ ਨਾਂ 'ਤੇ 3.10 ਲੱਖ ਰੁਪਏ ਦੀ ਠੱਗੀ

### ✪ 2 ਖ਼ਿਲਾਫ਼ ਮਾਮਲਾ ਦਰਜ

ਫਿਰੋਜ਼ਪੁਰ-ਆਪਣੀ ਬੇਟੀ ਨੂੰ ਵਿਦੇਸ਼ ਭੇਜਣ ਲਈ ਹੋਮ ਲੋਨ ਲੈਣ ਦੀ ਕੋਸ਼ਿਸ਼ ਕਰ ਰਹੀ ਇੱਕ ਔਰਤ ਨਾਲ 3,10,630 ਰੁਪਏ ਦੀ ਠੱਗੀ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਥਾਣਾ ਸਿਟੀ ਫਿਰੋਜ਼ਪੁਰ ਦੀ ਪੁਲਸ ਨੇ ਇਸ ਸਬੰਧੀ ਲੁਧਿਆਣਾ ਦੇ ਦੋ ਵਿਅਕਤੀਆਂ ਖ਼ਿਲਾਫ਼ ਮੁਕੱਦਮਾ ਦਰਜ ਕਰ ਲਿਆ ਹੈ। ਸ਼ਿਕਾਇਤਕਰਤਾ ਨੀਲਮ (ਵਾਸੀ ਫਿਰੋਜ਼ਪੁਰ ਸ਼ਹਿਰ) ਨੇ ਹੋਮ ਲੋਨ ਲਈ ਲੁਧਿਆਣਾ ਦੇ ਯੁਵਰਾਜ ਸਿੰਘ ਅਤੇ ਗੁਰਜੀਤ ਸਿੰਘ ਨਾਲ ਸੰਪਰਕ ਕੀਤਾ ਸੀ। ਮੁਲਜ਼ਮ ਯੁਵਰਾਜ ਸਿੰਘ ਨੇ ਘਰ ਆ ਕੇ ਲੋਨ ਦੇ ਕਾਗਜ਼ਾਤ ਲਏ ਅਤੇ ਬਾਅਦ ਵਿੱਚ ਦੋ ਹੋਰ ਵਿਅਕਤੀਆਂ ਨੂੰ ਸ਼ਿਕਾਇਤਕਰਤਾ ਦੇ ਘਰ ਭੇਜਿਆ। ਸਿਮ ਪੋਰਟ ਕਰ ਕੇ ਕੀਤਾ ਫਰਾਡ: ਉਨ੍ਹਾਂ ਵਿਅਕਤੀਆਂ ਨੇ ਔਰਤ ਦਾ ਫੋਨ ਲੈ ਕੇ ਉਸ ਵਿੱਚੋਂ ਓ.ਟੀ.ਪੀ. ਕੱਢ ਲਿਆ, ਜਿਸ ਤੋਂ ਬਾਅਦ ਔਰਤ ਦਾ ਫੋਨ ਚੱਲਣਾ ਬੰਦ ਹੋ ਗਿਆ। ਬਾਅਦ ਵਿੱਚ ਪਤਾ ਲੱਗਾ ਕਿ ਲੁਧਿਆਣਾ ਤੋਂ ਉਸ ਦੀ ਏਅਰਟੈਲ ਦੀ ਸਿਮ ਨੂੰ ਬੀ.ਐੱਸ.ਐੱਨ.ਐੱਲ. ਵਿੱਚ ਪੋਰਟ ਕਰਵਾ ਲਿਆ ਗਿਆ ਸੀ। ਪੁਲਸ ਕਾਰਵਾਈ: ਏ.ਐੱਸ.ਆਈ. ਅਯੂਬ ਮਸੀਹ ਅਨੁਸਾਰ ਪੁਲਸ ਨੇ ਪੀੜਤ ਔਰਤ ਦੀ ਸ਼ਿਕਾਇਤ 'ਤੇ ਨਾਮਜ਼ਦ ਮੁਲਜ਼ਮਾਂ ਖ਼ਿਲਾਫ਼ ਮਾਮਲਾ ਦਰਜ ਕਰ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਲੇਖਕਾਂ ਨੂੰ ਜ਼ਰੂਰੀ ਬੇਨਤੀ

ਪੰਜਾਬ ਟਾਈਮਜ਼ ਯੂ ਕੇ ਵਿਚ ਛਪਣ ਵਾਲੇ ਲੇਖਕਾਂ ਨੂੰ ਬੇਨਤੀ ਹੈ ਕਿ ਉਹ ਆਪਣੀਆਂ ਅਣਛਪੀਆਂ ਰਚਨਾਵਾਂ ਭੇਜਣ। ਇਸ ਦੇ ਨਾਲ ਹੀ ਉਹ ਆਪਣੀ ਰਚਨਾ ਦਾ ਅਕਾਰ ਇਕ ਪੰਨੇ ਦੇ ਵਿੱਚ ਹੀ ਰੱਖਣ। ਬਹੁਤੀਆਂ ਲੰਮੀਆਂ ਰਚਨਾਵਾਂ ਛਾਪਣ ਤੋਂ ਅਸੀਂ ਅਸਮਰੱਥ ਹੋਵਾਂਗੇ। ਆਪਣੀ ਰਚਨਾ ਦੀ ਇੱਕ ਕਾਪੀ ਆਪਣੇ ਕੋਲ ਜ਼ਰੂਰ ਰੱਖ ਲੈਣ, ਅਣਛਪੀ ਰਚਨਾ ਅਸੀਂ ਵਾਪਸ ਨਹੀਂ ਭੇਜ ਸਕਦੇ । ਇਸ਼ਤਿਹਾਰਾਂ ਲਈ ਸੰਪਰਕ:

ਫ਼ੋਨ ਨੰਬਰ: 01332 372851 Mo: 07966 388 388

# ਪ੍ਰਵਾਸੀਆਂ ਲਈ ਰਾਹਤ: ਅਮਰੀਕਾ ਵਿਚ ਹਜ਼ਾਰਾਂ ਲੋਕਾਂ ਦੀਆਂ ਨੌਕਰੀਆਂ ਖੋਹਣ 'ਤੇ ਫੈਡਰਲ ਕੋਰਟ ਦੀ ਰੋਕ

## ✪ ਟ੍ਰੰਪ ਦੀ ਇਮੀਗ੍ਰੇਸ਼ਨ ਨੀਤੀ ਨੂੰ ਝਟਕਾ: ਅਦਾਲਤ ਨੇ ਟੀਪੀਐਸ ਪ੍ਰਵਾਸੀਆਂ ਦੇ ਵਰਕ ਪਰਮਿਟ ਕੀਤੇ ਸੁਰੱਖਿਅਤ

ਵਾਸ਼ਿੰਗਟਨ / ਬੋਸਟਨ-ਅਮਰੀਕਾ ਦੀ ਇੱਕ ਫੈਡਰਲ ਕੋਰਟ ਨੇ ਟ੍ਰੰਪ ਪ੍ਰਸ਼ਾਸਨ ਦੇ ਉਸ ਨੀਤੀਗਤ ਫੈਸਲੇ 'ਤੇ ਅਸਥਾਈ ਰੋਕ ਲਗਾ ਦਿੱਤੀ ਹੈ, ਜਿਸ ਤਹਿਤ ਹਜ਼ਾਰਾਂ ਸ਼ਰਨਾਰਥੀਆਂ ਅਤੇ 'ਟੈਂਪਰੇਰੀ ਪ੍ਰੋਟੈਕਟਡ ਸਟੇਟਸ' ਧਾਰਕ ਅਪ੍ਰਵਾਸੀਆਂ ਤੋਂ ਕੰਮ ਕਰਨ ਦਾ ਅਧਿਕਾਰ (ਵਰਕ ਪਰਮਿਟ) ਖੋਹਿਆ ਜਾ ਰਿਹਾ ਸੀ। ਅਦਾਲਤ ਦੇ ਇਸ ਫੈਸਲੇ ਨਾਲ ਅਮਰੀਕਾ ਵਿੱਚ ਰਹਿ ਰਹੇ ਹਜ਼ਾਰਾਂ ਪ੍ਰਵਾਸੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਆਪਣੀ ਨੌਕਰੀ ਗੁਆਉਣ ਦੇ ਡਰ ਤੋਂ ਵੱਡੀ ਰਾਹਤ ਮਿਲੀ ਹੈ। ਬੋਸਟਨ ਵਿੱਚ ਅਮਰੀਕੀ ਡਿਸਟ੍ਰਿਕਟ ਜੱਜ ਨਥਾਨੀਏਲ ਗੌਰਟਨ ਨੇ ਇਹ ਹੁਕਮ ਪ੍ਰਵਾਸੀ ਅਧਿਕਾਰ ਸਮੂਹਾਂ ਅਤੇ ਲੇਬਰ ਯੂਨੀਅਨਾਂ ਦੇ ਗਠਜੋੜ ਵੱਲੋਂ ਦਾਇਰ ਕੀਤੀ ਗਈ ਇੱਕ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਦਿੱਤਾ। ਅਦਾਲਤ ਦਾ ਇਹ ਆਦੇਸ਼ 5 ਅਗਸਤ ਤੱਕ ਲਾਗੂ ਰਹੇਗਾ, ਜਿਸ ਤੋਂ ਬਾਅਦ ਜੱਜ ਇਹ ਤੈਅ ਕਰਨਗੇ ਕਿ ਟ੍ਰੰਪ ਪ੍ਰਸ਼ਾਸਨ ਦੀ ਇਸ ਨੀਤੀ 'ਤੇ ਲੰਬੇ ਸਮੇਂ ਲਈ ਰੋਕ ਲਗਾਈ ਜਾਵੇ ਜਾਂ ਨਹੀਂ।

### ਕੀ ਹੈ ਪੂਰਾ ਮਾਮਲਾ ?

ਜੁਲਾਈ 2025 ਵਿੱਚ ਰਿਪਬਲਿਕਨ ਦੀ ਅਗਵਾਈ ਵਾਲੀ ਕਾਂਗਰਸ ਨੇ ਇੱਕ ਨਵਾਂ ਕਾਨੂੰਨ ਪਾਸ ਕੀਤਾ ਸੀ। ਇਸ ਕਾਨੂੰਨ ਤਹਿਤ ਪਹਿਲੀ ਵਾਰ ਸ਼ਰਨ ਲਈ ਅਰਜ਼ੀ ਦੇਣ 'ਤੇ ਫੀਸ ਲਗਾਈ ਗਈ ਸੀ। ਟੈਂਪਰੇਰੀ ਪਰੋਟੈਕਟਿਡ ਸਟੇਟਸ ਧਾਰਕਾਂ ਲਈ ਰੋਜ਼ਗਾਰ ਦੀ ਇਜਾਜ਼ਤ 'ਤੇ ਨਵੀਆਂ ਪਾਬੰਦੀਆਂ ਲਗਾਈਆਂ ਗਈਆਂ ਸਨ। ਟੈਂਪਰੇਰੀ ਪ੍ਰੋਟੈਕਟਡ ਸਟੇਟਸ ਇੱਕ ਅਜਿਹਾ ਸਟੇਟਸ ਹੈ ਜੋ ਯੁੱਧ, ਕੁਦਰਤੀ ਆਫ਼ਤਾਂ ਜਾਂ ਹੋਰ ਸੰਕਟਾਂ ਨਾਲ ਜੂਝ ਰਹੇ ਦੇਸ਼ਾਂ ਦੇ ਨਾਗਰਿਕਾਂ ਨੂੰ ਅਮਰੀਕਾ ਵਿੱਚ ਰਹਿਣ ਅਤੇ ਕੰਮ ਕਰਨ ਦੀ ਅਸਥਾਈ ਇਜਾਜ਼ਤ ਦਿੰਦਾ ਹੈ।




### ਲੱਖਾਂ ਲੋਕਾਂ 'ਤੇ ਲਟਕ ਰਹੀ ਸੀ ਤਲਵਾਰ

ਟ੍ਰੰਪ ਪ੍ਰਸ਼ਾਸਨ ਆਪਣੇ ਸਖ਼ਤ ਇਮੀਗ੍ਰੇਸ਼ਨ ਏਜੰਡੇ ਤਹਿਤ ਇੱਕ ਦਰਜਨ ਤੋਂ ਵੱਧ ਦੇਸ਼ਾਂ ਦੇ ਲੋਕਾਂ ਲਈ ਟੈਂਪਰੇਰੀ ਪ੍ਰੋਟੈਕਟਡ ਸਟੇਟਸ ਖ਼ਤਮ ਕਰਨਾ ਚਾਹੁੰਦਾ ਸੀ। 'ਡੇਮੋਕ੍ਰੇਸੀ ਫਾਰਵਰਡ' ਦੁਆਰਾ ਦਾਇਰ ਮੁਕੱਦਮੇ ਵਿੱਚ ਤਰਕ ਦਿੱਤਾ ਗਿਆ ਸੀ ਕਿ 'ਯੂ.ਐਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼' ਗੈਰ-ਕਾਨੂੰਨੀ ਢੰਗ ਨਾਲ ਨਵੀਆਂ ਨੀਤੀਆਂ ਲਾਗੂ ਕਰ ਰਹੀ ਹੈ। ਇਸ ਨੀਤੀ ਕਾਰਨ ਅਲ ਸਾਲਵਾਡੋਰ, ਸੁਡਾਨ ਅਤੇ ਯੂਕਰੇਨ ਵਰਗੇ ਦੇਸ਼ਾਂ ਦੇ ਹਜ਼ਾਰਾਂ ਲੋਕਾਂ ਦਾ ਵਰਕ ਪਰਮਿਟ ਖ਼ਤਰੇ ਵਿੱਚ ਪੈ ਗਿਆ ਸੀ। ਜੱਜ ਗੌਰਟਨ ਨੇ 'ਯੂ.ਐਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ ਨੂੰ ਅਰਜ਼ੀ ਫੀਸ ਲਾਉਣ ਤੋਂ ਰੋਕਣ ਤੋਂ ਤਾਂ ਇਨਕਾਰ ਕਰ ਦਿੱਤਾ, ਪਰ ਸਪੱਸ਼ਟ ਕੀਤਾ ਕਿ ਫੀਸ ਨਾ ਭਰ ਸਕਣ ਵਾਲੇ ਪ੍ਰਵਾਸੀਆਂ ਦੇ ਵਰਕ ਪਰਮਿਟ ਰੱਦ ਨਹੀਂ ਕੀਤੇ ਜਾ ਸਕਦੇ ਅਤੇ ਨਾ ਹੀ ਉਨ੍ਹਾਂ 'ਤੇ ਕੋਈ ਹੋਰ ਜੁਰਮਾਨਾ ਲਗਾਇਆ ਜਾ ਸਕਦਾ ਹੈ।


## ਪੰਜਾਬ ਵਿਚ ਖਾੜਕੂ ਹਮਲੇ ਦੀ ਸਾਜ਼ਿਸ਼ ਨਾਕਾਮ: 17 ਗ੍ਰਿਫ਼ਤਾਰ, ਆਈਈਡੀ ਤੇ ਹਥਿਆਰ ਬਰਾਮਦ

ਮੋਗਾ-ਪੁਲਿਸ ਨੇ ਇੱਕ ਖਾੜਕੂ ਸਾਜ਼ਿਸ਼ ਦਾ ਪਰਦਾਫਾਸ਼ ਕਰਦਿਆਂ 17 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮਾਂ ਕੋਲੋਂ ਇੱਕ ਆਈਈਡੀ (ਧਮਾਕਾਖੇਜ਼ ਸਮੱਗਰੀ), ਇਲੈਕਟ੍ਰਾਨਿਕ ਡੈਟੋਨੇਟਰ ਅਤੇ ਇੱਕ 9 ਐਮਐਮ ਗਲੌਕ ਪਿਸਤੌਲ (ਮੈਗਜ਼ੀਨ ਸਮੇਤ) ਬਰਾਮਦ ਕੀਤਾ ਗਿਆ ਹੈ। ਪੰਜਾਬ ਦੇ ਡੀ.ਜੀ.ਪੀ. ਗੌਰਵ ਯਾਦਵ ਅਨੁਸਾਰ ਇਸ ਸਾਜ਼ਿਸ਼ ਦਾ ਮੁੱਖ ਮਾਸਟਰਮਾਈਂਡ ਇਕਬਾਲ ਸਿੰਘ ਉਰਫ਼ ਰਵੀ ਧਾਲੀਵਾਲ ਯੂਕੇ ਵਿੱਚ ਰਹਿੰਦਾ ਹੈ। ਮੁਲਜ਼ਮਾਂ ਨੇ ਮਾਸਟਰਮਾਈਂਡ ਦੇ ਨਿਰਦੇਸ਼ਾਂ 'ਤੇ ਥਾਣਾ ਸਦਰ ਮੋਗਾ 'ਤੇ ਗ੍ਰਨੇਡ ਹਮਲਾ ਕੀਤਾ ਸੀ ਅਤੇ ਫਿਰੋਜ਼ਪੁਰ ਤੋਂ ਜੰਮੂ ਜਾਣ ਵਾਲੀ ਟ੍ਰੇਨ ਵਿੱਚ ਆਈਈਡੀ ਲਗਾਉਣ ਦੀ ਯੋਜਨਾ ਬਣਾਈ ਸੀ। ਥਾਣਾ ਸਦਰ ਮੋਗਾ ਵਿਖੇ ਯੂਏਪੀਏ, ਵਿਸਫੋਟਕ ਪਦਾਰਥ ਐਕਟ ਅਤੇ ਹੋਰ ਗੰਭੀਰ ਧਾਰਾਵਾਂ ਤਹਿਤ ਐਫ ਆਈਆਰ ਦਰਜ ਕਰਕੇ ਪੂਰੇ ਨੈੱਟਵਰਕ ਦੀ ਅੱਗੇ ਜਾਂਚ ਕੀਤੀ ਜਾ ਰਹੀ ਹੈ।

## ਹਰ ਕੋਈ ਪਾਰਟੀ ਇਕ ਦੂਜੇ ਦਾ ਨੁਕਸ ਕੱਢਦੀ ਰਹਿੰਦੀ ਹੈ

### ਪਾਠਕਾਂ ਦੇ ਪੱਤਰ

ਸਾਡੇ ਲੀਡਰ ਸਾਰੇ ਬਹੁਤ ਵਧੀਆ ਹਨ। ਜਦੋਂ ਕੋਈ ਘਟਨਾ ਵਾਪਰਦੀ ਹੈ ਉਸੇ ਵੱਕਤ ਹਰਕਤ ਵਿੱਚ ਨਹੀਂ ਆਉਂਦੇ ਜਾਂ ਇਹ ਕਹਿ ਲਵੋ ਹਮੇਸ਼ਾ ਜਿਥੇ ਕਦੀ ਪਾਣੀ ਦੀ ਬੂੰਦ ਨਾ ਵਗੀ ਹੋਵੇ ਉਥੇ ਪੁੱਲ ਬਣਾਉਣ ਲਈ ਬਿਆਨ ਦੇਂਦੇ ਹਨ, ਜਿਥੇ ਹੜ੍ਹ ਆਵੇ ਉਸ ਬਾਰੇ ਬਿਆਨ ਕਈ ਚਿਰ ਬਾਅਦ ਦਿੰਦੇ ਹਨ। ਉੱਤਰਾਖੰਡ ਵਿੱਚ ਜਦੋਂ ਨਿਹੰਗ ਸਿੰਘ ਬਾਰੇ ਵਾਪਰ ਗਿਆ ਹੈ ਉਸ ਬਾਰੇ ਡਾਕਟਰ ਇਕਬਾਲ ਸਿੰਘ ਜੋ ਇਕ ਸਾਬਕਾ National Commission for Minorities Government of India ਦੇ ਚੇਅਰਮੈਨ ਹਨ, ਉਨ੍ਹਾਂ ਨੇ ਝੱਟ ਕਾਰਵਾਈ ਕੀਤੀ, ਜਿਥੇ ਖੱਤ ਲਿਖਣ ਦੀ ਜਰੂਰਤ ਸੀ ਲਿਖ ਦਿੱਤਾ ਹੈ, ਮੌਕੇ ਦੀ ਸਰਕਾਰ ਉਸ ਬਾਰੇ ਜਰੂਰ ਕੁਝ ਨਾ ਕੁਝ ਕਰੇਗੀ। ਪਰ ਜੋ ਹੁਣ ਇਸ ਪੋਸਟ 'ਤੇ ਹਨ ਜਾਂ ਇਨ੍ਹਾਂ ਤੋਂ ਪਹਿਲਾਂ ਭੀ ਇਸ ਪੋਸਟ 'ਤੇ ਰਹੇ ਹਨ ਉਹ ਕਿਥੇ ਹਨ, ਉਨ੍ਹਾਂ ਦਾ ਤਾਂ ਹੱਕ ਸੀ ਕਿ ਸਰਕਾਰ ਤੀਕਰ ਪਹੁੰਚ ਕਰਨੀ ਜੋ ਘਟਨਾ ਹੋਈ ਹੈ ਇਸ ਬਾਰੇ ਪੂਰੀ ਜਾਂਚ ਹੋਵੇ, ਉਸ ਦਾ ਸਹੀ ਤਰੀਕੇ ਨਾਲ ਹੱਲ ਲੱਭਿਆ ਜਾਵੇ, ਸਾਰੇ ਪਾਸੇ ਕਾਪੀਆਂ ਭੀ ਜਰੂਰ ਉਸ ਲੈਟਰ ਦੀਆਂ ਭੇਜੀਆਂ ਹੋਣਗੀਆਂ। ਜਰੂਰ ਉਸ ਦਾ ਹੱਲ ਹੋਵੇਗਾ। ਸਿਰਫ਼ ਇਹੋ ਇਕ ਘਟਨਾ ਨਹੀਂ ਜੋ ਭੀ ਇਸ ਤਰ੍ਹਾਂ ਦਾ ਵਾਪਰਦਾ ਹੈ ਉਹ ਜਾਂ ਤਾਂ State government ਦੇ ਮੁੱਖ ਮੰਤਰੀ ਦੇ ਖਿਲਾਫ ਬਿਆਨਬਾਜ਼ੀ ਸ਼ੁਰੂ ਕਰ ਦਿੰਦੇ ਹਨ, ਇਕੋ ਜਿਹੇ ਵਿਰੋਧੀ ਪਾਰਟੀਆਂ ਦੇ ਬਿਆਨ ਹੁੰਦੇ ਹਨ, ਬੱਸ ਮੁੱਖ ਮੰਤਰੀ ਅਸਤੀਫ਼ਾ ਦੇ ਦੇਵੇ, ਮਸਲਾ ਕੋਈ ਭੀ ਹੋਵੇ। ਮੁੱਖ ਮੰਤਰੀ ਦਾ ਅਸਤੀਫ਼ਾ ਜਰੂਰੀ ਉਨ੍ਹਾਂ ਲਈ ਹੱਲ ਹੁੰਦਾ ਹੈ। ਬਾਕੀ ਮਸਲੇ ਛੱਡੋ ਜਾਂ ਬਾਕੀ ਸੂਬਿਆਂ ਬਾਰੇ ਫਿਰ ਸਹੀ, ਸਾਡੇ ਪੰਜਾਬ ਦੀ ਗੱਲ ਕਰ ਲਵੋ। ਜਦੋਂ ਉਨ੍ਹਾਂ ਦੀ ਆਪਣੀ ਪਾਰਟੀ ਦਾ ਰਾਜ ਸੀ ਉਸ ਵੇਲੇ ਉਹ ਕੀ ਕਰਦੇ ਸਨ। ਉਸ ਵੇਲੇ ਕਿਹੜੇ ਰਾਜੇ ਦੀ ਨਕਲ ਕਰਦੇ ਸਨ ਤਾਂ ਰਾਜ ਕਰਦੇ ਰਹੇ, ਹੁਣ ਮਹਾਰਾਜਾ ਰਣਜੀਤ ਸਿੰਘ ਦੀ ਮਿਸਾਲ ਪੇਸ਼ ਕਰਦੇ ਹਨ, ਕਿਉਂ ਨਾ ਹੁਣ ਇਸ ਵੇਲੇ ਬਿਆਨ ਦੇਣ ਕਿ ਜੋ ਕੁਝ ਹੋ ਰਿਹਾ ਮੌਕੇ ਦੀ ਸਰਕਾਰ ਆਪਣੇ ਤਰੀਕੇ ਨਾਲ ਠੀਕ ਕਰਦੀ ਹੈ ਪਰ ਜਦੋਂ ਸਾਡੀ ਪਾਰਟੀ ਦਾ ਰਾਜ ਆਵੇਗਾ, ਅਸੀਂ ਇਸ ਵਿੱਚ ਇਹ-ਇਹ ਸੁਧਾਰ ਇਸ-ਇਸ ਤਰੀਕੇ ਨਾਲ ਕਰਾਂਗੇ, ਨਾਲ ਪਬਲਿਕ ਵਿੱਚ ਜਾ ਕੇ ਆਮ ਆਦਮੀ ਤੀਕਰ ਪਹੁੰਚ ਕਰਾਂਗਾ। ਜਿਸ ਤਰੀਕੇ ਨਾਲ ਆਮ ਜਨਤਾ ਚਾਹੇ ਉਸ ਮੁਤਾਬਕ ਉਸ ਦਾ ਹੱਲ ਲੱਭਾਂਗੇ। ਇਸੇ ਕਰਕੇ ਅਸੀਂ ਬਾਰ-ਬਾਰ ਲਿਖ ਰਹੇ ਹਾਂ ਕਿ ਡਾ: ਇਕਬਾਲ ਸਿੰਘ ਲਾਲਪੁਰਾ ਸਾਹਿਬ ਨੂੰ ਅਗਰ ਉਨ੍ਹਾਂ ਦੀ ਪਾਰਟੀ ਜਿੱਤ ਜਾਂਦੀ ਹੈ ਤਦ ਮੁੱਖ ਮੰਤਰੀ ਪਦ ਦੇ ਉਮੀਦਵਾਰ ਹੋਣਾ ਚਾਹੀਦਾ ਹੈ। ਇਕ ਪਾਰਟੀ ਦੀ ਗੱਲ ਨਹੀਂ ਹਰ ਪਾਰਟੀ ਵਿੱਚ ਦੋ-ਦੋ ਚਾਰ ਉਮੀਦਵਾਰ ਮੁੱਖ ਮੰਤਰੀ ਪਦ ਲਈ ਪਹਿਲਾਂ ਹੀ ਮੌਜੂਦ ਹਨ। ਜਿਵੇਂ ਪਹਿਲਾਂ ਲਿਖਿਆ ਹੈ ਕਾਂਗਰਸ ਪਾਰਟੀ ਜਿੱਤਦੀ ਹੈ ਤਾਂ ਉਨ੍ਹਾਂ ਪਾਸ ਸਭ ਤੋਂ ਪਹਿਲਾ ਚਿਹਰਾ ਸ: ਪ੍ਰਤਾਪ ਸਿੰਘ ਬਾਜਵਾ ਸਾਹਿਬ ਹਨ। ਉਨ੍ਹਾਂ ਨੂੰ ਪਹਿਲ ਦੇਵੋ। ਅਗਰ ਪਹਿਲਾਂ ਤੋਂ ਸਹੀ ਉਮੀਦਵਾਰ ਹੋਵੇ ਉਹ ਆਪਣੇ ਵਿਚਾਰ ਪਹਿਲਾਂ ਹੀ ਪੱਕੇ ਕਰਕੇ ਉਸ ਪਦ ਬਾਰੇ ਸੋਚਣਾ ਸ਼ੁਰੂ ਕਰਨ, ਬਾਕੀ ਖਿਆਲ ਆਪੋ ਆਪਣਾ ਹੈ। ਨਹੀਂ ਤਾਂ ਪਾਣੀ ਵਿੱਚ ਡੰਡੇ ਮਾਰੀ ਜਾਵੋ। ਗਲਤੀ ਮੁਆਫ਼।



ਆਪ ਦਾ ਦਾਸ-K.Jogi


CHANGE OF NAME

Please one tick box
☐ £30 Print in UK only
☐ £60 Print UK & India
☐ £85 Print UK & India (Express)

NOTE: Please allow 6 weeks for India delivery or 2 weeks for Express Courier

I MR / MRS / MISS ____________________

SON / DAUGHTER / WIFE OF MR ____________________

WHOSE PERMANENT ADDRESS IN INDIA IS ____________________

AND IS NOW LIVING AT ____________________

____________________ HEREBY GIVE NOTICE OF MY INTENTION

TO CHANGE MY NAME TO ____________________

TEL ____________________

Please send the completed form with payment to:
Panjab Times, Bridle Gate Lane, Derby, DE24 0QW
or email the wording to: panjabtimes@aol.com


TO PAY BY CREDIT CARD TEL: 01332-372851

Account Name: Punjab Times Trust Ltd
Account No: 20853011 Sort Code: 20-25-85


### CHANGE OF NAME

I, MR ANMOL SON OF AMIT KUMAR WHOSE PERMANENT ADDRESS IN INDIA IS V.P.O BHUNNA, KAITHAL, PIN: 136034, HARYANA AND NOW LIVING AT 180 UXBRIDGE ROAD, SOUTHALL, UB1 3DX, UK HEREBY GIVE NOTICE OF MY INTENTION TO CHANGE MY NAME TO ANMOL KUMAR. (U/I)

# ਸਿਹਤ ਤੇ ਸੁੰਦਰਤਾ



# ਸਾਵਧਾਨ ! ਜਨਮ ਵੇਲੇ ਦਾ ਘੱਟ ਭਾਰ ਵਧਾ ਸਕਦਾ ਹੈ ਬ੍ਰੇਨ ਸਟ੍ਰੋਕ ਦਾ ਖ਼ਤਰਾ

## ✪ 8 ਲੱਖ ਲੋਕਾਂ 'ਤੇ ਹੋਈ ਖੋਜ ਨੇ ਕੀਤਾ ਹੈਰਾਨ



ਸਟਾਕਹਾਮ-ਕੀ ਤੁਸੀਂ ਜਾਣਦੇ ਹੋ ਕਿ ਜਨਮ ਦੇ ਸਮੇਂ ਬੱਚੇ ਦਾ ਭਾਰ ਉਸ ਦੀ ਜਵਾਨੀ ਵਿੱਚ ਬ੍ਰੇਨ ਸਟ੍ਰੋਕ ਦੇ ਖ਼ਤਰੇ ਨੂੰ ਤੈਅ ਕਰ ਸਕਦਾ ਹੈ ? ਇੱਕ ਤਾਜ਼ਾ ਅਤੇ ਹੈਰਾਨੀਜਨਕ ਖੋਜ ਵਿੱਚ ਇਹ ਸਾਹਮਣੇ ਆਇਆ ਹੈ ਕਿ ਜਿਨ੍ਹਾਂ ਲੋਕਾਂ ਦਾ ਜਨਮ ਸਮੇਂ ਭਾਰ ਔਸਤ ਨਾਲੋਂ ਘੱਟ ਹੁੰਦਾ ਹੈ, ਉਨ੍ਹਾਂ ਨੂੰ ਜਵਾਨੀ ਵਿੱਚ ਸਟ੍ਰੋਕ ਆਉਣ ਦਾ ਖ਼ਤਰਾ ਕਾਫ਼ੀ ਜ਼ਿਆਦਾ ਰਹਿੰਦਾ ਹੈ। ਤੁਰਕੀਏ ਵਿੱਚ ਆਯੋਜਿਤ 'ਯੂਰਪੀਅਨ ਕਾਂਗਰਸ ਆਨ ਓਬੈਸਿਟੀ' ਵਿੱਚ ਪੇਸ਼ ਕੀਤੇ ਗਏ ਇਸ ਅਧਿਐਨ ਨੇ ਸਾਬਤ ਕੀਤਾ ਹੈ ਕਿ ਬਾਲਗ ਹੋਣ 'ਤੇ ਦਿਲ ਅਤੇ ਖ਼ੂਨ ਦੀਆਂ ਨਾੜੀਆਂ ਦੀ ਸਿਹਤ ਦਾ ਸਿੱਧਾ ਸਬੰਧ ਬਚਪਨ ਅਤੇ ਜਨਮ ਦੇ ਕਾਰਨਾਂ ਨਾਲ ਹੁੰਦਾ ਹੈ।

8 ਲੱਖ ਲੋਕਾਂ 'ਤੇ ਹੋਈ ਵੱਡੀ ਖੋਜ-ਗੋਥੇਨਬਰਗ ਯੂਨੀਵਰਸਿਟੀ ਦੀ ਡਾ. ਲੀਨਾ ਲਿਲਜ਼ਾ ਅਤੇ ਡਾ. ਮਰੀਆ ਬਾਈਗਡੇਲ ਸਮੇਤ ਕਈ ਮਾਹਿਰਾਂ ਨੇ ਇਸ ਅਧਿਐਨ ਨੂੰ ਅੰਜਾਮ ਦਿੱਤਾ।

ਖੋਜੀਆਂ ਨੇ ਸਾਲ 1973 ਤੋਂ 1982 ਵਿਚਾਲੇ ਪੈਦਾ ਹੋਏ ਲਗਭਗ 8 ਲੱਖ ਮਰਦਾਂ ਅਤੇ ਔਰਤਾਂ ਦੇ ਸਿਹਤ ਅੰਕੜਿਆਂ ਦਾ ਡੂੰਘਾਈ ਨਾਲ ਵਿਸ਼ਲੇਸ਼ਣ ਕੀਤਾ।

31 ਦਸੰਬਰ 2022 ਤੱਕ ਦੇ ਅੰਕੜਿਆਂ ਮੁਤਾਬਕ, ਇਨ੍ਹਾਂ ਲੋਕਾਂ ਵਿੱਚ ਸਟ੍ਰੋਕ ਦੇ 2,252 ਮਾਮਲੇ ਦਰਜ ਕੀਤੇ ਗਏ।

ਇਨ੍ਹਾਂ ਮਾਮਲਿਆਂ ਵਿੱਚੋਂ 1,624 ਇਸਕੈਮਿਕ ਸਟ੍ਰੋਕ (ਖ਼ੂਨ ਦਾ ਦੌਰਾ ਰੁਕਣਾ) ਅਤੇ 588 ਇੰਟ੍ਰਾਸੈਰੇਬਰਲ ਹੈਮਰੇਜ (ਦਿਮਾਗ ਦੇ ਅੰਦਰ ਖ਼ੂਨ ਵਗਣਾ) ਦੇ ਮਰੀਜ਼ ਸਨ।

ਅਧਿਐਨ ਦੇ ਨਤੀਜੇ ਦੱਸਦੇ ਹਨ ਕਿ ਜਨਮ ਵੇਲੇ ਦਾ ਘੱਟ ਭਾਰ ਭਵਿੱਖ ਲਈ ਇੱਕ ਵੱਡਾ ਖ਼ਤਰਾ ਬਣ ਸਕਦਾ ਹੈ:

ਔਸਤ ਨਾਲੋਂ ਘੱਟ ਭਾਰ ਨਾਲ ਪੈਦਾ ਹੋਏ ਲੋਕਾਂ ਵਿੱਚ ਸਟ੍ਰੋਕ ਦਾ ਜਨਰਲ ਖ਼ਤਰਾ 21 ਫ਼ੀਸਦੀ ਜ਼ਿਆਦਾ ਪਾਇਆ ਗਿਆ। ਇਹ ਖ਼ਤਰਾ ਇਸਕੈਮਿਕ ਅਤੇ ਹੈਮਰੇਜ਼ਿਕ ਦੋਵਾਂ ਤਰ੍ਹਾਂ ਦੇ ਸਟ੍ਰੋਕ ਲਈ ਬਰਾਬਰ ਸੀ।

ਘੱਟ ਭਾਰ ਨਾਲ ਪੈਦਾ ਹੋਣ ਵਾਲੀਆਂ ਔਰਤਾਂ ਵਿੱਚ ਸਟ੍ਰੋਕ ਦਾ ਖ਼ਤਰਾ 18 ਫ਼ੀਸਦੀ ਵੱਧ ਦੇਖਿਆ ਗਿਆ, ਜਦਕਿ ਮਰਦਾਂ ਵਿੱਚ ਇਹ ਵਾਧਾ 23 ਫ਼ੀਸਦੀ ਸੀ।

ਸਭ ਤੋਂ ਖ਼ਾਸ ਗੱਲ ਇਹ ਰਹੀ ਕਿ ਇਹ ਖ਼ਤਰਾ ਬਾਲਗ ਹੋਣ 'ਤੇ ਤੁਹਾਡੇ ਬਾਡੀ ਮਾਸ ਇੰਡੈਕਸ ਜਾਂ ਜਨਮ ਦੇ ਸਮੇਂ ਗਰਭਾਵਸਥਾ ਦੀ ਮਿਆਦ ਤੇ ਨਿਰਭਰ ਨਹੀਂ ਕਰਦਾ। ਯਾਨੀ ਭਾਵੇਂ ਬਾਅਦ ਵਿੱਚ ਤੁਹਾਡਾ ਭਾਰ ਸਹੀ ਵੀ ਹੋਵੇ, ਤਾਂ ਵੀ ਜਨਮ ਵੇਲੇ ਦਾ ਘੱਟ ਭਾਰ ਆਪਣਾ ਅਸਰ ਦਿਖਾ ਸਕਦਾ ਹੈ।

ਇਹ ਖੋਜ ਇਸ ਗੱਲ ਵੱਲ ਇਸ਼ਾਰਾ ਕਰਦੀ ਹੈ ਕਿ ਗਰਭ ਅਵਸਥਾ ਦੌਰਾਨ ਮਾਂ ਦੀ ਸਿਹਤ ਅਤੇ ਬੱਚੇ ਦੇ ਸਹੀ ਭਾਰ ਵੱਲ ਧਿਆਨ ਦੇਣਾ ਕਿਉਂ ਜ਼ਰੂਰੀ ਹੈ, ਕਿਉਂਕਿ ਜਨਮ ਦੇ ਸਮੇਂ ਦੀ ਮਾੜੀ ਸਿਹਤ ਦਾ ਖ਼ਮਿਆਜ਼ਾ ਇਨਸਾਨ ਨੂੰ ਜਵਾਨੀ ਜਾਂ ਬੁਢਾਪੇ ਵਿੱਚ ਭੁਗਤਣਾ ਪੈ ਸਕਦਾ ਹੈ।

* * *

# * ਚੁੰਝਾਂ-ਪੌਂਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ





17 ਜੁਲਾਈ ਨੂੰ ਮੋਦੀ ਦੇ ਦੌਰੇ ਤੋਂ ਪਹਿਲਾਂ ਪੰਜਾਬ ਭਾਜਪਾ 15-16 ਜੁਲਾਈ ਨੂੰ ਚਲਾਏਗੀ ਸਵੱਛਤਾ ਮੁਹਿੰਮ- ਇਕ ਖ਼ਬਰ

-ਵਿਹੜੇ ਆਈ ਜੰਞ, ਵਿੰਨ੍ਹੋ ਕੁੜੀ ਦੇ ਕੰਨ।



*ਅਮਰੀਕਾ ਅਤੇ ਇਰਾਨ ਵਲੋਂ ਹੋਰਮੁਜ਼ ਉੱਪਰ ਆਪਣੇ ਆਪਣੇ ਕਬਜ਼ੇ ਦਾ ਦਾਅਵਾ- ਇਕ ਖ਼ਬਰ

-ਵਾਰਿਸਸ਼ਾਹ ਦੋ ਲੜਨ ਮਾਸ਼ੂਕ ਏਥੇ, ਮੇਰੀ ਸੰਗਲੀ ਸ਼ਗਨ ਵਿਚਾਰਦੀ ਏ।



*ਭਾਜਪਾ ਨੇ ਉਮਰ ਅਬਦੁੱਲਾ ਨੂੰ ਭੇਜਿਆ ਕਾਨੂੰਨੀ ਨੋਟਿਸ- ਇਕ ਖ਼ਬਰ

-ਬਾਂਹ ਮਾਰ ਕੇ ਘੋਟਣਾ ਭੰਨ 'ਤੀ, ਜੇਠ ਦੀ ਮੈਂ ਗੱਲ ਨਾ ਮੰਨੀ।



*ਪ੍ਰਧਾਨ ਮੰਤਰੀ ਨੇ ਪੰਜਾਬ ਦੇ ਹਰੇਕ ਵਰਗ ਨੂੰ ਨਿਰਾਸ਼ ਕੀਤਾ- ਹਰਪਾਲ ਚੀਮਾ

-ਉਜੜੀਆਂ ਭਰਜਾਈਆਂ, ਵਲੀ ਜਿਨ੍ਹਾਂ ਦੇ ਜੇਠ।

*ਭਾਜਪਾ ਦੀ ਮਦਦ ਕਰਨ ਵਾਲੇ ਸੰਸਦ ਮੈਂਬਰ ਹੋਣਗੇ 'ਲੋਕਤੰਤਰ ਦੇ ਕਾਤਲ'- ਵਕੀਲ ਕਪਿਲ ਸਿੱਬਲ



-ਨਹੀਂ ਕੰਮ ਪਿਆਰਿਉ ਇਹ ਚੰਗਾ, ਮਾਰੀ ਸੱਜਣਾ 'ਤੇ ਤਲਵਾਰ ਬੇਲੀ।




*ਟਰੰਪ ਨੇ ਚੀਨ ਉੱਤੇ ਲਗਾਏ 2020 ਦੀਆਂ ਚੋਣਾਂ 'ਚ ਦਖ਼ਲਅੰਦਾਜ਼ੀ ਦੇ ਦੋਸ਼- ਇਕ ਖ਼ਬਰ

-ਟੁੱਟ ਪੈਣੇ ਦਰਜੀ ਨੇ, ਮੇਰੀ ਰੱਖ ਲਈ ਸੁੱਥਣ 'ਚੋਂ ਟਾਕੀ।



*ਪਾਕਿਸਤਾਨ ਦੀਆਂ ਅਮਰੀਕਾ-ਇਰਾਨ ਵਿਚਕਾਰ ਸਮਝੌਤੇ ਦੀ ਕੋਸ਼ਿਸ਼ਾਂ ਫੇਲ੍ਹ- ਇਕ ਖ਼ਬਰ

-ਮੇਰੀ ਕੱਚੇ ਘੜੇ ਦੀ ਬੇੜੀ, ਜੇ ਰੱਬ ਪਾਰ ਕਰੇ।



*ਸੁਖਬੀਰ ਬਾਦਲ ਨੂੰ ਆਪਣਾ ਹੀ ਧਰਮ ਯੁੱਧ ਦਾ ਐਲਾਨ ਭੁੱਲਿਆ- ਬਲਤੇਜ ਪੰਨੂੰ

-ਕਿਹੜਾ ਧਰਮ-ਯੁੱਧ? ਖਾਧੀ ਪੀਤੀ 'ਚ ਕਹਿ ਹੋ ਗਿਆ, ਸੀਰੀਅਸ ਨਾ ਲਿਆ ਕਰੋ ਯਾਰ!



*ਮੋਦੀ ਨੂੰ ਭਾਰਤ-ਅਮਰੀਕਾ ਵਪਾਰ ਸਮਝੌਤੇ ਵਰਗੇ ਗੰਭੀਰ ਮੁੱਦਿਆਂ 'ਤੇ ਬੋਲਣਾ ਚਾਹੀਦਾ ਸੀ- ਪਰਗਟ ਸਿੰਘ

-ਕਾਦਰਯਾਰ ਕਹਿੰਦਾ ਸਲਵਾਨ ਰਾਜਾ, ਪਿੱਛੇ ਕੀ ਕਰਤੂਤ ਕਰ ਆਇਉਂ ਈ।



*ਕਿਸਾਨ-ਮਜ਼ਦੂਰ ਮੋਰਚਾ ਮੋਦੀ ਦੇ ਦੌਰੇ ਦੌਰਾਨ ਜ਼ਿਲ੍ਹਿਆਂ 'ਚ ਰੋਸ ਮਾਰਚ ਕਰੇਗਾ- ਇਕ ਖ਼ਬਰ

-ਸੱਸ ਪਿੱਟਣੀ ਪੰਜੇਬਾਂ ਪਾ ਕੇ, ਜੱਗ ਚਾਹੇ ਕਰੇ ਨਿੰਦਿਆ।



*ਕੇਂਦਰ ਸਰਕਾਰ ਪੰਜਾਬ ਦੇ ਰੁਕੇ ਹੋਏ ਫੰਡ ਜਾਰੀ ਕਰੇ- ਸਿਹਤ ਮੰਤਰੀ ਬਲਬੀਰ ਸਿੰਘ

-ਝਾਂਜਰਾਂ ਘੜਾ ਦੇ ਮਿੱਤਰਾ, ਅੱਡੀ ਮਾਰ ਕੇ ਲੰਘੂੰਗੀ ਦਰ ਤੇਰਾ।



*ਪੰਜਾਬ ਕਾਂਗਰਸ ਦੇ ਮਸਲੇ ਦੇ ਹੱਲ ਲਈ ਹਾਈ ਕਮਾਂਡ ਦੀ ਮੀਟਿੰਗ ਦੂਜੇ ਦਿਨ ਵੀ ਜਾਰੀ- ਇਕ ਖ਼ਬਰ

-ਕਿਹੜੇ ਯਾਰ ਦਾ ਗੁਤਾਵਾ ਕੀਤਾ, ਅੱਖ ਵਿਚ ਕੱਖ ਪੈ ਗਿਆ।



*ਬਹਿਬਲ ਕਲਾਂ-ਕੋਟ ਕਪੂਰਾ ਗੋਲੀ ਕਾਂਡ 'ਚ ਸੁਖਬੀਰ ਬਾਦਲ ਨੂੰ ਸਿੱਟ ਨੇ ਪੇਸ਼ੀ ਲਈ ਸੱਦਿਆ- ਇਕ ਖ਼ਬਰ

-ਕਾਦਰਯਾਰ ਅਣਹੋਣੀਆਂ ਕਰਨ ਜਿਹੜੇ, ਆਖਰਵਾਰ ਉਨ੍ਹਾਂ ਪਛੋਤਾਵਣਾ ਈ।

*ਨਿਜੀ ਸਕੂਲਾਂ 'ਤੇ ਲਗਾਈ ਲਗਾਮ ਮਾਪਿਆਂ ਲਈ ਵੱਡੀ ਰਾਹਤ- ਡਿਪਟੀ ਸਪੀਕਰ ਰੋੜੀ

-ਤੀਆਂ ਨੂੰ ਲਵਾਉਣ ਵਾਲਿਆ, ਤੇਰਾ ਹੋਵੇ ਸੁਰਗਾਂ ਵਿਚ ਵਾਸਾ।



*ਸੱਚ ਸਾਹਮਣੇ ਲਿਆਉਣ ਲਈ ਲੋਕ ਕਮਿਸ਼ਨ ਦਾ ਗਠਨ ਕੀਤਾ ਜਾਵੇ- ਬੀਬੀ ਪਰਮਜੀਤ ਕੌਰ ਖਾਲੜਾ

-ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ, ਹੋਣ ਪੰਜਾਬ ਦੇ ਵਿਚ ਖ਼ੁਆਰੀਆਂ ਜੀ।

MANAK SOLICITORS



**Jasdeep Singh Jandu LL.B (Hons.) - Jas**
Head of Wills & Probate & Powers of Attorney

Jas joined this firm as a Trainee Solicitor in September 2007 and now leads one of our Private Client Departments. Jas's clear, practical advice ensures your wishes are protected and your loved ones are cared for as you wish, giving you lasting peace of mind.

Contact Jas on telephone 020 8464 7432 or by email jas@manaksolicitors.co.uk for personal and confidential advice and support today.

**Biggin Hill I Gravesend I Orpington I Sevenoaks**



manaksolicitors.co.uk
01689 870 769

reviewsolicitors Excellent
Lexcel Legal Practice Quality Mark Law Society Accredited



Rajbir Singh Manak MA (Hons)

Surinder Singh Manak LLB (Hons)


Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਪੰਜ ਦਰਿਆਵਾਂ ਦਾ ਫਲਸਫ਼ਾ: ਸਿੱਖ ਸਭਿਅਤਾ, ਸਾਹਿਤ ਅਤੇ ਚੇਤਨਾ ਦਾ ਵਹਾਅ

**ਬਲਵਿੰਦਰਪਾਲ ਸਿੰਘ ਪ੍ਰੋਫੈਸਰ**
**ਸੰਪਰਕ 9815700916**




ਦਰਿਆ ਮਨੁੱਖੀ ਸਭਿਅਤਾ ਦੇ ਸਿਰਫ਼ ਭੌਤਿਕ ਪੰਘੂੜੇ ਹੀ ਨਹੀਂ ਹਨ, ਸਗੋਂ ਇਹ ਮਨੁੱਖੀ ਚੇਤਨਾ ਅਤੇ ਦਾਰਸ਼ਨਿਕ ਚਿੰਤਨ ਦੇ ਸਭ ਤੋਂ ਡੂੰਘੇ ਸੋਮੇ ਵੀ ਹਨ। ਇਥੋਂ ਹੀ ਪੰਜਾਬੀਆਂ ਦੀ ਸਭਿਅਤਾ ਪੁੰਗਰੀ ਹੈ ਤੇ ਸਿੱਖ ਧਰਮ ਵਿਕਸਤ ਹੋਇਆ ਹੈ। ਇੱਕ ਦਰਿਆ ਦਾ ਵਹਾਅ ਸਾਨੂੰ ਜੀਵਨ ਦੇ ਉਸ ਸੱਚ ਨਾਲ ਜੋੜਦਾ ਹੈ ਜਿੱਥੇ ਅਤੀਤ, ਵਰਤਮਾਨ ਅਤੇ ਭਵਿੱਖ ਇੱਕੋ ਧਾਰਾ ਵਿੱਚ ਘੁਲੇ ਹੋਏ ਪ੍ਰਤੀਤ ਹੁੰਦੇ ਹਨ। ਸਮਾਂ ਵੀ ਇੱਕ ਦਰਿਆ ਵਾਂਗ ਹੈ ਜੋ ਸਾਨੂੰ ਆਪਣੇ ਨਾਲ ਵਹਾ ਕੇ ਲੈ ਜਾਂਦਾ ਹੈ। ਦਰਿਆ ਦੀ ਫਿਲਾਸਫੀ ਸਾਨੂੰ ਇਹ ਸਿਖਾਉਂਦੀ ਹੈ ਕਿ ਅਤੀਤ ਕਦੇ ਮਰਦਾ ਨਹੀਂ; ਇਹ ਸਿਰਫ਼ ਸਤਹ ਦੇ ਹੇਠਾਂ ਉਤਰ ਜਾਂਦਾ ਹੈ ਅਤੇ ਜਦੋਂ ਵਰਤਮਾਨ ਦੀ ਗਤੀ ਸ਼ਾਂਤ ਹੁੰਦੀ ਹੈ, ਤਾਂ ਉਹ ਯਾਦਾਂ ਮੁੜ ਉੱਭਰ ਕੇ ਸਾਹਮਣੇ ਆ ਜਾਂਦੀਆਂ ਹਨ। ਇਹ ਕੋਈ ਇਤਫ਼ਾਕ ਨਹੀਂ ਹੈ ਕਿ ਦੁਨੀਆ ਦੀਆਂ ਮਹਾਨ ਸੱਭਿਅਤਾਵਾਂ ਅਤੇ ਸਾਹਿਤ ਤੇ ਦਰਸ਼ਨ ਦੀ ਕਲਾ ਦਰਿਆਵਾਂ ਦੇ ਕੰਢਿਆਂ 'ਤੇ ਹੀ ਪ੍ਰਫੁੱਲਿਤ ਹੋਈ। ਸਿੱਖ ਸਭਿਅਤਾ ਦਾ ਜਨਮ ਅਤੇ ਵਿਕਾਸ ਪੰਜਾਬ ਦੀ ਉਸ ਧਰਤੀ 'ਤੇ ਹੋਇਆ ਜਿਸ ਨੂੰ 'ਪੰਜਾਂ ਪਾਣੀਆਂ ਦੀ ਧਰਤੀ' ਕਿਹਾ ਜਾਂਦਾ ਸੀ ਜੋ 1947 ਦੌਰਾਨ ਫਿਰਕੂ ਹਿੰਸਾ ਤੇ ਰਾਜਨੀਤੀ ਕਾਰਣ ਟੁਕੜਿਆਂ ਵਿਚ ਵੰਡੀ ਦਿਤੀ ਗਈ ਸੀ।

ਗੁਰੂ ਸਾਹਿਬਾਨ ਨੇ ਦਰਿਆਵਾਂ ਨੂੰ ਸਿਰਫ਼ ਪਾਣੀ ਦੇ ਸਰੋਤ ਵਜੋਂ ਨਹੀਂ, ਸਗੋਂ ਰੱਬੀ ਪ੍ਰੀਤ ਅਤੇ ਮਾਨਵਤਾ ਦੇ ਵਹਾਅ ਵਜੋਂ ਦੇਖਿਆ। ਪ੍ਰਸਿਧ ਦਾਰਸ਼ਨਿਕ ਕਵੀ ਪ੍ਰੋਫੈਸਰ ਪੂਰਨ ਸਿੰਘ ਨੇ ਸਹੀ ਲਿਖਿਆ ਹੈ

ਰਾਵੀ ਸੁਹਣੀ ਪਈ ਵਗਦੀ।
ਮੈਨੂੰ ਸਤਲੁਜ ਪਿਆਰਾ ਹੈ,
ਮੈਨੂੰ ਬਿਆਸ ਪਈ ਖਿੱਚਦੀ,
ਮੈਨੂੰ ਝਨਾਂ 'ਵਾਜ਼ਾਂ ਮਾਰਦੀ,
ਮੈਨੂੰ ਜੇਹਲਮ ਪਿਆਰਦਾ,
ਅਟਕ ਦੀ ਲਹਿਰਾਂ ਦੀ ਠਾਠ
ਮੇਰੇ ਬੂਹੇ 'ਤੇ ਵੱਜਦੀ।
ਖਾੜ ਖਾੜ ਚਲਨ ਵਿਚ
ਮੇਰੇ ਸੁਫ਼ਨਿਆਂ,
ਪੰਜਾਬ ਦੇ ਦਰਿਆ,
ਪਿਆਰ ਅੱਗ ਇਨ੍ਹਾਂ ਨੂੰ ਲੱਗੀ ਹੋਈ,
ਪਿਆਰਾ ਜਪੁ ਸਾਹਿਬ ਗਾਉਂਦੇ,
ਠੰਢੇ 'ਤੇ ਠਾਰਦੇ, ਪਿਆਰਦੇ ।

ਸਿੱਖ ਧਰਮ ਦੀ ਬੁਨਿਆਦ ਵਿੱਚ ਦਰਿਆਈ ਪਾਣੀ ਦੀ ਇੱਕ ਅਹਿਮ ਭੂਮਿਕਾ ਹੈ। ਸੁਲਤਾਨਪੁਰ ਲੋਧੀ ਵਿਖੇ ਕਾਲੀ ਵੇਈਂ ਉਹ ਸਥਾਨ ਹੈ ਜਿੱਥੇ ਜਗਤ ਗੁਰੂ ਬਾਬਾ ਨਾਨਕ ਜੀ ਨੇ ਤਿੰਨ ਦਿਨ ਜਲ ਵਿੱਚ ਚੁੱਭੀ ਲਾਈ ਅਤੇ 'ਨਾ ਕੋ ਹਿੰਦੂ ਨਾ ਮੁਸਲਮਾਨ' ਦਾ ਮਾਨਵਤਾਵਾਦੀ ਹੋਕਾ ਦਿੱਤਾ। ਜਿਵੇਂ ਦਰਿਆ ਸਭ ਨੂੰ ਬਿਨਾਂ ਭੇਦਭਾਵ ਪਾਣੀ ਦਿੰਦਾ ਹੈ, ਉਵੇਂ ਹੀ ਗੁਰੂ ਨਾਨਕ ਦੇਵ ਜੀ ਨੇ ਦਰਿਆ ਦੇ ਕਿਨਾਰੇ ਤੋਂ ਹੀ ਇੱਕ ਅਜਿਹੀ ਸੱਭਿਅਤਾ ਦੀ ਨੀਂਹ ਰੱਖੀ ਜੋ ਸਰਬੱਤ ਦਾ ਭਲਾ ਮੰਗਦੀ ਸੀ।

ਗੁਰੂ ਸਾਹਿਬਾਨ ਨੇ ਨਵੇਂ ਨਗਰ ਵਸਾਉਣ ਲਈ ਹਮੇਸ਼ਾ ਦਰਿਆਵਾਂ ਦੀ ਚੋਣ ਕੀਤੀ, ਜੋ ਨਾ ਸਿਰਫ਼ ਆਰਥਿਕ ਪੱਖੋਂ , ਸਗੋਂ ਮਾਨਸਿਕ ਸ਼ਾਂਤੀ ਲਈ ਵੀ ਜ਼ਰੂਰੀ ਸਨ। ਸਤਿਗੁਰੂ ਬਾਬਾ ਨਾਨਕ ਸਾਹਿਬ ਜੀ ਨੇ ਕਰਤਾਰਪੁਰ ਰਾਵੀ ਦੇ ਕੰਢੇ ਖੇਤੀ ਕੀਤੀ ਅਤੇ 'ਕਿਰਤ ਕਰੋ, ਨਾਮ ਜਪੋ, ਵੰਡ ਛਕੋ' ਦਾ ਫਲਸਫ਼ਾ ਦਿੱਤਾ। ਰਾਵੀ ਦੇ ਕੰਢੇ ਉਚਾਰੇ ਗੁਰੂ ਬਾਬਾ ਨਾਨਕ ਸਾਹਿਬ ਜੀ ਦੇ ਸ਼ਬਦਾਂ ਨੇ ਸਿੱਖੀ ਵਿੱਚ ਨਿਰੰਤਰ ਸੇਵਾ, ਕਿਰਤ ਅਤੇ ਵੰਡ ਛਕਣ ਦੇ ਫਲਸਫ਼ੇ ਨੂੰ ਰਵਾਨਗੀ ਦਿੱਤੀ ਹੈ।



ਗੁਰੂ ਸਾਹਿਬਾਨ ਨੇ ਨਵੇਂ ਨਗਰ ਵਸਾਉਣ ਲਈ ਹਮੇਸ਼ਾ ਦਰਿਆਵਾਂ ਦੀ ਚੋਣ ਕੀਤੀ, ਜੋ ਨਾ ਸਿਰਫ਼ ਆਰਥਿਕ ਪੱਖੋਂ , ਸਗੋਂ ਮਾਨਸਿਕ ਸ਼ਾਂਤੀ ਲਈ ਵੀ ਜ਼ਰੂਰੀ ਸਨ। ਸਤਿਗੁਰੂ ਬਾਬਾ ਨਾਨਕ ਸਾਹਿਬ ਜੀ ਨੇ ਕਰਤਾਰਪੁਰ ਰਾਵੀ ਦੇ ਕੰਢੇ ਖੇਤੀ ਕੀਤੀ ਅਤੇ 'ਕਿਰਤ ਕਰੋ, ਨਾਮ ਜਪੋ, ਵੰਡ ਛਕੋ' ਦਾ ਫਲਸਫ਼ਾ ਦਿੱਤਾ। ਰਾਵੀ ਦੇ ਕੰਢੇ ਉਚਾਰੇ ਗੁਰੂ ਬਾਬਾ ਨਾਨਕ ਸਾਹਿਬ ਜੀ ਦੇ ਸ਼ਬਦਾਂ ਨੇ ਸਿੱਖੀ ਵਿੱਚ ਨਿਰੰਤਰ ਸੇਵਾ, ਕਿਰਤ ਅਤੇ ਵੰਡ ਛਕਣ ਦੇ ਫਲਸਫ਼ੇ ਨੂੰ ਰਵਾਨਗੀ ਦਿੱਤੀ ਹੈ।

ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਸਾਹਿਬ ਬਿਆਸ ਦੇ ਕੰਢੇ ਸਿੱਖੀ ਦੇ ਪ੍ਰਚਾਰ ਦਾ ਕੇਂਦਰ ਬਣਾਇਆ, ਜਿੱਥੇ ਸਾਂਝੀਵਾਲਤਾ ਦੀ ਪ੍ਰਤੀਕ 'ਬਾਉਲੀ ਸਾਹਿਬ' ਦੀ ਸਿਰਜਣਾ ਹੋਈ। ਕੀਰਤਪੁਰ ਅਤੇ ਅਨੰਦਪੁਰ ਸਾਹਿਬ ਵਿਖੇ ਸਤਲੁਜ ਦੀਆਂ ਲਹਿਰਾਂ ਨੇ ਗੁਰੂ ਹਰਿਗੋਬਿੰਦ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਦੇ ਬੀਰ-ਰਸੀ ਇਤਿਹਾਸ ਨੂੰ ਆਪਣੇ ਅੰਦਰ ਸਮੋਇਆ ਹੋਇਆ ਹੈ।

ਜਦੋਂ ਅਸੀਂ ਸਾਹਿਤ ਦੀ ਕਲਾ ਦੀ ਗੱਲ ਕਰਦੇ ਹਾਂ, ਤਾਂ ਜਮੁਨਾ ਦੇ ਕੰਢੇ ਵਸਿਆ ਪਾਉਂਟਾ ਸਾਹਿਬ ਸਭ ਤੋਂ ਵੱਡੀ ਮਿਸਾਲ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਜਮੁਨਾ ਦੇ ਸ਼ਾਂਤ ਵਹਾਅ ਵਿੱਚ ਬੈਠ ਕੇ 52 ਕਵੀਆਂ ਦੇ ਦਰਬਾਰ ਲਗਾਏ ਅਤੇ ਅਦੁੱਤੀ ਸਾਹਿਤ ਦੀ ਰਚਨਾ ਕਰਵਾਈ।

ਸਿੱਖ ਇਤਿਹਾਸ ਵਿੱਚ ਦਰਿਆ ਸਿਰਫ਼ ਜੀਵਨ ਦੇ ਹੀ ਨਹੀਂ, ਸਗੋਂ ਸ਼ਹਾਦਤ ਦੇ ਵੀ ਗਵਾਹ ਹਨ। ਗੁਰੂ ਅਰਜਨ ਦੇਵ ਜੀ ਨੇ ਰਾਵੀ ਦੇ ਕੰਢੇ ਤੱਤੀ ਤਵੀ 'ਤੇ ਬੈਠ ਕੇ 'ਤੇਰਾ ਕੀਆ ਮੀਠਾ ਲਾਗੈ' ਦਾ ਸੰਦੇਸ਼ ਦਿੱਤਾ। ਸਰਸਾ ਨਦੀ ਦੇ ਕੰਢੇ ਪਰਿਵਾਰ ਵਿਛੋੜਾ ਹੋਇਆ, ਪਰ ਗੁਰੂ ਗੋਬਿੰਦ ਸਿੰਘ ਜੀ ਦਾ 'ਚੜ੍ਹਦੀ ਕਲਾ' ਦਾ ਫਲਸਫ਼ਾ ਦਰਿਆ ਵਾਂਗ ਅੱਗੇ ਹੀ ਵਧਦਾ ਰਿਹਾ।

ਸਿੱਖ ਸਭਿਅਤਾ ਸਾਨੂੰ ਸਿਖਾਉਂਦੀ ਹੈ ਕਿ ਮਨੁੱਖ ਨੂੰ ਦਰਿਆ ਵਾਂਗ ਹੋਣਾ ਚਾਹੀਦਾ ਹੈ- ਨਿਰਮਲ, ਗਤੀਸ਼ੀਲ ਅਤੇ ਪਰਉਪਕਾਰੀ। ਗੁਰੂ ਸਾਹਿਬਾਨ ਨੇ ਦਰਿਆਵਾਂ ਦੇ ਕੰਢਿਆਂ 'ਤੇ ਬੈਠ ਕੇ ਜੋ ਇਲਾਹੀ ਬਾਣੀ ਰਚੀ, ਉਹ ਅਸਲ ਵਿੱਚ "ਸ਼ਬਦ ਦਾ ਦਰਿਆ" ਹੈ, ਜੋ ਸਦੀਆਂ ਤੋਂ ਭਟਕੀਆਂ ਰੂਹਾਂ ਦੀ ਪਿਆਸ ਬੁਝਾ ਰਿਹਾ ਹੈ। ਜਿਵੇਂ ਦਰਿਆ ਆਪਣੀ ਮੰਜ਼ਿਲ (ਸਮੁੰਦਰ) ਵੱਲ ਨਿਰੰਤਰ ਵਧਦਾ ਹੈ, ਸ਼ਬਦ ਗੁਰੂ ਫਲਸਫ਼ਾ ਵੀ ਮਨੁੱਖ ਨੂੰ ਆਪਣੇ ਅਸਲੇ (ਅਕਾਲ ਪੁਰਖ) ਵਿੱਚ ਅਭੇਦ ਹੋਣ ਦੀ ਪ੍ਰੇਰਨਾ ਦਿੰਦਾ ਹੈ।

ਦਰਿਆਵਾਂ ਦੀ ਰਵਾਨਗੀ ਅਤੇ ਗੁਰੂ ਦੇ ਸ਼ਬਦ ਦਾ ਸੰਗਮ ਹੀ ਉਹ ਬਿੰਦੂ ਹੈ, ਜਿੱਥੋਂ ਇੱਕ ਅਦੁੱਤੀ ਅਤੇ ਮਹਾਨ ਸਭਿਅਤਾ ਦਾ ਆਗਾਜ਼ ਹੋਇਆ ਹੈ।" ਦਰਿਆ ਦੀ ਮੌਜੂਦਗੀ ਮਨੁੱਖੀ ਕਲਪਨਾ ਨੂੰ ਉਡਾਣ ਦਿੰਦੀ ਹੈ। ਇਨਸਾਨੀ ਮਨ ਅਕਸਰ "ਅਨਿਸ਼ਚਤਤਾ" ਕਰਕੇ ਪਰੇਸ਼ਾਨ ਰਹਿੰਦਾ ਹੈ ਕਿ ਕੱਲ੍ਹ ਕੀ ਹੋਵੇਗਾ? ਮੇਰਾ ਕੀ ਬਣੇਗਾ? ਪਰ ਦਰਿਆ ਨੂੰ ਦੇਖ ਕੇ ਸਾਨੂੰ ਅਹਿਸਾਸ ਹੁੰਦਾ ਹੈ ਕਿ ਇਸ ਦੀ ਮੰਜ਼ਿਲ ਤੈਅ ਹੈ। ਭਾਵੇਂ ਰਸਤੇ ਵਿੱਚ ਪਹਾੜ ਆਉਣ, ਮੋੜ ਆਉਣ ਜਾਂ ਰੁਕਾਵਟਾਂ, ਦਰਿਆ ਨੇ ਅਖੀਰ ਸਮੁੰਦਰ ਵਿੱਚ ਮਿਲ ਹੀ ਜਾਣਾ ਹੈ। ਇਹ "ਨਿਸ਼ਚਤਤਾ" ਭਟਕੇ ਹੋਏ ਮਨ ਨੂੰ ਇਹ ਸੁਨੇਹਾ ਦਿੰਦੀ ਹੈ ਕਿ ਜੀਵਨ ਦਾ ਵੀ ਇੱਕ ਕੁਦਰਤੀ ਅੰਤ ਹੈ, ਜਿੱਥੇ ਸਭ ਨੇ ਅਖੀਰ ਸ਼ਾਂਤ ਹੋ ਜਾਣਾ ਹੈ।

ਦਰਿਆ ਜਦੋਂ ਸਮੁੰਦਰ ਵਿੱਚ ਮਿਲਦਾ ਹੈ, ਤਾਂ ਉਹ ਆਪਣੀ ਵੱਖਰੀ ਹੋਂਦ ਖ਼ਤਮ ਕਰ ਦਿੰਦਾ ਹੈ। ਉਹ ਹੁਣ ਸਿਰਫ਼ 'ਦਰਿਆ' ਨਹੀਂ ਰਹਿੰਦਾ, ਸਗੋਂ 'ਸਮੁੰਦਰ' ਬਣ ਜਾਂਦਾ ਹੈ। ਭਟਕੇ ਹੋਏ ਮਨਾਂ ਲਈ ਇਹ ਇੱਕ ਵੱਡੀ ਸਿੱਖਿਆ ਹੈ-ਕਿ ਸਾਡੀਆਂ ਜ਼ਿਆਦਾਤਰ ਪਰੇਸ਼ਾਨੀਆਂ ਸਾਡੀ "ਮੈਂ" ਕਰਕੇ ਹਨ। ਜਦੋਂ ਅਸੀਂ ਕੁਦਰਤ ਦੇ ਵਿਸ਼ਾਲ ਵਹਾਅ ਅੱਗੇ ਸਮਰਪਣ ਕਰ ਦਿੰਦੇ ਹਾਂ, ਤਾਂ ਸਾਰੇ ਮਾਨਸਿਕ ਸੰਘਰਸ਼ ਖ਼ਤਮ ਹੋ ਜਾਂਦੇ ਹਨ। ਦਰਿਆ ਦਾ ਭਵਿੱਖ ਸਮੁੰਦਰ ਹੈ, ਪਰ ਉਹ ਉੱਥੇ ਪਹੁੰਚਣ ਲਈ ਕਾਹਲੀ ਨਹੀਂ ਕਰਦਾ; ਉਹ ਵਹਿੰਦਾ ਰਹਿੰਦਾ ਹੈ। ਇਹ ਗੱਲ ਸਾਨੂੰ ਸਿਖਾਉਂਦੀ ਹੈ ਕਿ ਜੇਕਰ ਅੰਤ (ਮੌਤ ਜਾਂ ਵਿਲੀਨ ਹੋਣਾ) ਨਿਸ਼ਚਿਤ ਹੈ, ਤਾਂ ਫਿਰ ਰਸਤੇ ਦੀਆਂ ਮੁਸ਼ਕਿਲਾਂ ਤੋਂ ਘਬਰਾਉਣ ਦੀ ਲੋੜ ਨਹੀਂ। ਇਹ ਸੋਚ ਮਨੁੱਖ ਨੂੰ ਵਰਤਮਾਨ ਵਿੱਚ ਜਿਉਣ ਦਾ ਹੌਂਸਲਾ ਦਿੰਦੀ ਹੈ। ਜਿਨ੍ਹਾਂ ਲੋਕਾਂ ਦਾ ਆਪਣੀ ਮੰਜ਼ਿਲ ਤੋਂ ਭਰੋਸਾ ਉੱਠ ਗਿਆ ਹੁੰਦਾ ਹੈ, ਉਹ ਦਰਿਆ ਦੇ ਅਟੁੱਟ ਵਹਾਅ ਨੂੰ ਦੇਖ ਕੇ ਜਿਉਣ ਦਾ ਨਵਾਂ ਅਰਥ ਲੱਭਦੇ ਹਨ।

ਦਰਿਆ ਸਾਨੂੰ ਇਹ ਵੀ ਸਮਝਾਉਂਦਾ ਹੈ ਕਿ ਇਸ ਸੰਸਾਰ ਵਿੱਚ ਕੁਝ ਵੀ ਸਥਿਰ ਨਹੀਂ ਹੈ। ਪਿਆਰ, ਮੌਤ, ਅਤੇ ਗੁਆਚ ਜਾਣ ਦਾ ਡਰ-ਇਹ ਸਭ ਉਸੇ ਤਰ੍ਹਾਂ ਹਨ ਜਿਵੇਂ ਪਾਣੀ ਵਿੱਚ ਉੱਠਦੀਆਂ ਲਹਿਰਾਂ। ਅਸੀਂ ਅਕਸਰ ਦੂਜਿਆਂ ਦੇ ਮਨਾਂ ਵਿੱਚ ਪ੍ਰਵੇਸ਼ ਕਰਨ ਦੀ ਕੋਸ਼ਿਸ਼ ਕਰਦੇ ਹਾਂ, ਪਰ ਅਖੀਰ ਵਿੱਚ ਇਹ ਸੱਚ ਸਾਹਮਣੇ ਆਉਂਦਾ ਹੈ ਕਿ ਹਰ ਰੂਹ ਆਪਣੀ ਯਾਤਰਾ ਵਿੱਚ ਇਕੱਲੀ ਹੈ, ਬਿਲਕੁਲ ਉਸੇ ਤਰ੍ਹਾਂ ਜਿਵੇਂ ਦਰਿਆ ਵਿੱਚ ਵਹਿੰਦਾ ਹਰ ਕਣ ਆਪਣਾ ਰਸਤਾ ਖੁਦ ਤੈਅ ਕਰਦਾ ਹੈ। ਪਰ ਇਸ ਇਕੱਲਤਾ ਵਿੱਚ ਕੋਈ ਉਦਾਸੀ ਨਹੀਂ, ਸਗੋਂ ਇੱਕ ਰੱਬੀ ਸੱਚ ਹੈ।

ਅਸੀਂ ਅਕਸਰ ਇੱਕ ਆਦਰਸ਼ ਦੁਨੀਆ ਦੀ ਭਾਲ ਵਿੱਚ ਭਟਕਦੇ ਰਹਿੰਦੇ ਹਾਂ ਅਤੇ ਮੌਜੂਦਾ ਜੀਵਨ ਦੀਆਂ ਕਮੀਆਂ ਤੋਂ ਦੁਖੀ ਹੁੰਦੇ ਹਾਂ। ਪਰ ਸਿਆਣਪ ਇਸੇ ਵਿੱਚ ਹੈ ਕਿ ਅਸੀਂ ਇਸ 'ਅਧੂਰੇਪਨ' ਨੂੰ ਹੀ ਆਪਣੀ ਹਕੀਕਤ ਮੰਨ ਲਈਏ। ਜਿਵੇਂ ਦਰਿਆ ਕਦੇ ਵੀ ਰਸਤੇ ਦੇ ਪੱਥਰਾਂ ਜਾਂ ਟੇਢੇ-ਮੇਢੇ ਮੋੜਾਂ ਦੀ ਸ਼ਿਕਾਇਤ ਨਹੀਂ ਕਰਦਾ, ਸਗੋਂ ਉਨ੍ਹਾਂ ਦੇ ਵਿਚਕਾਰ ਹੀ ਆਪਣਾ ਰਸਤਾ ਬਣਾਉਂਦਾ ਹੈ, ਉਵੇਂ ਹੀ ਸਾਨੂੰ ਵੀ ਜੀਵਨ ਦੇ ਹਾਲਾਤਾਂ ਨੂੰ ਪ੍ਰਵਾਨ ਕਰਕੇ ਅੱਗੇ ਵਧਣਾ ਚਾਹੀਦਾ ਹੈ।

ਦਰਿਆ ਦਾ ਸੁਨੇਹਾ ਸਪੱਸ਼ਟ ਹੈ: ਇਹ ਦੁਨੀਆ, ਭਾਵੇਂ ਕਿੰਨੀ ਵੀ ਟੁੱਟੀ-ਭੱਜੀ ਕਿਉਂ ਨਾ ਲੱਗੇ, ਸਾਡਾ ਇੱਕੋ-ਇੱਕ ਘਰ ਹੈ। ਕੁਦਰਤ ਦੀ ਸੁੰਦਰਤਾ ਨੂੰ ਮਹਿਸੂਸ ਕਰਨਾ ਅਤੇ ਇਸ ਦੇ ਵਹਾਅ ਵਿੱਚ ਆਪਣੀ ਹੋਂਦ ਨੂੰ ਪ੍ਰਵਾਨ ਕਰਨਾ ਹੀ ਅਸਲ ਮਨੁੱਖੀ ਸਿਆਣਪ ਹੈ। ਅਖੀਰ ਵਿੱਚ, ਅਸੀਂ ਸਭ ਉਸ ਪਗਡੰਡੀ 'ਤੇ ਚੱਲ ਰਹੇ ਮੁਸਾਫਿਰ ਹਾਂ ਜਿਸਦੇ ਦੋਵੇਂ ਪਾਸੇ ਅਣਜਾਣ ਖਲਾਅ ਹੈ, ਪਰ ਸਾਡੇ ਪੈਰਾਂ ਹੇਠਲੀ ਧਰਤੀ ਅਤੇ ਸਾਡੇ ਸਾਹਮਣੇ ਵਹਿੰਦਾ ਦਰਿਆ ਸਾਨੂੰ ਹਮੇਸ਼ਾ ਜਿਉਣ ਦੀ ਗਵਾਹੀ ਦਿੰਦਾ ਰਹੇਗਾ। ਆਓ ਇਸ ਗੱਲ ਨੂੰ ਪ੍ਰਵਾਨ ਕਰੀਏ ਕਿ ਸਾਡੀ ਹੋਂਦ ਇਸ ਵਿਸ਼ਾਲ ਬ੍ਰਹਿਮੰਡ ਵਿੱਚ ਇੱਕ ਛੋਟੀ ਜਿਹੀ ਹੈ ਪਰ ਇਹ ਬਹੁਤ ਹੀ ਖ਼ੂਬਸੂਰਤ ਯਾਤਰਾ ਹੈ।

# ਕੰਪਾਨੀਆ ਵਿੱਚ ਭਾਰਤੀ ਖੇਤ ਮਜ਼ਦੂਰਾਂ ਦੇ ਸ਼ੋਸ਼ਣ ਦਾ ਪਰਦਾਫਾਸ਼, ਦੋ ਕਾਰੋਬਾਰੀ ਗ੍ਰਿਫ਼ਤਾਰ




ਨਾਪੋਲੀ- ਇਟਲੀ -(ਗੁਰਸ਼ਰਨ ਸਿੰਘ ਸੋਨੀ) ਇਟਲੀ ਦੇ ਕੰਪਾਨੀਆ ਖੇਤਰ ਦੇ ਐਗਰੋ ਅਵਰਸਾਨੋ ਇਲਾਕੇ ਵਿੱਚ ਕਾਰਾਬਿਨੀਏਰੀ ਅਤੇ ਲੇਬਰ ਇੰਸਪੈਕਟਰੇਟ ਦੀ ਸਾਂਝੀ ਕਾਰਵਾਈ ਦੌਰਾਨ ਦੋ ਕਾਰੋਬਾਰੀਆਂ ਨੂੰ ਖੇਤ ਮਜ਼ਦੂਰਾਂ ਦੇ ਸ਼ੋਸ਼ਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਗਿਆ ਹੈ। ਜਾਂਚ ਅਨੁਸਾਰ ਜ਼ਿਆਦਾਤਰ ਪੀੜਤ ਭਾਰਤੀ ਮੂਲ ਦੇ ਗੈਰ-ਕਾਨੂੰਨੀ ਪਰਵਾਸੀ ਮਜ਼ਦੂਰ ਸਨ। ਪੁਲਿਸ ਮੁਤਾਬਕ ਮਜ਼ਦੂਰਾਂ ਤੋਂ ਰੋਜ਼ਾਨਾ 10 ਤੋਂ 14 ਘੰਟੇ ਤੱਕ ਕੰਮ ਕਰਵਾਇਆ ਜਾਂਦਾ ਸੀ ਅਤੇ ਉਨ੍ਹਾਂ ਨੂੰ ਲਗਭਗ 3 ਯੂਰੋ ਪ੍ਰਤੀ ਘੰਟਾ ਮਜ਼ਦੂਰੀ ਦਿੱਤੀ ਜਾਂਦੀ ਸੀ। ਉਨ੍ਹਾਂ ਨੂੰ ਹਫ਼ਤਾਵਾਰੀ ਛੁੱਟੀ ਨਹੀਂ ਮਿਲਦੀ ਸੀ, ਬਿਮਾਰੀ ਵਿੱਚ ਵੀ ਕੰਮ ਕਰਨ ਲਈ ਮਜਬੂਰ ਕੀਤਾ ਜਾਂਦਾ ਸੀ ਅਤੇ ਕਈ ਵਾਰ ਕੀਟਨਾਸ਼ਕਾਂ ਦੇ ਛਿੜਕਾਅ ਦੌਰਾਨ ਵੀ ਬਿਨਾਂ ਸੁਰੱਖਿਆ ਸਾਜ਼ੋ-ਸਾਮਾਨ ਦੇ ਖੇਤਾਂ ਵਿੱਚ ਕੰਮ ਕਰਵਾਇਆ ਜਾਂਦਾ ਸੀ। ਜਾਂਚ ਵਿੱਚ ਇਹ ਵੀ ਸਾਹਮਣੇ ਆਇਆ ਕਿ ਮਜ਼ਦੂਰਾਂ ਨੂੰ ਸੜਕਾਂ ਤੋਂ ਇਕੱਠਾ ਕਰਕੇ ਵੈਨ ਰਾਹੀਂ ਖੇਤਾਂ ਵਿੱਚ ਲਿਆਂਦਾ ਜਾਂਦਾ ਸੀ। ਅਦਾਲਤ ਨੇ ਦੋਵਾਂ ਦੋਸ਼ੀਆਂ ਖ਼ਿਲਾਫ਼ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ ਅਤੇ ਮਾਮਲੇ ਦੀ ਜਾਂਚ ਜਾਰੀ ਹੈ। ਜਿਕਰਯੋਗ ਹੈ ਇਟਲੀ ਦੀ ਪੁਲਿਸ ਵਲੋ ਆਏ ਦਿਨ ਜਿਵੇ ਖੇਤੀਬਾੜੀ ਸ਼ੈਕਟਰ ਵਿੱਚ ਸਖਤੀ ਨਾਲ ਕਾਰਵਾਈ ਕੀਤੀ ਜਾ ਰਹੀ ਹੈ ਜਿਸ ਨਾਲ ਇੱਕ ਗੱਲ ਤਾਂ ਸਾਫ਼ ਹੋ ਗਈ ਹੈ ਕਿ ਇਟਲੀ ਵਿੱਚ ਮਜ਼ਦੂਰਾਂ ਨਾਲ ਸ਼ੋਸ਼ਣ ਤਾਂ ਹੋ ਰਿਹਾ ਹੈ ਇਸ ਨਾਲ ਇਹ ਵੀ ਪਤਾ ਲੱਗ ਰਿਹਾ ਹੈ ਕਿ ਕਿਵੇਂ ਲਾਲਚ ਵਿੱਚ ਆ ਕੇ ਖੇਤੀਬਾੜੀ ਮਾਲਕ ਧੋਖਾਧੜੀ ਤੇ ਧੱਕੇਸ਼ਾਹੀ ਕਰ ਰਹੇ ਹਨ । ਪਰ ਜੇਕਰ ਪੁਲਿਸ ਵੱਲੋਂ ਇਸ ਤਰ੍ਹਾਂ ਹੀ ਕਾਰਵਾਈ ਕਰਦੀ ਰਹੀ ਤਾਂ ਉਹ ਦਿਨ ਦੂਰ ਨਹੀਂ ਜਦੋਂ ਖੇਤੀਬਾੜੀ ਸੈਕਟਰ ਵਿੱਚ ਕੋਈ ਵੀ ਖੇਤੀਬਾੜੀ ਮਾਲਕ ਮਜ਼ਦੂਰਾਂ ਦਾ ਬਣਦਾ ਹੱਕ ਨਹੀਂ ਰੋਕ ਸਕਣਗੇ ਕਿਉਂਕਿ ਖੇਤੀਬਾੜੀ ਦਾ ਕੰਮ ਬਹੁਤ ਹੀ ਮੁਸ਼ਕਲ ਤੇ ਸਖ਼ਤ ਹੈ।

## ਬਰਤਾਨੀਆ ਦੇ ਨਵੇਂ ਪ੍ਰਧਾਨ ਮੰਤਰੀ ਐਂਡੀ ਬਰਨਹਮ ਦੀ ਜੌਹਨ ਸਵਿੰਨੀ ਨਾਲ ਟੈਲੀਫ਼ੋਨ ਵਾਰਤਾ ਸਕਾਟਲੈਂਡ ਦੀ ਆਜ਼ਾਦੀ 'ਤੇ ਅਸਹਿਮਤੀ ਪ੍ਰਗਟਾਈ



ਗਲਾਸਗੋ,(ਹਰਜੀਤ ਦੁਸਾਂਝ ਪੁਆਦੜਾ) - ਬਰਤਾਨੀਆ ਦੇ ਨਵੇਂ ਪ੍ਰਧਾਨ ਮੰਤਰੀ ਐਂਡੀ ਬਰਨਹਮ ਅਤੇ ਸਕਾਟਲੈਂਡ ਦੇ ਪਹਿਲੇ ਮੰਤਰੀ ਜੌਨ ਸਵਿਨੀ ਵਿਚਕਾਰ ਅਹੁਦਾ ਸੰਭਾਲਣ ਤੋਂ ਬਾਅਦ ਪਹਿਲੀ ਟੈਲੀਫੋਨ ਗੱਲਬਾਤ ਹੋਈ, ਜਿਸ ਦੌਰਾਨ ਸਕਾਟਲੈਂਡ ਦੇ ਪਹਿਲੇ ਮੰਤਰੀ ਨੇ ਸਕਾਟਲੈਂਡ ਦੀ ਆਜ਼ਾਦੀ ਦਾ ਮੁੱਦਾ ਵੀ ਉਠਾਇਆ। ਪਰ ਪ੍ਰਧਾਨ ਮੰਤਰੀ ਐਂਡੀ ਬਰਨਹਮ ਨੇ ਸਪੱਸ਼ਟ ਕਰ ਦਿੱਤਾ ਕਿ ਇਸ ਮਾਮਲੇ 'ਤੇ ਉਹਨਾਂ ਨੂੰ ਅਸਹਿਮਤ ਰਹਿਣਾ ਪਵੇਗਾ। ਜੌਨ ਸਵਿਨੀ ਨੇ ਗੱਲਬਾਤ ਦੌਰਾਨ ਕਿਹਾ ਕਿ ਸਕਾਟਿਸ਼ ਸੰਸਦ ਵਿੱਚ ਆਜ਼ਾਦੀ ਦੇ ਹੱਕ ਵਿੱਚ ਬਹੁਮਤ ਮੌਜੂਦ ਹੈ ਅਤੇ ਇਸ ਮਸਲੇ 'ਤੇ ਰਚਨਾਤਮਕ ਗੱਲਬਾਤ ਅੱਗੇ ਵਧਾਈ ਜਾਣੀ ਚਾਹੀਦੀ ਹੈ। ਉਨ੍ਹਾਂ ਨੇ ਪ੍ਰਧਾਨ ਮੰਤਰੀ ਬਰਨਹਮ ਨੂੰ ਜਲਦ ਤੋਂ ਜਲਦ ਸਕਾਟਲੈਂਡ ਦਾ ਦੌਰਾ ਕਰਨ ਦਾ ਸੱਦਾ ਵੀ ਦਿੱਤਾ।

ਪ੍ਰਧਾਨ ਮੰਤਰੀ ਬਰਨਹਮ ਨੇ ਸਪੱਸ਼ਟ ਕੀਤਾ ਕਿ ਉਨ੍ਹਾਂ ਦੀ ਸਰਕਾਰ ਦਾ ਧਿਆਨ ਸੰਵਿਧਾਨਕ ਬਹਿਸ ਦੀ ਬਜਾਏ ਲੋਕਾਂ ਦੀਆਂ ਰੋਜ਼ਾਨਾ ਦੀਆਂ ਸਮੱਸਿਆਵਾਂ, ਮਹਿੰਗਾਈ, ਊਰਜਾ ਬਿੱਲਾਂ ਵਿੱਚ ਕਮੀ ਅਤੇ ਆਰਥਿਕ ਵਿਕਾਸ 'ਤੇ ਹੈ। ਉਨ੍ਹਾਂ ਕਿਹਾ ਕਿ ਸਕਾਟਲੈਂਡ ਦੀ ਆਜ਼ਾਦੀ ਦਾ ਮੁੱਦਾ ਇਸ ਵੇਲੇ ਉਨ੍ਹਾਂ ਦੀ ਸਰਕਾਰ ਦੀ ਤਰਜੀਹ ਨਹੀਂ ਹੈ। ਹਾਲਾਂਕਿ ਦੋਵੇਂ ਨੇਤਾ ਆਜ਼ਾਦੀ ਦੇ ਮੁੱਦੇ 'ਤੇ ਸਹਿਮਤ ਨਹੀਂ ਹੋਏ, ਪਰ ਸਰੋਤਾਂ ਮੁਤਾ-ਬਕ ਬਾਕੀ ਗੱਲਬਾਤ ਸਕਾਰਾਤਮਕ ਅਤੇ ਨਿੱਘੇ ਮਾਹੌਲ ਵਿੱਚ ਹੋਈ। ਦੋਵਾਂ ਨੇ ਸਾਂਝੇ ਤੌਰ 'ਤੇ ਮਹਿੰਗਾਈ ਨਾਲ ਨਜਿੱਠਣ, ਊਰਜਾ ਖ਼ਰਚੇ ਘਟਾਉਣ ਅਤੇ ਲੋਕਾਂ ਦੀ ਭਲਾਈ ਲਈ ਦੋਵਾਂ ਸਰਕਾਰਾਂ ਵਿਚਕਾਰ ਮਿਲ ਕੇ ਕੰਮ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ।

ਜਿਕਰਯੋਗ ਹੈ ਕਿ ਸਕਾਟਲੈਂਡ ਵਿੱਚ ਸਥਾਨਕ ਪਾਰਟੀ ਸਕਾਟਿਸ਼ ਨੈਸ਼ਨਲ ਪਾਰਟੀ ਦੀ ਸਰਕਾਰ ਹੈ, ਜੋ ਕਿ ਸਕਾਟਲੈਂਡ ਦੀ ਅਜ਼ਾਦੀ ਨੂੰ ਮੁੱਖ ਮੁੱਦਾ ਬਣਾ ਕੇ ਪਿਛਲੇ 19ਸਾਲਾਂ ਤੋਂ ਸਕਾਟਲੈਂਡ ਵਿੱਚ ਆਪਣੀ ਸਰਕਾਰ ਚਲਾ ਰਹੀ ਹੈ ਅਤੇ ਸਮੇਂ ਸਮੇਂ 'ਤੇ ਸਕਾਟਲੈਂਡ ਦੀ ਅਜ਼ਾਦੀ ਦਾ ਰਾਗ ਅਲਾਪਦੀ ਰਹਿੰਦੀ ਹੈ।

## ਗਲਾਸਗੋ ਵਿੱਚ ਰਾਸ਼ਟਰਮੰਡਲ ਖੇਡਾਂ ਦਾ ਆਗਾਜ਼




ਗਲਾਸਗੋ,(ਹਰਜੀਤ ਦੁਸਾਂਝ ਪੁਆਦੜਾ) - 23ਵੀਂਆਂ ਰਾਸ਼ਟਰਮੰਡਲ ਖੇਡਾਂ ਦਾ ਆਗਾਜ਼ ਸਕਾਟਲੈਂਡ ਦੇ ਸੱਭ ਤੋਂ ਵੱਡੇ ਸ਼ਹਿਰ ਗਲਾਸਗੋ ਵਿੱਚ ਹੋਇਆ। 2 ਅਗਸਤ ਤੱਕ ਚੱਲਣ ਵਾਲੀਆਂ ਇਨ੍ਹਾਂ ਖੇਡਾਂ ਵਿੱਚ 74 ਦੇਸ਼ਾਂ ਅਤੇ ਖੇਤਰਾਂ ਦੇ ਕਰੀਬ 3,000 ਖਿਡਾਰੀ 10 ਖੇਡਾਂ ਅਤੇ 6 ਪੈਰਾ ਖੇਡਾਂ ਵਿੱਚ 215 ਸੋਨ ਤਗਮਿਆਂ ਲਈ ਆਪਸ ਵਿੱਚ ਭਿੜ ਰਹੇ ਹਨ। ਇਸ ਵਾਰ ਰਾਸ਼ਟਰਮੰਡਲ ਖੇਡਾਂ ਵਿੱਚ ਸਿਰਫ਼ 10 ਖੇਡਾਂ ਐਥਲੈਟਿਕਸ, ਤੈਰਾਕੀ, ਆਰਟਿਸਟਿਕ ਜਿਮਨਾਸਟਿਕਸ, ਟਰੈਕ ਸਾਈਕਲਿੰਗ, ਵੇਟਲਿਫਟਿੰਗ, ਮੁੱਕੇਬਾਜ਼ੀ, ਜੂਡੋ, ਨੈੱਟਬਾਲ, ਲਾਨ ਬਾਊਲਜ਼ ਅਤੇ 3×3 ਬਾਸਕਟਬਾਲ ਨੂੰ ਸ਼ਾਮਲ ਕੀਤਾ ਗਿਆ ਹੈ। ਇਨ੍ਹਾਂ ਦੇ ਨਾਲ 6 ਪੈਰਾ ਖੇਡਾਂ ਦੇ ਮੁਕਾਬਲੇ ਵੀ ਕਰਵਾਏ ਜਾਣਗੇ।

ਭਾਰਤੀ ਦਲ ਤੋਂ ਇਸ ਵਾਰ ਵੀ ਸ਼ਾਨਦਾਰ ਪ੍ਰਦਰਸ਼ਨ ਦੀ ਉਮੀਦ ਕੀਤੀ ਜਾ ਰਹੀ ਹੈ। ਪੁਰਸ਼ਾਂ ਦੇ ਜੈਵਲਿਨ ਥ੍ਰੋਅ ਵਿੱਚ ਓਲੰਪਿਕ ਚੈਂਪੀਅਨ ਨੀਰਜ ਚੋਪੜਾ ਦਾ ਪਾਕਿਸਤਾਨ ਦੇ ਓਲੰਪਿਕ ਚੈਂਪੀਅਨ ਅਰਸ਼ਦ ਨਦੀਮ ਨਾਲ ਮੁਕਾਬਲਾ ਖੇਡਾਂ ਦਾ ਸਭ ਤੋਂ ਵੱਡਾ ਆਕਰਸ਼ਣ ਮੰਨਿਆ ਜਾ ਰਿਹਾ ਹੈ। ਮੁੱਕੇਬਾਜ਼ੀ ਵਿੱਚ ਓਲੰਪਿਕ ਤਗਮਾ ਜੇਤੂ ਲਵਲੀਨਾ ਬੋਰਗੋਹੈਨ ਅਤੇ ਵਿਸ਼ਵ ਚੈਂਪੀਅਨ ਜੈਸਮੀਨ ਲੰਬੋਰੀਆ ਤੋਂ ਤਗਮਿਆਂ ਦੀ ਆਸ ਹੈ। ਵੇਟਲਿਫਟਿੰਗ ਵਿੱਚ ਲਵਪ੍ਰੀਤ ਸਿੰਘ, ਅਸ਼ੋਕ ਕੁਮਾਰ ਮਲਿਕ, ਪਰਮਜੀਤ ਕੁਮਾਰ, ਸੁਧੀਰ, ਝੰਡੂ ਕੁਮਾਰ, ਸੁਮਨ ਦੇਵੀ, ਜਸਪ੍ਰੀਤ ਕੌਰ ਅਤੇ ਕਸਤੂਰੀ ਰਾਜਾਮਣੀ ਭਾਰਤ ਦੀ ਨੁਮਾਇੰਦਗੀ ਕਰਨਗੇ। ਪੈਰਾ ਪਾਵਰਲਿਫਟਿੰਗ ਵਿੱਚ ਵੀ ਭਾਰਤੀ ਖਿਡਾਰੀਆਂ ਤੋਂ ਚੰਗੇ ਪ੍ਰਦਰਸ਼ਨ ਦੀ ਉਮੀਦ ਹੈ।


ਮੇਜ਼ਬਾਨ ਸਕਾਟਲੈਂਡ ਦੇ ਜੋਸ਼ ਕੈਰ, ਲੌਰਾ ਮਿਊਰ ਅਤੇ ਜੇਕ ਵਾਈਟਮੈਨ, ਜਮਾਇਕਾ ਦੀ ਸ਼ੇਰਿਕਾ ਜੈਕਸਨ, ਕੈਨੇਡਾ ਦੇ ਆਂਦਰੇ ਡੀ ਗ੍ਰਾਸ, ਇੰਗਲੈਂਡ ਦੇ ਐਡਮ ਪੀਟੀ ਅਤੇ ਆਸਟ੍ਰੇਲੀਆ ਦੇ ਕਾਇਲ ਚਾਲਮਰਜ਼ ਸਮੇਤ ਕਈ ਵਿਸ਼ਵ ਪ੍ਰਸਿੱਧ ਖਿਡਾਰੀ ਵੀ ਇਨ੍ਹਾਂ ਖੇਡਾਂ ਵਿੱਚ ਆਪਣਾ ਜੌਹਰ ਵਿਖਾਉਣਗੇ। ਗਲਾਸਗੋ ਵਿੱਚ ਇਹ ਮੁਕਾਬਲੇ ਐੱਸ.ਈ.ਸੀ. ਗਲਾਸ-ਗੋ ਵਿੱਚ ਜੂਡੋ, ਬਾਕਸਿੰਗ, ਵੇਟਲਿਫਟਿੰਗ ਅਤੇ ਟੇਬਲ ਟੈਨਿਸ, ਐਮੀਰੇਟਸ ਐਰੇਨਾ ਵਿੱਚ ਐਥਲੈਟਿਕਸ, ਬੈਡਮਿੰਟਨ, ਸਰ ਹੋਏ ਵੈਲੋਡਰੋਮ ਸਟੇਡੀਅਮ ਵਿੱਚ ਟਰੈਕ ਸਾਈਕਲਿੰਗ, ਟੌਲਕਰੌਸ ਅੰਤਰਰਾਸ਼ਟਰੀ ਤੈਰਾਕੀ ਸੈਂਟਰ ਵਿੱਚ ਤੈਰਾਕੀ ਦੇ ਮੁਕਾਬਲੇ, ਸਕੌਟਸਟਾਊਨ ਸਟੇਡੀਅਮ ਵਿੱਚ 3×3 ਬਾਸਕਟਬਾਲ, 3×3 ਵ੍ਹੀਲਚੇਅਰ ਬਾਸਕਟਬਾਲ ਅਤੇ ਕੈਲਵਿਨਗਰੋਵ ਲਾਅਨ ਬਾਲ ਸੈਂਟਰ ਗਲਾਸਗੋ ਵਿੱਚ ਲਾਨ ਬੋਲਜ਼ ਤੇ ਪੈਰਾ ਲਾਨ ਬੋਲਜ਼ ਦੇ ਮੁਕਾਬਲੇ ਕਰਵਾਏ ਜਾ ਰਹੇ ਹਨ।ਜ਼ਿਕਰਯੋਗ ਹੈ ਕਿ 2022 ਦੀਆਂ ਬਰਮਿੰਘਮ ਰਾਸ਼ਟਰਮੰਡਲ ਖੇਡਾਂ ਵਿੱਚ ਭਾਰਤ ਨੇ 22 ਸੋਨ, 16 ਚਾਂਦੀ ਅਤੇ 23 ਕਾਂਸੀ ਸਮੇਤ ਕੁੱਲ 61 ਤਗਮੇ ਜਿੱਤ ਕੇ ਤਗਮਾ ਸੂਚੀ ਵਿੱਚ ਚੌਥਾ ਸਥਾਨ ਹਾਸਲ ਕੀਤਾ ਸੀ।

## ਹੁਸ਼ਿਆਰਪੁਰ ਨੇੜੇ 'ਆਪ' ਸਰਪੰਚ ਸਤਪਾਲ ਦਾ ਕਤਲ, ਇਕ ਹਮਲਾਵਰ ਕਾਬੂ


**ਆਨੰਦਗੜ੍ਹ-ਘਟਨਾ: ਹੁਸ਼ਿਆਰਪੁਰ ਦੇ ਨੇੜਲੇ ਪਿੰਡ ਆਨੰਦਗੜ੍ਹ ਵਿੱਚ ਬੀਤੇ ਦਿਨੀਂ ਸ਼ਾਮ ਦੌਰਾਨ ਆਮ ਆਦਮੀ ਪਾਰਟੀ ਦੇ ਮੌਜੂਦਾ ਸਰਪੰਚ ਸਤਪਾਲ ਦਾ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰਕੇ ਕਤਲ ਕਰ ਦਿੱਤਾ ਗਿਆ। ਪੁਰਾਣੀ ਰੰਜਿਸ਼ ਦੇ ਚੱਲਦਿਆਂ ਹਮਲਾਵਰ ਸਰਪੰਚ ਦੇ ਘਰ ਆਏ। ਉਨ੍ਹਾਂ ਨੇ ਪਹਿਲਾਂ ਸਰਪੰਚ 'ਤੇ ਗੱਡੀ ਚੜ੍ਹਾਈ ਅਤੇ ਫਿਰ ਤੇਜ਼ਧਾਰ ਹਥਿਆਰਾਂ ਨਾਲ ਵਾਰ ਕੀਤੇ। ਮੌਕੇ 'ਤੇ ਕਾਰਵਾਈ: ਮੌਜੂਦ ਲੋਕਾਂ ਅਤੇ ਸਰਪੰਚ ਦੇ ਪੁੱਤਰ ਰਾਹੁਲ ਨੇ ਸਾਮ੍ਹਣਾ ਕਰਦਿਆਂ ਇੱਕ ਹਮਲਾਵਰ ਨੂੰ ਮੌਕੇ 'ਤੇ ਹੀ ਕਾਬੂ ਕਰ ਲਿਆ, ਜਦਕਿ ਬਾਕੀ ਫਰਾਰ ਹੋ ਗਏ। ਮ੍ਰਿਤਕ ਦੇ ਪੁੱਤਰ ਮੁਤਾਬਕ, ਕੁਝ ਦਿਨ ਪਹਿਲਾਂ ਗੁਆਂਢੀ ਪਿੰਡ ਦੇ ਨੌਜਵਾਨਾਂ ਵਿਚਾਲੇ ਹੋਏ ਝਗੜੇ 'ਚ ਸਰਪੰਚ ਨੇ ਸਮਝੌਤਾ ਕਰਵਾਉਣ ਦੀ ਕੋਸ਼ਿਸ਼ ਕੀਤੀ ਸੀ, ਜਿਸ ਦੀ ਰੰਜਿਸ਼ ਰੱਖਦਿਆਂ ਇਹ ਹਮਲਾ ਕੀਤਾ ਗਿਆ। ਡੀ.ਐੱਸ.ਪੀ. ਸਿਟੀ ਕੁਲਭੂਸ਼ਣ ਸ਼ਰਮਾ ਅਨੁਸਾਰ ਪੁਲਿਸ ਵੱਲੋਂ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ।**

# ਅੰਤਰ-ਚੇਤਨਾ ਦੀ ਰੌਸ਼ਨੀ ਦਾ ਕਾਵਿ : ਰਾਜੀਵ ਸੇਠ ਦਾ 'ਮੇਰੇ ਹਿੱਸੇ ਦਾ ਸੂਰਜ'

## ਪੁਸਤਕ ਪੜਚੋਲ



ਰਵਿੰਦਰ ਸਿੰਘ ਸੋਢੀ
ਕੈਲਗਰੀ, ਕੈਨੇਡਾ




ਆਧੁਨਿਕ ਪੰਜਾਬੀ ਕਵਿਤਾ ਦਾ ਇੱਕ ਮਹੱਤਵਪੂਰਨ ਰੁਝਾਨ ਇਹ ਹੈ ਕਿ ਉਹ ਬਾਹਰੀ ਯਥਾਰਥ ਨਾਲੋਂ ਮਨੁੱਖ ਦੀ ਅੰਦਰਲੀ ਦੁਨੀਆ ਨੂੰ ਵੱਧ ਮਹੱਤਵ ਦੇਣ ਲੱਗੀ ਹੈ। ਇਸੇ ਧਾਰਾ ਵਿੱਚ ਰਾਜੀਵ ਸੇਠ ਦਾ ਨਵ-ਪ੍ਰਕਾਸ਼ਿਤ ਕਾਵਿ ਸੰਗ੍ਰਹਿ 'ਮੇਰੇ ਹਿੱਸੇ ਦਾ ਸੂਰਜ' ਆਪਣੀ ਵੱਖਰੀ ਪਛਾਣ ਬਣਾਉਂਦਾ ਹੈ। ਇਹ ਸੰਗ੍ਰਹਿ ਕਿਸੇ ਵਿਚਾਰਧਾਰਾ ਦਾ ਨਾਅਰਾ ਨਹੀਂ ਲਾਉਂਦਾ, ਨਾ ਹੀ ਸਮਾਜਿਕ ਵਿਸੰਗਤੀਆਂ ਦਾ ਸਿੱਧਾ ਬਿਆਨ ਕਰਦਾ ਹੈ; ਸਗੋਂ ਮਨੁੱਖ ਦੇ ਅੰਦਰੂਨੀ ਪ੍ਰਕਾਸ਼ ਦੀ ਖੋਜ ਨੂੰ ਆਪਣਾ ਕਾਵਿਕ ਉਦੇਸ਼ ਬਣਾਉਂਦਾ ਹੈ। ਕਵੀ ਲਈ "ਸੂਰਜ" ਕੇਵਲ ਆਕਾਸ਼ੀ ਵਸਤੂ ਨਹੀਂ, ਸਗੋਂ ਅੰਤਰ-ਚੇਤਨਾ, ਪ੍ਰੇਮ, ਸੱਚ ਅਤੇ ਆਤਮ-ਬੋਧ ਦਾ ਪ੍ਰਤੀਕ ਹੈ। ਸੰਗ੍ਰਹਿ ਦਾ ਸਿਰਲੇਖ ਹੀ ਇਸ ਅੰਦਰੂਨੀ ਯਾਤਰਾ ਦੀ ਦਿਸ਼ਾ ਨਿਰਧਾਰਤ ਕਰ ਦਿੰਦਾ ਹੈ।

ਸੰਗ੍ਰਹਿ ਦੀਆਂ 50 ਕਵਿਤਾਵਾਂ ਨੂੰ ਪੜ੍ਹਦਿਆਂ ਸਭ ਤੋਂ ਪਹਿਲਾਂ ਜੋ ਗੱਲ ਧਿਆਨ ਖਿੱਚਦੀ ਹੈ ਕਿ ਕਵੀ ਦੇ ਵਿਚਾਰ ਕਿਤਾਬੀ ਨਹੀਂ ਲੱਗਦੇ, ਸਗੋਂ ਜੀਵਨ ਵਿਚੋਂ ਪ੍ਰਾਪਤ ਤਜ਼ਰਬਿਆਂ ਨੂੰ ਕਾਵਿਕ ਰੂਪ ਵਿਚ ਪ੍ਰਗਟਾਉਂਦੇ ਹਨ। 'ਯੰਮੀ' ਵਰਗੀ ਕਵਿਤਾ ਇਸ ਦਾ ਵਧੀਆ ਉਦਾਹਰਨ ਹੈ। ਇੱਕ ਸਧਾਰਨ ਜਿਹੀ ਰਸੋਈ ਅਤੇ ਪੀਜ਼ਾ ਬਣਾਉਣ ਦੀ ਪ੍ਰਕਿਰਿਆ ਨੂੰ ਕਵੀ ਪ੍ਰੇਮ, ਸਿਰਜਣ ਅਤੇ ਜੀਵਨ ਦੀ ਰਸਾਇਣਕ ਕਿਰਿਆ ਵਿੱਚ ਬਦਲ ਦਿੰਦਾ ਹੈ। ਮੈਦੇ, ਖਮੀਰ, ਅੱਗ ਅਤੇ ਸਵਾਦ ਦੇ ਬਿੰਬ ਅਚਾਨਕ ਮਨੁੱਖੀ ਰਿਸ਼ਤਿਆਂ ਅਤੇ ਸਿਰਜਣ ਦੀ ਪ੍ਰਕਿਰਿਆ ਨਾਲ ਜੁੜ ਜਾਂਦੇ ਹਨ। ਆਮ ਚੀਜ਼ ਨੂੰ ਅਸਧਾਰਨ ਅਰਥ ਦੇਣ ਦੀ ਇਹ ਸਮਰੱਥਾ ਕਵੀ ਦੀ ਸਿਰਜਣਾਤਮਕ ਸ਼ਕਤੀ ਦਾ ਪ੍ਰਮਾਣ ਹੈ।

ਸੰਗ੍ਰਹਿ ਦਾ ਦੂਜਾ ਮਹੱਤਵਪੂਰਨ ਪੱਖ ਅੰਦਰੂਨੀ ਸੰਘਰਸ਼ ਅਤੇ ਆਤਮ-ਮੰਥਨ ਹੈ। 'ਟੇਢ' ਵਿੱਚ ਕਵੀ ਆਪਣੇ ਆਪ ਨੂੰ ਹੀ ਤਰਾਸ਼ਣ ਦੀ ਪ੍ਰਕਿਰਿਆ ਵਿੱਚ ਹੈ। ਇੱਥੇ ਸੰਘਰਸ਼ ਕਿਸੇ ਬਾਹਰੀ ਦੁਸ਼ਮਣ ਨਾਲ ਨਹੀਂ, ਮਨੁੱਖ ਦੇ ਆਪਣੀ ਹੀ ਅੰਤਰ-ਆਤਮਾ ਦੇ ਅਧੂਰੇਪਣ ਨਾਲ ਹੈ। ਇਸੇ ਤਰ੍ਹਾਂ 'ਅਣਹੋਇਆ', ਮਨੁੱਖ ਦੀ ਹੋਂਦ, ਰੰਗਾਂ ਅਤੇ ਖਾਲੀਪਣ ਦੇ ਦਰਮਿਆਨ ਖੜ੍ਹੇ ਪ੍ਰਸ਼ਨਾਂ ਨੂੰ ਕਾਵਿਕ ਰੂਪ ਵਿਚ ਚਿੱਤਰਦੀ ਹੈ। ਇਹ ਕਵਿਤਾਵਾਂ ਇੱਕ ਵਾਰ ਹੀ ਪੜ੍ਹਨ ਨਾਲ ਪੂਰੀ ਤਰ੍ਹਾਂ ਪਕੜ ਵਿਚ ਨਹੀਂ ਆਉਂਦੀਆਂ; ਇਹ ਪਾਠਕ ਤੋਂ ਧਿਆਨ ਅਤੇ ਗੰਭੀਰਤਾ ਦੀ ਮੰਗ ਕਰਦੀਆਂ ਹਨ।

ਕਵੀ ਦੀ ਕਾਵਿ-ਦ੍ਰਿਸ਼ਟੀ ਦਾ ਇੱਕ ਵਿਲੱਖਣ ਪੱਖ ਉਸ ਦੀ ਆਧਿਆਤਮਿਕ ਸੰਵੇਦਨਾ ਹੈ। ਇਹ ਆਧਿਆਤਮਿਕਤਾ ਕਿਸੇ ਸੰਪਰਦਾਇਕ ਜਾਂ ਉਪਦੇਸ਼ਕ ਰੂਪ ਵਿੱਚ ਨਹੀਂ ਆਉਂਦੀ, ਸਗੋਂ ਜੀਵਨ-ਅਨੁਭਵਾਂ ਵਿੱਚੋਂ ਫੁੱਟਦੀ ਹੈ। 'ਸਿਰੜ' ਵਿੱਚ ਪ੍ਰੇਮ, ਆਸ ਦਾ ਰੂਪ ਧਾਰ ਲੈਂਦਾ ਹੈ, ਜਦਕਿ 'ਖੂਹ' ਵਿੱਚ ਡੂੰਘਾਈ ਕੇਵਲ ਜਲ ਦੀ ਨਹੀਂ, ਮਨੁੱਖੀ ਚੇਤਨਾ ਦੀ ਵੀ ਬਣ ਜਾਂਦੀ ਹੈ।

ਸੰਗ੍ਰਹਿ ਵਿੱਚ ਸ਼ਾਮਲ 'ਸ਼ਬਦ ਚਿੱਤਰ' ਵਿਸ਼ੇਸ਼ ਧਿਆਨ ਖਿੱਚਦੇ ਹਨ। ਮਨਮੋਹਨ ਬਾਵਾ, ਸੁਰਜੀਤ ਪਾਤਰ, ਦੇਵ ਅਤੇ ਪ੍ਰੇਮ ਪ੍ਰਕਾਸ਼ ਵਰਗੇ ਰਚਨਾਕਾਰਾਂ ਨੂੰ ਸਮਰਪਿਤ ਇਹ ਕਵਿਤਾਵਾਂ ਸੰਬੰਧਿਤ ਕਵੀਆਂ ਦੇ ਰਚਨਾਤਮਕ ਵਿਅਕਤਿਤਵ ਨਾਲ ਸੰਵਾਦ ਰਚਾਉਂਦੀਆਂ ਹਨ ਅਤੇ ਉਨ੍ਹਾਂ ਦੀ ਸਿਰਜਣਾ ਦੇ ਮੂਲ ਤੱਤਾਂ ਨੂੰ ਕਾਵਿਕ ਰੂਪ ਵਿੱਚ ਪਕੜਨ ਦੀ ਕੋਸ਼ਿਸ਼ ਕਰਦੀਆਂ ਹਨ। ਇਹ ਪ੍ਰਯੋਗ ਪੰਜਾਬੀ ਕਵਿਤਾ ਵਿੱਚ ਘੱਟ ਮਿਲਦਾ ਹੈ ਅਤੇ ਇਸ ਸੰਗ੍ਰਹਿ ਦੀ ਵਿਲੱਖਣ ਪ੍ਰਾਪਤੀ ਹੈ। ਮੇਰੇ ਵਿਚਾਰ ਅਨੁਸਾਰ ਸੁਰਜੀਤ ਪਾਤਰ ਦਾ ਸ਼ਬਦ ਚਿੱਤਰ ਕੁਝ ਹੋਰ ਵਿਸਥਾਰ ਦੀ ਮੰਗ ਕਰਦਾ ਹੈ। ਭਾਸ਼ਾ ਦੇ ਪੱਧਰ 'ਤੇ ਕਵੀ ਦੀ ਸ਼ਬਦਾਵਲੀ ਸਾਦੀ ਹੋਣ ਦੇ ਬਾਵਜੂਦ ਸੰਕੇਤਾਂ ਨਾਲ ਭਰਪੂਰ ਹੈ। ਉਹ ਅਲੰਕਾਰਾਂ ਦਾ ਬੋਝ ਨਹੀਂ ਪਾਂਦਾ, ਸਗੋਂ ਬਿੰਬਾਂ ਅਤੇ ਪ੍ਰਤੀਕਾਂ ਰਾਹੀਂ ਅਰਥਾਂ ਦੀਆਂ ਪਰਤਾਂ ਖੋਲ੍ਹਦਾ ਹੈ। ਇਸੇ ਕਾਰਨ ਕਵਿਤਾਵਾਂ ਪੜ੍ਹਨ ਤੋਂ ਬਾਅਦ ਵੀ ਪਾਠਕ ਦੇ ਮਨ ਵਿੱਚ ਦੇਰ ਤੱਕ ਗੂੰਜਦੀਆਂ ਰਹਿੰਦੀਆਂ ਹਨ।

ਇਸ ਦੇ ਨਾਲ ਹੀ ਇਹ ਵੀ ਕਹਿਣਾ ਪਵੇਗਾ ਕਿ ਕਈ ਥਾਵਾਂ ਕਵੀ ਦੀ ਦਰਸ਼ਨਿਕ ਪ੍ਰਵਿਰਤੀ ਇੰਨੀ ਸੰਘਣੀ ਹੋ ਜਾਂਦੀ ਹੈ ਕਿ ਆਮ ਪਾਠਕ ਲਈ ਕਵਿਤਾ ਦਾ ਤੁਰੰਤ ਅਰਥ-ਗ੍ਰਹਿਣ ਆਸਾਨ ਨਹੀਂ ਰਹਿੰਦਾ। ਕਿਤੇ-ਕਿਤੇ ਸੰਕੇਤ ਇੰਨੇ ਨਿੱਜੀ ਹੋ ਜਾਂਦੇ ਹਨ ਕਿ ਉਨ੍ਹਾਂ ਦੀਆਂ ਅਰਥ-ਪਰਤਾਂ ਖੋਲ੍ਹਣ ਲਈ ਦੁਬਾਰਾ ਪਾਠ ਦੀ ਲੋੜ ਪੈਂਦੀ ਹੈ। ਪਰ ਗੰਭੀਰ ਕਵਿਤਾ ਦੀ ਇਹ ਸੁਭਾਵਿਕ ਵਿਸ਼ੇਸ਼ਤਾ ਵੀ ਹੈ ਕਿ ਉਹ ਆਪਣੇ ਅਰਥ ਇੱਕੋ ਵਾਰ ਵਿੱਚ ਨਹੀਂ ਖੋਲ੍ਹਦੀ।

ਪ੍ਰਸੁਤਤ ਕਾਵਿ ਸੰਗ੍ਰਹਿ ਰਾਜੀਵ ਦੀ ਕਾਵਿ-ਯਾਤਰਾ ਨੂੰ ਇੱਕ ਨਵੇਂ ਪੱਧਰ 'ਤੇ ਲੈ ਜਾਂਦਾ ਹੈ। ਇਹਨਾਂ ਕਵਿਤਾਵਾਂ ਵਿੱਚ ਕਵੀ ਆਪਣੇ ਅੰਦਰਲੇ ਸੰਸਾਰ ਨਾਲ ਸੰਵਾਦ ਕਰਦਾ ਹੈ ਅਤੇ ਆਪਣੇ ਸਮਕਾਲੀ ਰਚਨਾਕਾਰਾਂ, ਲੋਕ-ਸੰਵੇਦਨਾ ਅਤੇ ਜੀਵਨ-ਦਰਸ਼ਨ ਨਾਲ ਵੀ ਸੰਵਾਦ ਸਥਾਪਿਤ ਕਰਦਾ ਹੈ। ਇਸੇ ਕਾਰਨ 'ਮੇਰੇ ਹਿੱਸੇ ਦਾ ਸੂਰਜ' ਕੇਵਲ ਨਿੱਜੀ ਅਨੁਭਵਾਂ ਦਾ ਹੀ ਨਹੀਂ, ਸਗੋਂ ਇੱਕ ਵਿਸ਼ਾਲ ਸੱਭਿਆਚਾਰਕ ਅਤੇ ਆਧਿਆਤਮਿਕ ਵਿਚਾਰਾਂ ਦਾ ਸੰਗ੍ਰਹਿ ਹੈ।

'ਪ੍ਰਗੀਤ' ਅਤੇ 'ਰਸ ਸੰਧੂਰੀ' ਵਰਗੀਆਂ ਕਵਿਤਾਵਾਂ ਵਿੱਚ ਕਵੀ ਦਾ ਇੱਕ ਹੋਰ ਰੂਪ ਸਾਹਮਣੇ ਆਉਂਦਾ ਹੈ। ਇੱਥੇ ਭਾਸ਼ਾ ਗੀਤਮਈ ਹੋ ਜਾਂਦੀ ਹੈ। ਲੋਕ-ਬੋਲੀ, ਦੁਹਰਾਵਾਂ, ਲੈ ਅਤੇ ਸੰਗੀਤਕਤਾ ਇਨ੍ਹਾਂ ਕਵਿਤਾਵਾਂ ਨੂੰ ਲੋਕ-ਗੀਤਾਂ ਦੀ ਮਿਠਾਸ ਨਾਲ ਜੋੜਦੇ ਹਨ। ਵਿਸ਼ੇਸ਼ ਕਰਕੇ 'ਰਸ ਸੰਧੂਰੀ' ਵਿੱਚ ਇੱਕ ਅੰਬ ਦੀ ਗੁਠਲੀ ਤੋਂ ਸ਼ੁਰੂ ਹੋਣ ਵਾਲਾ ਬਿੰਬ ਹੌਲੀ-ਹੌਲੀ ਜੀਵਨ, ਸੰਘਰਸ਼, ਵਿਕਾਸ ਅਤੇ ਕੁਦਰਤ ਦੀ ਅਸੀਮ ਜੀਵਨ-ਸ਼ਕਤੀ ਦਾ ਪ੍ਰਤੀਕ ਬਣ ਜਾਂਦਾ ਹੈ। ਇਹ ਕਵਿਤਾ ਦੱਸਦੀ ਹੈ ਕਿ ਸੁਹਿਰਦ ਕਵੀ ਵਿਚ ਛੋਟੀ ਤੋਂ ਛੋਟੀ ਵਸਤੂ ਵਿੱਚੋਂ ਵੀ ਜੀਵਨ ਦਾ ਵਿਸ਼ਾਲ ਚਿੱਤਰ ਸਿਰਜਣ ਦੀ ਸਮਰੱਥਾ ਹੁੰਦੀ ਹੈ। ਭਾਸ਼ਾ ਦੇ ਪੱਖ ਤੋਂ ਇਹ ਸੰਗ੍ਰਹਿ ਪ੍ਰਭਾਵਸ਼ਾਲੀ ਹੈ। ਉਸ ਦੀ ਕਵਿਤਾ ਦਾ ਸੰਗੀਤ ਅੰਦਰੂਨੀ ਹੈ। ਬਿੰਬਾਂ, ਪ੍ਰਤੀਕਾਂ ਅਤੇ ਧੁਨੀਆਂ ਦੇ ਸਹਾਰੇ ਉਹ ਘੱਟ ਸ਼ਬਦਾਂ ਵਿੱਚ ਵੱਡੇ ਅਰਥ ਸਿਰਜਦਾ ਹੈ। ਕਿਤੇ ਗੁਰਬਾਣੀ ਦੀ ਅੰਤਰਧਾਰਾ ਹੈ, ਕਿਤੇ ਸੂਫ਼ੀ ਵਿਚਾਰਧਾਰਾ ਦੀ ਮਹਿਕ ਅਤੇ ਕਿਤੇ ਆਧੁਨਿਕ ਮਨੁੱਖ ਦੀ ਇਕੱਲਤਾ ਦੀ ਗੂੰਜ। ਇਹ ਤਿੰਨੇ ਤੱਤ ਬਿਨਾਂ ਕਿਸੇ ਟਕਰਾਅ ਦੇ ਇੱਕ-ਦੂਜੇ ਵਿੱਚ ਰਲ ਜਾਂਦੇ ਹਨ।

ਸਮੁੱਚੇ ਤੌਰ 'ਤੇ 'ਮੇਰੇ ਹਿੱਸੇ ਦਾ ਸੂਰਜ' ਆਧੁਨਿਕ ਪੰਜਾਬੀ ਕਵਿਤਾ ਵਿੱਚ ਇੱਕ ਵਿਲੱਖਣ ਅਤੇ ਵਿਚਾਰ-ਉਤੇਜਕ ਕਾਵਿ-ਸੰਗ੍ਰਹਿ ਹੈ। ਇਸ ਦੀ ਤਾਕਤ ਇਸ ਦੇ ਉੱਚੇ ਸੁਰ ਵਿੱਚ ਨਹੀਂ, ਸਗੋਂ ਇਸ ਦੀ ਸ਼ਾਂਤ, ਡੂੰਘੀ ਅਤੇ ਧਿਆਨਮਈ ਆਵਾਜ਼ ਵਿੱਚ ਹੈ। ਇਹ ਕਵਿਤਾਵਾਂ ਪਾਠਕ ਨੂੰ ਤੁਰੰਤ ਪ੍ਰਭਾਵਿਤ ਕਰਨ ਦੀ ਬਜਾਏ ਹੌਲੀ-ਹੌਲੀ ਉਸ ਦੇ ਅੰਦਰ ਉਤਰਦੀਆਂ ਹਨ ਅਤੇ ਆਪਣੇ ਅਰਥ ਸਮੇਂ ਦੇ ਨਾਲ ਖੋਲ੍ਹਦੀਆਂ ਹਨ। ਇਹੀ ਕਿਸੇ ਗੰਭੀਰ ਕਾਵਿ ਦੀ ਸਭ ਤੋਂ ਵੱਡੀ ਕਸੌਟੀ ਹੁੰਦੀ ਹੈ। ਕਰਵਟ ਪ੍ਰਕਾਸ਼ਨ ਦਿੱਲੀ ਵੱਲੋਂ ਪ੍ਰਕਾਸ਼ਿਤ 96 ਪੰਨਿਆ ਦੀ ਪੁਸਤਕ ਦੀ ਕੀਮਤ 175 ਰੁਪਏ ਹੈ। ਇਕ ਗੱਲ ਹੋਰ, ਆਪਣੀ ਪੜਚੋਲ ਵਿਚ ਕਾਵਿ ਟੂਕਾਂ ਮੈਂ ਇਸ ਲਈ ਨਹੀਂ ਦਿੱਤੀਆਂ ਕਿ ਪਾਠਕ ਆਪ ਕਵਿਤਾਵਾਂ ਪੜ੍ਹ ਕੇ ਉਹਨਾਂ ਦਾ ਰਸ ਗ੍ਰਹਿਣ ਕਰਨ।

## Beyond Agriculture and Migration: Lessons from Successful Sikh Entrepreneurs Outside Punjab

Yes, in general, Punjabi society has developed a fascination with professions like Farming, Singing, Truck Driving, Security etc. In the recent rise of startups, many Punjabi Banias have made a name, like Deepinder Goyal of Zomato. Sadly, Intellectual work and business are not an aspiration for Sikhs in Punjab. Sikhs outside Punjab are doing well in business. Dr. Gunwant Singh Mongia, the founder and chairman of Mongia Steel Limited, has an estimated net worth is 200 to 400+ crore. His Giridih-headquartered TMT bar company generates an annual turnover exceeding 500 crore. During my visit to Chattisgarh state, I was happy to see hoardings with turbaned photo in the entire state. Chiranjeev Singh Saluja, Managing Director of Premier Energies has an estimated net worth of around Rs 30,000 cr ( which can buy 1.5 lakh to 3.5 lakh acres of farmland in Punjab). Kuldip Singh Dhingra (Chairman of Berger Paints) and Gurbachan Singh Dhingra have a combined net worth of 50,000 crore In the end, the world is controlled by intellectuals and capitalists. Rather than running out of India for serving Englishmen, Sikhs should focus on education and Business. Earlier, the Sikhs of Punjab understand it, better it is.

## RESULT OF IAS/ IPS


Government of India has announced yearly the result of the successful candidates for Central services like IFS, IPS, IRS and others in all 958 candidates have qualified for all services. My office have tried their best to locate the names of Sikh and hardly found 7 persons out of which six are girls. One Sikh girl from a village Patiala District has attained 15 position in India which is assured to get Foreign service job. For last many years our students have not been able to show good results. Although, many Sikh organizations have been making announcements of having coaching centers. 38 students of Zamia Milia a Muslim University in Delhi have qualified in this list. Many more Muslims in addition to this are in the list. SGPC for first time has today announce Rs. One lakh Award to each who has qualified. They have not yet cared to announce financial incentive for Sikh students before the start of the Examination. SGPC should bare all their teaching expenses before hand.

*Tarlochan Singh Ex-M.P, Former Chairman*
*National Commission Minorities.*

# ਬੀ ਬੀ ਸੀ ਦੀ ਖੋਜ ਅਨੁਸਾਰ ਇੰਸਟਾਗ੍ਰਾਮ ਭਾਰਤ ਵਿੱਚ ਬੱਚਿਆਂ ਦੇ ਜਿਨਸੀ ਸ਼ੋਸ਼ਣ ਸੰਬੰਧੀ ਸਮੱਗਰੀ ਨੂੰ ਉਤਸ਼ਾਹਿਤ ਕਰਨ ਵਾਲੇ ਇਸ਼ਤਿਹਾਰ ਚਲਾ ਰਿਹਾ ਹੈ



ਲੇਖਕ: ਦਿਵਿਆ ਆਰਿਆ



ਅਨੁਵਾਦ: ਸੁਖਵੰਤ ਹੁੰਦਲ

• • •

(ਇਹ ਰਿਪੋਰਟ ਬੀ ਬੀ ਸੀ ਦੀ ਆਨਲਾਈਨ ਸਾਈਟ 'ਤੇ 3 ਜੁਲਾਈ 2026 ਨੂੰ ਪ੍ਰਕਾਸ਼ਤ ਹੋਈ ਸੀ। ਪੰਜਾਬੀ ਪਾਠਕਾਂ ਲਈ ਇਸ ਦਾ ਅਨੁਵਾਦ ਪੇਸ਼ ਹੈ)



ਬੀ ਬੀ ਸੀ ਆਈ ਦੀ ਇੱਕ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਇੰਸਟਾਗ੍ਰਾਮ ਭਾਰਤ ਵਿੱਚ ਬੱਚਿਆਂ ਦੇ ਜਿਨਸੀ ਸ਼ੋਸ਼ਣ ਦੀ ਸਮੱਗਰੀ (ਚਾਇਲਡ ਸੈਕਸੁਅਲ ਅਬਿਊਜ਼ ਮਟੀਰੀਅਲ) ਨੂੰ ਉਤਸ਼ਾਹਿਤ ਕਰਨ ਵਾਲੇ ਪੇਡ ਇਸ਼ਤਿਹਾਰ ਚਲਾ ਰਿਹਾ ਹੈ। ਬੀ ਬੀ ਸੀ ਵਰਲਡ ਸਰਵਿਸ ਵੱਲੋਂ ਦੇਖੇ ਗਏ ਇਹਨਾਂ ਇਸ਼ਤਿਹਾਰਾਂ ਵਿੱਚ "ਰੇਪ ਵੀਡੀਓ" (ਬਲਾਤਕਾਰ ਵੀਡੀਓ) ਅਤੇ "ਚਾਈਲਡ ਵੀਡੀਓ" (ਬੱਚੇ ਦੀ ਵੀਡੀਓ) ਵਰਗੇ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। ਇਹ ਇਸ਼ਤਿਹਾਰ ਵਰਤੋਂਕਾਰਾਂ (ਯੂਜ਼ਰਜ਼) ਨੂੰ ਮੈਸੇਜਿੰਗ ਐਪ 'ਟੈਲੀਗ੍ਰਾਮ' ਦੇ ਅਜਿਹੇ ਚੈਨਲਾਂ ਨਾਲ ਜੋੜਦੇ ਹਨ, ਜਿੱਥੋਂ ਉਹ ਇਸ ਸਮੱਗਰੀ ਨੂੰ ਮਹਿਜ਼ 99 ਰੁਪਏ ਵਿੱਚ ਖਰੀਦ ਸਕਦੇ ਹਨ।

ਇਸ ਜਾਂਚ ਦੇ ਪ੍ਰਕਾਸ਼ਿਤ ਹੋਣ ਦੇ ਕੁਝ ਘੰਟਿਆਂ ਬਾਅਦ ਹੀ, ਭਾਰਤ ਸਰਕਾਰ ਨੇ ਕਿਹਾ ਕਿ ਉਸ ਨੇ ਇਹਨਾਂ ਇਸ਼ਤਿਹਾਰਾਂ ਦੇ ਮਾਮਲੇ ਵਿੱਚ ਇੰਸਟਾਗ੍ਰਾਮ ਦੀ ਮੂਲ ਕੰਪਨੀ, ਮੈਟਾ ਦੇ ਪ੍ਰਤੀਨਿਧੀਆਂ ਨੂੰ ਤਲਬ ਕੀਤਾ ਹੈ। ਇੰਸਟਾਗ੍ਰਾਮ 'ਤੇ ਇਸ਼ਤਿਹਾਰ ਸਿਰਫ਼ ਉਦੋਂ ਹੀ ਪ੍ਰਕਾਸ਼ਿਤ ਕੀਤੇ ਜਾਂਦੇ ਹਨ ਜਦੋਂ ਉਹਨਾਂ ਨੂੰ ਪਹਿਲਾਂ ਇਸ ਦੀ ਮਾਡਰੇਸ਼ਨ ਤਕਨਾਲੋਜੀ (ਨਾ-ਛਾਪਣਯੋਗ ਗਲਤ ਸਮੱਗਰੀ ਦਾ ਪਤਾ ਲਾਉਣ ਵਾਲੀ ਤਕਨਾਲੋਜੀ) ਵਲੋਂ ਮਨਜ਼ੂਰੀ ਦਿੱਤੀ ਜਾਂਦੀ ਹੈ।

ਜਦੋਂ ਬੀ ਬੀ ਸੀ ਨੇ ਇੰਸਟਾਗ੍ਰਾਮ ਕੋਲ ਇਹਨਾਂ ਵਿੱਚੋਂ ਇੱਕ ਇਸ਼ਤਿਹਾਰ ਦੀ ਰਿਪੋਰਟ ਕੀਤੀ ਤਾਂ ਸੋਸ਼ਲ ਮੀਡੀਆ ਪਲੇਟਫਾਰਮ ਨੇ 24 ਘੰਟਿਆਂ ਬਾਅਦ ਜਵਾਬ ਦਿੱਤਾ ਕਿ ਇਹ ਪੋਸਟ ਉਸ ਦੀਆਂ "ਕਮਿਊਨਿਟੀ ਦੀਆਂ ਸੇਧਾਂ (ਕਮਿਊਨਿਟੀ ਗਾਈਡਲਾਈਨਜ਼)" ਦੀ ਉਲੰਘਣਾ ਨਹੀਂ ਕਰਦੀ।

ਬਾਅਦ ਵਿੱਚ, ਜਦੋਂ ਬੀ ਬੀ ਸੀ ਨੇ ਮੈਟਾ ਤੋਂ ਇਸ 'ਤੇ ਟਿੱਪਣੀ ਮੰਗੀ, ਤਾਂ ਉਹਨਾਂ ਨੇ ਕਿਹਾ ਕਿ ਉਹ ਪਹਿਲਾਂ ਹੀ ਕਈ ਇਸ਼ਤਿਹਾਰਾਂ ਨੂੰ ਬੰਦ ਕਰ ਚੁੱਕੇ ਹਨ ਅਤੇ ਉਹਨਾਂ ਨੂੰ ਪੋਸਟ ਕਰਨ ਵਾਲੇ ਅਕਾਊਂਟਾਂ ਨੂੰ ਮੁਅੱਤਲ ਕਰ ਚੁੱਕੇ ਹਨ। ਕੰਪਨੀ ਨੇ ਕਿਹਾ ਕਿ ਬੀ ਬੀ ਸੀ ਦੀ ਜਾਂਚ ਦੇ ਪ੍ਰਤੀਕਰਮ ਵਿੱਚ, ਉਸ ਨੇ ਹੋਰ ਇਸ਼ਤਿਹਾਰ ਹਟਾ ਦਿੱਤੇ ਹਨ, ਹੋਰ ਅਕਾਊਂਟ ਬੰਦ ਕਰ ਦਿੱਤੇ ਹਨ ਅਤੇ ਆਪਣੀਆਂ ਨੀਤੀਆਂ ਦੀ ਉਲੰਘਣਾ ਕਰਨ ਵਾਲੀ ਹੋਰ ਸਮੱਗਰੀ ਦੇ ਯੂ ਆਰ ਐੱਲਜ਼ (ਵੈੱਬ ਐਡਰੈਸਾਂ) ਨੂੰ ਬਲੌਕ ਕਰ ਦਿੱਤਾ ਹੈ।

ਟੈਲੀਗ੍ਰਾਮ ਨੇ ਕਿਹਾ ਕਿ ਉਸ ਨੇ 2026 ਵਿੱਚ ਬੱਚਿਆਂ ਦੇ ਜਿਨਸੀ ਸ਼ੋਸ਼ਣ ਦੀ ਸਮੱਗਰੀ ਨਾਲ ਸਬੰਧਤ 2,74,000 ਤੋਂ ਵੱਧ ਗਰੁੱਪਾਂ ਅਤੇ ਚੈਨਲਾਂ ਨੂੰ ਹਟਾਇਆ ਹੈ। ਜਦੋਂ ਬੀ ਬੀ ਸੀ ਨੇ ਦੇਖਿਆ ਕਿ ਇਹ ਪਲੇਟਫਾਰਮ ਖੁਦ ਕਾਮ-ਉਕਸਾਊ ਸਮੱਗਰੀ ਨੂੰ ਪੇਸ਼ ਕਰ ਰਿਹਾ ਹੈ, ਭਾਵੇਂ ਕਿ ਵਰਤੋਂਕਾਰ ਨੇ ਅਜਿਹੀ ਸਮੱਗਰੀ ਦੀ ਸਰਚ ਨਾ ਵੀ ਕੀਤੀ ਹੋਵੇ, ਤਾਂ ਅਸੀਂ ਇੰਸਟਾਗ੍ਰਾਮ 'ਤੇ ਇਕ ਫਰਜ਼ੀ ਅਕਾਊਂਟ ਬਣਾਇਆ।

ਇਸ ਵਿੱਚ ਭਾਰਤ ਵਿੱਚ ਮੌਸਮ ਅਤੇ ਰੋਜ਼ਾਨਾ ਜ਼ਿੰਦਗੀ ਬਾਰੇ ਪੋਸਟਾਂ ਪਾਉਣ ਵਾਲੀਆਂ ਅਜਿਹੀਆਂ ਔਰਤਾਂ ਸ਼ਾਮਲ ਸਨ ਜਿਹਨਾਂ ਨੇ ਅੰਗ ਪ੍ਰਦਰਸ਼ਨ ਕਰਨ ਵਾਲੇ ਕੱਪੜੇ ਪਾਏ ਹੋਏ ਸਨ ਅਤੇ ਆਪਣੀਆਂ ਪੋਸਟਾਂ ਵਿੱਚ ਦੋ-ਅਰਥੀ ਕਾਮੁਕ ਇਸ਼ਾਰਿਆਂ ਦੀ ਵਰਤੋਂ ਕਰ ਰਹੀਆਂ ਸਨ। ਪਲੇਟਫਾਰਮ 'ਤੇ ਕਾਮੁਕ ਸਮੱਗਰੀ ਦੀ ਜਾਂਚ ਕਰਨ ਲਈ, ਭਾਰਤ ਵਿੱਚ ਬਣਾਏ ਗਏ ਇਸ ਨਵੇਂ ਫਰਜ਼ੀ ਅਕਾਊਂਟ ਤੋਂ ਇਹਨਾਂ ਔਰਤਾਂ ਅਤੇ ਉਸ ਤਰ੍ਹਾਂ ਦੇ ਹੋਰ ਲੋਕਾਂ ਨੂੰ -ਕੁੱਲ ਮਿਲਾ ਕੇ 10 ਨੂੰ - ਫਾਲੋ ਕਰਨਾ ਸ਼ੁਰੂ ਕੀਤਾ ਗਿਆ।

ਇੱਕ ਹਫ਼ਤੇ ਤੋਂ ਵੀ ਘੱਟ ਸਮੇਂ ਵਿੱਚ ਇੰਸਟਾਗ੍ਰਾਮ ਨੇ ਫੀਡ 'ਤੇ ਉਹ ਇਸ਼ਤਿਹਾਰ ਦਿਖਾਉਣੇ ਸ਼ੁਰੂ ਕਰ ਦਿੱਤੇ ਜਿਨ੍ਹਾਂ ਵਿੱਚ ਔਰਤਾਂ ਵੀਡੀਓ ਕਾਲਾਂ ਦੀ ਪੇਸ਼ਕਸ਼ ਕਰ ਰਹੀਆਂ ਸਨ ਅਤੇ ਸਪੱਸ਼ਟ ਤੌਰ 'ਤੇ ਨੰਗੇ ਜੋੜਿਆਂ ਨੂੰ ਸੈਕਸ ਕਰਦੇ ਦਿਖਾਇਆ ਗਿਆ ਸੀ। ਕੁਝ ਦਿਨਾਂ ਬਾਅਦ, ਇਸ ਨੇ ਬਾਲਗਾਂ ਨਾਲ ਕਾਮ-ਉਕਸਾਊ ਸਥਿਤੀਆਂ ਵਿੱਚ ਮੌਜੂਦ ਬੱਚਿਆਂ ਦੇ ਇਸ਼ਤਿਹਾਰ ਦਿਖਾਉਣੇ ਸ਼ੁਰੂ ਕਰ ਦਿੱਤੇ, ਜਿਹਨਾਂ ਨਾਲ ਟੈਲੀਗ੍ਰਾਮ ਉਤਲੀਆਂ ਚੈਨਲਾਂ ਦੇ ਲਿੰਕ ਵੀ ਸਨ। ਕੁੱਲ ਮਿਲਾ ਕੇ, ਬੱਚਿਆਂ ਦੇ ਜਿਨਸੀ ਸ਼ੋਸ਼ਣ ਦਾ ਪ੍ਰਚਾਰ ਕਰਨ ਵਾਲੇ 30 ਦੇ ਕਰੀਬ ਵੱਖ-ਵੱਖ ਇਸ਼ਤਿਹਾਰ ਦਿਖਾਏ ਗਏ, ਭਾਵੇਂ ਕਿ ਇਨ੍ਹਾਂ ਵਿੱਚੋਂ ਕੁਝ ਨੂੰ ਕਈ ਅਕਾਊਂਟਾਂ ਦੁਆਰਾ ਸਾਂਝਾ ਕੀਤਾ ਗਿਆ ਸੀ। ਉਸ ਫਰਜ਼ੀ ਅਕਾਊਂਟ ਨੂੰ ਬਾਲਗ ਪੋਰਨੋਗ੍ਰਾਫੀ ਵਾਲੇ 20 ਦੇ ਕਰੀਬ ਇਸ਼ਤਿਹਾਰ ਵੀ ਦਿਖਾਏ ਗਏ।

ਭਾਰਤ ਵਿੱਚ ਬੱਚਿਆਂ ਦੇ ਜਿਨਸੀ ਸ਼ੋਸ਼ਣ ਸੰਬੰਧੀ ਸਮੱਗਰੀ ਅਤੇ ਬਾਲਗ ਪੋਰਨੋਗ੍ਰਾਫੀ, ਦੋਵਾਂ ਨੂੰ ਵੰਡਣਾ ਇਕ ਫੌਜਦਾਰੀ ਅਪਰਾਧ ਹੈ ਅਤੇ ਮੈਟਾ ਦੀ ਨੀਤੀ ਕਹਿੰਦੀ ਹੈ ਕਿ ਇਸ਼ਤਿਹਾਰਾਂ ਵਿੱਚ ਬਾਲਗਾਂ ਦਾ ਨੰਗੇਜ਼, ਜਣਨ ਅੰਗਾਂ ਦਾ ਵਿਖਾਵਾ ਜਾਂ ਅਜਿਹੀ ਸਮੱਗਰੀ ਨਹੀਂ ਹੋਣੀ ਚਾਹੀਦੀ ਜਿਹੜੀ ਬੱਚਿਆਂ ਦਾ ਜਿਨਸੀ ਸ਼ੋਸ਼ਣ ਕਰਦੀ ਹੋਵੇ ਜਾਂ ਉਹਨਾਂ ਨੂੰ ਖਤਰੇ ਵਿੱਚ ਪਾਉਂਦੀ ਹੋਵੇ। ਬੀ ਬੀ ਸੀ ਨੇ ਇਹਨਾਂ ਸਾਰੇ ਇਸ਼ਤਿਹਾਰਾਂ ਅਤੇ ਟੈਲੀਗ੍ਰਾਮ ਉਤਲੀਆਂ ਚੈਨਲਾਂ ਬਾਰੇ ਭਾਰਤੀ ਅਧਿਕਾਰੀਆਂ ਕੋਲ ਰਿਪੋਰਟ ਕੀਤੀ ਹੈ।

ਇੱਕ ਇਸ਼ਤਿਹਾਰ ਵਿੱਚ ਤਕਰੀਬਨ 12 ਸਾਲ ਦੀ ਉਮਰ ਦੇ ਦਿਖਾਈ ਦਿੰਦੇ ਇੱਕ ਮੁੰਡੇ ਅਤੇ ਇੱਕ ਕੁੜੀ ਨੂੰ ਸੈਕਸ ਕਰਦੇ ਦਿਖਾਇਆ ਗਿਆ ਸੀ। ਇੱਕ ਹੋਰ ਇਸ਼ਤਿਹਾਰ ਵਿੱਚ ਇਕ ਆਦਮੀ ਨੇ ਇਕ ਕੁੜੀ ਨੂੰ ਬਾਹਾਂ ਵਿੱਚ ਲਿਆ ਹੋਇਆ ਸੀ, ਅਤੇ ਇਸ ਬਾਰੇ ਲਿਖਿਆ ਸੀ ਕਿ ਮਰਦ ਦੀ ਉਮਰ 52 ਸਾਲ ਹੈ ਅਤੇ ਕੁੜੀ ਦੀ 12 ਸਾਲ। ਫਿਰ ਲਿਖਿਆ ਸੀ "ਹੋਰ ਦੇਖਣ ਲਈ ਕਲਿੱਕ ਕਰੋ" ਅਤੇ ਇਹ ਲਿੰਕ ਇਕ ਟੈਲੀਗ੍ਰਾਮ ਦੀ ਚੈਨਲ ਨਾਲ ਜੁੜਿਆ ਹੋਇਆ ਸੀ। ਬੀ ਬੀ ਸੀ ਨੇ ਇੰਸਟਾਗ੍ਰਾਮ ਨੂੰ ਇੱਕ ਇਸ਼ਤਿਹਾਰ ਬਾਰੇ ਰਿਪੋਰਟ ਕੀਤੀ ਜਿਸ ਵਿੱਚ ਇੱਕ ਬਹੁਤ ਛੋਟੀ ਕੁੜੀ ਨੂੰ ਰੋਂਦੀ ਦਿਖਾਇਆ ਗਿਆ ਸੀ, ਅਤੇ ਲਿਖਿਆ ਹੋਇਆ ਸੀ ਕਿ ਉਸ 'ਤੇ ਜਿਨਸੀ ਹਮਲਾ ਕੀਤਾ ਗਿਆ ਸੀ। 24 ਘੰਟਿਆਂ ਬਾਅਦ, ਇੰਸਟਾਗ੍ਰਾਮ ਨੇ ਜਵਾਬ ਦਿੱਤਾ ਕਿ ਉਹਨਾਂ ਨੇ ਇਸ਼ਤਿਹਾਰ ਨੂੰ ਨਹੀਂ ਹਟਾਇਆ ਕਿਉਂਕਿ "ਸਾਡੀ ਰਿਵੀਊ ਟੀਮ ਅਨੁਸਾਰ ਇਸ਼ਤਿਹਾਰ ਦੇਣ ਵਾਲੇ ਦਾ ਇਸ਼ਤਿਹਾਰ ਸਾਡੇ ਕਮਿਊਨਿਟੀ ਦੇ ਮਾਪਦੰਡਾਂ ਦੇ ਵਿਰੁੱਧ ਨਹੀਂ ਜਾਂਦਾ"।

ਬਾਅਦ ਵਿੱਚ ਮੈਟਾ ਨੇ ਬੀ ਬੀ ਸੀ ਨੂੰ ਦੱਸਿਆ ਕਿ "ਕੋਈ ਵੀ ਸਿਸਟਮ ਸੰਪੂਰਨ ਨਹੀਂ ਹੁੰਦਾ, ਅਤੇ ਸਾਡੀ ਰਿਵੀਊ ਦੇ ਅਮਲ ਦੀ ਨੀਤੀ ਸਾਰੀਆਂ ਉਲੰਘਣਾਵਾਂ ਦਾ ਪਤਾ ਨਹੀਂ ਲਗਾ ਸਕਦੀ। ਅਸੀਂ ਇਸ਼ਤਿਹਾਰਾਂ ਦੇ ਲਾਈਵ ਹੋਣ ਤੋਂ ਬਾਅਦ ਉਨ੍ਹਾਂ 'ਤੇ ਡਿਟੈਕਸ਼ਨ ਤਕਨਾਲੋਜੀ (ਉਲੰਘਣਾਵਾਂ ਦਾ ਪਤਾ ਲਾਉਣ ਵਾਲੀ ਤਕਨੌਲੋਜੀ) ਵਰਤਦੇ ਰਹਿੰਦੇ ਹਾਂ, ਅਤੇ ਕੋਈ ਵੀ ਵਿਅਕਤੀ ਸਾਨੂੰ ਅਜਿਹੇ ਇਸ਼ਤਿਹਾਰ ਬਾਰੇ ਰਿਪੋਰਟ ਕਰ ਸਕਦਾ ਹੈ ਜਿਸ ਬਾਰੇ ਉਹ ਸੋਚਦਾ ਹੈ ਕਿ ਉਹ (ਇਸ਼ਤਿਹਾਰ) ਸਾਡੇ ਨਿਯਮਾਂ ਦੀ ਉਲੰਘਣਾ ਕਰਦਾ ਹੈ।"

ਇਸ ਵਿੱਚ ਇਹ ਵੀ ਕਿਹਾ ਗਿਆ ਸੀ ਕਿ ਜਦੋਂ ਇਸ ਨੂੰ ਬੱਚਿਆਂ ਦੇ ਸਪਸ਼ਟ ਸ਼ੋਸ਼ਣ ਦਾ ਪਤਾ ਲੱਗਦਾ ਹੈ, ਤਾਂ ਇਹ ਕਾਨੂੰਨ ਦੀ ਪਾਲਣਾ ਕਰਦਿਆਂ ਨੈਸ਼ਨਲ ਸੈਂਟਰ ਫਾਰ ਮਿਸਿੰਗ ਐਂਡ ਐਕਸਪਲਾਇਟਿਡ ਚਿਲਡਰਨ ਭਾਵ ਗੁਆਚੇ ਅਤੇ ਸ਼ੋਸ਼ਿਤ ਬੱਚਿਆਂ ਲਈ ਰਾਸ਼ਟਰੀ ਕੇਂਦਰ (ਐਨ ਸੀ ਐਮ ਈ ਸੀ) ਕੋਲ ਇਸ ਦੀ ਰਿਪੋਰਟ ਕਰਦਾ ਹੈ। ਐਨ ਸੀ ਐਮ ਈ ਸੀ ਬੱਚਿਆਂ ਦੇ ਔਨਲਾਈਨ ਜਿਨਸੀ ਸ਼ੋਸ਼ਣ ਬਾਰੇ ਰਿਪੋਰਟ ਕਰਨ ਲਈ ਵਿਸ਼ਵ ਪੱਧਰ ਦਾ ਇਕ ਕੇਂਦਰੀ ਪ੍ਰਬੰਧ ਹੈ।

ਅਸੀਂ ਬੱਚਿਆਂ ਦੇ ਜਿਨਸੀ ਸ਼ੋਸ਼ਣ ਵਾਲੀਆਂ ਵੀਡੀਓਜ਼ ਵੇਚਣ ਵਾਲੀਆਂ ਦੋ ਚੈਨਲਾਂ ਦੀ ਟੈਲੀਗ੍ਰਾਮ ਕੋਲ ਰਿਪੋਰਟ ਕੀਤੀ। ਉਨ੍ਹਾਂ ਵਿੱਚੋਂ ਇੱਕ ਨੂੰ ਤੁਰੰਤ ਹਟਾ ਦਿੱਤਾ ਗਿਆ ਅਤੇ ਉਸ ਦੀ ਥਾਂ 'ਤੇ ਇੱਕ ਸੁਨੇਹਾ ਆਉਣ ਲੱਗਾ ਜਿਸ ਵਿੱਚ ਕਿਹਾ ਗਿਆ ਸੀ: "ਇਸ ਗਰੁੱਪ ਨੂੰ ਦਿਖਾਇਆ ਨਹੀਂ ਜਾ ਸਕਦਾ ਕਿਉਂਕਿ ਇਸ ਨੇ ਟੈਲੀਗ੍ਰਾਮ ਦੀ ਸੇਵਾ ਦੀਆਂ ਸ਼ਰਤਾਂ (ਟਰਮਜ਼ ਆਫ ਸਰਵਿਸ) ਦੀ ਉਲੰਘਣਾ ਕੀਤੀ ਹੈ।" ਦੂਜਾ ਚੈਨਲ ਦੋ ਹਫ਼ਤਿਆਂ ਤੋਂ ਵੱਧ ਸਮੇਂ ਤੱਕ ਵੇਚਣ ਲਈ ਨਵੀਆਂ ਵੀਡੀਓਜ਼ ਪੋਸਟ ਕਰਦਾ ਰਿਹਾ, ਫਿਰ ਉਸ ਨੂੰ ਵੀ ਹਟਾ ਦਿੱਤਾ ਗਿਆ।

ਆਲੋਚਕਾਂ ਨੇ ਪਹਿਲਾਂ ਵੀ ਇਸ ਪਲੇਟਫਾਰਮ 'ਤੇ ਦੋਸ਼ ਲਾਇਆ ਸੀ ਕਿ ਇਹ ਅਪਰਾਧਕ ਸਮੱਗਰੀ ਨੂੰ ਸਾਂਝੀ ਕੀਤੀ ਜਾਣ ਤੋਂ ਰੋਕਣ ਲਈ ਲੋੜੀਂਦੇ ਉਪਰਾਲੇ ਨਹੀਂ ਕਰਦਾ। ਦੁਬਈ-ਸਥਿੱਤ ਇਹ ਕੰਪਨੀ ਐਨ ਸੀ ਐਮ ਈ ਸੀ ਦੀ ਮੈਂਬਰ ਨਹੀਂ ਹੈ। ਇਹ 2024 ਦੇ ਅਖੀਰ ਵਿੱਚ ਇੰਟਰਨੈੱਟ ਵਾਚ ਫਾਊਂਡੇਸ਼ਨ ਵਿੱਚ ਸ਼ਾਮਲ ਹੋਈ ਸੀ, ਜਿਹੜੀ ਅਜਿਹੀ ਸਮੱਗਰੀ ਨੂੰ ਲੱਭਣ, ਰਿਪੋਰਟ ਕਰਨ ਅਤੇ ਹਟਾਉਣ ਲਈ ਬਹੁਤੇ ਔਨਲਾਈਨ ਪਲੇਟਫਾਰਮਾਂ ਨਾਲ ਕੰਮ ਕਰਦੀ ਹੈ।

ਟੈਲੀਗ੍ਰਾਮ ਨੇ ਬੀ ਬੀ ਸੀ ਨੂੰ ਦੱਸਿਆ ਕਿ ਕੰਪਨੀ ਐਪ ਤੋਂ ਬੱਚਿਆਂ ਦੇ ਜਿਨਸੀ ਸ਼ੋਸ਼ਣ ਨਾਲ ਸੰਬੰਧਿਤ ਸਮੱਗਰੀ(ਚਾਇਲਡ ਸੈਕਸੁਅਲ ਅਬਿਊਜ਼ ਮਟੀਰੀਅਲ) ਨੂੰ ਖਤਮ ਕਰਨ ਲਈ ਆਟੋਮੇਟਿਡ (ਸਵੈਚਾਲਿਤ) ਅਤੇ ਮਨੁੱਖੀ, ਦੋਵੇਂ ਤਰ੍ਹਾਂ ਦੀ ਨਿਗਰਾਨੀ ਦੀ ਵਰਤੋਂ ਕਰਦੀ ਹੈ, ਅਤੇ ਇਸ ਦੇ ਨਤੀਜੇ ਵਜੋਂ ਉਸ ਨੇ "ਆਪਣੇ ਪਲੇਟਫਾਰਮ ਤੋਂ ਬੱਚਿਆਂ ਦੇ ਜਿਨਸੀ ਸ਼ੋਸ਼ਣ ਨਾਲ ਸੰਬੰਧਿਤ ਸਮੱਗਰੀ ਦੇ ਜਨਤਕ ਪ੍ਰਸਾਰ ਨੂੰ ਤਕਰੀਬਰ ਤਕਰੀਬਨ ਮੁਕੰਮਲ ਤੌਰ 'ਤੇ ਖਤਮ ਕਰ ਦਿੱਤਾ ਹੈ"।

ਇਸ਼ਤਿਹਾਰ ਮੈਟਾ ਲਈ ਆਮਦਨੀ ਦਾ ਇੱਕ ਮਹੱਤਵਪੂਰਨ ਸ੍ਰੋਤ ਹਨ। ਇਸ ਨੇ ਜਨਵਰੀ ਵਿੱਚ ਰਿਪੋਰਟ ਕੀਤਾ ਸੀ ਕਿ 2025 ਵਿੱਚ ਖਤਮ ਹੋਣ ਵਾਲੇ ਵਿੱਤੀ ਸਾਲ ਲਈ ਇਸ ਦੀ 200 ਅਰਬ (ਬਿਲੀਅਨ) ਡਾਲਰ (152 ਅਰਬ ਬਿਲੀਅਨ ਪੌਂਡ) ਦੀ ਆਮਦਨ ਵਿੱਚੋਂ ਲਗਭਗ 98% ਆਮਦਨ ਇਸ਼ਤਿਹਾਰਾਂ ਤੋਂ ਆਈ ਸੀ। ਵਿਸ਼ਲੇਸ਼ਕਾਂ ਦਾ ਅੰਦਾਜ਼ਾ ਹੈ ਕਿ ਇੰਸਟਾਗ੍ਰਾਮ ਦੀ ਆਮਦਨ ਦਾ 90% ਤੋਂ ਵੱਧ ਹਿੱਸਾ ਇਸ਼ਤਿਹਾਰਾਂ ਤੋਂ ਆਉਂਦਾ ਹੈ।

ਬਾਕੀ ਹਿਸਾ ਸਫਾ 53 ਤੇ ਪੜ੍ਹੋ

52 ਸਫ਼ੇ ਦੀ ਬਾਕੀ

ਜਦੋਂ ਕਿ ਆਮ ਪੋਸਟਾਂ ਨੂੰ ਆਮ ਤੌਰ 'ਤੇ ਪ੍ਰਕਾਸ਼ਿਤ ਹੋਣ ਤੋਂ ਪਹਿਲਾਂ ਮੈਟਾ ਦੀ ਤਕਨਾਲੋਜੀ ਵਲੋਂ ਚੈੱਕ ਨਹੀਂ ਕੀਤਾ ਜਾਂਦਾ, ਪਰ ਮੈਟਾ ਦਾ ਕਹਿਣਾ ਹੈ ਕਿ ਹਰੇਕ ਇਸ਼ਤਿਹਾਰ ਨੂੰ ਉਸ ਦੇ ਪਲੇਟਫਾਰਮਾਂ'ਤੇ ਪਾਏ ਜਾਣ ਦੀ ਇਜਾਜ਼ਤ ਦੇਣ ਤੋਂ ਪਹਿਲਾਂ ਰਿਵੀਊ ਕੀਤਾ ਜਾਂਦਾ ਹੈ। ਇਸ ਦਾ ਰਿਵੀਊ ਕਰਨ ਵਾਲਾ ਪ੍ਰਬੰਧ ਮੁੱਖ ਤੌਰ 'ਤੇ ਆਟੋਮੇਟਿਡ (ਸਵੈਚਾਲਿਤ) ਤਕਨਾਲੋਜੀ 'ਤੇ ਨਿਰਭਰ ਕਰਦਾ ਹੈ ਅਤੇ ਇਹ ਚਿੱਤਰਾਂ, ਵੀਡੀਓ, ਲਿਖਤ ਅਤੇ ਆਡੀਓ ਦੇ ਨਾਲ-ਨਾਲ ਇਹ ਵੀ ਚੈੱਕ ਕਰਨ ਲਈ ਤਿਆਰ ਕੀਤਾ ਗਿਆ ਹੈ ਕਿ ਇਸ਼ਤਿਹਾਰ ਕਿਸ ਵੱਲ ਸੇਧਿਤ ਹੈ ਅਤੇ ਲਿੰਕ ਵਰਤੋਂਕਾਰਾਂ ਨੂੰ ਕਿੱਥੇ ਭੇਜਦੇ ਹਨ। ਇਹ ਸੌਫਟਵੇਅਰ ਫਿਰ ਇਸ਼ਤਿਹਾਰਾਂ ਨੂੰ ਰੱਦ ਜਾਂ ਮਨਜ਼ੂਰ ਕਰਦਾ ਹੈ, ਅਤੇ ਜਦੋਂ ਇਹ ਸਪਸ਼ਟ ਨਹੀਂ ਹੁੰਦਾ ਤਾਂ ਮਾਮਲਿਆਂ ਨੂੰ ਮਨੁੱਖੀ ਰਿਵੀਊ ਲਈ ਅੱਗੇ ਭੇਜ ਦਿੰਦਾ ਹੈ।

ਮਾਰਚ ਵਿੱਚ, ਮੈਟਾ ਨੇ ਐਲਾਨ ਕੀਤਾ ਸੀ ਕਿ ਉਹ ਥਰਡ-ਪਾਰਟੀ (ਤੀਜੀ-ਧਿਰ) ਦੇ ਮਨੁੱਖੀ ਮਾਡਰੇਟਰਾਂ 'ਤੇ ਆਪਣੀ ਨਿਰਭਰਤਾ ਨੂੰ ਘਟਾ ਰਿਹਾ ਹੈ ਅਤੇ ਆਰਟੀਫਿਸ਼ਲ ਇਨਟੈਲੀਜੈਂਸ (ਏ ਆਈ) ਦੀ ਵਰਤੋਂ ਵਧਾ ਰਿਹਾ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ "ਮਾਹਰ ਸਾਡੇ ਏ ਆਈ ਸਿਸਟਮਾਂ ਨੂੰ ਡਿਜ਼ਾਈਨ ਕਰਨਗੇ, ਸਿਖਲਾਈ ਦੇਣਗੇ, ਨਿਗਰਾਨੀ ਕਰਨਗੇ ਅਤੇ ਉਨ੍ਹਾਂ ਦਾ ਮੁਲਾਂਕਣ ਕਰਨਗੇ।"

ਬੀ ਬੀ ਸੀ ਨੇ ਭਾਰਤ ਦੀ ਸੁਪਰੀਮ ਕੋਰਟ ਦੇ ਇੱਕ ਸੇਵਾਮੁਕਤ ਜੱਜ, ਮਦਨ ਲੋਕੁਰ ਨੂੰ ਉਹਨਾਂ ਇਸ਼ਤਿਹਾਰਾਂ ਬਾਰੇ ਦੱਸਿਆ ਜੋ ਅਸੀਂ ਵੇਖੇ ਸਨ। ਉਹ ਇਸ ਬਾਰੇ ਚਿੰਤਤ ਸੀ ਕਿ ਇੰਸਟਾਗ੍ਰਾਮ "ਇੱਕ ਅਪਰਾਧਕ ਗਤੀਵਿਧੀ ਵਿੱਚ ਹਿੱਸਾ ਲੈ ਕੇ ਪੈਸਾ ਕਮਾ ਰਿਹਾ ਹੈ"।

ਉਸ ਦਾ ਕਹਿਣਾ ਹੈ, "ਇਹ ਭਾਰਤ ਦੀ ਸੁਪਰੀਮ ਕੋਰਟ ਲਈ ਸੁਓ ਮੋਟੋ (ਜਦੋਂ ਅਦਾਲਤ ਕਿਸੇ ਹੋਰ ਵੱਲੋਂ ਮੁਕੱਦਮਾ ਲਿਆਂਦੇ ਜਾਣ ਦੀ ਉਡੀਕ ਕੀਤੇ ਬਿਨਾਂ ਕਾਨੂੰਨੀ ਕਾਰਵਾਈ ਸ਼ੁਰੂ ਕਰਦੀ ਹੈ) ਨੋਟਿਸ ਲੈਣ ਅਤੇ ਸਰਕਾਰ ਨੂੰ ਕਿਸੇ ਵੀ ਸੋਸ਼ਲ ਮੀਡੀਆ ਪਲੇਟਫਾਰਮ ਦੇ ਵਿਰੁੱਧ ਕਾਰਵਾਈ ਕਰਨ ਲਈ ਕਾਫ਼ੀ ਗੰਭੀਰ ਮੁੱਦਾ ਹੈ।" ਜੱਜ ਲੋਕੁਰ ਨੇ ਅੱਗੇ ਕਿਹਾ ਕਿ ਭਾਵੇਂ ਭਾਰਤੀ ਕਾਨੂੰਨ ਸੋਸ਼ਲ ਮੀਡੀਆ ਕੰਪਨੀਆਂ ਨੂੰ ਸਮੱਗਰੀ ਅਪਲੋਡ ਕਰਨ ਵਾਲਿਆਂ ਵਲੋਂ ਅਪਲੋਡ ਕੀਤੀ ਸਮੱਗਰੀ ਲਈ ਜ਼ਿੰਮੇਵਾਰ ਠਹਿਰਾਏ ਜਾਣ ਤੋਂ ਬਚਾਉਂਦਾ ਹੈ, ਫਿਰ ਵੀ "ਪਲੇਟਫਾਰਮ ਆਪਣੀ ਜ਼ਿੰਮੇਵਾਰੀ ਤੋਂ ਮੂੰਹ ਨਹੀਂ ਮੋੜ ਸਕਦਾ"।

ਫੇਸਬੁੱਕ (ਜਿਸ ਨਾਂ ਨਾਲ ਮੈਟਾ ਨੂੰ 2021 ਵਿੱਚ ਆਪਣਾ ਨਾਮ ਬਦਲਣ ਤੋਂ ਪਹਿਲਾਂ ਜਾਣਿਆ ਜਾਂਦਾ ਸੀ) ਦੇ ਇੱਕ ਸਾਬਕਾ ਵਾਈਸ-ਪ੍ਰੈਜ਼ੀਡੈਂਟ ਨੇ ਕਿਹਾ ਕਿ ਉਹ ਬੀ ਬੀ ਸੀ ਦੇ ਖੁਲਾਸਿਆਂ ਤੋਂ "ਬੇਹੱਦ ਪਰੇਸ਼ਾਨ ਹੈ, ਪਰ ਹੈਰਾਨ ਬਿਲਕੁਲ ਨਹੀਂ।"

ਕੰਪਨੀ ਲਈ 2009 ਤੋਂ 2020 ਦਰਮਿਆਨ ਕੰਮ ਕਰਨ ਵਾਲੇ ਅਤੇ ਇਸ ਦੇ ਐਡਵਰਟਾਈਜ਼ਿੰਗ ਅਤੇ ਮਾਰਕੀਟਿੰਗ ਦੇ ਕਾਰੋਬਾਰ ਨੂੰ ਖੜ੍ਹਾ ਕਰਨ ਵਿੱਚ ਮਦਦ ਕਰਨ ਵਾਲੇ ਬ੍ਰਾਇਨ ਬੋਲੈਂਡ ਨੇ ਦੱਸਿਆ ਕਿ ਉਸ ਨੇ ਕੰਪਨੀ ਇਸ ਲਈ ਛੱਡੀ ਸੀ ਕਿਉਂਕਿ ਉਸ ਨੂੰ ਲੱਗਦਾ ਸੀ ਕਿ "ਉਹ (ਕੰਪਨੀ) ਕਿਤੇ ਵੀ ਆਪਣੇ ਵਰਤੋਂਕਾਰਾਂ ਦੀ ਪ੍ਰਵਾਹ ਨਹੀਂ ਕਰਦੀ ਸੀ।"

ਉਸ ਨੇ ਕਿਹਾ ਕਿ ਇੰਸਟਾਗ੍ਰਾਮ ਦਾ ਐਲਗੋਰਿਦਮ ਵਰਤੋਂਕਾਰਾਂ ਨੂੰ "ਕੁੱਝ ਜ਼ਿਆਦਾ ਸਨਸਨੀਖੇਜ਼ ਅਤੇ ਲੁਭਾਊ ਦਿਖਾ ਕੇ" ਪਲੇਟਫਾਰਮ 'ਤੇ ਟਿਕਾਏ ਰੱਖਣ ਲਈ ਤਿਆਰ ਕੀਤਾ ਗਿਆ ਸੀ।" ਇਹ ਇਸ ਤਰ੍ਹਾਂ ਨਹੀਂ ਕਿ ਐਲਗੋਰਿਦਮ ਕਹਿੰਦਾ ਹੈ "ਆਉ ਲੋਕਾਂ ਨੂੰ ਪੀਡੋਫਾਈਲ (ਬੱਚਿਆਂ ਨਾਲ ਲਿੰਗਕ ਸੰਬੰਧ ਬਣਾਉਣ ਦੇ ਇੱਛਕ) ਬਣਾਈਏ' ਪਰ ਕਿਉਂਕਿ ਉਹ ਇਸ ਨੂੰ ਜ਼ਿੰਮੇਵਾਰੀ ਨਾਲ ਸੇਧ ਨਹੀਂ ਦੇ ਰਹੇ ਅਤੇ ਕੰਟਰੋਲ ਨਹੀਂ ਕਰ ਰਹੇ - ਅਤੇ ਸਿਰਫ਼ ਆਮਦਨ ਅਤੇ ਕਲਿੱਕਾਂ ਦੇ ਟੀਚਿਆਂ ਮਗਰ ਭੱਜ ਰਹੇ ਹਨ। ਜੇਕਰ ਲੋਕ ਇਹਨਾਂ ਸਿਸਟਮਾਂ ਦਾ ਸੱਚਮੁੱਚ, ਜ਼ੋਰਦਾਰ ਢੰਗ ਨਾਲ ਬਚਾਅ ਨਹੀਂ ਕਰ ਰਹੇ ਤਾਂ ਇਸ ਦੇ ਅਜਿਹੇ ਨਤੀਜੇ ਹੀ ਨਿਕਲਣਗੇ।"

ਬੋਲੈਂਡ ਨੇ ਕਿਹਾ ਕਿ 2009 ਅਤੇ 2010 ਦੇ ਵਿਚਕਾਰ ਉਸ ਨੇ ਅਜਿਹ ਇਸ਼ਤਿਹਾਰ ਹਟਾਉਣ ਲਈ ਇੱਕ ਪ੍ਰੋਜੈਕਟ ਦੀ ਅਗਵਾਈ ਕੀਤੀ ਸੀ ਜੋ ਵਰਤੋਂਕਾਰਾਂ ਨਾਲ ਧੋਖਾਧੜੀ ਕਰ ਰਹੇ ਸਨ, ਜਿਸ ਦਾ ਮਤਲਬ ਸੀ ਕਿ ਉਸ ਨੂੰ "ਉਸ ਸਮੇਂ, ਵਰਤੋਂਕਾਰਾਂ ਦੀ ਸੁਰੱਖਿਆ ਅਤੇ ਵਰਤੋਂਕਾਰਾਂ ਦੇ ਤਜਰਬੇ ਖਾਤਰ ਕੰਪਨੀ ਦੀ ਆਮਦਨ ਦਾ ਇੱਕ ਵੱਡਾ ਹਿੱਸਾ ਹਟਾਉਣ ਦੀ ਇਜਾਜ਼ਤ ਸੀ। ਮੇਰੇ ਖਿਆਲ ਵਿੱਚ ਦੁਖਦਾਈ ਅਤੇ ਤ੍ਰਾਸਦਿਕ ਗੱਲ ਇਹ ਹੈ ਕਿ ਸਮੇਂ ਦੇ ਨਾਲ, ਕਮਾਈ ਅਤੇ ਵਰਤੋਂਕਾਰ ਦੇ ਤਜਰਬੇ ਵਿਚਕਾਰ ਸਮਝੌਤਾ ਚਰਚਾ ਦਾ ਇਕ ਮੁੱਖ ਹਿੱਸਾ ਬਣ ਗਿਆ।"

ਉਸ ਦਾ ਕਹਿਣਾ ਹੈ ਕਿ ਉਸ ਨੇ 2025 ਵਿੱਚ ਆਪਣਾ ਇੰਸਟਾਗ੍ਰਾਮ ਦਾ ਖਾਤਾ ਬੰਦ ਕਰ ਦਿੱਤਾ ਸੀ। ਉਸ ਦੇ ਵਿਚਾਰ ਵਿੱਚ "ਜੇਕਰ ਲੋਕ ਵੱਡੀ ਗਿਣਤੀ ਵਿੱਚ ਕਹਿਣ ਲੱਗ ਪੈਣ, 'ਮੈਂ ਬਾਹਰ ਹਾਂ, ਮੇਰਾ ਇਸ ਨਾਲ ਸੰਬੰਧ ਖਤਮ ਹੋ ਗਿਆ ਹੈ, ਇਸ ਨੂੰ ਭੁੱਲ ਜਾਓ,' ਤਾਂ ਕੰਪਨੀ ਧਿਆਨ ਦੇਵੇਗੀ।"

ਬੀ ਬੀ ਸੀ ਨੂੰ ਭੇਜੇ ਇੱਕ ਬਿਆਨ ਵਿੱਚ, ਮੈਟਾ ਨੇ ਕਿਹਾ: "ਬੱਚਿਆਂ ਦਾ ਸ਼ੋਸ਼ਣ ਇੱਕ ਭਿਆਨਕ ਅਪਰਾਧ ਹੈ ਅਤੇ ਮੈਟਾ ਆਪਣੀਆਂ ਐਪਾਂ 'ਤੇ ਇਸ ਨਾਲ ਲੜਨ ਲਈ ਜ਼ੋਰਦਾਰ ਢੰਗ ਨਾਲ ਕੰਮ ਕਰਦਾ ਹੈ।" ਉਹਨਾਂ ਅੱਗੇ ਕਿਹਾ ਕਿ ਇਹ ਸੁਝਾਅ ਦੇਣਾ "ਪੂਰੀ ਤਰ੍ਹਾਂ ਗਲਤ" ਹੈ ਕਿ ਮੈਟਾ ਨੇ ਜਾਣਬੁੱਝ ਕੇ ਅਤੇ ਮਿੱਥ ਕੇ ਅਜਿਹੀ ਸਮੱਗਰੀ ਵਿੱਚ ਅਣਉਚਿਤ ਦਿਲਚਸਪੀ ਰੱਖਣ ਵਾਲੇ ਵਰਤੋਂਕਾਰਾਂ ਵੱਲ ਬੱਚਿਆਂ ਵਾਲੇ ਇਸ਼ਤਿਹਾਰ ਭੇਜੇ ਸਨ।

ਕੰਪਨੀ ਨੇ ਕਮਾਈ ਨੂੰ ਸੁਰੱਖਿਆ ਨਾਲੋਂ ਤਰਜੀਹ ਦੇਣ ਤੋਂ ਇਨਕਾਰ ਕੀਤਾ ਅਤੇ ਕਿਹਾ ਕਿ 2025 ਵਿੱਚ ਉਹਨਾ ਨੇ "ਸੰਭਾਵੀ ਤੌਰ 'ਤੇ ਸ਼ੱਕੀ ਵਤੀਰੇ ਦੇ ਕਾਫ਼ੀ ਸੰਕੇਤ" ਦਿਖਾਉਣ ਵਾਲੇ ਚਾਲੀ ਲੱਖ (ਚਾਰ ਮਿਲੀਅਨ) ਤੋਂ ਵੱਧ ਅਕਾਊਂਟਾਂ ਨੂੰ ਆਪਣੇ ਆਪ ਅਯੋਗ ਬਣਾ ਦਿੱਤਾ ਸੀ।

ਮੈਟਾ ਨੇ ਅੱਗੇ ਕਿਹਾ, "ਜਦੋਂ ਕਿ ਦ੍ਰਿੜ ਅਪਰਾਧੀ ਫੜੇ ਜਾਣ ਤੋਂ ਬਚਣ ਦੀ ਕੋਸ਼ਿਸ਼ ਕਰਦੇ ਹਨ, ਸਾਡੀਆਂ ਮਾਹਰ ਟੀਮਾਂ ਸਾਡੇ ਸੁਰੱਖਿਆ ਉਪਾਵਾਂ ਨੂੰ ਸੁਧਾਰਨ ਲਈ ਲਗਾਤਾਰ ਕੰਮ ਕਰ ਰਹੀਆਂ ਹਨ, ਸ਼ੋਸ਼ਣਕਾਰੀਆਂ ਨੂੰ ਪੂਰੀ ਤਰ੍ਹਾਂ ਬਾਹਰ ਕੱਢਣ ਲਈ ਨਵੀਂ ਤਕਨਾਲੋਜੀ ਵਿਕਸਿਤ ਕਰ ਰਹੀਆਂ ਹਨ, ਉਲੰਘਣਾ ਕਰਨ ਵਾਲੀਆਂ ਵੈੱਬਸਾਈਟਾਂ ਦੇ ਲਿੰਕਾਂ ਨੂੰ ਬਲਾਕ ਕਰ ਰਹੀਆਂ ਹਨ, ਅਤੇ ਹੋਰ ਕੰਪਨੀਆਂ ਨਾਲ ਖੁਫੀਆ ਜਾਣਕਾਰੀ ਸਾਂਝੀ ਕਰ ਰਹੀਆਂ ਹਨ ਤਾਂ ਜੋ ਉਹ ਵੀ ਕਾਰਵਾਈ ਕਰ ਸਕਣ।"

ਇਸ ਸਾਲ ਦੇ ਸ਼ੁਰੂ ਵਿੱਚ ਬੋਲੈਂਡ ਨੇ ਅਮਰੀਕਾ ਦੇ ਸੂਬੇ ਨਿਊ ਮੈਕਸੀਕੋ ਵਿੱਚ ਇੱਕ ਮੁਕੱਦਮੇ ਵਿੱਚ ਮੈਟਾ ਦੇ ਵਿਰੁੱਧ ਗਵਾਹੀ ਦਿੱਤੀ ਸੀ, ਜਿਸ ਵਿੱਚ ਮੈਟਾ 'ਤੇ ਆਪਣੇ ਪਲੇਟਫਾਰਮਾਂ 'ਤੇ ਬੱਚਿਆਂ ਦੀ ਸੁਰੱਖਿਆ ਬਾਰੇ ਵਰਤੋਂਕਾਰਾਂ ਨੂੰ ਗੁੰਮਰਾਹ ਕਰਨ ਦਾ ਦੋਸ਼ ਲਗਾਇਆ ਗਿਆ ਸੀ।

ਅਦਾਲਤ ਨੇ ਮੈਟਾ ਨੂੰ ਨਿਊ ਮੈਕਸੀਕੋ ਨੂੰ 37 ਕ੍ਰੋੜ 50 ਲੱਖ (375 ਮਿਲੀਅਨ) ਡਾਲਰ ਭਾਵ 27 ਕ੍ਰੋੜ 90 ਲੱਖ (279 ਮਿਲੀਅਨ) ਪੌਂਡ ਅਦਾ ਕਰਨ ਦਾ ਹੁਕਮ ਦਿੱਤਾ ਸੀ। ਉਸ ਸਮੇਂ, ਕੰਪਨੀ ਦੇ ਇੱਕ ਬੁਲਾਰੇ ਨੇ ਕਿਹਾ ਸੀ ਕਿ ਉਹ ਫੈਸਲੇ ਨਾਲ ਸਹਿਮਤ ਨਹੀਂ ਸਨ ਅਤੇ ਅਪੀਲ ਕਰਨ ਦਾ ਇਰਾਦੇ ਰੱਖਦੇ ਸਨ।

ਅਮਰੀਕਾ-ਅਧਾਰਤ ਸੋਸ਼ਲ ਮੀਡੀਆ ਕੰਪਨੀਆਂ ਲਈ ਆਪਣੇ ਪਲੇਟਫਾਰਮ 'ਤੇ ਬੱਚਿਆਂ ਦੀ ਜਿਨਸੀ ਸ਼ੋਸ਼ਣ ਸੰਬੰਧੀ ਸਮੱਗਰੀ ਬਾਰੇ ਐਨ ਸੀ ਐਮ ਈ ਸੀ ( ਨੈਸ਼ਨਲ ਸੈਂਟਰ ਫਾਰ ਮਿਸਿੰਗ ਐਂਡ ਐਕਸਪਲਾਇਟਿਡ ਚਿਲਡਰਨ) ਦੀ ਸਾਇਬਰ ਟਿੱਪ-ਲਾਈਨ 'ਤੇ ਰਿਪੋਰਟ ਕਰਨਾ ਲਾਜ਼ਮੀ ਹੈ। ਫਿਰ ਟਿਪਲਾਈਨ ਰਿਪੋਰਟ ਨੂੰ ਉਸ ਦੇਸ਼ ਦੀ ਕਾਨੂੰਨ ਲਾਗੂ ਕਰਨ ਵਾਲੀ ਢੁਕਵੀਂ ਏਜੰਸੀ ਨੂੰ ਭੇਜ ਦਿੰਦੀ ਹੈ ਜਿੱਥੇ ਉਸ ਨੂੰ ਲੱਗਦਾ ਹੈ ਕਿ ਘਟਨਾ ਵਾਪਰੀ ਹੈ। 2025 ਵਿੱਚ ਭਾਰਤ ਨੂੰ 19 ਲੱਖ (1.9 ਮਿਲੀਅਨ) ਰਿਪੋਰਟਾਂ ਪ੍ਰਾਪਤ ਹੋਈਆਂ, ਜੋ ਕਿ 20 ਲੱਖ ਰਿਪੋਰਟਾਂ ਪ੍ਰਾਪਤ ਕਰਨ ਵਾਲੇ ਅਮਰੀਕਾ ਤੋਂ ਬਾਅਦ ਦੂਜੇ ਨੰਬਰ 'ਤੇ ਆਉਂਦਾ ਹੈ।

ਭਾਰਤ ਦੇ ਸੂਬੇ ਤੇਲੰਗਾਨਾ ਵਿੱਚ ਸਾਈਬਰ ਸੁਰੱਖਿਆ ਬਿਊਰੋ ਦੀ ਡਾਇਰੈਕਟਰ, ਭਾਰਤ ਦੇ ਚੋਟੀ ਦੇ ਸਾਈਬਰ ਪੁਲੀਸ ਅਧਿਕਾਰੀਆਂ ਵਿੱਚੋਂ ਇਕ, ਸ਼ਿਖਾ ਗੋਇਲ ਨੇ ਕਿਹਾ ਕਿ ਸਭ ਤੋਂ ਵੱਧ ਟਿੱਪਾਂ ਇੰਸਟਾਗ੍ਰਾਮ ਅਤੇ ਫੇਸਬੁੱਕ ਤੋਂ ਆਉਂਦੀਆਂ ਹਨ, ਜਿਹੜੀਆਂ ਦੋਵੇਂ ਮੈਟਾ ਦੀ ਮਲਕੀਅਤ ਹਨ। ਉਸ ਨੇ ਅਗਾਂਹ ਕਿਹਾ "ਪਰ ਇਸ ਦਾ ਮਤਲਬ ਇਹ ਨਹੀਂ ਕਿ ਉਹ ਸਭ ਤੋਂ ਵੱਡੇ ਹਨ। ਜੇਕਰ ਉਨ੍ਹਾਂ ਕੋਲ ਬੱਚਿਆਂ ਦੀ ਜਿਨਸੀ ਸ਼ੋਸ਼ਣ ਸਮੱਗਰੀ ਨੂੰ ਟਰੈਕ ਕਰਨ ਲਈ ਇੱਕ ਚੰਗੀ ਐਲਗੋਰਿਦਮ ਹੈ, ਤਾਂ ਸਪੱਸ਼ਟ ਤੌਰ 'ਤੇ ਉਹਨਾਂ ਵਲੋਂ ਵਧੇਰੇ ਚੇਤਾਵਨੀਆਂ ਆਉਣਗੀਆਂ।"

ਔਨਲਾਈਨ ਨੁਕਸਾਨ ਦਾ ਸਾਹਮਣਾ ਕਰ ਰਹੇ ਬੱਚਿਆਂ ਲਈ ਹੈਲਪਲਾਈਨ ਦੀ ਸੇਵਾ ਚਲਾਉਣ ਵਾਲੀ ਇਕ ਮੁੰਬਈ-ਅਧਾਰਤ ਐਨ ਜੀ ਓ, ਰਾਤੀ ਫਾਊਂਡੇਸ਼ਨ ਨੇ ਵੀ ਦੱਸਿਆ ਕਿ ਬੱਚਿਆਂ ਦੀ ਜਿਨਸੀ ਸ਼ੋਸ਼ਣ ਸਮੱਗਰੀ ਬਾਰੇ ਉਸ ਨੂੰ ਪ੍ਰਾਪਤ ਹੋਣ ਵਾਲੀਆਂ ਰਿਪੋਰਟਾਂ ਦਾ ਵੱਡਾ ਹਿੱਸਾ ਮੈਟਾ ਦੇ ਪਲੇਟਫਾਰਮਾਂ ਤੋਂ ਆਉਂਦਾ ਹੈ। ਇਹ ਐਨ ਜੀ ਓ ਨੁਕਸਾਨਦਾਇਕ ਸਮੱਗਰੀ ਨੂੰ ਹਟਾਉਣ ਵਿੱਚ ਮਦਦ ਲਈ ਸੋਸ਼ਲ ਮੀਡੀਆ ਪਲੇਟਫਾਰਮਾਂ ਨਾਲ ਸਹਿਯੋਗ ਕਰਦੀ ਹੈ, ਪਰ ਇਸ ਦੇ ਸਹਿ-ਸੰਸਥਾਪਕ ਅਤੇ ਡਾਇਰੈਕਟਰ ਸਿਧਾਰਥ ਪਿਲਾਈ ਨੇ ਕਿਹਾ ਕਿ "ਅਪਰਾਧੀ ਸਾਡੇ ਨਿਗਰਾਨੀ ਦੇ ਯਤਨਾਂ ਤੋਂ ਬਚਣ ਲਈ ਇੰਸਟਾਗ੍ਰਾਮ ਤੋਂ ਟੈਲੀਗ੍ਰਾਮ ਤੱਕ ਨਿਰਵਿਘਨ ਸਫਰ ਕਰਦੇ ਹਨ, ਅਤੇ ਅਸੀਂ ਜਿਸ ਸਮੱਗਰੀ ਨੂੰ ਹਟਾਉਣ ਵਿੱਚ ਮਦਦ ਕਰਦੇ ਹਾਂ ਉਹ ਉਸ ਨੂੰ ਮੁੜ ਅਪਲੋਡ ਕਰਦੇ ਰਹਿੰਦੇ ਹਨ।"

ਮਾਹਰਾਂ ਨੇ ਦੱਸਿਆ ਕਿ ਭਾਰਤ ਵਿੱਚ ਬੱਚਿਆਂ ਦੇ ਜਿਨਸੀ ਸ਼ੋਸ਼ਣ ਦੀ ਸਮੱਗਰੀ ਆਮ ਤੌਰ 'ਤੇ ਅਪਰਾਧਕ ਗਰੁੱਪਾਂ ਵਲੋਂ ਬਣਾਈ ਜਾਂਦੀ ਹੈ, ਜਿਵੇਂ ਕਿ ਮਨੁੱਖੀ ਤਸਕਰੀ ਕਰਨ ਵਾਲਿਆਂ ਵਲੋਂ, ਭਾਵੇਂ ਕਿ ਕਈ ਵਾਰੀ ਇਸ ਲਈ ਪਰਿਵਾਰ ਅਤੇ ਕਮਿਊਨਿਟੀ ਦੇ ਮੈਂਬਰ ਵੀ ਜ਼ਿੰਮੇਵਾਰ ਹੁੰਦੇ ਹਨ।

ਭਾਰਤ ਵਿੱਚ ਬੱਚਿਆਂ ਦੇ ਵਿਰੁੱਧ ਹਿੰਸਾ ਨੂੰ ਰੋਕਣ ਲਈ ਕੰਮ ਕਰਨ ਵਾਲੀਆਂ 250 ਤੋਂ ਵੱਧ ਸੰਸਥਾਵਾਂ ਦੇ ਇੱਕ ਨੈੱਟਵਰਕ, ਜਸਟ ਰਾਈਟਸ ਫਾਰ ਚਿਲਡਰਨ ਦੇ ਸੰਸਥਾਪਕ ਭੁਵਨ ਰਿਭੂ ਨੇ ਕਿਹਾ ਕਿ ਇਸ ਅਪਰਾਧ ਦੀ ਕਾਫ਼ੀ ਰਿਪੋਰਟ ਨਹੀਂ ਹੁੰਦੀ ਅਤੇ ਪੁਲੀਸ ਅਜੇ ਇਸ ਨਾਲ ਨਜਿੱਠਣ ਲਈ ਤਕਨੀਕੀ ਹੁਨਰ ਵਿਕਸਿਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਅਤੇ ਇਸ ਨੂੰ ਸਫਲਤਾਪੂਰਵਕ ਕਰਨ ਲਈ ਅੰਤਰਰਾਸ਼ਟਰੀ ਸਹਿਯੋਗ ਅਤੇ ਸਰਹੱਦਾਂ ਤੋਂ ਪਾਰ ਖੁਫੀਆ ਜਾਣਕਾਰੀ ਸਾਂਝੀ ਕਰਨਾ ਬਹੁਤ ਜ਼ਰੂਰੀ ਹੈ। "ਜਥੇਬੰਦਕ ਅਪਰਾਧ ਦੇ ਜਾਲ ਨੂੰ ਲੱਭਣ ਲਈ, ਮੰਗ ਅਤੇ ਸਪਲਾਈ ਦੀ ਪੂਰੀ ਲੜੀ ਨੂੰ ਟ੍ਰੈਕ ਕੀਤਾ ਜਾਣਾ ਚਾਹੀਦਾ ਹੈ।"


## ਪ੍ਰੇਮ ਵਿਆਹ ਤੋਂ ਨਾਰਾਜ਼ ਪਰਿਵਾਰ ਵੱਲੋਂ ਧੀ ਦਾ ਕਤਲ



ਕੋਟਕਪੂਰਾ-ਪਿੰਡ ਬੁਰਜ ਹਰੀਕਾ ਦੀ 20 ਸਾਲਾ ਮਹਿਕਪ੍ਰੀਤ ਕੌਰ ਦਾ ਉਸ ਦੇ ਪਰਿਵਾਰਕ ਮੈਂਬਰਾਂ ਵੱਲੋਂ ਕਥਿਤ ਤੌਰ 'ਤੇ ਕਤਲ ਕਰਕੇ ਲਾਸ਼ ਅੰਮ੍ਰਿਤਸਰ-ਬਠਿੰਡਾ ਨੈਸ਼ਨਲ ਹਾਈਵੇ 'ਤੇ ਖੇਤਾਂ ਵਿੱਚ ਸੁੱਟ ਦਿੱਤੀ ਗਈ। ਮਹਿਕਪ੍ਰੀਤ ਨੇ 4 ਮਈ 2026 ਨੂੰ ਆਪਣੇ ਹੀ ਪਿੰਡ ਦੇ ਜਗਦੀਪ ਸਿੰਘ ਨਾਲ ਪ੍ਰੇਮ ਵਿਆਹ ਕਰਵਾਇਆ ਸੀ। ਲੜਕੀ ਦੇ ਪਰਿਵਾਰ ਵਾਲੇ ਇਸ ਵਿਆਹ ਤੋਂ ਨਾਰਾਜ਼ ਸਨ ਅਤੇ ਇਸੇ ਰੰਜਿਸ਼ ਤਹਿਤ ਇਸ ਵਾਰਦਾਤ ਨੂੰ ਅੰਜਾਮ ਦਿੱਤਾ ਗਿਆ। ਜਦੋਂ ਮਹਿਕਪ੍ਰੀਤ ਅਤੇ ਉਸ ਦਾ ਪਤੀ ਮੋਟਰਸਾਈਕਲ 'ਤੇ ਕੋਟਕਪੂਰਾ ਆ ਰਹੇ ਸਨ, ਤਾਂ ਪਰਿਵਾਰਕ ਮੈਂਬਰਾਂ ਨੇ ਉਨ੍ਹਾਂ ਨੂੰ ਘੇਰ ਲਿਆ। ਪਤੀ ਜਗਦੀਪ ਭੱਜਣ ਵਿੱਚ ਕਾਮਯਾਬ ਹੋ ਗਿਆ, ਪਰ ਹਮਲਾਵਰਾਂ ਨੇ ਮਹਿਕਪ੍ਰੀਤ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰਕੇ ਉਸ ਦਾ ਕਤਲ ਕਰ ਦਿੱਤਾ। ਪੁਲਿਸ ਕਾਰਵਾਈ: ਸੂਚਨਾ ਮਿਲਣ 'ਤੇ ਪੁਲਿਸ ਅਤੇ ਫੋਰੈਂਸਿਕ ਟੀਮ ਨੇ ਮੌਕੇ 'ਤੇ ਪਹੁੰਚ ਕੇ ਸਬੂਤ ਇਕੱਠੇ ਕੀਤੇ। ਪੁਲਿਸ ਵੱਲੋਂ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

# YOU AND ME

**Tu Te Main by**
**DHARAM PAUL CHUMBER**



lest I go without telling you everything! But then, lest all our secret come out! Some secrets are already out, the whole world knows. But there are some which are safe with us. But still, there are some which only I know. Our relationship is very old! …Very old! …perhaps since ages and ages or may be, since many lives. Perhaps you already know how old it is. Sometimes I ask myself, "How old our relationship could be?"

Do you remember when we were very young, we used to pick berries to eat? This is about this life; you remember. I used to pick berries and put on your hand instead of eating myself. I used to feel immense joy by picking berries and giving to you, …some kind of everlasting joy, the joy I didn't understand at that time. I did not know why you had come there. Why were you brought there? Perhaps you didn't know either. But then I think, Perhaps you knew it, because of your innocent nature, your special qualities! …Because you have unique virtues! Perhaps only I was unaware of it. I am like this since my childhood.

Do you know that I start to realise about the truth after the event has long gone. But of course, maybe you already know this as well. But I always find out about the truth a lot later. Because, I find out about the truth later, there is nothing I can do to change it, because the time to do something has gone. I often think, 'If I knew it earlier, maybe, I could do something to make things better. I could adopt a better way of doing things. But then, sometimes I think, 'it is better if the time to do something has gone.' Yes, I feel exactly that because if I knew about it before, as ever, my actions to make the situation better could have made it even worse. You know that when I try to make things better, usually I end up making them worse because I do not have the patience like you have. I cannot do things steadily. I am always in a hurry. And when in a hurry, that is when I make thing worse, like in the proverb, 'Haste makes waste!' but, whatever it is, putting everything aside, now I want to tell you everything, lest it is too late or lest I lose my memory! …Lest I go withing telling you! If I go without telling you, it will be my biggest mistake.

I have been through lots of ups and downs during the journey of my life. I have come across many obstacles. And you have been with me to support me since I have your company. You were with me to share the burden of my difficulties. Had I not received your support, I would never have won over those difficulties. The victory we have achieved over difficulties, it has only been possible because of you.

As people say, 'Life is a struggle!' …And surely, my whole life is full of struggles. I have been taking knocks of struggles since childhood. But since I got your company, you have also taken equal share of the pain with me. But no, perhaps you have suffered even more than me. Like everyone else, as much pain we have endured, there is no account of it. With back breaking hard work, we have made so much progress that people are amazed to see our progress. You know I am not talking about materialism.

You and me, through tireless efforts have established an Empire. But to establish this Empire, you have worked harder and endured more pain than me. While going through thick and thin, and hot and cold, you never complained. You ignored all difficulties and pains and kept pushing on to achieve goals.

I did say to you, that, we will establish a Raj Gharana (An Empire), and you will be the Queen (Head) of that Royal Palace. To establish this Empire, the credit goes to you. Its' crown only suits on your head. Alas, the circumstances have changed, and for that reason, I could not declare you the Queen of that Raj Gharana! I could not keep my promise; as always, poor in keeping promises!

I know that some people with not so good nature have destroyed out Raj Gharana. They have reduced our palace of hopes to ruins. I know that you feel the pain of our loss more than I do. Now, I just want to say, you must promise me to endure all this with great courage and determination. Do not blame anyone for our loss. Do not say an offensive word out of anger or out of frustration to anyone because, by doing so, all the good deeds we have done will be reduced to nothing; will burn to ashes! We still have lot of goodness left in our bag. Keep hold of it, because, after we have gone, it will come to use for some good, honest, and diligent person like yourself. …And remember that, even if you are not the queen of some Empire or Royal Palace, but you are still the Queen of my heat, you know this as well. From where I started and where I have reached now, rightfully you deserve the crown for all this, I will never forget this!

We brought up our children with great care and in an exceptionally good way. We never had inspiration or guidance from anyone else. We found our direction by ourselves, and for this reason, we looked after our children very well. We played many kinds of games with them including football. How happy they used to be when we used to play with them! Seeing them happy it gave us abundance of joy. Not only we played games with them but also sat with them to teach them. When I remember this now, I feel thankful to God that He has given us such a great gift of lovely children and gave us the opportunity to play with them and teach them. You used to narrate bedtime stories to them. Listening to lovely stories in your naturally sweet voice, it did not take them long to go to sleep.

As a result of our nature and hard work, they

Have grown up sensible and promising. When schoolteachers used to invite us to inform us about our children's progress, they often praised them. And with our children, as being good parents, they used to praise us as well for our efforts. They used to award us with, 'well done!' But it was only possible because of your wisdom and hard work. I only received the reward of 'Well done' because I was with you. As there is saying, 'Attached with piece of wood, iron floats too' Similarly, I can also swim over the perilous waves of ocean of life with your support. As I am accustomed to of depending on you, I am always looking for your support, as if you were the only support for me. You have unique qualities; noble, praiseworthy, and dependable!

Even now, you, yourself tell me that all the schoolteachers always praise you. They are astonished by your ways of teaching, wondering about your technique of teaching as to how and from where you have learnt all this. Even now you keep telling me that all the teachers often praise you and value your contribution in education. They are wondering as to how and from where you have learned so good technique of teaching children. They themselves, although are above your level of qualification but still depend on you. When making education related decision, they always ask for your advice.

You have told me many times that the pupils who go wild and shout around, when they see you, they calm down and gladly obey you. You never tell-them-off to listen to you and obey you. You calmly and carefully teach them good manners. The pupils who do not learn from other teachers, they give up on them. According to psychology, they believe that those children are unable to learn. But when you teach the very same pupils, they start to learn so easily; it is a miracle! The uncontrollable pupils who do not obey or listen to teachers, they send them to you. When they come to you, they calm down and start to learn. If that is not a miracle, then what is it?

You have told me many times about how school children are fond of you. When their mothers bring them to school, seeing you standing at the gate, they leave their mothers and come to you and cling to your legs as if you were their mother. You must have some kind of strange loveable attraction! I can believe that the affectionate relationship of children with you as you have told me is very real. I have seen with my own eyes the miracles being generated out of your personality. When you were tutoring children on the internet, I was amazed by the way you were teaching them. How keenly they were engaged with you to learn! When their parents saw your picture while you were teaching them, they were impressed and were saying, 'Well done to you!'

When you are at school, you know all about what to do and when to do. For that reason all the teacher have become dependent on you like me. They are confident about your abilities and they know that, if they need some kind of information or things related to teaching, they can certainly get it from you.

…And there is more! Do you remember about that complicative situation when you were asked to go after someone else? But of course, you must have known about it and the reason of it, because of your inner abilities and qualities. May be, only I didn't know! But if I knew, what could I do? what power or ability did I have to influence you to be mine? But someone with true noble qualities stopped you from going that way and turned you around to come after fool and worthless person like me. I am telling you the truth. It is only because of that person that you are mine today. I am really a fool because I was unable to understand the reason behind it. I thought that you came after me because I was handsome and wise. But in fact, it was completely opposite; it is true. The strange things which you know, how can an ignorant person like me know or understand? But because you are a person with wisdom and unique qualities, you must have known about it. Maybe, that you came after me because you knew that I am erring and blundering person and you came after me to take care of me and protect me from the outcome of my mistakes. Our relationship must have been written from Above! Maybe, That is the reason that you do not leave me. Otherwise, who would accompany an erring and naive like me whose path is full of pains and troubles.

As a proof of the above, while talking about you, I may say something about myself as well. I can do so many things. If something breaks in the house, I repair it in no time. But I have a strange problem that after using something, I put it away for future use and forget about

it. And when I need it again, I am unable to find it. When I ask you if you have seen my that thing, you find it for me in no time. I have so forgetful nature that I cannot even see a thing lying in front of my eyes. But when you come, I can surely see it; how strange! There are tasks which I keep trying without success, but you come and do it just like that!

I know that you must have some complaints about my erring and mistake-making nature! But I have something to complain about too. Like I am telling the truth, I may tell this truth as well. But like ever, do not ignore it. You start to argue with me about any little thing. I do not like arguments, not at all. Even if it is my fault, even if it my mistake, but I do not like arguments. When I am unable to do something to complete perfection, you always complain and argue as to why I did not do that with care to finish it to complete perfection. But I keep telling you that I will never be perfect. It is true. But you do not believe me! That is the problem. If I lie and tell you that I have lied, you do not believe me. If I sincerely tell you the truth and say, "I have told you the truth" you still do not believe me. That is O.K. but I cannot change the truth and one day you will have to accept that truth! And, that I can never be perfect! Do not be sad or disappointed with me because, I cannot bear to see you sad.

You have so many virtues and know so many ways of dealing with so many issues that you have made my life extremely easy. I often wonder, 'what would have I done without you?' At such times, I remember a song from the film 'Kabhi-Kabhi' In that film the meaning of the song may be different for the writer than what it means to me; unique and heavenly! I may not have written it correctly, but it is like this:

ਤੂੰ ਅਬ ਸੇ ਪਿਹਲੇ,
ਸਿਤਾਰੋਂ ਮੇਂ ਵਸ ਰਹੀ ਥੀ ਕਹੀਂ,
ਤੁਝੇ ਜ਼ਮੀਂ ਪੇ ਬੁਲਾਇਆ
ਗਿਆ ਹੈ ਮੇਰੇ ਲੀਏ....।

(Tu Ab Se Pahelay Sitaron Main Vas Rahi Thi Kahin,
Tujhehe Zamin Pe Bulaeya Gaya Hai Mere Leyae)

Meanings : Before now, you were living somewhere among stars! You have been called on Earth just for me.

---And truly, you have been brought from some Heaven for me and me only! But why? …May be only you know!

God has enhanced your wisdom and inner vision with miracles and natural attraction in such a way that anyone who looks at you, naturally comes towards you. You told me yourself, that when you were coming home after shopping. You were walking on the pavement when a man walking on the other side of the road saw you from far. He crossed the road, approached you and said, "Your face looks as if I know you. I may never have seen you before, but I feel as if I have known you for long time. Your face has unique attraction, ---as if you were Goddess! I crossed the road just to tell you that." You also told me that you had never seen that man before.

Like that man who crossed the the road to tell you that, I also want to tell you everything. But I am worried, lest I say something which is not appropriate. After long and hard thinking, I have decided to tell you everything, even if it causes disturbance in the mind. Truth always causes disturbance! But, for how much longer can I hide the truth? The Truth will always remain The Truth. One cannot hide it for ever. At some stage, it will come out! I cannot keep all those secrets anymore. And, you have the right to know the kind of struggle going on in my mind. After I am gone, one day you will realise that whatever you are, whatever you have done and whatever you are doing, I know it all. I have never forgotten any of it, I remember it all.

I know that Binder and Shinder love you so much. Strange thoughts come across my mind when I see them. As they come to you, they embrace you in their arms to express their love for you. I feel strange and get lost in strange thoughts. You don't even remember me when they take you in their arms. But of course, you may remember me, but I do feel that you have forgotten me. It is so odd that I do not even have an issue about it, instead I enjoy it too. When they come and embrace you in their arms, I too feel enormous joy. People may think, 'Fool!' People may call me fool but I am telling the truth. Seeing you happy gives me happiness beyond limits; When will I get such a wonderful chance!

You love Binder and Shinder so much that when they come to you, they forget all else, just get absorbed in your love. They do not hesitate even by seeing me standing next to you when they come and embrace you. Like I do not care about anything else when you are with me, they too do not worry about anything when they come and cling to you, both at the same time. I know how much you love them and how much they love you. They have learned this love from you only.

How lovely and bright they are! I wanted them to be so bright, sensible, and healthy and love you so much because, when I am gone, they are the ones who are going to look after you. Although it is your nature and your efforts which have made them so promising but, some of my prayers must have been heard in the court of God! …It is my heart felt belief.

What Binder and Shinder are today, it did start from you and is because of your love. It was only you who picked them up and held close to your heart even when they were filled with filth (toilet). It was you who used to take them in your lap and lulled them while singing sweet songs to them. You are the one who took them in your lap and taught them good manners. You are the one who taught them kindness and politeness. Now they are grown up and self-dependent. You are Beautiful and full of Grace. But now that Beauty and Grace is not limited to you only. Now you three are bestowed with that same Beauty and Grace. I keep it all safe in my heart. This Beauty and Grace is worthy of worship!

I should protect you but instead, opposite to this, you keep protecting me. Do you remember, when I was taking a movie scene of whirling waves of River Bias and two police officers came and started to pull by the arm? …as if I had committed a serious crime? You came running after them and asked them, "Why have you caught him and where are you taking him?" They replied, "Taking the photos of river is prohibited here. We are taking him to higher officer." I was still thinking about how to get out of that crisis but you, politely and fearlessly said, "We do not know that taking photo here is prohibited? If he has taken any photo, we will remove from the camera, delete it?" It was you who argued politely that they listened to your reasoning. But of course, seeing me in trouble, big brother might have put ten or twenty rupees in their pockets as well? I deleted the scenery of the river from the movie camera, and they let me go.

You know very well that I get upset at any little thing. My mind is not as great or tolerate like yours and I do not have endurance like you. It has not been long when during Shinder's wedding someone said something inappropriate to me. I got angry and left you on your own dealing with the responsibility. Me fool! Did not even think that you were being punished for someone else's blunder. But you are great! You ignored my being angry, took control and discharged the responsibility in such a manner that no one noticed my absence. You have such a pleasant personality and ways of dealing with different issues that anything wrong is sorted out in no time!

You are an idol of love. You are a unique example of endurance. You are full of kindness. You are solid and stable like a mountain. Like God, You are always same. I feel as if you were God! What more virtues than you can God have?

I am amazed that no happiness or sadness can affect you. You take challenges head on, endure everything, push aside complaints and keep hurdling towards your destination. You do everything as a duty and ask for nothing in return. You love everyone and wish well for all.

I thank both, God and you, that you go through so many difficulties and endure so much pain with me, but still do not leave me, as if you were keeping your promise made in some previous lives! Although I feel unhappy over minor matters, but I still know how much affection you have for me! ---and you too know how much I love you. Although I feel unhappy over little things, but my mind remains saturated in your love, remains attracted to you. I cannot live for long without you. My mind cannot rest without seeing you. When I see your sad face because of me being not happy with you, then I realise how foolish I have been! I regret about my foolishness. I cannot bear to see your sad face. When I regret my mistake and come to you in an apologetic way, you do not get angry at me or complain about my behaviour. The doors of your kind mind remain open for me to let me enter and loose myself in your love again. You are an exceptional example of endurance, determination, content, wisdom, love, and care! Influenced by your character, Other people tend to change and become like you!

I know that the place you have in your heart for me can never be for anyone else. This is the reason that, despite my errors and shortcomings you did not stop being with me. this is the very reason that you keep enduring the pain caused by my foolishness. ---And despite enduring so much pain and going through so much hardship, you still do not leave me! You knew that without you, my life would be like rotting in the Hell. But listen, I too want to tell you that the place you have in my heart, it cannot be for anyone else, it never has been and it never will be. Who do I have in this world without you? There is nothing that belongs to me in this world. You are my everything, just you. Like Dharam Paul chumber has written in a song:

ਇਕ ਤੇਰਾ ਮੇਰਾ ਪਿਆਰ,
ਦੂਜੇ ਜੁੰਡਲੀ ਦੇ ਯਾਰ,
ਹੋਰ ਏਹਦੇਂ ਬਨਾਂ ਏਥੇ ਸਾਡਾ ਕੀ....

(Meaning: In this world I only have two things, our love for each other and some friends of my group.)

Although I have some friends but, friends have different place. The place you and me have is special, poise, for ever, only for you and me. It cannot belong to anyone else. I am telling you the truth. Truly, I have you and only you, no one else! Our relationship is unique. Your being with me is graceful, it is for ever, it is Godly support for me. When I think about our relationship and look back at my life, I feel that, you are not a Human but some Goddess who has come by taking the form of human to sort out my life!

# ਪਿੰਡ ਬਜੀਦ ਪੁਰ ਤੋਂ ਸ੍ਰੀ ਅਨੰਦਪੁਰ ਸਾਹਿਬ ਲਈ ਰਵਾਨਾ ਹੋਈਆਂ ਬੱਸਾਂ

**ਸਰਬਜੀਤ ਸਿੰਘ ਜਰਮਨੀ**
Tirthsingh3@yahoo.com

ਪੰਜਾਬ ਸਰਕਾਰ ਵੱਲੋਂ ਸੂਬੇ ਦੇ ਬਜ਼ੁਰਗਾਂ ਅਤੇ ਸ਼ਰਧਾਲੂਆਂ ਨੂੰ ਦੇਸ਼ ਭਰ ਦੇ ਪ੍ਰਮੁੱਖ ਧਾਰਮਿਕ ਅਤੇ ਇਤਿਹਾਸਕ ਸਥਾਨਾਂ ਦੇ ਮੁਫ਼ਤ ਦਰਸ਼ਨ ਕਰਵਾਉਣ ਲਈ ਸ਼ੁਰੂ ਕੀਤਾ ਗਿਆ ਇੱਕ ਬਹੁਤ ਹੀ ਸ਼ਲਾਘਾਯੋਗ ਅਤੇ ਪਵਿੱਤਰ ਉਪਰਾਲਾ ਹੈ। ਇਸ ਯੋਜਨਾ ਦਾ ਮੁੱਖ ਉਦੇਸ਼ ਉਨ੍ਹਾਂ ਆਰਥਿਕ ਤੌਰ 'ਤੇ ਕਮਜ਼ੋਰ ਜਾਂ ਬਜ਼ੁਰਗ ਨਾਗਰਿਕਾਂ ਦੇ ਸੁਪਨਿਆਂ ਨੂੰ ਸਾਕਾਰ ਕਰਨਾ ਹੈ, ਜੋ ਪੈਸੇ ਦੀ ਕਮੀ ਜਾਂ ਹੋਰ ਪ੍ਰਬੰਧਾਂ ਦੀ ਘਾਟ ਕਾਰਨ ਆਪਣੇ ਜੀਵਨ ਵਿੱਚ ਤੀਰਥ ਯਾਤਰਾ ਕਰਨ ਤੋਂ ਵਾਂਝੇ ਰਹਿ ਜਾਂਦੇ ਹਨ।

ਪਿੰਡ ਬਜੀਦ ਪੁਰ ਦੇ ਨੌਜਵਾਨਾਂ ਨੇ ਸਮਾਜ ਸੇਵਾ ਅਤੇ ਮਨੁੱਖਤਾ ਦੀ ਇੱਕ ਵਧੀਆ ਮਿਸਾਲ ਪੇਸ਼ ਕਰਦਿਆਂ ਆਪਣੇ ਪਿੰਡ ਦੇ ਲੋੜਵੰਦ ਪਰਿਵਾਰਾਂ ਨੂੰ ਆਪ ਰਲ ਮਿਲ ਕੇ ਤੀਰਥ ਯਾਤਰਾ ਕਰਵਾਉਣ ਦਾ ਨੇਕ ਉਪਰਾਲਾ ਸੁਰੂ ਕੀਤਾ ਹੈ। ਨੌਜਵਾਨਾਂ ਨੇ ਆਪਸੀ ਸਹਿਯੋਗ ਨਾਲ ਲੋੜੀਂਦੇ ਫੰਡ ਇਕੱਠੇ ਕੀਤੇ ਅਤੇ ਯਾਤਰਾ ਲਈ ਬੱਸਾਂ ਵਿੱਚ ਆਉਣ-ਜਾਣ, ਰਹਿਣ ਅਤੇ ਹੋਰ ਲੋੜੀਂਦੀਆਂ ਸਹੂਲਤਾਂ ਦਾ ਪ੍ਰਬੰਧ ਕਰਨ ਦਾ ਫੈਸਲਾ ਕੀਤਾ ਹੈ। ਇਸ ਨੇਕ ਕਾਰਜ ਨਾਲ ਨਾ ਸਿਰਫ਼ ਲੋੜਵੰਦ ਵਿਅਕਤੀ ਦੀ ਧਾਰਮਿਕ ਇੱਛਾ ਪੂਰੀ ਹੋਵੇਗੀ ਸਗੋਂ ਪਿੰਡ ਵਿੱਚ ਸੇਵਾ, ਦਇਆ ਅਤੇ






ਭਾਈਚਾਰੇ ਦੀ ਭਾਵਨਾ ਹੋਰ ਜ਼ਿਆਦਾ ਮਜ਼ਬੂਤ ਹੋਵੇਗੀ। ਪਿੰਡ ਬਜੀਦ ਪੁਰ ਦੇ ਨੌਜਵਾਨਾਂ ਦਾ ਕਹਿਣਾ ਹੈ ਕਿ ਲੋਕ ਗਾਥਾਵਾਂ ਵਿੱਚ ਸਰਵਣ ਪੁੱਤ ਬਹੁਤ ਜ਼ਿਆਦਾ ਗਰੀਬ ਸੀ ਪਰ ਫੇਰ ਵੀ ਉਸ ਨੇ ਆਪਣੇ ਨੇਤਰਹੀਣ ਮਾਂ-ਬਾਪ ਦੀ ਇੱਛਾ ਪੂਰੀ ਕਰਨ ਲਈ ਉਹਨਾਂ ਨੂੰ ਤੀਰਥ ਯਾਤਰਾ ਕਰਵਾਈ। ਅੱਜ ਅਸੀਂ ਪਰਦੇਸਾਂ ਵਿੱਚ ਆ ਕੇ ਖੂਬ ਕਮਾਈਆਂ ਕੀਤੀਆਂ ਹਨ ਤੇ ਵਾਹਿਗੁਰੂ ਜੀ ਦੀ ਕਿਰਪਾ ਨਾਲ ਸਾਨੂੰ ਜ਼ਿੰਦਗੀ ਜਿਊਣ ਲਈ ਹਰ ਸੁੱਖ ਸਹੂਲਤ ਮਿਲੀ ਹੈ। ਸਭ ਤੋਂ ਪਹਿਲਾਂ ਕੁਝ ਨੌਜਵਾਨਾਂ ਨੇ ਮਿਲ ਕੇ ਪਿੰਡ ਵਿੱਚ ਘਰ ਘਰ ਜਾ ਕੇ ਲੋੜਵੰਦ ਪਰਿਵਾਰਾਂ ਦੀ ਗਿਣਤੀ ਕੀਤੀ ਤੇ ਭਰੋਸਾ ਦਿਵਾਇਆ ਕਿ ਉਹ ਉਹਨਾਂ ਨੂੰ ਵੱਖ-ਵੱਖ ਸਮੇਂ ਤੇ ਵੱਖ-ਵੱਖ ਇਤਿਹਾਸਕ ਸਥਾਨਾਂ ਦੀ ਬੱਸ ਰਾਹੀਂ ਯਾਤਰਾ ਕਰਾਉਣਗੇ। ਇਸੇ ਨੇਕ ਕਾਰਜ ਦੀ ਸ਼ੁਰੂਆਤ ਕਰਦਿਆਂ ਸੰਗਰਾਂਦ ਵਾਲੇ ਦਿਨ ਮਿਤੀ 16/07/2026 ਦਿਨ ਵੀਰਵਾਰ ਨੂੰ ਸਵੇਰੇ ਛੇ ਵਜੇ ਪਿੰਡ ਬਜੀਦ ਪੁਰ ਤੋਂ ਗਿਆਨੀ ਤਰਲੋਚਨ ਸਿੰਘ ਜੀ ਦੇ ਅਰਦਾਸ ਕਰਨ ਉਪਰੰਤ ਸੰਗਤਾਂ ਦੀਆਂ ਭਰੀਆਂ ਦੋ ਬੱਸਾਂ ਸ੍ਰੀ ਅਨੰਦਪੁਰ ਸਾਹਿਬ ਜੀ ਲਈ ਰਵਾਨਾ ਹੋਈਆਂ ਸਨ। ਪਹਿਲਾ ਸੰਗਤਾਂ ਨੇ ਗੁਰਦੁਆਰਾ ਬਾਬਾ ਗੁਰਦਿੱਤਾ ਜੀ ਵਿਖੇ ਨਤਮਸਤਕ ਹੋ ਕੇ ਲੰਗਰ ਸੇਵਾ ਕੀਤੀ ਜੋ ਪੱਕੀ ਸੇਵਾ ਪਿਛਲੇ 20 ਸਾਲ ਤੋਂ ਪਿੰਡ ਬਜੀਦ ਪੁਰ ਤੋਂ ਹਰ ਸੰਗਰਾਂਦ ਵਾਲੇ ਦਿਨ ਪੱਕੀ ਸੇਵਾ ਜਾਂਦੀ ਹੈ, ਬਾਅਦ ਵਿੱਚ ਗੁਰਦੁਆਰਾ ਤਖ਼ਤ ਸ੍ਰੀ ਕੇਸਗੜ ਸਾਹਿਬ, ਗੁਰਦੁਆਰਾ ਟਿੱਬੀ ਸਾਹਿਬ ਰੋਪੜ ਵਿਖੇ ਦਰਸ਼ਨ ਦੀਦਾਰ ਕੀਤੇ ਤੇ ਮੁੜ ਬੱਸਾਂ ਵਿੱਚ ਬੈਠ ਕੇ ਆਪਣੇ ਪਿੰਡ ਖੁਸ਼ੀ ਖੁਸ਼ੀ ਪਰਤੀਆਂ। ਇਸ ਸੰਗਤ ਵਿੱਚ ਦੇਖਣ ਵਾਲੀ ਖਾਸ ਗੱਲ ਇਹ ਸੀ ਕਿ ਸਭ ਤੋਂ ਵੱਡੀ ਉਮਰ ਲਗਭਗ 95 ਸਾਲ ਦੇ ਸਰਦਾਰ ਬਖ਼ਸ਼ੀਸ਼ ਸਿੰਘ ਜੀ ਸਨ ਤੇ ਸਭ ਤੋਂ ਨਿੱਕੀ ਉਮਰ ਦਾ ਬੱਚਾ ਆਪਣੇ ਮਾਤਾ ਜੀ ਨਾਲ ਲਗਭਗ 15 ਮਹੀਨੇ ਦਾ ਸੰਗਤ ਵਿੱਚ ਸ਼ਾਮਲ ਸਨ।

ਨੌਜਵਾਨਾਂ ਨੇ ਇਹ ਸੰਦੇਸ਼ ਦਿੱਤਾ ਕਿ ਜੇਕਰ ਸਮਾਜ ਦੇ ਲੋਕ ਮਿਲ ਕੇ ਕੰਮ ਕਰਨ ਤਾਂ ਕਿਸੇ ਵੀ ਲੋੜਵੰਦ ਦੀ ਮਦਦ ਕਰਨਾ ਮੁਸ਼ਕਲ ਨਹੀਂ ਹੁੰਦਾ। ਅਸੀਂ ਵਾਹਿਗੁਰੂ ਜੀ ਅੱਗੇ ਅਰਦਾਸ ਕਰਦੇ ਹਾਂ ਕਿ ਪਿੰਡ ਬਜੀਦ ਪੁਰ ਦੇ ਨੌਜਵਾਨਾਂ ਨੂੰ ਹਮੇਸ਼ਾ ਚੜ੍ਹਦੀ ਕਲਾ ਵਿੱਚ ਰੱਖਣ ਤੇ ਇਸੇ ਤਰ੍ਹਾਂ ਨੇਕ ਕਾਰਜ ਕਰਦੇ ਰਹਿਣ।

## ਵੋਟਾਂ ਬਟੋਰਨ ਵਾਲ਼ੇ !

ਬੋਲਦੇ ਸਟੇਜਾਂ ਉੱਤੇ ਬੰਨ੍ਹ ਕੇ 'ਵਿਸ਼ੇਸ਼' ਪੱਗਾਂ
ਬਣਦੇ ਹਮਾਇਤੀ ਕਿਸੇ ਵੱਖਰੀ 'ਵਹੀਰ' ਦੇ।

ਪੈਰਾਂ ਉੱਤੇ ਝੁਕਦੇ ਨੇ ਬਾਬਿਆਂ ਦੇ ਡੇਰੇ ਜਾ ਕੇ
ਜ਼ੈਲਦਾਰ ਬਣ ਜਾਂਦੇ ਉਨ੍ਹਾਂ ਦੀ 'ਜਗੀਰ' ਦੇ।

ਅੰਧਵਿਸ਼ਵਾਸ ਤੇ ਵਧਾਉਂਦੇ ਹੋਰ ਗੁਰੂ-ਡੰਮ
ਜਿੱਥੇ ਲੋਕ ਪਹਿਲੋਂ ਹੀ ਫਕੀਰ ਨੇ ਲਕੀਰ ਦੇ।

ਕੋਈ ਭੇਜੇ ਤੀਰਥਾਂ ਨੂੰ ਬੱਸਾਂ ਭਰ ਲੋਕਾਂ ਦੀਆਂ
ਧਨ ਸਰਕਾਰੀ ਨੇ ਲੁਟਾਉਂਦੇ 'ਮਾਮੇ ਹੀਰ' ਦੇ।

ਅੱਡਿਆਂ ਸਟੇਸ਼ਨਾਂ ਨੂੰ ਨਾਂ ਦੇ ਕੇ ਰਹਿਬਰਾਂ ਦੇ
ਵਿੰਨ੍ਹਦੇ 'ਨਿਸ਼ਾਨੇ' ਏਦਾਂ ਵੱਖਰੇ ਹੀ 'ਤੀਰ' ਦੇ।

ਵੋਟਾਂ ਹੀ ਬਟੋਰਨੇ ਦੇ ਕਰਦੇ 'ਡਰਾਮੇ' ਰਹਿੰਦੇ
ਹੁੰਦੇ ਇਹ ਅਸਲ ਕਿਸੇ ਗੁਰੂ ਦੇ ਨਾ ਪੀਰ ਦੇ।



ਤਰਲੋਚਨ ਸਿੰਘ ਦੁਪਾਲ ਪੁਰ
001-408-905-5517

# ਸਪੈਸ਼ਲ ਲੋਕ ਅਦਾਲਤ ਦੌਰਾਨ 406 ਕੇਸ ਨਿਪਟਾਰੇ ਲਈ ਵਿਚਾਰੇ

## ✪ 56 ਕੇਸਾਂ ਦਾ ਨਿਪਟਾਰ; ਕੁੱਲ 2,13,18,365 ਰੁਪਏ ਦੀ ਰਕਮ ਸਬੰਧੀ ਸਮਝੌਤੇ ਕਰਵਾਏ

ਸੰਗਰੂਰ (ਦਲਜੀਤ ਕੌਰ)-ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਕਾਰਜਕਾਰੀ ਚੇਅਰਮੈਨ ਜਸਟਿਸ ਸ਼੍ਰੀ ਅਸ਼ਵਨੀ ਕੁਮਾਰ ਮਿਸ਼ਰਾ, ਐਕਟਿੰਗ ਚੀਫ਼ ਜਸਟਿਸ, ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ ਦੀ ਰਹਿਨੁਮਾਈ ਅਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸੰਗਰੂਰ ਦੇ ਚੇਅਰਮੈਨ ਸ੍ਰੀ ਮੁਨੀਸ਼ ਸਿੰਗਲ, ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ ਦੀ ਅਗਵਾਈ ਹੇਠ ਜ਼ਿਲ੍ਹਾ ਕਚਹਿਰੀਆਂ ਸੰਗਰੂਰ ਅਤੇ ਉਪ ਮੰਡਲ ਪੱਧਰ ਕਚਹਿਰੀਆਂ ਸੁਨਾਮ, ਮੂਨਕ ਤੇ ਧੂਰੀ ਵਿਖੇ ਨੈਗਸ਼ੀਏਬਲ ਇੰਸਟਰੂਮੈਂਟਸ ਐਕਟ, 1881 ਅਧੀਨ ਕੇਸਾਂ ਦੇ ਨਿਪਟਾਰੇ ਲਈ ਸਪੈਸ਼ਲ ਲੋਕ ਅਦਾਲਤ ਲਗਾਈ ਗਈ।

ਜ਼ਿਲ੍ਹਾ ਅਥਾਰਟੀ ਵੱਲੋਂ ਧਿਰਾਂ ਨੂੰ ਆਪਣੇ ਕੇਸਾਂ ਦੇ ਨਿਪਟਾਰੇ ਰਜ਼ਾਮੰਦੀ ਨਾਲ ਇਸ ਸਪੈਸ਼ਲ ਲੋਕ ਅਦਾਲਤ ਵਿੱਚ ਨਿਬੇੜਨ ਲਈ ਉਤਸ਼ਾਹਿਤ ਕੀਤਾ ਗਿਆ। ਕੇਸਾਂ ਦੇ ਨਿਪਟਾਰੇ ਲਈ ਜ਼ਿਲ੍ਹਾ ਸੰਗਰੂਰ ਵਿੱਚ ਕੁੱਲ 6 ਲੋਕ ਅਦਾਲਤ ਦੇ ਬੈਂਚਾਂ ਦਾ ਗਠਨ ਕੀਤਾ ਗਿਆ, ਜਿਨ੍ਹਾਂ ਦੀ ਪ੍ਰਧਾਨਗੀ ਨਿਆਂਇਕ ਅਧਿਕਾਰੀਆਂ ਵੱਲੋਂ ਕੀਤੀ ਗਈ।

ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸੰਗਰੂਰ ਦੇ ਸਕੱਤਰ ਸ੍ਰੀ ਅਸ਼ੀਸ਼ ਠਠਈ, ਸਿਵਲ ਜੱਜ



(ਸੀਨੀਅਰ ਡਿਵੀਜਨ)/ਸੀ.ਜੇ.ਐੱਮ ਨੇ ਦੱਸਿਆ ਕਿ ਇਸ ਸਪੈਸ਼ਲ ਲੋਕ ਅਦਾਲਤ ਦੌਰਾਨ ਜ਼ਿਲ੍ਹਾ ਸੰਗਰੂਰ ਵਿੱਚ ਬਣੇ ਸਮੂਹ ਬੈਂਚਾਂ ਦੁਆਰਾ ਕੁੱਲ 406 ਕੇਸ ਨਿਪਟਾਰੇ ਲਈ ਵਿਚਾਰੇ ਗਏ, ਜਿਨਾਂ ਵਿੱਚੋਂ 56 ਕੇਸਾਂ ਦਾ ਨਿਪਟਾਰਾ ਕਰਵਾਇਆ ਗਿਆ ਅਤੇ ਕੁੱਲ 2,13,18,365 ਰੁਪਏ ਦੀ ਰਕਮ ਦੇ ਸਮਝੌਤੇ ਕਰਵਾਏ ਗਏ।

ਲੋਕ ਅਦਾਲਤ ਰਾਹੀਂ ਕੇਸ ਨਿਬੇੜਨ ਦੇ ਲਾਭ ਬਾਰੇ ਜਾਣਕਾਰੀ ਦਿੰਦੇ ਹੋਏ ਉਨ੍ਹਾਂ ਦੱਸਿਆ ਕਿ ਲੋਕ ਅਦਾਲਤ ਵਿੱਚ ਦੋਹਾਂ ਧਿਰਾਂ ਦੀ ਸਹਿਮਤੀ ਨਾਲ ਕੇਸ ਦਾ ਸਥਾਈ ਹੱਲ ਹੋ ਜਾਂਦਾ ਹੈ, ਇਸ ਵਿੱਚ ਕੋਰਟ ਫੀਸ ਵੀ ਵਾਪਸ ਹੋ ਜਾਂਦੀ ਹੈ। ਲੋਕ ਅਦਾਲਤਾਂ ਰਾਹੀਂ ਸਮੇਂ ਅਤੇ ਧਨ ਦੀ ਬਚਤ ਹੁੰਦੀ ਹੈ। ਇਸ ਵਿੱਚ ਦੋਵੇਂ ਧਿਰਾਂ ਦੀ ਸਹਿਮਤੀ ਨਾਲ ਨਿਪਟਾਰਾ ਹੋਣ ਨਾਲ ਦੋਵੇਂ ਧਿਰਾਂ ਹੀ ਜੇਤੂ ਰਹਿੰਦੀਆਂ ਹਨ। ਇਸ ਦੇ ਨਾਲ ਹੀ ਉਹਨਾਂ ਦੱਸਿਆ ਕਿ ਨੈਗਸ਼ੀਏਬਲ ਇੰਸਟਰੂਮੈਂਟਸ ਐਕਟ, 1881 ਅਧੀਨ ਕੇਸਾਂ ਦੇ ਨਿਪਟਾਰੇ ਲਈ ਅਗਲੀ ਸਪੈਸ਼ਲ ਲੋਕ ਅਦਾਲਤ 21.11.2026 ਨੂੰ ਲਗਾਈ ਜਾਵੇਗੀ। ਉਹਨਾਂ ਇਹ ਵੀ ਦੱਸਿਆ ਕਿ ਧਿਰਾਂ ਆਪਣੇ ਵਿਸ਼ੇ ਸਬੰਧੀ ਕੇਸਾਂ ਦੇ ਨਿਪਟਾਰੇ ਲਈ ਸਬੰਧਤ ਅਦਾਲਤ ਜਿੱਥੇ ਉਹਨਾਂ ਦਾ ਕੇਸ ਚੱਲਦਾ ਹੈ ਵਿੱਚ ਦਰਖਾਸਤ ਦੇ ਕੇ ਸਪੈਸ਼ਲ ਲੋਕ ਅਦਾਲਤ ਵਿੱਚ ਕੇਸ ਲਗਵਾ ਸਕਦੇ ਹਨ। ਵਧੇਰੇ ਜਾਣਕਾਰੀ ਲਈ ਨਾਲਸਾ ਦੇ ਟੋਲ-ਫ੍ਰੀ ਹੈਲਪਲਾਇਨ ਨੰ.15100 ਜਾਂ ਜ਼ਿਲ੍ਹਾ ਅਥਾਰਟੀ ਦੇ ਫਰੰਟ ਆਫਿਸ ਨਾਲ ਸੰਪਰਕ ਕੀਤਾ ਜਾ ਸਕਦਾ ਹੈ।